Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067

Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Ad space available
Please call
Ph: 847-359-0756

Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 10, March 11, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਗਰਮਖਿਆਲੀਆਂ ਦੀ ਸਰਗਰਮੀ ਬਣੀ ਵੰਗਾਰ

**ਚੰਡੀਗੜ੍ਹ:** ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਖੰਨਾ ਨੇੜਲੇ ਪਿੰਡ ਜਗੇੜਾ ਵਿਚ ਨਾਮ ਚਰਚਾ ਘਰ ਦੀ ਕੰਟੀਨ ਵਿਚ ਡੇਰਾ ਸਿਰਸਾ ਦੇ ਦੋ ਪ੍ਰੇਮੀਆਂ ਦੀ ਹੱਤਿਆ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਪੁਲਿਸ ਅਤੇ ਖੁਫ਼ੀਆ ਏਜੰਸੀਆਂ ਦੀ ਨੀਂਦ ਉਡ ਗਈ ਹੈ। ਫੈਡਰੇਸ਼ਨ ਦੇ ਲੈਟਰਪੈਡ ਉਤੇ ਕੁਝ ਅਖਬਾਰਾਂ ਨੂੰ ਜ਼ਿੰਮੇਵਾਰੀ ਲੈਣ ਵਾਲਾ ਇਹ ਪੱਤਰ ਈਮੇਲ ਕੀਤਾ ਗਿਆ ਹੈ ਜਿਸ ਉਤੇ ਫੈਡਰੇਸ਼ਨ ਦੇ ਕਨਵੀਨਰ ਜਸਮੀਤ ਸਿੰਘ ਦੇ ਦਸਤਖਤ ਹਨ।

ਪੱਤਰ ਵਿਚ ਲਿਖਿਆ ਗਿਆ ਹੈ ਕਿ ਗੁਰੂ ਪੰਥ ਦੇ ਦੋਖੀ ਡੇਰਾ ਸੰਚਾਲਕਾਂ ਨੂੰ ਪੰਥਕ ਰਵਾਇਤਾਂ ਅਨੁਸਾਰ ਸੋਧਾ ਲਾਉਣ ਦੀ ਸੇਵਾ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜੁਝਾਰੂ ਵਿੰਗ ਨੇ ਕੀਤੀ ਅਤੇ ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨ 'ਤੇ ਪਹਿਰਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਆਰ.ਐਸ.ਐਸ. ਦੇ ਸੀਨੀਅਰ ਆਗੂ ਜਗਦੀਸ਼ ਗਗਨੇਜਾ ਦੇ ਕਤਲ ਤੋਂ ਕਈ ਦਿਨ ਬਾਅਦ ਦਸਮੇਸ਼ ਸਿੱਖ ਰੈਜਮੈਂਟ ਨੇ ਵੀ ਇਸੇ ਤਰਜ਼ 'ਤੇ ਜ਼ਿੰਮੇਵਾਰੀ ਲਈ ਸੀ ਅਤੇ ਇਹ ਪੱਤਰ ਵੀ ਸਿਰਫ ਅਖਬਾਰਾਂ ਨੂੰ ਜਾਰੀ ਕੀਤਾ ਗਿਆ ਸੀ।

ਖੁਫੀਆ ਵਿਭਾਗ ਵੱਲੋਂ ਮਿਲੀ ਰਿਪੋਰਟ ਤੋਂ ਬਾਅਦ ਪੁਲਿਸ ਨੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਵਧਾ ਦਿੱਤੀ ਹੈ। ਪੁਲਿਸ ਨੇ ਸਾਰੇ ਮੰਦਿਰ, ਗੁਰਦੁਆਰੇ, ਮਸਜਿਦ ਤੇ ਗਿਰਜਾਘਰਾਂ ਦੇ ਬਾਹਰ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਲਈ ਧਾਰਮਿਕ ਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ

(ਬਾਕੀ ਸਫਾ 6 'ਤੇ)

## ਮੌੜ ਬੰਬ ਕਾਂਡ: ਸ਼ੱਕ ਦੀ ਸੂਈ ਸਿਰਸਾ ਵੱਲ ਘੁੰਮੀ

**ਸਿਰਸਾ:** ਬਠਿੰਡਾ ਜ਼ਿਲ੍ਹੇ ਦੀ ਮੌੜ ਮੰਡੀ ਵਿਚ ਵਾਪਰੇ ਬੰਬ ਕਾਂਡ ਸਬੰਧੀ ਪੰਜਾਬ ਪੁਲਿਸ ਦੀ ਸ਼ੱਕ ਦੀ ਸੂਈ ਸਿਰਸਾ ਵੱਲ ਘੁੰਮ ਗਈ ਹੈ। ਪੰਜਾਬ ਪੁਲਿਸ ਦੀਆਂ ਅੱਧਾ ਦਰਜਨ ਟੀਮਾਂ ਨੇ ਇਥੋਂ ਦੇ ਵੱਖ-ਵੱਖ ਬਾਜ਼ਾਰਾਂ ਵਿਚ ਕਈ ਵਿਅਕਤੀਆਂ ਦੇ ਫੋਨ ਵੇਰਵਿਆਂ ਦੀ ਜਾਂਚ ਕੀਤੀ ਹੈ। ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਨੇ ਸਿਰਸਾ ਦੇ ਭਾਦਰਾ ਬਾਜ਼ਾਰ, ਪਰਸ਼ੂ ਰਾਮ ਚੌਕ, ਨੌਹਰੀਆ ਬਾਜ਼ਾਰ ਆਦਿ ਸਮੇਤ ਕਈ ਥਾਂਵਾਂ 'ਤੇ ਰਹਿਣ ਵਾਲੇ ਵਿਅਕਤੀਆਂ ਦੀਆਂ ਫੋਨ ਕਾਲਾਂ ਦੀ ਜਾਂਚ ਕੀਤੀ ਹੈ।

ਪੁਲਿਸ ਕੋਲ ਸਿਰਸਾ ਦੇ ਕਈ ਵਿਅਕਤੀਆਂ ਦੇ ਫੋਨ ਨੰਬਰ ਹਨ ਜਿਨ੍ਹਾਂ ਨੂੰ ਧਮਾਕੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਹੁਣ ਪੁਲਿਸ ਇਨ੍ਹਾਂ ਫੋਨ ਨੰਬਰਾਂ ਦੇ ਕਾਲ ਵੇਰਵਿਆਂ ਰਾਹੀਂ ਜਾਂਚ ਨੂੰ ਅੱਗੇ ਵਧਾ ਰਹੀ ਹੈ। ਪੰਜਾਬ ਪੁਲਿਸ ਇਸ ਮਾਮਲੇ ਵਿਚ ਪਿਛਲੇ ਕੁਝ ਦਿਨਾਂ ਤੋਂ ਗੁਪਤ ਤਰੀਕੇ ਨਾਲ ਜਾਂਚ ਕਰ ਰਹੀ ਸੀ ਤੇ ਹੁਣ ਕੁਝ ਅਹਿਮ ਸੁਰਾਗ ਹੱਥ ਲੱਗਣ ਤੋਂ ਬਾਅਦ ਹੀ ਅੱਧਾ ਦਰਜਨ ਟੀਮਾਂ ਨੇ ਜਾਂਚ ਨੂੰ ਅੱਗੇ ਵਧਾਇਆ ਹੈ।

# ਹੋਂਦ ਚਿੱਲੜ ਕਾਂਡ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਘੇਰਾ



**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਹੋਂਦ ਚਿੱਲੜ ਕਾਂਡ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਹੈ। ਹਰਿਆਣਾ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਡੀ.ਜੀ.ਪੀ. ਨੂੰ ਇਸ ਕਾਂਡ ਵਿਚ ਸ਼ਾਮਲ ਪੁਲਿਸ ਮੁਲਾਜ਼ਮਾਂ ਵਿਰੁੱਧ ਕੇਸ ਦਰਜ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਗ੍ਰਹਿ ਵਿਭਾਗ ਨੇ ਜਿਨ੍ਹਾਂ ਪੁਲਿਸ ਅਧਿਕਾਰੀਆਂ ਵਿਰੁੱਧ ਡੀ.ਜੀ.ਪੀ. ਨੂੰ ਕਾਰਵਾਈ ਕਰਨ ਲਈ ਕਿਹਾ ਹੈ, ਉਨ੍ਹਾਂ ਵਿਚ ਤਤਕਾਲੀ ਐਸ.ਪੀ. ਸਤਿੰਦਰ ਕੁਮਾਰ, ਡੀ.ਐਸ.ਪੀ. ਰਾਮ ਭੱਜ, ਐਸ.ਆਈ. ਰਾਮ ਕਿਸ਼ੋਰ ਅਤੇ ਹੈੱਡ ਕਾਂਸਟੇਬਲ ਰਾਮ ਕੁਮਾਰ ਮੁੱਖ ਹਨ। ਹਰਿਆਣਾ ਦੇ ਗ੍ਰਹਿ ਵਿਭਾਗ ਦੇ ਮੁੱਖ ਸਕੱਤਰ ਨੇ ਡੀ.ਜੀ.ਪੀ. ਨੂੰ ਭੇਜੇ ਪੱਤਰ ਵਿਚ ਕਿਹਾ ਕਿ ਸਬੰਧਤ ਪੁਲਿਸ ਅਧਿਕਾਰੀਆਂ ਖਿਲਾਫ਼ ਧਾਰਾ 217, 218, 219, 220, 221, 302, 395, 436 ਅਤੇ 120-ਬੀ ਤਹਿਤ ਕਾਰਵਾਈ ਕੀਤੀ ਜਾਵੇ। ਹੋਂਦ ਚਿੱਲੜ ਤਾਲਮੇਲ ਕਮੇਟੀ

(ਬਾਕੀ ਸਫਾ 6 'ਤੇ)



# ਪ੍ਰੋਫੈਸਰ ਨੂੰ ਮਾਓਵਾਦੀ ਆਖ ਕੇ ਸੁਣਾਈ ਉਮਰ ਕੈਦ

**ਗੜ੍ਹਚਿਰੌਲੀ (ਮਹਾਰਾਸ਼ਟਰ):** ਦਿੱਲੀ ਯੂਨੀਵਰਸਿਟੀ ਦੇ ਮੁਅੱਤਲ ਪ੍ਰੋਫੈਸਰ ਜੀ.ਐਨ. ਸਾਈਬਾਬਾ ਸਣੇ ਪੰਜ ਜਣਿਆਂ ਨੂੰ ਇਥੋਂ ਦੇ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਨੇ ਮਾਓਵਾਦੀਆਂ ਨਾਲ ਸਬੰਧਾਂ ਅਤੇ ਭਾਰਤ ਖ਼ਿਲਾਫ਼ ਜੰਗ ਛੇੜਨ ਦਾ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਵਿਚ ਇਕ ਹੋਰ ਦੋਸ਼ੀ ਨੂੰ ਦਸ ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਮਰ ਕੈਦ ਦੀ ਸਜ਼ਾ ਪਾਉਣ ਵਾਲਿਆਂ ਵਿਚ ਇਸੇ ਯੂਨੀਵਰਸਿਟੀ ਦੇ ਵਿਦਿਆਰਥੀ ਹੇਮ ਮਿਸ਼ਰਾ, ਸਾਬਕਾ ਪੱਤਰਕਾਰ ਪ੍ਰਸ਼ਾਂਤ ਰਾਹੀ, ਮਹੇਸ਼ ਟਿਰਕੇ ਤੇ ਪਾਂਡੂ ਨਰੋਟੇ ਸ਼ਾਮਲ ਹਨ, ਜਦੋਂਕਿ ਵਿਜੇ ਟਿਰਕੇ ਨੂੰ ਦਸ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਜੱਜ ਸੂਰਿਆਕਾਂਤ ਸ਼ਿੰਦੇ ਦੀ ਅਦਾਲਤ ਨੇ ਉਨ੍ਹਾਂ ਨੂੰ ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਐਕਟ (ਯੂ.ਏ.ਪੀ.ਏ.) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੱਤਾ। ਗ਼ੌਰਤਲਬ ਹੈ ਕਿ ਅੰਗਰੇਜ਼ੀ ਦੇ ਪ੍ਰੋਫੈਸਰ ਸਾਈਬਾਬਾ 90 ਫ਼ੀਸਦੀ ਅਪਾਹਜ ਹਨ ਅਤੇ ਵ੍ਹੀਲਚੇਅਰ 'ਤੇ ਹਨ। ਉਨ੍ਹਾਂ ਨੂੰ ਮਈ 2014 ਵਿਚ ਮਹਾਰਾਸ਼ਟਰ ਪੁਲਿਸ ਨੇ ਉਨ੍ਹਾਂ ਦੀ ਦਿੱਲੀ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ ਜਿਨ੍ਹਾਂ ਨੂੰ ਬਾਅਦ ਵਿਚ ਬੰਬੇ ਹਾਈ ਕੋਰਟ ਦੇ ਨਾਗਪੁਰ ਬੈਂਚ ਵੱਲੋਂ ਸਿਹਤ ਖ਼ਰਾਬ ਹੋਣ ਕਾਰਨ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਸੀ। ਸਰਕਾਰੀ ਵਕੀਲ ਨੇ ਸਾਰੇ ਛੇ ਦੋਸ਼ੀਆਂ ਨੂੰ ਉਮਰ ਕੈਦ ਦੀ ਮੰਗ ਕਰਦਿਆਂ ਆਖਿਆ ਸੀ ਕਿ ਪ੍ਰੋ. ਸਾਈਬਾਬਾ ਨੇ ਅਪਾਹਜ ਹੋਣ ਦੇ ਬਾਵਜੂਦ ਭਾਰਤ ਅਤੇ ਵਿਦੇਸ਼ਾਂ ਵਿਚ ਅਨੇਕਾਂ ਕਾਨਫਰੰਸਾਂ

(ਬਾਕੀ ਸਫਾ 6 'ਤੇ)

We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


20% OFF PUNJABI MEGA PACK
$19.99 FOR 24 MONTHS
Save $120 over 2 years
All offers require credit qualification, 2-Year commitment with early termination fee and eAutoPay.
Requires subscription to a qualifying American or DishLATINO package starting at $29.99/mo.
ORDER THROUGH DISH!
Dish.com/Punjabi 1-844-326-9607
dish
YOUR CULTURE AT HOME
PTC PUNJABI
etc ਪੰਜਾਬੀ
jus punjabi
WILLOW HD
PTC NEWS
JUS one
+5 CHANNELS
Offer for new and qualifying former customers only. Important Terms and Conditions:
Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 4/05/17. 2-Year Commitment: Early termination fee of $20/mo. remaining applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.
© 2017 DISH Network L.L.C. All rights reserved.

# ਅਮਰੀਕਾ ਵਿਚ ਫੈਲਣ ਲੱਗਾ ਨਫਰਤ ਦਾ ਜ਼ਹਿਰ

**ਨਿਊ ਯਾਰਕ (ਬਿਊਰੋ):** ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਮਗਰੋਂ ਅਮਰੀਕਾ ਵਿਚ ਭਾਰਤੀਆਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮਿਜ਼ੌਰੀ ਸਟੇਟ ਦੇ ਕੈਨਸਸ ਸ਼ਹਿਰ ਨੇੜੇ ਹੋਏ ਨਸਲੀ ਹਮਲੇ ਤੋਂ ਬਾਅਦ ਇਹ ਸਿਲਸਿਲਾ ਤੇਜ਼ ਹੋ ਗਿਆ ਹੈ। ਵਾਸ਼ਿੰਗਟਨ ਦੇ ਕੈਂਟ ਇਲਾਕੇ ਵਿਚ 39 ਸਾਲਾ ਸਿੱਖ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ। ਇਸ ਤੋਂ ਇਕ ਦਿਨ ਪਹਿਲਾਂ ਸਾਊਥ ਕੈਰੋਲਾਈਨਾ ਵਿਚ 43 ਸਾਲਾ ਭਾਰਤੀ ਹਰਨੀਸ਼ ਪਟੇਲ ਨੂੰ ਉਸ ਦੇ ਸਟੋਰ ਵਿਚ ਕਤਲ ਕਰ ਦਿੱਤਾ ਗਿਆ ਸੀ। ਪਿਛਲੇ ਡੇਢ ਹਫਤੇ ਵਿਚ ਅਮਰੀਕਾ ਵਸਦੇ ਭਾਰਤੀਆਂ 'ਤੇ ਹਮਲਿਆਂ ਦਾ ਇਹ ਚੌਥਾ ਮਾਮਲਾ ਹੈ। ਇਸ ਵਿਚ ਉਨ੍ਹਾਂ ਨੂੰ ਅਮਰੀਕਾ ਵਿਚੋਂ ਚਲੇ ਜਾਣ ਦੀਆਂ ਟਿੱਪਣੀਆਂ ਕਰ ਕੇ ਨਿਸ਼ਾਨਾ ਬਣਾਇਆ ਗਿਆ।

ਇਸੇ ਤਰ੍ਹਾਂ ਇਕ ਅਮਰੀਕੀ ਨੇ ਰੇਲ ਗੱਡੀ ਵਿਚ ਸਫਰ ਕਰ ਰਹੀ ਭਾਰਤੀ ਮੂਲ ਦੀ ਲੜਕੀ ਉਤੇ ਨਸਲੀ ਟਿੱਪਣੀਆਂ ਕੀਤੀਆਂ। ਉਸ ਨੂੰ ਬੇਤੁਕੇ ਨਾਂਵਾਂ ਨਾਲ ਪੁਕਾਰਿਆ ਗਿਆ ਅਤੇ ਆਖਿਆ ਗਿਆ, 'ਇਥੋਂ ਦਫਾ ਹੋ ਜਾ।' ਲੜਕੀ ਦਾ ਨਾਂ ਏਕਤਾ ਦੇਸਾਈ ਹੈ ਅਤੇ ਉਹ ਨਿਊ ਯਾਰਕ ਵਿਚ ਰਹਿੰਦੀ ਹੈ। ਇਸ ਤੋਂ ਪਹਿਲਾਂ ਸਿਰਫ ਸਿੱਖਾਂ ਖਿਲਾਫ ਹੀ ਨਸਲੀ ਹਿੰਸਾ ਦੇ ਮਾਮਲੇ ਸਾਹਮਣੇ ਆ ਰਹੇ ਸਨ। ਕਾਰਨ ਇਹ ਮੰਨਿਆ ਜਾ ਰਿਹਾ ਸੀ ਕਿ ਸਿੱਖਾਂ ਦੀ ਦਸਤਾਰ ਕਰ ਕੇ ਉਨ੍ਹਾਂ ਨੂੰ ਮੁਸਲਮਾਨ ਸਮਝ ਲਿਆ ਜਾਂਦਾ ਹੈ। ਹੁਣ ਤਾਜ਼ਾ ਮਾਮਲਿਆਂ ਵਿਚ ਸਾਹਮਣੇ ਆਇਆ ਹੈ ਕਿ ਅਮਰੀਕੀਆਂ ਵਿਚ ਭਾਰਤੀਆਂ ਪ੍ਰਤੀ ਨਫਰਤ ਵਧ ਰਹੀ ਹੈ, ਉਹ ਚਾਹੇ ਕਿਸੇ ਵੀ ਧਰਮ ਦੇ ਹੋਣ। ਡੋਨਲਡ ਟਰੰਪ ਦੀ ਜਿੱਤ ਤੋਂ ਬਾਅਦ ਅਜਿਹੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਗੋਰੇ ਅਮਰੀਕੀਆਂ ਦੇ ਅਜਿਹੇ ਸੰਗਠਨ ਬਣ ਗਏ ਹਨ ਜੋ ਵੱਖ-ਵੱਖ ਲੋਕਾਂ 'ਤੇ ਤਨਜ਼ਾਂ ਕੱਸਦੇ ਹਨ।

## ਡੇਰੇ ਮਾਮਲੇ ਦੀ ਰਿਪੋਰਟ ਜਥੇਦਾਰ ਨੂੰ ਸੌਂਪੀ

**ਅੰਮ੍ਰਿਤਸਰ:** ਵੋਟਾਂ ਖ਼ਾਤਰ ਡੇਰਾ ਸਿਰਸਾ ਤੋਂ ਸਮਰਥਨ ਮੰਗਣ ਵਾਲੇ ਸਿੱਖ ਆਗੂਆਂ ਖ਼ਿਲਾਫ਼ ਜਾਂਚ ਕਰ ਰਹੀ ਤਿੰਨ ਮੈਂਬਰੀ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਰਿਪੋਰਟ ਸੌਂਪ ਦਿੱਤੀ। ਇਸ ਰਿਪੋਰਟ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਦੇ ਲਗਪਗ 4 ਦਰਜਨ ਸਿੱਖ ਆਗੂਆਂ ਨੂੰ ਹੁਕਮਨਾਮੇ ਦੀ ਉਲੰਘਣਾ ਦਾ ਦੋਸ਼ੀ ਦੱਸਿਆ ਹੈ। ਗਿਆਨੀ ਗੁਰਬਚਨ ਸਿੰਘ ਨੇ ਇਹ ਜਾਂਚ ਰਿਪੋਰਟ ਲੈਣ ਮਗਰੋਂ ਕਿਹਾ ਕਿ ਹੋਲੇ ਮਹੱਲੇ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਸੱਦ ਕੇ ਇਸ ਰਿਪੋਰਟ 'ਤੇ ਵਿਚਾਰ ਕੀਤੀ ਜਾਵੇਗਾ।

ਯਾਦ ਰਹੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਵਾਲੀ ਤਿੰਨ ਮੈਂਬਰੀ ਜਾਂਚ ਕਮੇਟੀ ਨੂੰ ਸੱਤ ਦਿਨਾਂ ਅੰਦਰ ਰਿਪੋਰਟ ਦੇਣ ਲਈ ਆਖਿਆ ਗਿਆ ਸੀ, ਪਰ ਬਾਅਦ ਵਿਚ ਜਾਂਚ ਦਾ ਸਮਾਂ ਵਧਾ ਦਿੱਤਾ ਗਿਆ ਸੀ। ਪੰਜ ਸਫਿਆਂ ਦੀ ਰਿਪੋਰਟ ਵਿਚ ਜਾਂਚ ਕਮੇਟੀ ਨੇ ਜਾਂਚ ਨਾਲ ਸਬੰਧਤ ਸਬੂਤ ਵੀ ਸੌਂਪੇ ਹਨ।

ਇਸੇ ਦੌਰਾਨ ਜਾਂਚ ਕਮੇਟੀ ਦੇ ਮੈਂਬਰਾਂ ਨੇ ਜਾਂਚ ਦੇ ਵੇਰਵੇ ਜਨਤਕ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਸਬੰਧੀ ਖੁਲਾਸਾ ਹੁਣ ਅਕਾਲ ਤਖ਼ਤ ਦੇ ਜਥੇਦਾਰ ਹੀ ਕਰਨਗੇ। ਡੇਰਾ ਸਿਰਸਾ ਜਾਣ ਵਾਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਸ਼ਾਮਲ ਹਨ। ਇਨ੍ਹਾਂ ਵਿਚ ਕਈ ਅਕਾਲੀ ਮੰਤਰੀ ਅਤੇ ਵਿਧਾਇਕ ਵੀ ਸ਼ਾਮਲ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਬੇਲੋੜੀਆਂ ਨਿਯੁਕਤੀਆਂ ਰੱਦ

**ਨੰਗਲ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੇਲੋੜੀਆਂ ਨਿਯੁਕਤੀਆਂ ਰੱਦ ਕਰ ਦਿੱਤੀਆਂ ਹਨ ਜਿਸ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਲੱਖਾਂ ਰੁਪਏ ਦੀ ਬੱਚਤ ਹੋਈ ਹੈ।

ਜਾਣਕਾਰੀ ਅਨੁਸਾਰ ਜੋਗਿੰਦਰ ਸਿੰਘ ਜਿਨ੍ਹਾਂ ਨੂੰ ਸੇਵਾ ਮੁਕਤੀ ਤੋਂ ਬਾਅਦ ਗੁਰੂ ਰਾਮਦਾਸ ਮੈਡੀਕਲ ਟਰੱਸਟ ਦੇ ਸਕੱਤਰ ਵਜੋਂ ਤਾਇਨਾਤ ਕੀਤਾ ਗਿਆ ਸੀ, ਨੂੰ ਅਹੁਦੇ ਤੋਂ ਹਟਾ ਕਰ ਦਿੱਤਾ ਗਿਆ ਹੈ। ਇਨ੍ਹਾਂ ਦੀ ਤਨਖਾਹ 70 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇ ਕਰੀਬ ਸੀ। ਇਸੇ ਤਰ੍ਹਾਂ ਨਨਕਾਣਾ ਸਾਹਿਬ ਟਰੱਸਟ ਜਿਸ ਅਧੀਨ ਗੁਰੂ ਨਾਨਕ ਇੰਜਨੀਅਰਿੰਗ ਕਾਲਜ (ਲੁਧਿਆਣਾ) ਚੱਲ ਰਿਹਾ ਹੈ, ਦੇ ਡਾਇਰੈਕਟਰ ਗੁਰਿੰਦਰ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਤੋਂ ਪੀ.ਐਸ. ਭੱਟੀ ਨੂੰ ਵੀ ਹਟਾ ਦਿੱਤਾ ਗਿਆ ਹੈ ਜਿਹੜੇ ਇਕ-ਇਕ ਲੱਖ ਰੁਪਏ ਪ੍ਰਤੀ ਮਹੀਨਾ ਦੇ ਕਰੀਬ ਤਨਖਾਹ ਲੈ ਰਹੇ ਸਨ।

ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀ ਇਨ ਸਿੱਖਇਜ਼ਮ ਬਹਾਦਰਗੜ੍ਹ (ਪਟਿਆਲਾ) ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਜਿਨ੍ਹਾਂ ਦਾ ਕੁੱਲ ਮਿਲਾ ਕੇ ਇੱਕ ਲੱਖ ਰੁਪਏ ਦੇ ਕਰੀਬ ਮਹੀਨੇ ਦਾ ਖਰਚਾ ਬਣਦਾ ਸੀ, ਨੂੰ ਹਟਾ ਕੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਗਹਿਲ ਕਲਾਂ ਦੇ ਪ੍ਰਿੰਸੀਪਲ ਡਾ. ਗੁਰਵੀਰ ਸਿੰਘ ਨੂੰ ਵਾਧੂ ਚਾਰਜ ਦੇ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਕੰਮ-ਕਾਰਜਾਂ ਦੀ ਚੰਗੀ ਤਰ੍ਹਾਂ ਪੜਤਾਲ ਕਰਵਾ ਰਹੇ ਹਨ। ਇਸ ਬਾਰੇ ਵੱਖ ਵੱਖ ਸਬ-ਕਮੇਟੀਆਂ ਵੀ ਬਣਾਈਆਂ ਗਈਆਂ ਹਨ ਤਾਂ ਜੋ ਸ਼੍ਰੋਮਣੀ ਕਮੇਟੀ ਵਿਚ ਬੇਲੋੜੀਆਂ ਨਿਯੁਕਤੀਆਂ ਰੱਦ ਕਰ ਕੇ ਵਿੱਤੀ ਬੋਝ ਹੋਰ ਘਟਾਇਆ ਜਾ ਸਕੇ।

## ਭਾਰਤ ਦੇ ਜਲ ਭੰਡਾਰਾਂ ਵਿਚ ਪਾਣੀ ਘਟਿਆ

**ਨਵੀਂ ਦਿੱਲੀ:** ਭਾਰਤ ਦੇ ਜਲ ਭੰਡਾਰਾਂ ਵਿਚ ਪਾਣੀ ਦਾ ਪੱਧਰ ਉਨ੍ਹਾਂ ਦੀ ਕੁਲ ਸਮਰਥਾ ਤੋਂ 41 ਫ਼ੀਸਦੀ ਘਟ ਗਿਆ ਹੈ।

ਕੇਂਦਰ ਦੇ ਪਾਣੀ ਵਸੀਲਿਆਂ ਬਾਰੇ ਮੰਤਰਾਲੇ ਮੁਤਾਬਕ, 2 ਮਾਰਚ ਤੱਕ ਇਨ੍ਹਾਂ ਭੰਡਾਰਾਂ ਵਿਚ 64.55 ਅਰਬ ਕਿਊਬਕ ਮੀਟਰ (ਬੀ.ਸੀ.ਐਮ.) ਪਾਣੀ ਸੀ। 23 ਫਰਵਰੀ ਨੂੰ ਕੁਲ ਸਮਰਥਾ 157.799 ਬੀ.ਸੀ.ਐਮ. ਵਿਚੋਂ 44 ਫ਼ੀਸਦੀ ਜਾਂ 68.741 ਬੀ.ਸੀ.ਐਮ. ਪਾਣੀ ਮੌਜੂਦ ਸੀ।

ਜਿਨ੍ਹਾਂ ਰਾਜਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਪਾਣੀ ਦਾ ਘੱਟ ਭੰਡਾਰ ਘੱਟ ਹੈ, ਉਨ੍ਹਾਂ ਵਿਚ ਹਿਮਾਚਲ ਪ੍ਰਦੇਸ਼, ਤ੍ਰਿਪੁਰਾ, ਆਂਧਰਾ ਪ੍ਰਦੇਸ਼, ਕੇਰਲ, ਕਰਨਾਟਕ ਅਤੇ ਤਾਮਿਲਨਾਡੂ ਸ਼ਾਮਿਲ ਹਨ। ਪੰਜਾਬ, ਰਾਜਸਥਾਨ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਗੁਜਰਾਤ, ਮਹਾਰਾਸ਼ਟਰ, ਉਤਰ ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼, ਛਤੀਸਗੜ੍ਹ ਤੇ ਤਿਲੰਗਾਨਾ ਵਿਚ ਪਿਛਲੇ ਸਾਲ ਦੇ ਮੁਕਾਬਲੇ ਪਾਣੀ ਦਾ ਜ਼ਿਆਦਾ ਭੰਡਾਰ ਹੈ।


ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ
ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।
*I may help you in securing loans at good rates as well.*
ਫੋਨ: 925-323-8626
rvbaat@gmail.com





*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531
Better Homes and Gardens Real Estate | MASON-McDUFFIE



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?
■ ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
■ 1% ਡਾਊਨ ਪੇਮੈਂਟ 'ਤੇ ਲੋਨ
(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
■ ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
email: sanjana4loans@gmail.com
Arcus Lending — America's Premier Mortgage Experts
Arcus NMLS # 1035734





ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS





Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਅਮਰੀਕਾ ਨੇ ਐਚ-1ਬੀ ਵੀਜ਼ਿਆਂ ਉਤੇ ਲਾਈ ਆਰਜ਼ੀ ਰੋਕ

**ਵਾਸ਼ਿੰਗਟਨ:** ਅਮਰੀਕਾ ਨੇ ਐਚ-1 ਬੀ ਵੀਜ਼ਿਆਂ ਦੇ ਪੁਰਾਣੇ ਬੈਕਲੌਗ ਨੂੰ ਖਤਮ ਕਰਨ ਦੇ ਇਰਾਦੇ ਨਾਲ ਇਨ੍ਹਾਂ ਵੀਜ਼ਿਆਂ ਦੀ ਪ੍ਰੋਸੈਸਿੰਗ 'ਤੇ 3 ਅਪਰੈਲ ਤੋਂ ਆਰਜ਼ੀ ਰੋਕ ਲਾਉਣ ਦਾ ਐਲਾਨ ਕੀਤਾ ਹੈ। ਅਮਰੀਕਾ ਦੇ ਸ਼ਹਿਰੀ ਤੇ ਆਵਾਸ ਸੇਵਾਵਾਂ (ਯੂ.ਐਸ.ਸੀ.ਆਈ.ਐਸ.) ਵਿਭਾਗ ਨੇ ਕਿਹਾ ਹੈ ਕਿ ਉਹ ਇਕ ਅਕਤੂਬਰ ਤੋਂ ਸ਼ੁਰੂ ਹੁੰਦੇ ਨਵੇਂ ਵਿੱਤੀ ਸਾਲ (2018) ਲਈ ਐਚ-1 ਬੀ ਵੀਜ਼ਿਆਂ ਸਬੰਧੀ ਅਰਜ਼ੀਆਂ ਨੂੰ 3 ਅਪਰੈਲ ਤੋਂ ਸਵੀਕਾਰ ਕਰੇਗਾ।

ਯਾਦ ਰਹੇ ਕਿ ਐਚ-1ਬੀ ਵੀਜ਼ਿਆਂ ਦਾ ਇਸਤੇਮਾਲ ਭਾਰਤ ਦੀਆਂ ਪ੍ਰਮੁੱਖ ਆਈ.ਟੀ. ਕੰਪਨੀਆਂ ਵੱਲੋਂ ਕੀਤਾ ਜਾਂਦਾ ਹੈ। ਯੂ.ਐਸ.ਸੀ.ਆਈ.ਐਸ. ਨੇ ਕਿਹਾ ਕਿ ਐਚ-1 ਬੀ ਵੀਜ਼ਿਆਂ ਦੀ ਪ੍ਰੀਮੀਅਮ ਪ੍ਰੋਸੈਸਿੰਗ ਨੂੰ ਆਰਜ਼ੀ ਤੌਰ 'ਤੇ ਮੁਅੱਤਲ ਕੀਤੇ ਜਾਣ ਨਾਲ ਪਿਛਲੇ ਲੰਮੇ ਤੋਂ ਬਕਾਇਆ ਪਈਆਂ ਪਟੀਸ਼ਨਾਂ (ਅਰਜ਼ੀਆਂ) ਨੂੰ ਅਮਲ ਵਿਚ ਲਿਆਉਣ ਦਾ ਮੌਕਾ ਮਿਲੇਗਾ। ਇਨ੍ਹਾਂ ਵਿਚੋਂ ਕੁਝ ਅਰਜ਼ੀਆਂ, ਜਿਹੜੀਆਂ ਤਰਜੀਹੀ ਅਧਾਰ ਉਤੇ ਐਚ-1ਬੀ ਵੀਜ਼ੇ ਦੀ ਮਿਆਦ ਵਧਾਉਣ ਨਾਲ ਸਬੰਧਤ ਹਨ, 240 ਦਿਨ ਪੁਰਾਣੀਆਂ ਹਨ।

ਉਂਜ ਵਿਭਾਗ ਮੁਤਾਬਕ ਆਰਜ਼ੀ ਮੁਅਤਲੀ ਛੇ ਮਹੀਨਿਆਂ ਤੱਕ ਰਹਿ ਸਕਦੀ ਹੈ। 'ਦਿ ਵਰਜ' ਦੀ ਇਕ ਰਿਪੋਰਟ ਮੁਤਾਬਕ ਸਿਲੀਕੌਨ ਵੈਲੀ ਵਿਚਲੀਆਂ ਕੰਪਨੀਆਂ, ਜਿਨ੍ਹਾਂ ਵਿਚ ਕੰਮ ਕਰਦੇ ਵੱਡੀ ਗਿਣਤੀ ਮੁਲਾਜ਼ਮਾਂ ਕੋਲ ਐਚ-1ਬੀ ਵੀਜ਼ਾ ਹੈ, ਲਈ ਵਿਭਾਗ ਦਾ ਉਪਰੋਕਤ ਫੈਸਲਾ ਸਪਸ਼ਟ ਸੰਕੇਤ ਹੈ ਕਿ ਉਨ੍ਹਾਂ ਦੀ ਅਰਜ਼ੀਆਂ ਨੂੰ ਪ੍ਰਵਾਨਗੀ ਲਈ ਅਜੇ ਲੰਮੀ ਉਡੀਕ ਕਰਨੀ ਪੈ ਸਕਦੀ ਹੈ। ਮੌਜੂਦਾ ਪ੍ਰਣਾਲੀ ਤਹਿਤ ਜਿਹੜੀ ਕੰਪਨੀ ਕਿਸੇ ਸਮਰੱਥ ਮੁਲਾਜ਼ਮ ਜਾਂ ਮੌਜੂਦਾ ਮੁਲਾਜ਼ਮ ਦੇ ਐਚ-1ਬੀ ਵੀਜ਼ੇ ਦੀ ਅਰਜ਼ੀ ਨੂੰ ਸਪਾਂਸਰ ਕਰਦੀ ਹੈ, ਉਸ ਨੂੰ ਇਸ ਸਾਰੇ ਅਮਲ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਲਈ ਪਟੀਸ਼ਨ ਦਾਖਲ ਕਰਨੀ ਪੈਂਦੀ ਹੈ। ਇਸ ਸੇਵਾ ਲਈ 1225 ਅਮਰੀਕੀ ਡਾਲਰ ਦੀ ਵਧੀਕ ਫੀਸ ਅਦਾ ਕਰਨ ਮਗਰੋਂ ਯੂ.ਐਸ.ਸੀ.ਆਈ.ਐਸ. 15 ਦਿਨਾਂ ਦੇ ਅੰਦਰ ਇਸ ਬਾਰੇ ਜਵਾਬ ਦਿੰਦੀ ਹੈ ਜਦਕਿ ਆਦਰਸ਼ ਐਚ-1 ਬੀ ਪਟੀਸ਼ਨਾਂ 'ਤੇ ਕੋਈ ਫੈਸਲਾ ਲੈਣ ਲੱਗਿਆਂ ਤਿੰਨ ਤੋਂ ਛੇ ਮਹੀਨਿਆਂ ਦਾ ਸਮਾਂ ਲੱਗ ਜਾਂਦਾ ਹੈ।




## ਐਚ-1 ਬੀ ਕਾਮਿਆਂ ਬਿਨਾ ਨਹੀਂ ਸਰਨਾ: ਜੈਸ਼ੰਕਰ

**ਵਾਸ਼ਿੰਗਟਨ:** ਭਾਰਤ ਦੇ ਵਿਦੇਸ਼ ਸਕੱਤਰ ਐਸ.ਜੈਸ਼ੰਕਰ ਨੇ ਸਾਫ ਕਰ ਦਿੱਤਾ ਕਿ ਐਚ-1 ਬੀ ਕਾਮਿਆਂ ਬਿਨਾਂ ਅਮਰੀਕਾ ਦਾ ਨਹੀਂ ਸਰਨਾ। ਜੈਸ਼ੰਕਰ ਨੇ ਕਿਹਾ ਕਿ ਅਮਰੀਕਾ ਨੂੰ ਆਲਮੀ ਪੱਧਰ 'ਤੇ ਮੁਕਾਬਲੇ ਦੇ ਹਾਣ ਦਾ ਬਣਾਉਣ ਅਤੇ ਮੁਲਕ ਦੇ ਅਰਥਚਾਰੇ ਨੂੰ ਹੁਲਾਰਾ ਦੇਣ ਲਈ ਐਚ-1ਬੀ ਵੀਜ਼ੇ 'ਤੇ ਆਏ ਪ੍ਰੋਫੈਸ਼ਨਲ ਕਾਮੇ ਕਾਫੀ ਅਹਿਮ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਯੋਜਨਾਵਾਂ ਤਹਿਤ ਕਾਰੋਬਾਰ ਤੇ ਉਤਪਾਦਨ ਨੂੰ ਵਧਾਉਣ ਲਈ ਅਮਰੀਕਾ ਨੂੰ ਵਧੇਰੇ ਐਚ-1 ਬੀ ਵੀਜ਼ਾਧਾਰੀ ਹੁਨਰਮੰਦ ਪ੍ਰੋਫੈਸ਼ਨਲਾਂ ਦੀ ਲੋੜ ਪਏਗੀ।

## ਭਾਰਤੀਆਂ ਲਈ ਵੀਜ਼ੇ ਬਾਰੇ ਨਰਮ ਹੋਇਆ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਐਚ-1 ਬੀ-ਵੀਜ਼ੇ ਦੇ ਮੁੱਦੇ 'ਤੇ ਭਾਰਤ ਨੂੰ ਭਰੋਸਾ ਦੁਆਉਂਦਿਆਂ ਕਿਹਾ ਹੈ ਕਿ ਇਹ ਮੁੱਦਾ ਇਮੀਗ੍ਰੇਸ਼ਨ ਨੀਤੀਆਂ ਦੇ ਸੁਧਾਰ ਦਾ ਹੀ ਇਕ ਹਿੱਸਾ ਹੈ। ਟਰੰਪ ਪ੍ਰਸ਼ਾਸਨ ਇਸ ਨੂੰ ਛੇਤੀ ਸੁਲਝਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਉਨ੍ਹਾਂ ਸਾਫ ਕੀਤਾ ਕਿ ਭਾਰਤੀ ਤਕਨੀਕੀ ਖੇਤਰ ਦਾ ਅਮਰੀਕਾ ਵਿਚ ਨਾਮੀ ਯੋਗਦਾਨ ਹੈ। ਭਾਵੇਂ ਇਹ ਮੁੱਦਾ ਅਮਰੀਕੀ ਸਰਕਾਰ ਲਈ ਪਹਿਲ ਵਾਲਾ ਨਹੀਂ, ਪਰ ਇਹ ਸਾਰੀਆਂ ਪਰਵਾਸੀ ਨੀਤੀਆਂ ਦਾ ਹੀ ਇਕ ਹਿੱਸਾ ਹੈ। ਇਹ ਵਪਾਰ ਤੇ ਸੇਵਾਵਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਸ ਲਈ ਇਸ ਮਸਲੇ ਨੂੰ ਇਮੀਗ੍ਰੇਸ਼ਨ ਨੀਤੀਆਂ 'ਚ ਸੁਧਾਰ ਦਾ ਇਕ ਹਿੱਸਾ ਬਣਾ ਕੇ ਹੀ ਹੱਲ ਕੀਤਾ ਜਾਵੇਗਾ। ਇਹ ਜਾਣਕਾਰੀ ਕਾਮਰਸ ਸੈਕਟਰੀ ਰੀਟਾ ਟਿਓਟੀਆ ਨੇ ਮੀਡੀਆ ਨੂੰ ਦਿੱਤੀ। ਰੀਟਾ ਨੇ ਦੱਸਿਆ ਕਿ ਭਾਰਤ ਨੇ ਇਸ ਮੁੱਦੇ ਨੂੰ ਟਰੰਪ ਪ੍ਰਸ਼ਾਸਨ ਕੋਲ ਬਹੁਤ ਜ਼ੋਰ ਸ਼ੋਰ ਨਾਲ ਚੁੱਕਿਆ ਹੈ।

## ਹੁਣ ਆਸਟਰੇਲੀਆ ਨੇ ਵੀਜ਼ਾ ਨਿਯਮ ਕੀਤੇ ਸਖਤ

**ਕੈਨਬਰਾ:** ਆਸਟਰੇਲੀਆ ਸਰਕਾਰ ਨੇ ਵੀ ਵਰਕਿੰਗ ਵੀਜ਼ੇ ਉਤੇ ਸਖਤੀ ਕਰਨ ਦਾ ਐਲਾਨ ਕਰ ਦਿੱਤਾ ਹੈ। ਉਥੋਂ ਦੇ ਇਮੀਗਰੇਸ਼ਨ ਮੰਤਰੀ ਪੀਟਰ ਡਟਨ ਨੇ ਕਿਹਾ ਹੈ ਕਿ ਫਾਸਟ ਫੂਡ ਉਦਯੋਗ ਦੇ ਵਿਦੇਸ਼ੀ ਕਾਮਿਆਂ ਨੂੰ ਵੀਜ਼ਾ ਦੇਣ ਦੀ ਪ੍ਰਕਿਰਿਆ ਖਤਮ ਕਰ ਦਿੱਤੀ ਜਾਵੇਗੀ। ਆਸਟਰੇਲੀਆ ਸਰਕਾਰ ਦੇ ਇਸ ਫੈਸਲੇ ਨਾਲ ਸਭ ਤੋਂ ਵੱਧ ਭਾਰਤੀ ਪਰਵਾਸੀ ਕਾਮੇ ਪ੍ਰਭਾਵਤ ਹੋਣਗੇ, ਕਿਉਂਕਿ ਵਰਕਿੰਗ ਵੀਜ਼ਾ ਪਾਉਣ ਵਾਲਿਆਂ ਵਿਚੋਂ ਇਕ ਚੌਥਾਈ ਗਿਣਤੀ ਭਾਰਤੀ ਲੋਕਾਂ ਦੀ ਹੈ। ਆਪਣੇ ਵਿਭਾਗ ਦੇ ਇਸ ਸਖਤ ਫੈਸਲੇ ਦਾ ਐਲਾਨ ਕਰਦੇ ਹੋਏ ਪੀਟਰ ਡਟਨ ਨੇ ਕਿਹਾ ਕਿ ਇਹੋ ਜਿਹਾ ਫੈਸਲਾ ਆਸਟਰੇਲੀਆਈ ਨੌਕਰੀਆਂ ਨੂੰ ਸੁਰੱਖਿਅਤ ਕਰਨ ਲਈ ਕਰਨਾ ਪਿਆ ਹੈ। ਸਾਲ 2012 ਤੋਂ ਹੁਣ ਤੱਕ ਮੈਕਡੋਨਲਡਜ਼, ਕੇ.ਐਫ.ਸੀ. ਅਤੇ ਹੰਗਰੀ ਜੈਕਸ ਸਮੇਤ ਹੋਰ ਕਾਰੋਬਾਰਾਂ ਵਿਚ ਤਕਰੀਬਨ 500 ਵਿਦੇਸ਼ੀ ਮੁਲਾਜ਼ਮਾਂ ਨੂੰ ਵਰਕਿੰਗ ਵੀਜ਼ਾ ਦਿੱਤਾ ਗਿਆ ਹੈ। ਇਸ ਵੀਜ਼ੇ ਨੂੰ 457 ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪੀਟਰ ਡਟਨ ਦੇ ਮੁਤਾਬਕ 'ਆਸਟਰੇਲੀਅਨ ਕਾਮਿਆਂ, ਖਾਸ ਕਰ ਕੇ ਨੌਜਵਾਨਾਂ ਨੂੰ ਪਹਿਲ ਦੇਣੀ ਹੋਵੇਗੀ।' ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਖਾਸ ਹਾਲਾਤ ਵਿਚ ਵੀਜ਼ਾ ਦੇਣਾ ਜਾਰੀ ਰਹੇਗਾ। ਆਸਟਰੇਲੀਆ ਦੇ ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ ਸਾਲ ਸਤੰਬਰ ਵਿਚ 457 ਵੀਜ਼ੇ ਉਤੇ ਕੁੱਲ 95,758 ਲੋਕ ਉਸ ਦੇਸ਼ ਵਿਚ ਸਨ, ਸਾਲ 2015 ਵਿਚ ਇਹ ਗਿਣਤੀ 1,03,862 ਸੀ। ਇਨ੍ਹਾਂ ਵਿਚ 24.6 ਫੀਸਦੀ ਗਿਣਤੀ ਭਾਰਤੀ ਲੋਕਾਂ ਦੀ ਹੈ।



ਬ੍ਰਿਟੇਨ ਦੇ 19.5 ਫੀਸਦੀ ਅਤੇ ਚੀਨ ਦੇ 5.8 ਫੀਸਦੀ ਲੋਕ ਇਸ ਵੀਜ਼ੇ ਉਤੇ ਆਸਟਰੇਲੀਆ ਵਿਚ ਰਹਿ ਰਹੇ ਹਨ। ਸਾਲ 2012 ਵਿਚ ਜਦੋਂ ਵਿਰੋਧੀ ਧਿਰ ਲੇਬਰ ਪਾਰਟੀ ਸੱਤਾ ਵਿਚ ਆਈ ਸੀ, ਉਦੋਂ ਇਕ ਸਮਝੌਤੇ ਹੇਠ ਫਾਸਟ ਫੂਡ ਉਦਯੋਗ ਵਿਚ ਕੰਮ ਲਈ ਵਿਦੇਸ਼ੀ ਕਾਮਿਆਂ ਨੂੰ ਵਰਕਿੰਗ ਵੀਜ਼ਾ ਦੇਣ ਦੀ ਸ਼ੁਰੂਆਤ ਕੀਤੀ ਗਈ ਸੀ। ਮੌਜੂਦਾ ਸਰਕਾਰ ਦੇ ਇਸ ਫੈਸਲੇ ਉਤੇ ਹੁਣ ਲੇਬਰ ਪਾਰਟੀ ਦੇ ਰੁਜ਼ਗਾਰ ਬੁਲਾਰੇ ਬਰੈਂਡਨ ਓ. ਕਾਨਰ ਨੇ ਕਈ ਸਵਾਲ ਚੁੱਕੇ ਹਨ। ਕਾਨਰ ਨੇ ਕਿਹਾ ਹੈ ਕਿ ਇਹ ਵੀਜ਼ਾ ਅਣਸਿੱਖੇ ਕਾਮਿਆਂ ਉਤੇ ਲਾਗੂ ਹੀ ਨਹੀਂ ਹੁੰਦਾ, ਜਦੋਂ ਕਿ ਡਟਨ ਦਾ ਕਹਿਣਾ ਹੈ ਕਿ ਇਹ ਫੈਸਲਾ ਪ੍ਰਬੰਧਕੀ ਕਰਮਚਾਰੀਆਂ ਨੂੰ ਮੁੱਖ ਰੂਪ ਵਿਚ ਪ੍ਰਭਾਵਤ ਕਰੇਗਾ। ਪੀਟਰ ਡਟਨ ਦੀ ਰਾਏ ਮੁਤਾਬਕ ਮੌਜੂਦਾ ਸਿਸਟਮ ਆਸਟਰੇਲੀਅਨ ਕਾਮਿਆਂ ਨੂੰ ਪਹਿਲ ਨਹੀਂ ਦੇਵੇਗਾ। ਉਨ੍ਹਾਂ ਕਿਹਾ, 'ਸਿਸਟਮ ਨੂੰ ਵਿਦੇਸ਼ੀ ਕਾਮਿਆਂ ਦੀ ਲੋੜ ਹੈ, ਜਿਹੜੇ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਂਦੇ ਹੋਣ ਤੇ ਉਨ੍ਹਾਂ ਬਾਰੇ ਵਿਚਾਰ ਕੀਤਾ ਜਾਵੇਗਾ।' 2012 ਤੋਂ ਹੁਣ ਤੱਕ ਜਾਰੀ ਕੀਤੇ ਗਏ 500 ਵੀਜ਼ਾ ਲੈਣ ਵਾਲੇ ਲੋਕਾਂ ਵਿਚੋਂ ਅੱਧੇ ਤੋਂ ਵਧੇਰੇ ਮੈਕਡੋਨਲਡਜ਼ ਵਿਚ ਕੰਮ ਕਰ ਰਹੇ ਹਨ ਅਤੇ ਕੇ.ਐਫ.ਸੀ. ਅਤੇ ਹੰਗਰੀ ਜੈਕਸ ਦੇ ਨਾਲ ਜੁੜੇ ਹੋਏ ਕਰੀਬ 100 ਲੋਕਾਂ ਨੂੰ ਕੰਮ ਮਿਲ ਰਿਹਾ ਹੈ।

# ਲਿੰਗ ਪਾੜਾ ਘਟਾਉਣ 'ਚ ਸਫਲਤਾ

**ਚੰਡੀਗੜ੍ਹ:** ਹਾਲ ਹੀ ਵਿਚ ਜਾਰੀ ਹੋਈ ਕੌਮੀ ਪਰਿਵਾਰਕ ਸਿਹਤ ਸਰਵੇ-4 ਦੀ ਰਿਪੋਰਟ ਮੁਤਾਬਕ ਨਵਜਾਤ ਤੋਂ ਛੇ ਸਾਲ ਦੀ ਉਮਰ ਤੱਕ ਦੇ 1000 ਮੁੰਡਿਆਂ ਪਿੱਛੇ ਹੁਣ ਮੁਲਕ ਵਿਚ 919 ਕੁੜੀਆਂ ਹਨ ਜਦੋਂਕਿ 2005-06 ਵਿਚ ਇਹ ਅਨੁਪਾਤ 914 ਸੀ। ਰਿਪੋਰਟ ਅਨੁਸਾਰ ਨਾ ਸਿਰਫ ਕੌਮੀ ਪੱਧਰ 'ਤੇ ਹੀ ਛੇ ਸਾਲ ਤੱਕ ਦੇ ਉਮਰ ਗਰੁੱਪ ਵਿਚ ਮੁੰਡੇ-ਕੁੜੀ ਦੇ ਅਨੁਪਾਤ ਵਿਚ ਵਾਧਾ ਹੋਇਆ ਹੈ, ਬਲਕਿ ਪੰਜਾਬ ਅਤੇ ਹਰਿਆਣਾ ਵਿਚ ਵੀ ਇਹ ਅਨੁਪਾਤ ਵਧਿਆ ਹੈ। ਸਰਵੇ ਅਨੁਸਾਰ ਹੁਣ ਪੰਜਾਬ ਵਿਚ 1000 ਮੁੰਡਿਆਂ ਪਿੱਛੇ 860 ਕੁੜੀਆਂ ਹਨ ਜਦੋਂਕਿ 2005-06 ਦੌਰਾਨ ਇਹ ਗਿਣਤੀ 734 ਸੀ। ਇਸੇ ਤਰ੍ਹਾਂ ਹਰਿਆਣਾ ਵਿਚ ਇਹ ਅਨੁਪਾਤ 2005-06 ਦੇ 762 ਦੇ ਅੰਕੜੇ ਤੋਂ ਵਧ ਕੇ 836 ਹੋ ਗਿਆ ਹੈ। ਪੰਜਾਬ ਅਤੇ ਹਰਿਆਣਾ ਵਿਚ ਲੋਕ ਮਾਨਸਿਕਤਾ ਕੁੜੀਆਂ ਦੇ ਮੁਕਾਬਲੇ ਮੁੰਡਿਆਂ ਨੂੰ ਵੱਧ ਤਰਜੀਹ ਦੇਣ ਵਾਲੀ ਰਹੀ ਹੈ। ਇਸ ਨਾਂਹ-ਪੱਖੀ ਮਾਨਸਿਕਤਾ ਕਾਰ ਕੇ ਇਨ੍ਹਾਂ ਸੂਬਿਆਂ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਜਨਮ ਦਰ ਹਮੇਸ਼ਾ ਹੀ ਘਟ ਰਹੀ ਹੈ। ਹਾਲੀਆ ਰਿਪੋਰਟ ਅਨੁਸਾਰ ਭਾਵੇਂ ਪੰਜਾਬ ਤੇ ਹਰਿਆਣਾ ਵਿਚ ਇਹ ਅਨੁਪਾਤ 2005-06 ਦੇ ਮੁਕਾਬਲੇ ਕੁਝ ਵਧਿਆ ਹੈ, ਪਰ ਇਹ ਹਾਲੇ ਵੀ ਕੌਮੀ ਪੱਧਰ ਤੋਂ ਕਾਫੀ ਹੇਠਾਂ ਹੈ। ਹੋਰ ਤਾਂ ਹੋਰ, ਗੁਆਂਢੀ ਸੂਬਾ ਹਿਮਾਚਲ ਪ੍ਰਦੇਸ਼ ਵੀ ਇਸ ਪੱਖੋਂ ਇਨ੍ਹਾਂ ਦੋਵਾਂ ਸੂਬਿਆਂ ਤੋਂ ਮੋਹਰੀ ਹੈ। ਉਥੇ ਛੇ ਸਾਲ ਦੇ ਉਮਰ ਗਰੁੱਪ ਦੇ 1000 ਮੁੰਡਿਆਂ ਪਿੱਛੇ 936 ਕੁੜੀਆਂ ਹਨ। ਇਸ ਪ੍ਰਸੰਗ ਵਿਚ ਇਨ੍ਹਾਂ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਇਸ ਅਨੁਪਾਤ ਵਿਚ ਸੁਧਾਰ ਲਈ ਹਾਲੇ ਹੋਰ ਸੰਜੀਦਾ ਯਤਨ ਕੀਤੇ ਜਾਣੇ ਦਰਕਾਰ ਹਨ।

ਪੰਜਾਬ ਅਤੇ ਹਰਿਆਣਾ ਸਮੇਤ ਕੌਮੀ ਪੱਧਰ 'ਤੇ ਵੀ ਭਾਵੇਂ ਨਵਜਾਤ ਤੋਂ ਛੇ ਸਾਲ ਦੀ ਉਮਰ ਗਰੁੱਪ ਦੇ ਬੱਚਿਆਂ ਵਿਚ ਕੁੜੀਆਂ ਦੇ ਅਨੁਪਾਤ ਵਿਚ ਵਾਧਾ ਹੋਇਆ ਹੈ, ਪਰ ਇਹ ਹਾਲੇ ਵੀ ਤਸੱਲੀਬਖਸ਼ ਨਹੀਂ ਹੈ। ਮੁੰਡੇ ਤੇ ਕੁੜੀਆਂ ਦਾ ਬਰਾਬਰ ਸੰਤੁਲਨ ਹੀ ਬਰਾਬਰੀ ਵਾਲੇ ਸਮਾਜ ਦਾ ਜਾਮਨ ਹੋ ਸਕਦਾ ਹੈ।

# ਚਾਰ ਹਿੰਦੂ ਆਗੂਆਂ ਨੂੰ ਸੁਰੱਖਿਆ ਲਈ ਬੁਲੇਟ ਪਰੂਫ ਕਾਰਾਂ

**ਲੁਧਿਆਣਾ:** ਸੂਬੇ ਵਿਚ ਹਿੰਦੂ ਆਗੂਆਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਤੋਂ ਬਾਅਦ ਪੰਜਾਬ ਸਰਕਾਰ ਨੇ ਚਾਰ ਹਿੰਦੂ ਆਗੂਆਂ ਦੀ ਸੁਰੱਖਿਆ ਵਿਚ ਵਾਧਾ ਕਰਦਿਆਂ ਉਨ੍ਹਾਂ ਨੂੰ ਬੁਲੇਟ ਪਰੂਫ ਕਾਰਾਂ ਦਿੱਤੀਆਂ ਹਨ। ਖੁਫੀਆ ਵਿਭਾਗ ਨੂੰ ਮਿਲੀ ਜਾਣਕਾਰੀ ਅਨੁਸਾਰ ਅਤਿਵਾਦੀ ਹਿੰਦੂ ਆਗੂਆਂ 'ਤੇ ਵੱਡਾ ਹਮਲਾ ਕਰ ਕੇ ਸੂਬੇ ਦਾ ਮਾਹੌਲ ਖਰਾਬ ਕਰ ਸਕਦੇ ਹਨ। ਇਸ ਪਿੱਛੋਂ ਸਰਕਾਰ ਨੇ ਲੁਧਿਆਣਾ, ਪਟਿਆਲਾ ਤੇ ਰੋਪੜ ਦੇ ਚਾਰ ਹਿੰਦੂ ਆਗੂਆਂ ਦੀ ਸੁਰੱਖਿਆ ਵਿਚ ਵਾਧਾ ਕਰ ਕੇ ਉਨ੍ਹਾਂ ਨੂੰ ਬੁਲੇਟ ਪਰੂਫ ਅੰਬੈਸਡਰ ਕਾਰਾਂ ਦਿੱਤੀਆਂ ਹਨ।

ਸਰਕਾਰ ਵੱਲੋਂ ਲੁਧਿਆਣਾ ਵਿਚ ਸ਼ਿਵ ਸੈਨਾ ਪੰਜਾਬ ਦੇ ਸੂਬਾ ਚੇਅਰਮੈਨ ਰਾਜੀਵ ਟੰਡਨ, ਰੋਪੜ ਤੋਂ ਸ਼ਿਵ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਸੰਜੀਵ ਘਨੌਲੀ, ਪਟਿਆਲਾ ਤੋਂ ਹਿੰਦੂ ਤਖਤ ਦੇ ਮੁਖੀ ਪੰਚਾਨੰਦ ਗਿਰੀ ਮਹਾਰਾਜ, ਸ਼ਿਵ ਸੈਨਾ ਹਿੰਦੁਸਤਾਨ ਦੇ ਆਗੂ ਪਵਨ ਗੁਪਤਾ ਨੂੰ ਇਹ ਕਾਰਾਂ ਦਿੱਤੀਆਂ ਗਈਆਂ ਹਨ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੋਂ ਹੀ ਸੂਬੇ ਦੇ ਹਿੰਦੂ ਆਗੂ ਕੁਝ ਅਤਿਵਾਦੀ ਸੰਗਠਨਾਂ ਦੇ ਨਿਸ਼ਾਨੇ 'ਤੇ ਸਨ। ਪਿਛਲੇ ਸਮੇਂ ਦੌਰਾਨ ਸ਼ਿਵ ਸੈਨਾ ਪੰਜਾਬ ਦੇ ਆਗੂ ਦੁਰਗਾ ਪਾਂਡੇ ਨੂੰ ਖੰਨਾ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਮਗਰੋਂ ਜਲੰਧਰ ਵਿਚ ਆਰ.ਐਸ.ਐਸ. ਦੇ ਸਹਿ ਸੰਚਾਲਕ ਜਗਦੀਸ਼ ਗਗਨੇਜਾ ਨੂੰ ਤੇ ਲੁਧਿਆਣਾ ਦੇ ਦੁਰਗਾ ਮਾਤਾ ਮੰਦਰ ਸਾਹਮਣੇ ਅਮਿਤ ਨਾਂ ਦੇ ਇਕ ਹਿੰਦੂ ਆਗੂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਹਿੰਦੂ ਆਗੂਆਂ ਨੂੰ ਧਮਕੀਆਂ ਦੇਣ ਦਾ ਸਿਲਸਿਲਾ ਜਾਰੀ ਸੀ। ਲੁਧਿਆਣਾ ਵਿਚ ਸ਼ਿਵ ਸੈਨਾ ਆਗੂ ਰਾਜੀਵ ਟੰਡਨ ਤੇ ਰੋਪੜ ਵਿਚ ਸੰਜੀਵ ਘਨੌਲੀ 'ਤੇ ਹਮਲਾ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਦੋਵਾਂ ਦੇ ਸੁਰੱਖਿਆ ਘੇਰੇ ਵਿਚ ਵਾਧਾ ਕਰ ਦਿੱਤਾ ਸੀ।

## ਡੇਰਾ ਸ਼ਰਧਾਲੂਆਂ ਦੇ ਕਾਤਲਾਂ ਦੀ ਸੂਹ ਦੇਣ ਵਾਲੇ ਨੂੰ ਇਨਾਮ

**ਲੁਧਿਆਣਾ:** ਡੇਰਾ ਸਿਰਸਾ ਸ਼ਰਧਾਲੂ ਪਿਉ-ਪੁੱਤ ਦੇ ਕਤਲ ਦੀ ਗੁੱਥੀ ਸੁਲਝਾਉਣ ਵਿਚ ਲੱਗੀ ਪੁਲਿਸ ਨੇ ਕਾਤਲਾਂ ਦੀ ਜਾਣਕਾਰੀ ਦੇਣ ਵਾਲੇ ਨੂੰ 50 ਲੱਖ ਰੁਪਏ ਦਾ ਇਨਾਮ ਅਤੇ ਸਬ ਇੰਸਪੈਕਟਰ ਦੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਪੁਲਿਸ ਵੱਲੋਂ ਕਾਤਲਾਂ ਦੀ ਭਾਲ ਲਈ 16 ਵਿਸ਼ੇਸ਼ ਟੀਮਾਂ ਬਣਾਈਆਂ ਹੋਈਆਂ ਹਨ, ਪਰ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਵੱਡੀ ਪ੍ਰਾਪਤੀ ਨਹੀਂ ਹੋਈ। ਪੁਲਿਸ ਦਾ ਦਾਅਵਾ ਹੈ ਕਿ ਆਰ.ਐਸ.ਐਸ. ਦੇ ਆਗੂ ਜਗਦੀਸ਼ ਗਗਨੇਜਾ ਅਤੇ ਡੇਰਾ ਸੱਚਾ ਸੌਦਾ ਦੇ ਸੇਵਾਦਾਰਾਂ ਦੀ ਹੱਤਿਆ ਪਿੱਛੇ ਕਿਸੇ ਇਕ ਗਰੋਹ ਦਾ ਹੀ ਹੱਥ ਹੈ। ਹੁਣ ਤੱਕ ਕੀਤੀ ਗਈ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਵਾਰਦਾਤਾਂ ਦੌਰਾਨ ਮੋਟਰਸਾਈਕਲ ਦੀ ਵਰਤੋਂ ਕੀਤੀ ਗਈ ਅਤੇ ਹੱਤਿਆ ਕਰਨ ਲਈ ਵਰਤੇ ਹਥਿਆਰ ਵੀ ਇਕੋ ਜਿਹੇ ਸਨ। ਪੁਲਿਸ ਨੂੰ ਘਟਨਾ ਵਾਲੀ ਥਾਂ ਤੋਂ 32 ਬੋਰ ਦੇ ਚੱਲੇ ਹੋਏ ਕਾਰਤੂਸ ਦੇ ਖੋਲ ਮਿਲੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਕਾਤਲਾਂ ਦਾ ਇਕੋ ਇਕ ਮਕਸਦ ਸੂਬੇ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨਾ ਹੈ।

# ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਇਨਸਾਫ ਦੀ ਟੁੱਟੀ ਉਮੀਦ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਹਜ਼ਾਰਾਂ ਕੇਸ ਅਣਸੁਣੇ ਰਹਿ ਗਏ ਹਨ। ਬੀਤੇ ਸਾਲ ਕਮਿਸ਼ਨ ਦੇ ਚੇਅਰਮੈਨ ਸਮੇਤ ਮੈਂਬਰਾਂ ਦੀਆਂ ਅਸਾਮੀਆਂ ਖਾਲੀ ਰਹਿਣ ਕਰ ਕੇ 3151 ਕੇਸ ਸੁਣਵਾਈ ਲਈ ਨਹੀਂ ਗਏ। 22 ਮਾਰਚ ਤੋਂ 23 ਸਤੰਬਰ ਤੱਕ ਸੁਣਵਾਈ ਲਈ ਕੋਈ ਕੇਸ ਨਹੀਂ ਲਿਆ ਗਿਆ ਸੀ, ਜਿਸ ਕਰ ਕੇ ਲੋਕਾਂ ਦਾ ਕਮਿਸ਼ਨ ਤੋਂ ਭਰੋਸਾ ਉਠਣ ਲੱਗਾ ਹੈ। ਕਮਿਸ਼ਨ ਕੋਲ ਪਿਛਲੇ ਸਾਲਾਂ ਦੀ ਨਿਸਬਤ ਬੀਤੇ ਵਰ੍ਹੇ ਦੌਰਾਨ ਪੰਜ ਹਜ਼ਾਰ ਤੋਂ ਘੱਟ ਸ਼ਿਕਾਇਤਾਂ ਆਈਆਂ ਹਨ।

ਕਮਿਸ਼ਨ ਦੇ 1997 ਵਿਚ ਹੋਂਦ 'ਚ ਆਉਣ ਤੋਂ ਬਾਅਦ ਸੁਣਵਾਈ ਲਈ 2,45,956 ਕੇਸ ਆ ਚੁੱਕੇ ਹਨ। ਇਨ੍ਹਾਂ ਵਿਚੋਂ 11162 ਕੇਸ ਸਾਲ 2016 ਦੌਰਾਨ ਆਏ, ਜਿਨ੍ਹਾਂ ਵਿਚੋਂ ਸਿਰਫ 8011 ਦੀ ਸੁਣਵਾਈ ਹੋਈ ਹੈ ਜਦੋਂਕਿ ਬਾਕੀ ਕੇਸਾਂ ਨੂੰ ਮੈਂਬਰਾਂ ਦੀ ਗੈਰਹਾਜ਼ਰੀ ਨਿਗਲ ਗਈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਆਸ਼ੂਤੋਸ਼ ਮੋਹੰਤਾ ਦੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਕਾਰਜਕਾਰੀ ਚੇਅਰਮੈਨ ਤੇ ਐਡਵੋਕੇਟ ਜਗਦੀਸ਼ ਕੌਰ ਦੀ ਮੈਂਬਰ ਵਜੋਂ ਤਾਇਨਾਤੀ ਤੋਂ ਬਾਅਦ ਸੁਣਵਾਈ ਨੇ ਤੇਜ਼ੀ ਫੜ ਲਈ ਹੈ। ਚਾਲੂ ਸਾਲ ਦੇ ਪਹਿਲੇ ਮਹੀਨੇ ਜਨਵਰੀ ਵਿਚ ਸੁਣਵਾਈ ਲਈ 3319 ਕੇਸ ਆ ਚੁੱਕੇ ਹਨ, ਜਿਨ੍ਹਾਂ ਵਿਚੋਂ 1670 ਕੇਸਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ ਤੇ 347 ਨੂੰ ਨੋਟਿਸ ਜਾਰੀ ਕੀਤੇ ਗਏ ਹਨ।

ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਾਬਕਾ ਚੇਅਰਮੈਨ ਜਸਟਿਸ ਜਗਦੀਸ਼ ਭੱਲਾ ਦੇ ਅਹੁਦੇ ਦੀ ਮਿਆਦ 22 ਮਾਰਚ 2016 ਨੂੰ ਖਤਮ ਹੋ ਗਈ ਸੀ। ਦੋ ਮੈਂਬਰਾਂ ਵਿਚੋਂ ਪੀ.ਐਸ ਗਰੇਵਾਲ ਦਾ ਕਾਰਜਕਾਲ 9 ਜਨਵਰੀ 2016 ਤੇ ਬਲਜਿੰਦਰ ਸਿੰਘ ਠਾਕੁਰ ਦਾ ਅੱਠ ਮਾਰਚ ਨੂੰ ਖਤਮ ਹੋ ਗਿਆ ਸੀ। ਇਸ ਤਰ੍ਹਾਂ ਨਵੇਂ ਚੇਅਰਮੈਨ ਦੇ ਅਹੁਦੇ ਦਾ ਚਾਰਜ ਸੰਭਾਲਣ ਤੱਕ ਸੁਣਵਾਈ ਦਾ ਕੰਮ ਰੁਕਿਆ ਰਿਹਾ ਹੈ ਅਤੇ ਤਿੰਨ ਹਜ਼ਾਰ ਤੋਂ ਵੱਧ ਕੇਸ ਸੁਣਵਾਈ ਲਈ ਨਹੀਂ ਵਿਚਾਰੇ ਜਾ ਸਕੇ।

ਕਮਿਸ਼ਨ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪਿਛਲੇ ਕੇਸਾਂ ਨੂੰ ਤੇਜ਼ੀ ਨਾਲ ਨਿਬੇੜਨ ਵਾਸਤੇ ਸੁਣਵਾਈ ਲਈ ਹਰ ਰੋਜ਼ ਦੋ ਸੌ ਤੋਂ ਵੱਧ ਕੇਸ ਲਏ ਜਾਣ ਲੱਗ ਪਏ ਹਨ। ਕਮਿਸ਼ਨ ਦੇ ਚੇਅਰਮੈਨ ਸਮੇਤ ਮੈਂਬਰਾਂ ਦੀ ਗਿਣਤੀ ਪਹਿਲਾਂ ਪੰਜ ਸੀ, ਜਿਸ ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ 'ਤੇ ਘਟਾ ਕੇ ਤਿੰਨ ਕਰ ਦਿੱਤੀ ਗਈ ਹੈ। ਇਸ ਵੇਲੇ ਕਮਿਸ਼ਨ ਦੇ ਚੇਅਰਮੈਨ ਤੋਂ ਬਿਨਾਂ ਦੋ ਹੋਰ ਮੈਂਬਰਾਂ ਦੀਆਂ ਅਸਾਮੀਆਂ ਹਨ। ਹਾਈ ਕੋਰਟ ਦੇ ਸੇਵਾਮੁਕਤ ਜੱਜ ਨੂੰ ਕਮਿਸ਼ਨ ਦਾ ਚੇਅਰਮੈਨ ਲਾਇਆ ਜਾਂਦਾ ਹੈ। ਰੈਗੂਲਰ ਚੇਅਰਮੈਨ ਦੀ ਅਸਾਮੀ ਅਜੇ ਖਾਲੀ ਚੱਲ ਰਹੀ ਹੈ।

ਕਮਿਸ਼ਨ ਕੋਲ ਪਹਿਲੇ ਸਾਲ 90 ਕੇਸ ਸੁਣਵਾਈ ਲਈ ਆਏ ਸਨ। ਬਾਅਦ ਵਿਚ ਕੇਸਾਂ ਦੀ ਗਿਣਤੀ ਵਧਦੀ ਗਈ। ਸਾਲ 2010 ਵਿਚ ਸਭ ਤੋਂ ਵੱਧ 19266 ਸ਼ਿਕਾਇਤਾਂ ਸੁਣਵਾਈ ਲਈ ਆਈਆਂ ਸਨ, ਪਰ ਲੰਘੇ ਸਾਲ ਇਹ ਗਿਣਤੀ 11162 ਰਹਿ ਗਈ ਸੀ। 2012 ਵਿਚ 18322 ਕੇਸ ਦਾਇਰ ਹੋਏ ਸਨ। 22 ਮਾਰਚ ਤੋਂ 22 ਸਤੰਬਰ 2016 ਤੱਕ ਕੋਈ ਵੀ ਕੇਸ ਸੁਣਵਾਈ ਲਈ ਨਹੀਂ ਲਿਆ ਗਿਆ। ਲੋਕ ਕਮਿਸ਼ਨ ਦੇ ਦਫਤਰ ਦੇ ਗੇੜੇ ਮਾਰ ਕੇ ਅੱਕ ਗਏ।

## ਮਹਿਲਾ ਜਥੇਬੰਦੀ 'ਦਿਸ਼ਾ' ਵਲੋਂ ਕੌਮਾਂਤਰੀ ਮਹਿਲਾ ਦਿਵਸ 'ਤੇ ਸਮਾਗਮ 17 ਨੂੰ

**ਮਿਸੀਸਾਗਾ, ਕੈਨੇਡਾ (ਬਿਊਰੋ):** ਕੈਨੇਡਾ ਦੀਆਂ ਔਰਤਾਂ ਦੀ ਇਕ ਸੰਸਥਾ 'ਦਿਸ਼ਾ' ਵਲੋਂ ਕੌਮਾਂਤਰੀ ਮਹਿਲਾ ਦਿਵਸ ਮੌਕੇ ਇਕ ਸਮਾਗਮ 17 ਮਾਰਚ, ਸ਼ੁਕਰਵਾਰ ਨੂੰ ਇਥੇ ਰੋਇਲ ਬੈਂਕੁਇਟ ਹਾਲ ਵਿਚ ਸ਼ਾਮ 6:30 ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਸਮਾਗਮ ਦਾ ਥੀਮ ਹੈ, 'ਦਿਸ਼ਾ ਆਮ ਸੁਆਣੀਆਂ ਦੇ ਕੁਝ ਖਾਸ ਕਰ ਦਿਖਾਉਣ ਦੇ ਜਜ਼ਬੇ ਨੂੰ ਸਲੂਟ ਕਰਦੀ ਹੈ।'

ਡਿਨਰ, ਡਾਂਸ, ਗੀਤ ਅਤੇ ਗਿੱਧੇ ਵਰਗੀਆਂ ਮਨੋਰੰਜਨ ਨਾਲ ਭਰਪੂਰ ਆਈਟਮਾਂ ਦੇ ਨਾਲ ਨਾਲ ਕੁਝ ਖਾਸ ਵਿਅਕਤੀਆਂ ਵਲੋਂ ਇਸ ਦਿਨ ਦੀ ਮਹੱਤਤਾ ਬਾਰੇ ਗੱਲ ਬਾਤ ਕੀਤੀ ਜਾਵੇਗੀ। ਭਾਈਚਾਰੇ ਦੀਆਂ ਕੁਝ ਔਰਤਾਂ ਦਾ ਸਨਮਾਨ ਵੀ ਕੀਤਾ ਜਾਵੇਗਾ। ਟਿਕਟ 25 ਡਾਲਰ ਹੈ। ਹੋਰ ਜਾਣਕਾਰੀ ਫੋਨ: 416-605-3784 ਜਾਂ 647-295-7351 ਰਾਹੀਂ ਲਈ ਜਾ ਸਕਦੀ ਹੈ।

# ਪੰਥਕ ਧਿਰਾਂ ਵੰਡੀਆਂ ਹੋਣ ਕਰ ਕੇ ਬਾਦਲਾਂ ਨੂੰ ਮਿਲੀ ਮੁੜ ਸਰਦਾਰੀ

## ਬਾਦਲ ਧੜੇ ਨੂੰ ਸਿਰਫ 43% ਵੋਟਾਂ, ਵਿਰੋਧੀ ਧਿਰਾਂ 57% ਵੋਟਾਂ ਲੈ ਕੇ ਵੀ ਹਾਰੀਆਂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਵਿਰੋਧੀ ਵੋਟ ਵੰਡੇ ਜਾਣ ਦਾ ਲਾਹਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਮਿਲਿਆ ਹੈ। ਹੈਰਾਨੀ ਦੀ ਗੱਲ ਹੈ ਕਿ ਕੁੱਲ ਭੁਗਤੀਆਂ ਵੋਟਾਂ ਵਿਚੋਂ ਜਿੱਤਣ ਵਾਲੇ ਬਾਦਲ ਧੜੇ ਨੂੰ ਸਿਰਫ 43 ਫੀਸਦੀ ਵੋਟਾਂ ਪਈਆਂ। ਇਸ ਦੇ ਬਾਵਜੂਦ ਅਕਾਲੀ ਦਲ ਇੰਨੇ ਵੱਡੇ ਫਰਕ ਨਾਲ ਜੇਤੂ ਰਿਹਾ, ਜਦਕਿ ਵਿਰੋਧੀ ਧਿਰਾਂ 57 ਫੀਸਦੀ ਵੋਟਾਂ ਲੈ ਕੇ ਵੀ ਹਾਰ ਗਈਆਂ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਸਰਨਾ ਧੜੇ ਨੂੰ ਇਨ੍ਹਾਂ ਵੋਟਾਂ ਵਿਚ ਸੱਤ ਸੀਟਾਂ ਨਾਲ 29.86 ਫੀਸਦੀ ਵੋਟਾਂ ਮਿਲੀਆਂ ਜਦੋਂਕਿ ਪਹਿਲੀ ਵਾਰ ਚੋਣ ਮੈਦਾਨ ਵਿਚ ਨਿੱਤਰੇ ਪੰਥਕ ਸੇਵਾ ਦਲ ਨੂੰ 8.38 ਫੀਸਦੀ ਵੋਟਾਂ ਮਿਲੀਆਂ ਹਾਲਾਂਕਿ ਇਹ ਦਲ ਕੋਈ ਸੀਟ ਨਾ ਜਿੱਤ ਸਕਿਆ। ਇਸ ਦੌਰਾਨ ਆਜ਼ਾਦ ਉਮੀਦਵਾਰ ਵੀ ਕਰੀਬ 14 ਫੀਸਦੀ ਵੋਟਾਂ ਲੈ ਗਏ। ਇਨ੍ਹਾਂ ਵਿਚ ਭਾਈ ਬਲਦੇਵ ਸਿੰਘ ਵਡਾਲਾ ਦਾ ਸਿੱਖ ਸਦਭਾਵਨਾ ਦਲ ਵੀ ਸ਼ਾਮਲ ਹੈ।

ਇਸ ਵਾਰ ਚੋਣਾਂ ਲੜਨ ਵਾਲੇ ਧੜਿਆਂ ਵਿਚੋਂ ਦੋਵੇਂ ਮੁੱਖ ਧੜਿਆਂ ਤੋਂ ਇਲਾਵਾ ਸਿਰਫ ਪੰਥਕ ਸੇਵਾ ਦਲ ਹੀ ਅਗਲੀ ਵਾਰ ਲਈ ਇਕੋ ਪੱਕਾ ਚੋਣ ਨਿਸ਼ਾਨ ਲੈਣ ਦੇ ਕਾਬਲ ਹੋਵੇਗਾ ਕਿਉਂਕਿ ਉਸ ਨੇ ਦਿੱਲੀ ਗੁਰਦੁਆਰਾ ਐਕਟ ਦੀ ਸ਼ਰਤ ਮੁਤਾਬਕ ਕੁੱਲ ਭੁਗਤੀਆਂ ਵੋਟਾਂ ਵਿਚੋਂ 6 ਫੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਹਨ।

ਸੂਤਰਾਂ ਮੁਤਾਬਕ ਪਰਦੇ ਪਿੱਛੇ ਅਕਾਲ ਸਹਾਇ ਵੈਲਫੇਅਰ ਸੁਸਾਇਟੀ, ਪੰਥਕ ਸੇਵਾ ਦਲ ਤੇ ਸਿੱਖ ਸਦਭਾਵਨਾ ਦਲ ਦੇ ਆਗੂਆਂ ਦਰਮਿਆਨ ਕਈ ਦਿਨਾਂ ਤੱਕ ਬੈਠਕਾਂ ਦਾ ਦੌਰ ਵੀ ਚੱਲਿਆ, ਪਰ ਗੱਲ ਕਿਸੇ ਤਣ-ਪੱਤਣ ਨਾ ਲੱਗੀ। ਸਿਰਫ ਕੁਝ ਹਲਕਿਆਂ ਲਈ ਹੀ ਅਕਾਲ ਸਹਾਇ ਤੇ ਸਿੱਖ ਸਦਭਾਵਨਾ ਦਲ ਦਰਮਿਆਨ ਹੀ ਦੋਵਾਂ ਧੜਿਆਂ ਦੇ ਉਮੀਦਵਾਰਾਂ ਦਾ ਸਮਰਥਨ ਕਰਨ ਦਾ ਸਮਝੌਤਾ ਹੋਇਆ।

ਪੰਥਕ ਸੇਵਾ ਦਲ ਨੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨਾਲ ਸਮਝੌਤਾ ਕਰਨ ਤੋਂ ਟਾਲਾ ਵੱਟਿਆ, ਪਰ ਚੋਣਾਂ ਦੌਰਾਨ ਕੋਈ ਸਫਲਤਾ ਨਾ ਪਾ ਸਕੇ। ਭਾਈ ਰਣਜੀਤ ਸਿੰਘ ਨੇ ਕਾਂਗਰਸੀ ਆਗੂ ਤੇ ਕੇਂਦਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤਰਵਿੰਦਰ ਸਿੰਘ ਮਾਰਵਾਹ ਦਾ ਪੂਰਾ ਸਮਰਥਨ ਕੀਤਾ ਤੇ ਮਾਰਵਾਹ ਨੇ ਜਿੱਤ ਵੀ ਹਾਸਲ ਕੀਤੀ।

ਸ਼੍ਰੋਮਣੀ ਅਕਾਲੀ ਦਲ (ਦਿੱਲੀ-ਯੂ.ਕੇ.) ਦੇ ਪ੍ਰਧਾਨ ਜਸਜੀਤ ਸਿੰਘ ਟੋਨੀ ਨੇ ਕਿਹਾ ਕਿ ਸਰਨਾ ਭਰਾ ਵਿਰੋਧੀ ਧਿਰਾਂ ਨੂੰ ਜੇਕਰ ਇਕੱਠਾ ਕਰ ਲੈਂਦੇ ਤਾਂ ਉਨ੍ਹਾਂ ਦਾ ਇੰਨਾ ਮਾੜਾ ਹਸ਼ਰ ਨਹੀਂ ਸੀ ਹੋਣਾ ਤੇ ਦਿੱਲੀ ਕਮੇਟੀ ਦੇ ਨਤੀਜੇ ਕੁਝ ਹੋਰ ਹੀ ਹੁੰਦੇ। ਉਨ੍ਹਾਂ ਇਹ ਵੀ ਤਰਕ ਵੀ ਦਿੱਤਾ ਕਿ ਜੇਕਰ ਇਹ ਚੋਣਾਂ ਪੰਜਾਬ ਵਿਧਾਨ ਸਭਾ ਦੇ 11 ਮਾਰਚ ਨੂੰ ਸਾਹਮਣੇ ਆਉਣ ਵਾਲੇ ਨਤੀਜਿਆਂ ਤੋਂ ਬਾਅਦ ਹੋਈਆਂ ਹੁੰਦੀਆਂ ਤਾਂ ਬਾਦਲਾਂ ਲਈ ਵੀ ਹਾਲਤ ਹੋਰ ਹੋਣੇ ਸਨ। ਅਕਾਲੀ ਦਲ ਦਾ ਜਨਤਕ ਤੌਰ 'ਤੇ ਵੀ ਇੰਨਾ ਵਿਰੋਧ ਹੋਣ ਦੇ ਬਾਵਜੂਦ ਵੀ ਇੰਨੀ ਵੱਡੀ ਜਿੱਤ ਦਾ ਮੁੱਖ ਕਾਰਨ ਵਿਰੋਧੀ ਵੋਟ ਵੰਡੇ ਜਾਣ ਨੂੰ ਹੀ ਮੰਨਿਆ ਜਾ ਰਿਹਾ ਹੈ।

**ਛੋਟੇ ਦਲਾਂ ਨੇ ਵੀ ਪਾਏ ਸਰਨਾ ਧੜੇ ਦੀ ਬੇੜੀ ਵਿਚ ਵੱਟੇ:** ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੀ ਲਗਾਤਾਰ ਦੂਜੀ ਵਾਰ ਹੋਈ ਹਾਰ ਪਿੱਛੇ ਦਿੱਲੀ ਕਮੇਟੀ ਦੀਆਂ ਚੋਣਾਂ ਲੜ ਰਹੇ ਛੋਟੇ ਦਲਾਂ ਜਾਂ ਧੜਿਆਂ ਦੀ ਕਾਰਗੁਜ਼ਾਰੀ ਵੀ ਰਹੀ ਤੇ ਇਨ੍ਹਾਂ ਧੜਿਆਂ ਨੇ ਸਰਨਾ ਧੜੇ ਦੇ ਵੋਟ ਬੈਂਕ ਨੂੰ ਖੋਰਾ ਲਾਇਆ ਹੈ। ਪੰਥਕ ਸੇਵਾ ਦਲ ਵੱਲੋਂ ਖੜ੍ਹੇ ਉਮੀਦਵਾਰਾਂ ਨੇ ਸਭ ਤੋਂ ਵਧ ਨੁਕਸਾਨ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦਾ ਕੀਤਾ ਕਿਉਂਕਿ ਕਦੇ ਇਸ ਦਲ ਤੋਂ ਜਿੱਤੇ ਦੋ ਮੁੱਖ ਆਗੂ ਅਵਤਾਰ ਸਿੰਘ ਕਾਲਕਾਜੀ (ਹੁਣ 'ਆਪ' ਵਿਧਾਇਕ) ਤੇ ਕਰਤਾਰ ਸਿੰਘ ਕੋਛੜ ਪੰਥਕ ਸੇਵਾ ਦਲ ਬਣਾਉਣ ਵਾਲੇ ਸਨ। ਇਨ੍ਹਾਂ ਦੋਵਾਂ ਆਗੂਆਂ ਦਾ ਆਧਾਰ ਵੀ ਸਰਨਾ ਧੜੇ ਵਾਲੇ ਵੋਟ ਬੈਂਕ ਵਿਚ ਰਿਹਾ ਜਿਸ ਕਰ ਕੇ ਕਈ ਹਲਕਿਆਂ ਵਿਚ ਜੋ ਵੋਟਾਂ ਪੰਥਕ ਸੇਵਾ ਦਲ ਨੂੰ ਮਿਲੀਆਂ, ਉਹ 'ਆਪ' ਨਾਲ ਹਮਦਰਦੀ ਰੱਖਣ ਵਾਲੇ ਸਿੱਖਾਂ ਦੀਆਂ ਮੰਨੀਆਂ ਜਾ ਰਹੀਆਂ ਹਨ। ਅਵਤਾਰ ਸਿੰਘ ਕਾਲਕਾ ਤੇ ਸ੍ਰੀ ਕੋਛੜ ਦਿੱਲੀ ਦੇ 'ਆਪ' ਨਾਲ ਜੁੜੇ ਇਸ ਵੋਟ ਬੈਂਕ ਨੂੰ ਆਪਣੇ ਵੱਲ ਕੁਝ ਹਲਕਿਆਂ ਵਿਚ ਤਾਂ ਤੋਰ ਸਕੇ ਜਿਸ ਕਰ ਕੇ ਸਰਨਾ ਭਰਾਵਾਂ ਨੂੰ ਕਰਾਰੀ ਹਾਰ ਹੋਈ।



### ਸੇਵਾ ਭਾਵਨਾ ਨਾਲ ਕੰਮ ਕਰਨ ਵਾਲੇ ਲੋਕਾਂ ਦੀ ਜਿੱਤ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਇਹ ਨਤੀਜੇ ਫਰੇਬ ਅਤੇ ਸਨਸਨੀ ਫੈਲਾਅ ਕੇ ਸੱਤਾ ਹਾਸਲ ਕਰਨ ਦੀ ਚਾਹਤ ਪਾਲ ਰਹੇ ਭਾੜੇ ਦੇ ਲੋਕਾਂ 'ਤੇ ਸੇਵਾ ਭਾਵਨਾ ਨਾਲ ਕੰਮ ਕਰਨ ਵਾਲੇ ਲੋਕਾਂ ਦੀ ਵੱਡੀ ਜਿੱਤ ਹੈ। ਸ. ਬਾਦਲ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸ਼ੀਰਵਾਦ ਨਾਲ ਸਿੱਖ ਕੌਮ ਨੇ ਉਨ੍ਹਾਂ ਲੋਕਾਂ ਵਿਰੁੱਧ ਵੱਡੀ ਜਿੱਤ ਹਾਸਲ ਕੀਤੀ ਹੈ।

### ਦਿੱਲੀ ਕਮੇਟੀ ਚੋਣਾਂ ਦੇ ਅੰਕੜਿਆਂ 'ਤੇ ਝਾਤ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੂੰ ਕੁੱਲ 46 ਵਿਚੋਂ 35 ਵਾਰਡ ਜਿੱਤ ਲਏ। ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੂੰ 7 ਸੀਟਾਂ ਨਾਲ ਸਬਰ ਕਰਨਾ ਪਿਆ ਹੈ। ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਸਰਪ੍ਰਸਤੀ ਵਾਲੀ ਅਕਾਲ ਸਹਾਇ ਵੈੱਲਫੇਅਰ ਸੁਸਾਇਟੀ ਨੂੰ ਦੋ ਅਤੇ ਦੋ ਆਜ਼ਾਦ ਉਮੀਦਵਾਰ ਜਿੱਤੇ ਹਨ। ਪੰਥਕ ਸੇਵਾ ਦਲ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕਿਆ ਅਤੇ ਆਮ ਅਕਾਲੀ ਦਲ ਵੀ ਕਿਤੇ ਨਹੀਂ ਰੜਕਿਆ। ਆਜ਼ਾਦ ਉਮੀਦਵਾਰਾਂ ਵਜੋਂ ਦਿੱਲੀ ਕਮੇਟੀ ਦੇ ਮੌਜੂਦਾ ਮੈਂਬਰਾਂ ਗੁਰਮੀਤ ਸਿੰਘ ਸ਼ੰਟੀ ਤੇ ਕਾਂਗਰਸੀ ਆਗੂ ਤਰਵਿੰਦਰ ਸਿੰਘ ਮਰਵਾਹ ਨੇ ਜਿੱਤ ਹਾਸਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜੇਤੂ ਉਮੀਦਵਾਰਾਂ 'ਚ ਮਨਜੀਤ ਸਿੰਘ ਜੀ.ਕੇ. ਹਰਜੀਤ ਸਿੰਘ ਜੀ.ਕੇ., ਅਵਤਾਰ ਸਿੰਘ ਹਿੱਤ, ਉਂਕਾਰ ਸਿੰਘ ਥਾਪਰ, ਅਮਰਜੀਤ ਸਿੰਘ ਪੱਪੂ, ਪਰਮਜੀਤ ਸਿੰਘ ਰਾਣਾ, ਹਰਮੀਤ ਸਿੰਘ ਕਾਲਕਾ, ਕੁਲਵੰਤ ਸਿੰਘ ਬਾਠ ਦੇ ਨਾਂ ਪ੍ਰਮੁੱਖ ਹਨ। ਸਭ ਤੋਂ ਵੱਧ ਵੋਟਾਂ ਵਾਰਡ-1 ਰੋਹਿਣੀ ਤੋਂ ਵਿਕਰਮ ਸਿੰਘ ਨੇ (2804 ਵੋਟਾਂ) ਪ੍ਰਾਪਤ ਕੀਤੀਆਂ ਅਤੇ ਉਨ੍ਹਾਂ ਦਾ ਵਿਰੋਧੀ ਮਨਜੀਤ ਸਿੰਘ ਸੱਚਦੇਵਾ (904 ਵੋਟਾਂ) ਤੋਂ ਜਿੱਤ ਦਾ ਅੰਤਰ ਵੀ ਸਭ ਤੋਂ ਵੱਧ 1900 ਵੋਟਾਂ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਮਨਮੋਹਨ ਸਿੰਘ (1047 ਵੋਟਾਂ) ਨੇ ਵਿਕਾਸਪੁਰੀ ਵਾਰਡ-30 ਤੋਂ ਸਭ ਤੋਂ ਘੱਟ ਫਰਕ (15 ਵੋਟਾਂ) ਨਾਲ ਸਰਨਾ ਧੜੇ ਦੇ ਅਮਰੀਕ ਸਿੰਘ (1032 ਵੋਟਾਂ) ਨੂੰ ਹਰਾਇਆ। ਮਨਜੀਤ ਸਿੰਘ ਜੀ.ਕੇ. (1747 ਵੋਟਾਂ) ਨੇ ਆਜ਼ਾਦ ਉਮੀਦਵਾਰ ਮਹਾਨ ਸਿੰਘ (517 ਵੋਟਾਂ) ਨੂੰ 1230 ਵੋਟਾਂ ਨਾਲ ਹਰਾਇਆ।

ਦਿੱਲੀ ਦੀ ਸਿੱਖ ਸਿਆਸਤ 'ਚ ਤੀਜੀ ਧਿਰ ਵਜੋਂ ਉਭਰਨ ਦੀ ਕੋਸ਼ਿਸ਼ ਕਰਨ ਵਾਲੇ ਪੰਥਕ ਸੇਵਾ ਦਲ ਦੇ ਉਮੀਦਵਾਰਾਂ ਗੁਰਦੇਵ ਸਿੰਘ (ਰਮੇਸ਼ ਨਗਰ ਵਾਰਡ), ਕੋ-ਕਨਵੀਨਰ ਸੰਗਤ ਸਿੰਘ (ਕਾਲਕਾਜੀ ਵਾਰਡ), ਹਰਪਾਲ ਸਿੰਘ (ਜੰਗਪੁਰਾ ਵਾਰਡ), ਖੁਰੇਜੀ ਖਾਸ ਵਾਰਡ ਤੋਂ ਜਗਤਾਰ ਸਿੰਘ ਤੇ ਪ੍ਰੀਤ ਵਿਹਾਰ ਤੋਂ ਚਰਨ ਸਿੰਘ ਉਹ ਉਮੀਦਵਾਰ ਹਨ ਜੋ ਦੂਜੇ ਸਥਾਨ 'ਤੇ ਆਏ।

### ਧਾਰਮਿਕ ਖੇਤਰ 'ਚ ਕੀਤੇ ਕੰਮ ਸਦਕਾ ਮੁੜ ਮੌਕਾ ਮਿਲਿਆ



**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਦਿੱਲੀ ਦੀ ਸੰਗਤ ਨੇ ਕਮੇਟੀ ਦੇ ਪਿਛਲੇ ਧਾਰਮਿਕ ਤੇ ਵਿੱਦਿਅਕ ਖੇਤਰ ਵਿਚ ਕੀਤੇ ਗਏ ਸ਼ਲਾਘਾਯੋਗ ਕੰਮਾਂ ਨੂੰ ਦੇਖਦਿਆਂ ਦੂਸਰੀ ਵਾਰ ਸੇਵਾ ਦਾ ਮੌਕਾ ਦਿੱਤਾ ਹੈ। ਉਨ੍ਹਾਂ ਦਿੱਲੀ ਦੀਆਂ ਸਿੱਖ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਿੱਲੀ ਕਮੇਟੀ ਸੇਵਾ ਨਿਰੰਤਰ ਜਾਰੀ ਰੱਖੇਗੀ।

# ਦਿੱਲੀ ਚੋਣਾਂ ਵਿਚ ਜਿੱਤ ਪਿੱਛੋਂ ਅਕਾਲੀ ਦਲ ਸਾਹਮਣੇ ਵੱਡੀਆਂ ਚੁਣੌਤੀਆਂ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਚੋਣਾਂ ਵਿਚ ਮੁੜ ਵੱਡੀ ਜਿੱਤ ਪ੍ਰਾਪਤ ਕਰਨ ਨਾਲ ਜਿਥੇ ਮਨਜੀਤ ਸਿੰਘ ਜੀ.ਕੇ. ਦਾ 'ਸਿਆਸੀ ਕੱਦ' ਵਧਿਆ ਹੈ, ਉਥੇ ਉਨ੍ਹਾਂ ਨੂੰ ਦਰਪੇਸ਼ ਕਈ ਨਵੀਆਂ ਚੁਣੌਤੀਆਂ ਹਨ। ਇਸ ਵਾਰ ਦੀਆਂ ਚੋਣਾਂ ਜੀ.ਕੇ. ਦੇ ਚਿਹਰੇ ਉਪਰ ਲੜੀਆਂ ਗਈਆਂ ਤੇ ਅਕਾਲੀ ਦਲ ਦੀ ਇਹ ਰਣਨੀਤੀ ਸਫਲ ਵੀ ਰਹੀ। ਪੰਜਾਬ ਦੀ ਲੀਡਰਸ਼ਿਪ ਨੂੰ ਚੋਣਾਂ ਤੋਂ ਦੂਰ ਰੱਖਣਾ ਸਮਝਦਾਰੀ ਵਾਲਾ ਫੈਸਲਾ ਸਾਬਤ ਹੋਇਆ।

ਪਿਛਲੀਆਂ ਚੋਣਾਂ ਵੇਲੇ ਕੀਤੇ ਕੁਝ ਵਾਅਦੇ ਗੁਰੂ ਹਰਿਕ੍ਰਿਸ਼ਨ ਹਸਪਤਾਲ ਸ਼ੁਰੂ ਕਰਨਾ ਤੇ ਗੁਰੂ ਤੇਗ ਬਹਾਦਰ ਯੂਨੀਵਰਸਿਟੀ ਬਣਾਉਣਾ ਆਦਿ ਪਿਛਲੇ 4 ਸਾਲਾਂ ਦੌਰਾਨ ਸ਼ੁਰੂ ਨਹੀਂ ਹੋ ਸਕੇ। ਸ੍ਰੀ ਜੀ.ਕੇ. ਲਈ ਗੁਰੂ ਹਰਿਕ੍ਰਿਸ਼ਨ ਹਸਪਤਾਲ ਸ਼ੁਰੂ ਕਰਨਾ ਵੱਡਾ ਕਾਰਜ ਹੋਵੇਗਾ। ਇਸ ਕੰਮ ਲਈ ਤਿੰਨ-ਚਾਰ ਸਾਲਾਂ ਦੌਰਾਨ 500 ਕਰੋੜ ਦੀ ਲੋੜ ਹੋਵੇਗੀ। ਦਿੱਲੀ ਕਮੇਟੀ ਦਾ ਬਜਟ ਸਾਲਾਨਾ 100 ਕਰੋੜ ਦਾ ਹੈ, ਜਿਸ ਵਿਚੋਂ ਮੁਲਾਜ਼ਮਾਂ ਦੀ ਤਨਖਾਹ ਤੇ ਹੋਰ ਖਰਚੇ ਹੁੰਦੇ ਹਨ। ਪਹਿਲਾਂ ਹੀ ਦਿੱਲੀ ਕਮੇਟੀ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੀ ਹੈ, ਕਿਉਂਕਿ ਛੇਵੇਂ ਤਨਖਾਹ ਕਮਿਸ਼ਨ ਦਾ 6-7 ਸਾਲ ਦਾ ਭੁਗਤਾਨ ਕਰਨ ਨਾਲ ਕਮੇਟੀ ਦਾ ਵਿੱਤੀ ਪ੍ਰਬੰਧ ਗੜਬੜਾ ਗਿਆ ਹੈ। ਗੁਰੂ ਤੇਗ ਬਹਾਦਰ ਯੂਨੀਵਰਸਿਟੀ ਲਈ ਜ਼ਮੀਨ ਲੈਣਾ ਤੇ ਯੂਨੀਵਰਸਿਟੀ ਤਿਆਰ ਕਰਨ ਲਈ ਵੱਡੇ ਵਿੱਤੀ ਪ੍ਰਬੰਧ ਦੀ ਲੋੜ ਹੋਵੇਗੀ ਤੇ ਇਹ ਸਭ ਆਪਣੇ ਹੀ ਬਲਬੂਤੇ ਕਰਨਾ ਹੋਵੇਗਾ।

ਅਪਰੈਲ ਵਿਚ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਹੋਣੀਆਂ ਹਨ ਤੇ ਅਕਾਲੀ ਆਪਣੀ ਭਾਈਵਾਲ ਪਾਰਟੀ ਭਾਜਪਾ ਨਾਲ ਮਿਲ ਕੇ ਇਹ ਚੋਣਾਂ ਲੜਦੇ ਆਏ ਹਨ ਤੇ ਕੌਂਸਲਰਾਂ ਨੂੰ ਨਿਗਮ ਵਿਚ ਭੇਜਦੇ ਰਹੇ ਹਨ। ਪਿਛਲੀਆਂ ਨਿਗਮ ਚੋਣਾਂ ਵਾਂਗ ਇਸ ਵਾਰ ਵੀ ਅਕਾਲੀਆਂ ਦੇ ਕੋਟੇ ਵਿਚੋਂ ਸਿੱਖ ਨਿਗਮ ਕੌਂਸਲਰਾਂ ਨੂੰ ਜਿਤਾ ਕੇ ਭੇਜਣਾ ਸ੍ਰੀ ਜੀ.ਕੇ. ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਇੱਕ ਹੋਰ ਚੁਣੌਤੀ ਹੋਵੇਗੀ।

### ਪਿਛਲੀਆਂ ਚੋਣਾਂ ਵੇਲੇ ਕੀਤੇ ਵਾਅਦੇ ਅਜੇ ਵਫ਼ਾ ਨਾ ਹੋਏ



### ਨਤੀਜਿਆਂ ਪਿੱਛੋਂ ਖੁੱਸ ਸਕਦੀ ਹੈ ਸਰਨਾ ਭਰਾਵਾਂ ਦੀ ਸਰਦਾਰੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਲਗਾਤਾਰ ਦੂਜੀ ਵਾਰ ਹਾਰਨ ਮਗਰੋਂ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਦੋਵਾਂ ਮੁੱਖ ਆਗੂਆਂ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ ਦੀ ਦਲ ਵਿਚਲੀ 'ਸਰਦਾਰੀ' ਨੂੰ ਖਤਰਾ ਪੈਦਾ ਹੋ ਸਕਦਾ ਹੈ। ਸਰਨਾ ਧੜੇ ਵਿਚ ਕੁਝ ਆਗੂ ਪੰਜਾਬ ਵਿਚਲੇ ਅਕਾਲੀ ਦਲ ਅੰਦਰ ਪਰਿਵਾਰਵਾਦ ਦਾ ਵਿਰੋਧ ਕਰ ਰਹੇ ਹਨ। ਸਰਨਾ ਭਰਾਵਾਂ ਦੀ ਅਗਵਾਈ ਹੇਠ ਇਸ ਵਾਰ ਦੀ ਦੂਜੀ ਵੱਡੀ ਹਾਰ ਮਗਰੋਂ ਇਸ ਦਲ ਦੇ ਕਾਰਕੁਨਾਂ ਨੇ ਸੋਚਣਾ ਸ਼ੁਰੂ ਕਰ ਦਿੱਤਾ ਹੈ ਕਿ ਕੀ ਉਨ੍ਹਾਂ ਦਾ ਭਵਿੱਖ ਸਰਨਾ ਭਰਾਵਾਂ ਦੀ ਅਗਵਾਈ ਹੇਠ ਸੁਰੱਖਿਅਤ ਹੈ। ਇਸ ਵਾਰ ਦੀਆਂ ਦਿੱਲੀ ਕਮੇਟੀ ਚੋਣਾਂ ਦੌਰਾਨ ਕਾਂਗਰਸ ਨੇ ਵੀ ਅੰਦਰਖਾਤੇ ਸਰਨਾ ਭਰਾਵਾਂ ਦਾ ਸਾਥ ਨਹੀਂ ਦਿੱਤਾ ਸਗੋਂ ਯਮੁਨਾਪਾਰ ਦੇ ਇਕ ਹਲਕੇ ਵਿਚ ਦਿੱਲੀ ਕਾਂਗਰਸ ਦੇ ਇਕ ਵੱਡੇ ਸਿੱਖ ਆਗੂ ਨੇ ਆਪਣੇ ਕਰੀਬੀ ਆਜ਼ਾਦ ਉਮੀਦਵਾਰ ਨੂੰ ਜਿਤਾਉਣ ਲਈ ਪੂਰੀ ਵਾਹ ਲਾਈ ਜੋ ਕਿ ਸਰਨਾ ਭਰਾਵਾਂ ਦੇ ਪਹਿਲਾਂ ਕਰੀਬੀ ਰਿਹਾ ਸੀ। 2013 ਦੀਆਂ ਚੋਣਾਂ ਮਗਰੋਂ ਵੀ ਸਰਨਾ ਧੜੇ ਵਿਚ ਫੁੱਟ ਪਈ ਸੀ ਤੇ ਜਿੱਤੇ 8 ਮੈਂਬਰਾਂ ਵਿਚੋਂ 5 ਨੇ ਬਲਬੀਰ ਸਿੰਘ ਵਿਵੇਕ ਵਿਹਾਰ ਦੀ ਅਗਵਾਈ ਹੇਠ ਵੱਖ ਹੋਣਾ ਬਿਹਤਰ ਸਮਝਿਆ ਸੀ। ਹਾਲਾਂ ਕਿ ਚੋਣਾਂ ਤੋਂ ਪਹਿਲਾਂ ਸਰਨਾ ਭਰਾ ਰੁੱਸੇ ਹੋਏ ਆਗੂਆਂ ਵਿਵੇਕ ਵਿਹਾਰ ਤੇ ਕੁਲਦੀਪ ਸਿੰਘ ਕਰੋਲ ਬਾਗ ਨੂੰ ਮਨਾਉਣ ਵਿਚ ਸਫਲ ਰਹੇ ਸਨ। ਹੁਣ ਭਵਿੱਖ ਵਿਚ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੀ ਲੀਡਰਸ਼ਿਪ ਬਦਲਣ ਦੀ ਮੰਗ ਉਠਣ ਦੇ ਆਸਾਰ ਹਨ।

### ਬਾਦਲਾਂ ਲਈ ਇਕ ਹੋਰ ਅਗਨੀ ਪ੍ਰੀਖਿਆ...

**ਚੰਡੀਗੜ੍ਹ**: ਸ਼੍ਰੋਮਣੀ ਅਕਾਲੀ ਦਲ ਲਈ ਇਕ ਪ੍ਰੀਖਿਆ ਹੋਰ ਆਉਣ ਵਾਲੀ ਹੈ। ਇਹ ਪ੍ਰੀਖਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹਨ। ਮੌਜੂਦਾ ਕਮੇਟੀ ਦੀ ਮਿਆਦ 17 ਸਤੰਬਰ, 2016 ਨੂੰ ਖਤਮ ਹੋ ਗਈ ਹੈ, ਪਰ ਹਾਕਮ ਧਿਰ ਅਜੇ ਚੋਣਾਂ ਕਰਾਉਣ ਦੇ ਰੌਂਅ ਵਿਚ ਨਹੀਂ ਨਜ਼ਰ ਆ ਰਹੀ। ਇਸੇ ਕਰ ਕੇ ਇਹ ਮਾਮਲਾ ਹਾਈ ਕੋਰਟ ਪਹੁੰਚ ਗਿਆ ਹੈ। ਹਾਈ ਕੋਰਟ ਨੇ ਕੇਂਦਰ ਤੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਹਾਈ ਕੋਰਟ ਦੇ ਦਖਲ ਕਰ ਕੇ ਕੇਂਦਰ ਸਰਕਾਰ ਕਮੇਟੀ ਚੋਣਾਂ ਨੂੰ ਹਰੀ ਝੰਡੀ ਦੇ ਸਕਦੀ ਹੈ।



ਕਾਬਲੇਗੌਰ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਏ ਜਾਣ ਬਾਰੇ ਨਿਰਦੇਸ਼ ਜਾਰੀ ਕਰਨ ਦੀ ਮੰਗ ਕਰਦੀ ਪਟੀਸ਼ਨ 'ਤੇ ਹਾਈ ਕੋਰਟ ਵਿਚ ਸੁਣਵਾਈ ਹੋਈ। ਜ਼ਿਲ੍ਹਾ ਅੰਮ੍ਰਿਤਸਰ ਦੇ ਬਲਦੇਵ ਸਿੰਘ ਸਿਰਸਾ ਵੱਲੋਂ ਦਾਖਲ ਪਟੀਸ਼ਨ 'ਤੇ ਹਾਈ ਕੋਰਟ ਨੇ ਕੇਂਦਰ ਤੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤੇ ਹਨ। ਨੋਟਿਸ ਜਾਰੀ ਕਰਦਿਆਂ ਜਸਟਿਸ ਐਮ.ਐਮ.ਐਸ. ਬੇਦੀ ਨੇ ਅਗਲੀ ਸੁਣਵਾਈ 31 ਮਾਰਚ ਨੂੰ ਤੈਅ ਕਰ ਦਿੱਤੀ ਹੈ।

### ਸਰਨਾ ਧੜੇ ਨੂੰ ਹੇਰਾਫੇਰੀ ਦਾ ਸ਼ੱਕ

**ਅੰਮ੍ਰਿਤਸਰ:** ਹਾਕਮ ਧਿਰ ਵਿਰੋਧੀ ਲਹਿਰ ਦੇ ਬਾਵਜੂਦ ਦਿੱਲੀ ਗੁਰਦੁਆਰਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਰੋਧੀ ਧਿਰਾਂ ਦੀ ਹਾਰ ਦਾ ਵੱਡਾ ਕਾਰਨ ਆਪਸੀ ਇਕਜੁਟਤਾ ਦੀ ਘਾਟ ਅਤੇ ਆਪੋ-ਧਾਪੀ ਰਿਹਾ ਹੈ। ਇਸ ਦੌਰਾਨ ਸਰਨਾ ਧੜੇ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਕੋਲ ਅਰਜ਼ੀ ਦਾਇਰ ਕਰ ਕੇ ਬੈਲਟ ਬਾਕਸ ਰੱਖਣ ਵਾਲੀ ਥਾਂ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੀ ਮੰਗ ਕੀਤੀ ਗਈ ਹੈ।

ਪਰਮਜੀਤ ਸਿੰਘ ਸਰਨਾ ਨੇ ਦੋਸ਼ ਲਾਇਆ ਕਿ ਹਾਕਮ ਧਿਰ ਨੇ ਬੇਈਮਾਨੀ ਕੀਤੀ ਗਈ ਹੈ। ਵੋਟਾਂ ਪੈਣ ਤੋਂ ਬਾਅਦ ਬੈਲਟ ਪੇਪਰ ਬਕਸਿਆਂ ਨਾਲ ਛੇੜਛਾੜ ਦਾ ਖਦਸ਼ਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨੂੰ ਅਰਜ਼ੀ ਦੇ ਕੇ ਅਪੀਲ ਕੀਤੀ ਗਈ ਹੈ, ਜਿਸ ਰਾਹੀਂ ਉਨ੍ਹਾਂ ਬੈਲਟ ਬਕਸੇ ਰੱਖਣ ਵਾਲੀ ਥਾਂ 'ਤੇ ਲਾਏ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਮੁਹੱਈਆ ਕਰਾਉਣ ਦੀ ਮੰਗ ਕੀਤੀ ਹੈ। ਇਹ ਫੁਟੇਜ ਘੋਖਣ ਮਗਰੋਂ ਇਸ ਸਬੰਧੀ ਅਗਲੀ ਕਾਰਵਾਈ ਬਾਰੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਕਈ ਥਾਵਾਂ ਤੋਂ ਹਾਕਮ ਧਿਰ ਦੀ ਸ਼ਹਿ 'ਤੇ ਵੋਟਾਂ ਕੱਟੀਆਂ ਗਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਆਖਰੀ ਦਿਨ ਹਾਕਮ ਧਿਰ ਨੇ ਵੋਟਰਾਂ ਨੂੰ ਪੈਸੇ ਅਤੇ ਸ਼ਰਾਬ ਵੰਡ ਕੇ ਆਪਣੇ ਹੱਕ ਵਿਚ ਭੁਗਤਾਇਆ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਸ 'ਚੋਂ ਸੱਤ ਭਾਰਤੀਆਂ ਨੂੰ ਦੇਣੀ ਪੈਂਦੀ ਹੈ ਰਿਸ਼ਵਤ

**ਨਵੀਂ ਦਿੱਲੀ:** ਇਕ ਸਰਵੇਖਣ ਅਨੁਸਾਰ ਭਾਰਤ ਵਿਚ ਧਾਰਮਿਕ ਆਗੂ ਵੀ ਭ੍ਰਿਸ਼ਟਾਚਾਰ ਦੇ ਦਾਗ ਤੋਂ ਮੁਕਤ ਨਹੀਂ ਹਨ ਅਤੇ 71 ਫ਼ੀਸਦੀ ਲੋਕ ਉਨ੍ਹਾਂ ਵਿਚੋਂ ਕੁਝ ਜਾਂ ਸਾਰਿਆਂ ਨੂੰ ਭ੍ਰਿਸ਼ਟ ਸਮਝਦੇ ਹਨ, ਪਰ ਇਸ ਮਾਮਲੇ ਵਿਚ ਪੁਲਿਸ ਸਾਰਿਆਂ ਤੋਂ ਉਪਰ ਹੈ ਜਿਸ ਨੂੰ 85 ਫ਼ੀਸਦੀ ਜਨਤਾ ਭ੍ਰਿਸ਼ਟ ਸਮਝਦੀ ਹੈ।

ਭ੍ਰਿਸ਼ਟਾਚਾਰ ਵਿਰੋਧੀ ਗਰੁਪ 'ਟਰਾਂਸਪੇਰੇਂਸੀ ਇੰਟਰਨੈਸ਼ਨਲ' ਵਲੋਂ ਕੀਤੇ ਸਰਵੇਖਣ ਵਿਚ ਕੇਵਲ 14 ਫ਼ੀਸਦੀ ਭਾਰਤੀਆਂ ਨੇ ਕਿਹਾ ਕਿ ਕੋਈ ਵੀ ਧਾਰਮਿਕ ਆਗੂ ਭ੍ਰਿਸ਼ਟਾਚਾਰ ਵਿਚ ਸ਼ਾਮਿਲ ਨਹੀਂ, ਜਦਕਿ ਦੂਸਰੇ 15 ਫ਼ੀਸਦੀ ਨੂੰ ਉਨ੍ਹਾਂ ਦੀਆਂ ਭ੍ਰਿਸ਼ਟ ਕਾਰਵਾਈਆਂ ਬਾਰੇ ਕੋਈ ਜਾਣਕਾਰੀ ਨਹੀਂ। ਉਂਜ ਸਮੁੱਚੇ ਏਸ਼ੀਆ ਪ੍ਰਸ਼ਾਂਤ ਖੇਤਰ ਵਿਚ ਧਾਰਮਿਕ ਨੇਤਾਵਾਂ ਦੀ ਸਥਿਤੀ ਕਾਫੀ ਬਿਹਤਰ ਹੈ ਅਤੇ ਪੰਜ ਵਿਅਕਤੀਆਂ ਪਿੱਛੇ ਇਕ ਤੋਂ ਵੀ ਘੱਟ ਨੇ ਕਿਹਾ ਕਿ ਉਹ ਬਹੁਤ ਭ੍ਰਿਸ਼ਟ ਹਨ। ਪੁਲਿਸ ਪਿੱਛੋਂ ਸਰਕਾਰੀ ਅਧਿਕਾਰੀਆਂ ਨੂੰ 84 ਫ਼ੀਸਦੀ, ਵਪਾਰਕ ਐਗਜ਼ੀਕਿਊਟਿਵ ਨੂੰ 79, ਸਥਾਨਕ ਕੌਂਸਲਰਾਂ ਨੂੰ 78 ਅਤੇ ਸੰਸਦ ਮੈਂਬਰਾਂ ਨੂੰ 76 ਫ਼ੀਸਦੀ ਲੋਕ ਸਭ ਤੋਂ ਵੱਧ ਪੰਜ ਭ੍ਰਿਸ਼ਟ ਸ਼੍ਰੇਣੀਆਂ ਵਿਚ ਰੱਖਦੇ ਹਨ ਜਦਕਿ ਟੈਕਸ ਅਧਿਕਾਰੀਆਂ ਦਾ 74 ਫ਼ੀਸਦੀ ਨਾਲ ਛੇਵਾਂ ਸਥਾਨ ਅਤੇ ਧਾਰਮਿਕ ਨੇਤਾਵਾਂ ਦਾ ਸੱਤਵਾਂ ਸਥਾਨ ਹੈ। ਜੱਜਾਂ ਤੇ ਮੈਜਿਸਟਰੇਟਾਂ ਦੀ ਸਥਿਤੀ 66 ਫ਼ੀਸਦੀ ਨਾਲ ਰਤਾ ਕੁ ਬਿਹਤਰ ਹੈ ਜਦਕਿ ਚੋਟੀ ਦੇ ਨੌਕਰਸ਼ਾਹਾਂ ਨੂੰ 59 ਫ਼ੀਸਦੀ ਲੋਕ ਭ੍ਰਿਸ਼ਟ ਸਮਝਦੇ ਹਨ, ਭਾਵੇਂ ਉਨ੍ਹਾਂ ਵਿਚੋਂ ਕੁਝ ਜਾਂ ਬਹੁਤੇ ਜਾਂ ਸਾਰੇ ਪਿਛਲੇ ਇਕ ਸਾਲ ਵਿਚ ਭ੍ਰਿਸ਼ਟ ਕਾਰਵਾਈਆਂ ਵਿਚ ਸ਼ਾਮਿਲ ਰਹੇ ਹੋਣ।

**ਸਰਵੇਖਣ ਦੌਰਾਨ ਹੋਇਆ ਖੁਲਾਸਾ**



ਸਮੁੱਚੇ ਏਸ਼ੀਆ ਪ੍ਰਸ਼ਾਂਤ ਖੇਤਰ ਦੇ 16 ਦੇਸ਼ਾਂ ਵਿਚ ਕੀਤੇ ਗਏ ਸਰਵੇਖਣ ਵਿਚ 20000 ਤੋਂ ਵੀ ਵੱਧ ਲੋਕਾਂ ਨੂੰ ਇਸ ਵਿਚ ਸ਼ਾਮਿਲ ਕੀਤਾ ਗਿਆ ਅਤੇ ਇਹ ਤੱਥ ਸਾਹਮਣੇ ਆਏ ਕਿ ਭਾਰਤ ਵਿਚ ਭ੍ਰਿਸ਼ਟਾਚਾਰ ਦੀ ਦਰ ਸਭ ਤੋਂ ਵੱਧ ਹੈ ਅਤੇ ਤਕਰੀਬਨ 10 ਵਿਚੋਂ 7 ਵਿਅਕਤੀਆਂ ਜਿਨ੍ਹਾਂ ਨੇ ਸਰਕਾਰੀ ਸੇਵਾਵਾਂ ਤਕ ਪਹੁੰਚ ਕੀਤੀ, ਨੂੰ ਰਿਸ਼ਵਤ ਦੇਣੀ ਪਈ ਹੈ। ਜਾਪਾਨ ਵਿਚ ਰਿਸ਼ਵਤ ਦੀ ਦਰ ਸਭ ਤੋਂ ਘੱਟ ਹੈ। 'ਟਰਾਂਸਪੇਰੇਂਸੀ ਇੰਟਰਨੈਸਨਲ' ਦਾ ਕਹਿਣਾ ਕਿ ਏਸ਼ੀਆ ਪ੍ਰਸ਼ਾਂਤ ਖੇਤਰ ਵਿਚ ਬਹੁਤੇ ਲੋਕ ਕੌਮੀ ਅਤੇ ਸਥਾਨਕ ਪੱਧਰ ਦੇ ਰਾਜਸੀ ਆਗੂਆਂ ਨੂੰ ਬਹੁਤ ਹੀ ਭ੍ਰਿਸ਼ਟ ਮੰਨਦੇ ਹਨ। ਵੀਅਤਨਾਮ ਵਿਚ 65 ਫ਼ੀਸਦੀ ਲੋਕਾਂ ਅਤੇ ਪਾਕਿਸਤਾਨ ਵਿਚ 40 ਫ਼ੀਸਦੀ ਲੋਕਾਂ ਦਾ ਕਹਿਣਾ ਕਿ ਉਨ੍ਹਾਂ ਨੂੰ ਸਰਕਾਰੀ ਸੇਵਾਵਾਂ ਲਈ ਰਿਸ਼ਵਤ ਦੇਣੀ ਪਈ।

## ਹੋਦ ਚਿੱਲੜ ਕਾਂਡ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਘੇਰਾ

*(ਸਫਾ ਇਕ ਦੀ ਬਾਕੀ)*

ਦੇ ਆਗੂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਹਾਈ ਕੋਰਟ ਵਿਚ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਇਸ ਕਾਂਡ 'ਚ ਸ਼ਾਮਲ ਪੁਲਿਸ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਲਈ ਗ੍ਰਹਿ ਵਿਭਾਗ ਨੂੰ ਪੱਤਰ ਲਿਖਿਆ ਸੀ ਜਿਸ 'ਤੇ ਕਾਰਵਾਈ ਕਰਦਿਆਂ ਗ੍ਰਹਿ ਵਿਭਾਗ ਦੇ ਮੁੱਖ ਸਕੱਤਰ ਨੇ ਡੀ.ਜੀ.ਪੀ. ਨੂੰ ਇਨ੍ਹਾਂ ਪੁਲਿਸ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਦੀ ਹਦਾਇਤ ਕੀਤੀ। ਇਸ ਤੋਂ ਪਹਿਲਾਂ ਸਰਕਾਰ ਨੇ ਇਨ੍ਹਾਂ ਪੁਲਿਸ ਅਧਿਕਾਰੀਆਂ ਖਿਲਾਫ਼ ਜਸਟਿਸ ਟੀ.ਪੀ. ਗਰਗ ਕਮਿਸ਼ਨ ਦੀ ਰਿਪੋਰਟ ਅਨੁਸਾਰ ਕਾਰਵਾਈ ਕਰਨ ਦੀ ਬਜਾਏ ਉਨ੍ਹਾਂ ਨੂੰ ਤਰੱਕੀਆਂ ਦਿੱਤੀਆਂ ਸਨ। ਹੈੱਡ ਕਾਂਸਟੇਬਲ ਰਾਮ ਕੁਮਾਰ ਨੂੰ ਇੰਸਪੈਕਟਰ, ਐਸ.ਆਈ. ਰਾਮ ਕਿਸ਼ੋਰ ਨੂੰ ਐਸ.ਪੀ., ਡੀ.ਐਸ.ਪੀ. ਰਾਮ ਭੱਜ ਨੂੰ ਐਸ.ਪੀ. ਅਤੇ ਐਸ.ਪੀ. ਸਤਿੰਦਰ ਕੁਮਾਰ ਨੂੰ ਡੀ.ਆਈ.ਜੀ. ਤੱਕ ਤਰੱਕੀ ਦਿੱਤੀ ਗਈ ਸੀ।

## ਦਸ ਪੰਜਾਬੀਆਂ ਦੀ ਰਿਹਾਈ ਲਈ ਰਾਹ ਪੱਧਰਾ

**ਪਟਿਆਲਾ:** ਦੁਬਈ ਵਿਚ ਪਾਕਿਸਤਾਨੀ ਨੌਜਵਾਨ ਮੁਹੰਮਦ ਫਰਾਨ ਦੇ ਕਤਲ ਕੇਸ ਵਿਚ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ 10 ਪੰਜਾਬੀ ਨੌਜਵਾਨਾਂ ਦਾ ਮੌਤ ਦੇ ਮੂੰਹੋਂ ਬਚਣ ਲਈ ਰਾਹ ਪੱਧਰਾ ਹੋ ਗਿਆ ਹੈ। ਮ੍ਰਿਤਕ ਦੇ ਵਾਰਸ ਇਸ ਸਬੰਧੀ 'ਬਲੱਡ ਮਨੀ' ਲੈਣ ਲਈ ਰਾਜ਼ੀ ਹੋ ਗਏ ਹਨ। ਦੁਬਈ ਦੀ ਅਦਾਲਤ ਵਿਚ ਪੰਜਾਬੀ ਨੌਜਵਾਨਾਂ ਵੱਲੋਂ ਦਾਇਰ 'ਮੁਆਫ਼ੀਨਾਮੇ' ਸਬੰਧੀ ਸੁਣਵਾਈ 22 ਮਾਰਚ ਨੂੰ ਹੋਣੀ ਹੈ। ਸਮਝੌਤੇ ਤਹਿਤ ਵਾਰਸਾਂ ਨੂੰ ਦੇਣ ਲਈ 60 ਲੱਖ ਰੁਪਏ ਅਦਾਲਤ ਵਿਚ ਸੌਂਪੇ ਜਾਣਗੇ। ਕਤਲ ਦੀ ਇਹ ਘਟਨਾ 5 ਜੁਲਾਈ 2015 ਨੂੰ ਵਾਪਰੀ ਸੀ ਜਿਸ ਵਿਚ ਦਸ ਪੰਜਾਬੀਆਂ ਨੂੰ ਅਦਾਲਤ ਨੇ 26 ਅਕਤੂਬਰ 2016 ਨੂੰ ਮੌਤ ਦੀ ਸਜ਼ਾ ਸੁਣਾਈ। ਇਨ੍ਹਾਂ ਵਿਚ ਗੁਰਪ੍ਰੀਤ ਸਿੰਘ ਪਟਿਆਲਾ, ਸਤਮਿੰਦਰ ਸਿੰਘ ਬਰਨਾਲਾ, ਚਮਕੌਰ ਸਿੰਘ ਮਲੇਰਕੋਟਲਾ, ਚੰਦਰ ਸ਼ੇਖਰ ਨਵਾਂ ਸ਼ਹਿਰ, ਬਲਵਿੰਦਰ ਕੁਮਾਰ, ਕੁਲਵਿੰਦਰ ਸਿੰਘ ਤੇ ਧਰਮਵੀਰ ਸਿੰਘ (ਤਿੰਨੋ ਵਾਸੀ ਲੁਧਿਆਣਾ), ਤਰਸੇਮ ਸਿੰਘ ਅੰਮ੍ਰਿਤਸਰ, ਹਰਜਿੰਦਰ ਸਿੰਘ ਮੁਹਾਲੀ ਅਤੇ ਜਗਜੀਤ ਸਿੰਘ ਗੁਰਦਾਸਪੁਰ ਸ਼ਾਮਲ ਹਨ। ਵਕੀਲਾਂ ਵਲੋਂ 28 ਦਸੰਬਰ 2016 ਨੂੰ 'ਬਲੱਡ ਮਨੀ' ਤਹਿਤ 'ਮੁਆਫ਼ੀਨਾਮੇ' ਲਈ ਦਾਇਰ ਅਰਜ਼ੀ ਪ੍ਰਵਾਨ ਹੋਣ 'ਤੇ ਹੀ ਅਜਿਹੇ ਯਤਨ ਸ਼ੁਰੂ ਹੋਏ ਸਨ। ਕੇਸ ਦੀ ਪੈਰਵੀ ਕਰ ਰਹੇ ਦੁਬਈ ਦੇ ਕਾਰੋਬਾਰੀ ਅਤੇ ਪਟਿਆਲਾ ਵਾਸੀ ਸਮਾਜ ਸੇਵੀ ਐਸ.ਪੀ.ਐਸ. ਓਬਰਾਏ ਨੇ ਦੱਸਿਆ ਕਿ 'ਬਲੱਡ ਮਨੀ' ਵਜੋਂ 60 ਲੱਖ ਪਾਕਿਸਤਾਨੀ ਰੁਪਏ ਦੀ ਅਦਾਇਗੀ ਤਹਿਤ 'ਮੁਆਫ਼ੀਨਾਮਾ' 27 ਫਰਵਰੀ ਨੂੰ ਦਾਇਰ ਕਰ ਦਿੱਤਾ ਗਿਆ ਸੀ। ਇਸ ਨਾਲ ਇਨ੍ਹਾਂ ਪੰਜਾਬੀ ਨੌਜਵਾਨਾਂ ਦੀ ਜਾਨ ਬਚਣੀ ਯਕੀਨੀ ਹੋ ਗਈ ਹੈ, ਕਿਉਂਕਿ ਉਥੋਂ ਦੇ ਕਾਨੂੰਨ ਵਿਚ 'ਬਲੱਡ ਮਨੀ' ਤਹਿਤ ਮੁਆਫ਼ੀਨਾਮੇ ਦੀ ਵਿਵਸਥਾ ਹੈ।

## ਪ੍ਰੋਫੈਸਰ ਨੂੰ ਮਾਓਵਾਦੀ ਆਖ ਕੇ ਸੁਣਾਈ ਉਮਰ ਕੈਦ

*(ਸਫਾ ਇਕ ਦੀ ਬਾਕੀ)*

ਅਤੇ ਸੈਮੀਨਾਰਾਂ ਵਿਚ ਸ਼ਿਰਕਤ ਕੀਤੀ ਤੇ ਮਾਓਵਾਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਸਫ਼ਾਈ ਧਿਰ ਦੇ ਵਕੀਲ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਨਹੀਂ ਕੀਤਾ ਸੀ।

ਦੱਸਣਯੋਗ ਹੈ ਕਿ ਹੇਮ ਮਿਸ਼ਰਾ, ਮਹੇਸ਼ ਟਿਰਕੇ ਅਤੇ ਪਾਂਡੂ ਨਰੋਟੇ ਨੂੰ ਅਗਸਤ 2013 ਵਿਚ ਗੜ੍ਹਚਿਰੌਲੀ ਵਿਚ ਅਹੇਰੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਅਦ ਵਿਚ ਪ੍ਰੋ. ਸਾਈਬਾਬਾ ਨੂੰ ਦਿੱਲੀ ਤੋਂ ਅਤੇ ਪ੍ਰਸ਼ਾਂਤ ਰਾਹੀ ਤੇ ਵਿਜੇ ਟਿਰਕੇ ਨੂੰ ਗੋਂਡੀਆ ਜ਼ਿਲ੍ਹੇ ਦੇ ਦਿਓਰੀ ਤੋਂ ਹਿਰਾਸਤ ਵਿਚ ਲਿਆ ਗਿਆ। ਇਨ੍ਹਾਂ ਸਾਰਿਆਂ ਕੋਲੋਂ ਇਤਰਾਜ਼ਯੋਗ ਸਮੱਗਰੀ ਮਿਲਣ ਦੇ ਦੋਸ਼ ਹਨ। ਸਰਕਾਰੀ ਪੱਖ ਮੁਤਾਬਕ ਪ੍ਰੋ. ਸਾਈਬਾਬਾ ਨੇ 2012 ਵਿਚ ਰੈਵੋਲਿਊਸ਼ਨਰੀ ਡੈਮੋਕਰੈਟਿਕ ਫਰੰਟ ਵੱਲੋਂ ਕਰਵਾਈ ਕਾਨਫਰੰਸ ਵਿਚ ਸ਼ਿਰਕਤ ਕੀਤੀ ਅਤੇ ਮਾਓਵਾਦੀ ਵਿਚਾਰਧਾਰਾ ਨੂੰ ਸਹੀ ਦੱਸਿਆ ਸੀ। ਇਹ ਫਰੰਟ ਸੀ.ਪੀ.ਆਈ. (ਮਾਓਵਾਦੀ) ਦੀ ਹੀ ਜਥੇਬੰਦੀ ਹੈ।

ਮੁਕੱਦਮੇ ਦੀ ਸੁਣਵਾਈ ਦੌਰਾਨ ਇਸਤਗਾਸਾ ਧਿਰ ਨੇ 23 ਗਵਾਹ ਤੇ 41 ਵਸਤਾਂ ਪੇਸ਼ ਕੀਤੀਆਂ ਜਿਨ੍ਹਾਂ ਵਿਚ ਹਾਰਡ ਡਿਸਕਾਂ ਵਿਚ ਸਾਂਭਿਆ ਕਰੀਬ 3 ਟੀਬੀ ਡੇਟਾ ਵੀ ਸ਼ਾਮਲ ਹੈ। ਪੁਲਿਸ ਦਾ ਦਾਅਵਾ ਸੀ ਕਿ ਇਹ ਸਾਰਾ ਡੇਟਾ ਪ੍ਰੋ. ਸਾਈਬਾਬਾ ਦੀ ਰਿਹਾਇਸ਼ ਤੋਂ ਬਰਾਮਦ ਹੋਇਆ ਸੀ।

## ਗਰਮਖਿਆਲੀਆਂ ਦੀ ਸਰਗਰਮੀ ਬਣੀ ਵੰਗਾਰ

*(ਸਫਾ ਇਕ ਦੀ ਬਾਕੀ)*

ਆਖਿਆ ਹੈ। ਪੁਲਿਸ ਨੇ ਸ਼ਹਿਰ ਵਿਚ ਲੱਗਣ ਵਾਲੀਆਂ ਆਰ.ਐਸ.ਐਸ. ਸ਼ਾਖਾਵਾਂ ਦੀ ਸੂਚੀ ਤਿਆਰ ਕਰ ਕੇ ਉਥੇ ਵੀ ਸ਼ਾਖਾ ਲੱਗਣ ਸਮੇਂ ਪੁਲਿਸ ਦੀ ਸੁਰੱਖਿਆ ਯਕੀਨੀ ਬਣਾ ਦਿੱਤੀ ਹੈ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਨਾਮਧਾਰੀ ਆਗੂ ਮਾਤਾ ਚੰਦ ਕੌਰ ਦੀ ਹੱਤਿਆ ਅਤੇ ਸ਼ਿਵ ਸੈਨਾ ਵਰਕਰਾਂ 'ਤੇ ਹੋਏ ਹਮਲਿਆਂ ਵਿਚ ਵਰਤੇ ਗਏ ਇਕੋ ਜਿਹੇ ਢੰਗ ਤਰੀਕਿਆਂ ਨੇ ਪੁਲਿਸ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਸੀ। ਮਾਤਾ ਚੰਦ ਕੌਰ ਦੀ ਹੱਤਿਆ, ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਾ ਉਤੇ ਹਮਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਕੁਰਾਨ ਸ਼ਰੀਫ ਦੀ ਬੇਅਦਬੀ ਦੀਆਂ ਦਰਜਨਾਂ ਘਟਨਾਵਾਂ ਅਤੇ ਸ਼ਿਵ ਸੈਨਾ ਵਰਕਰਾਂ 'ਤੇ ਹੋਏ ਹਮਲਿਆਂ ਦੇ ਦੋਸ਼ੀਆਂ ਦੀ ਉਘ-ਸੁਘ ਲਾਉਣ ਵਿਚ ਪੁਲਿਸ ਨੂੰ ਅਜੇ ਤੱਕ ਕੋਈ ਸਫਲਤਾ ਨਹੀਂ ਮਿਲ ਸਕੀ। ਚੇਤੇ ਰਹੇ ਕਿ ਵਿਧਾਨ ਸਭਾ ਚੋਣਾਂ ਵਿਚ ਅਤਿਵਾਦ ਦਾ ਮੁੱਦਾ ਵੀ ਖੂਬ ਛਾਇਆ ਰਿਹਾ ਸੀ। ਸਿਆਸੀ ਧਿਰਾਂ ਨੇ ਇਕ-ਦੂਜੇ ਉਤੇ ਅਤਿਵਾਦ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਸਨ।

ਪੰਜਾਬ ਵਿਚ ਕਾਨੂੰਨ ਵਿਵਸਥਾ ਉਤੇ ਪਹਿਲਾਂ ਹੀ ਸਵਾਲ ਉਠ ਰਹੇ ਸਨ। ਹੁਣ ਗਰਮਖਿਆਲੀ ਜਥੇਬੰਦੀਆਂ ਵੱਲੋਂ ਹਮਲਿਆਂ ਦੀਆਂ ਧੜਾ-ਧੜ ਲਈਆਂ ਜਾ ਰਹੀਆਂ ਜ਼ਿੰਮੇਵਾਰੀਆਂ ਆਉਣ ਵਾਲੇ ਸਮੇਂ ਵਿਚ ਸੂਬੇ ਦੇ ਅਸ਼ਾਂਤ ਮਾਹੌਲ ਵੱਲ ਇਸ਼ਾਰਾ ਕਰਦੀਆਂ ਹਨ। ਪੰਜਾਬ ਵਿਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਅਤੇ ਗੈਂਗਸਟਰਾਂ ਦੇ ਭਾਰੂ ਪੈ ਰਹੇ ਵਰਤਾਰੇ ਨੇ ਬਿਹਾਰ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਜਿਹੇ ਸੂਬਿਆਂ ਨੂੰ ਵੀ ਪਛਾੜ ਕੇ ਰੱਖ ਦਿੱਤਾ ਹੈ। ਢਾਈ ਮਹੀਨੇ ਪਹਿਲਾਂ ਗੈਂਗਸਟਰਾਂ ਵੱਲੋਂ ਨਾਭਾ ਜੇਲ੍ਹ ਵਿਚੋਂ ਆਪਣੇ ਸਾਥੀਆਂ ਨੂੰ ਭਜਾ ਕੇ ਲੈ ਜਾਣ ਦੀ ਵੱਡੀ ਘਟਨਾ ਤੋਂ ਇਲਾਵਾ ਪੁਲਿਸ ਹਿਰਾਸਤ ਵਿਚੋਂ ਆਪਣੇ ਸਾਥੀਆਂ ਨੂੰ ਛੁਡਵਾਉਣ ਅਤੇ ਵਿਰੋਧੀਆਂ ਨੂੰ ਮਾਰ ਦੇਣ ਸਮੇਤ ਜ਼ਮੀਨ ਉਤੇ ਕਬਜ਼ੇ ਕਰਨ ਜਿਹੀਆਂ ਕਾਰਵਾਈਆਂ ਸਾਹਮਣੇ ਆ ਚੁੱਕੀਆਂ ਹਨ। ਸੱਤਾਧਾਰੀ ਸਿਆਸੀ ਆਗੂਆਂ ਦੀ ਗੈਂਗਸਟਰਾਂ ਅਤੇ ਵੱਖ ਵੱਖ ਕਿਸਮ ਦੇ ਮਾਫੀਆ ਗਰੁੱਪਾਂ ਨਾਲ ਨੇੜਤਾ ਜੱਗ-ਜ਼ਾਹਿਰ ਹੋ ਚੁੱਕੀ ਹੈ।

ਸੌੜੇ ਸਿਆਸੀ ਮੰਤਵਾਂ ਲਈ ਅਪਰਾਧੀਆਂ ਨੂੰ ਸਿਆਸੀ ਸਰਪ੍ਰਸਤੀ ਦੇ ਵੀ ਕਈ ਚਿੱਠੇ ਸਾਹਮਣੇ ਆ ਚੁੱਕੇ ਹਨ। ਨਿਯਮਾਂ ਨੂੰ ਛਿੱਕੇ ਟੰਗ ਕੇ ਸੱਤਾਧਾਰੀ ਧਿਰ ਦੇ ਆਗੂਆਂ ਦੀਆਂ ਸਿਫ਼ਾਰਸ਼ਾਂ ਨਾਲ ਪ੍ਰਸ਼ਾਸਨ ਵੱਲੋਂ ਵੱਡੀ ਗਿਣਤੀ ਵਿੱਚ ਜਾਰੀ ਕੀਤੇ ਗਏ ਹਥਿਆਰਾਂ ਦੇ ਲਾਇਸੈਂਸ ਅਮਨ-ਕਾਨੂੰਨ ਲਈ ਚੁਣੌਤੀ ਬਣੇ ਦਿਖਾਈ ਦੇ ਰਹੇ ਹਨ। ਸਭਿਆਚਾਰ ਦੇ ਨਾਂ ਉਤੇ ਹਥਿਆਰਾਂ ਅਤੇ ਮਾਰ-ਧਾੜ ਨੂੰ ਹੱਲਾਸ਼ੇਰੀ ਦੇਣ ਵਾਲਾ ਗੀਤ-ਸੰਗੀਤ ਵੀ ਸਮਾਜਿਕ ਮਾਹੌਲ ਨੂੰ ਕਿਸੇ ਹੱਦ ਤੱਕ ਵਿਗਾੜ ਰਿਹਾ ਹੈ।

## ਚੀਨ ਨੇ ਭਾਰਤੀ ਸਰਹੱਦ ਨੇੜੇ ਖੋਲ੍ਹਿਆ ਹਵਾਈ ਅੱਡਾ

**ਬੀਜਿੰਗ:** ਚੀਨ ਨੇ ਤਿੱਬਤ 'ਚ ਭਾਰਤੀ ਸਰਹੱਦ ਦੇ ਕਾਫੀ ਨੇੜੇ ਦੂਜਾ ਹਵਾਈ ਅੱਡਾ ਖੋਲ੍ਹ ਦਿੱਤਾ ਹੈ ਜਿਸ ਦੀ 2020 ਤੱਕ ਸਾਲਾਨਾ ਸਮਰੱਥਾ 7,50,000 ਯਾਤਰੀਆਂ ਤੇ 3,000 ਟਨ ਸਾਮਾਨ ਲਿਜਾਣ ਦੀ ਹੋ ਜਾਵੇਗੀ। ਇਸ ਨਵੇਂ ਟਰਮੀਨਲ ਦੇ ਬਣਨ ਨਾਲ ਤਿੱਬਤ 'ਚ ਹਵਾਈ ਅੱਡਿਆਂ ਦੀ ਗਿਣਤੀ 6 ਹੋ ਗਈ ਹੈ।

## ਅਫਗਾਨ ਸਰਹੱਦ 'ਤੇ ਪਾਕਿ ਫੌਜੀ ਹਲਾਕ

**ਇਸਲਾਮਾਬਾਦ:** ਅਫਗਾਨਿਸਤਾਨ ਸਰਹੱਦ ਨਾਲ ਲੱਗਦੀਆਂ ਪਾਕਿਸਤਾਨੀ ਚੌਂਕੀਆਂ 'ਤੇ ਹੋਏ ਹਮਲੇ ਵਿਚ 5 ਪਾਕਿਸਤਾਨੀ ਫੌਜੀਆਂ ਦੀ ਮੌਤ ਹੋ ਗਈ ਹੈ। ਜਵਾਬੀ ਕਾਰਵਾਈ ਦੌਰਾਨ 10 ਅਤਿਵਾਦੀ ਵੀ ਮਾਰੇ ਗਏ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਜਦੋਂ ਸਿਹਰਾ ਬੰਨ੍ਹ ਕੇ ਬਰਾਤ ਲੈ ਢੁੱਕੀ ਲਾੜੀ

**ਮੰਡੀ ਗੋਬਿੰਦਗੜ੍ਹ:** ਆਮ ਤੌਰ 'ਤੇ ਲਾੜਾ, ਲਾੜੀ ਨੂੰ ਵਿਆਹੁਣ ਲਈ ਬਰਾਤ ਲੈ ਕੇ ਜਾਂਦਾ ਹੈ, ਪਰ ਪੰਜਾਬ ਦੇ ਮੰਡੀ ਗੋਬਿੰਦਗੜ੍ਹ ਦੀ ਕੁੜੀ ਆਪਣੇ ਲਾੜੇ ਨੂੰ ਵਿਆਹੁਣ ਲਈ ਬਾਰਾਤ ਬਠਿੰਡਾ ਲੈ ਗਈ। ਲਾੜੀ ਨੇ ਲਾੜਿਆਂ ਵਾਂਗ ਸਿਰ ਉਤੇ ਸਿਹਰਾ ਬੰਨ੍ਹਿਆ ਤੇ ਪੂਰੀ ਬਾਰਾਤ ਲੈ ਕੇ ਲਾੜੇ ਨੂੰ ਵਿਆਹੁਣ ਲਈ ਬਠਿੰਡਾ ਪਹੁੰਚ ਗਈ।




ਦੂਜੇ ਪਾਸੇ ਲਾੜੇ ਨੇ ਹੱਥਾਂ ਉਤੇ ਮਹਿੰਦੀ ਲਾਈ। ਲੜਕੇ ਦੇ ਪਰਿਵਾਰ ਵਾਲਿਆਂ ਨੇ ਲਾੜੀ ਦੀ ਬਾਰਾਤ ਦਾ ਸਵਾਗਤ ਵੀ ਆਮ ਬਾਰਾਤਾਂ ਵਾਂਗ ਕੀਤਾ। ਇਸ ਤੋਂ ਬਾਅਦ ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਲੜਕਾ ਡੋਲੀ ਵਾਲੀ ਕਾਰ ਵਿਚ ਬੈਠਿਆ ਤੇ ਰੋ ਕੇ ਆਪਣਾ ਘਰ ਛੱਡਿਆ। ਲੜਕੀ ਦੇ ਘਰ ਪਹੁੰਚਣ ਤੋਂ ਬਾਅਦ ਲੜਕੇ ਦਾ ਸਵਾਗਤ ਨੂੰਹ ਵਾਂਗ ਸੱਸ ਵੱਲੋਂ ਕੀਤਾ ਗਿਆ। ਲੜਕਾ ਆਪਣੇ ਘਰ ਦੇ ਬਜਾਏ ਲੜਕੀ ਦੇ ਘਰ ਹੁਣ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰੇਗਾ। ਲੜਕੇ ਦਾ ਕਹਿਣਾ ਹੈ ਕਿ ਉਸ ਦਾ ਭਰਾ ਤੇ ਭੈਣ ਉਸੇ ਦੇ ਮਾਪਿਆਂ ਦਾ ਖਿਆਲ ਰੱਖਣਗੇ। ਲੜਕੀ ਦਾ ਨਾਮ ਬਲਜੀਤ ਤੇ ਲੜਕੇ ਦਾ ਨਾਮ ਗੁਰਮਿੰਦਰ ਹੈ। 12ਵੀਂ ਪਾਸ ਗੁਰਮਿੰਦਰ ਐਲ.ਆਈ.ਸੀ. ਵਿਚ ਸਲਾਹਕਾਰ ਹੈ।

ਦੂਜੇ ਪਾਸੇ ਲੜਕੀ ਬਲਜੀਤ ਕੌਰ ਆਪਣੇ ਮਾਪਿਆਂ ਦੀ ਵੱਡੀ ਸੰਤਾਨ ਹੈ ਤੇ ਉਸ ਦਾ ਭਰਾ ਨਹੀਂ। ਬਲਜੀਤ ਅਨੁਸਾਰ ਉਸ ਦੇ ਮਾਪਿਆਂ ਦਾ ਖਿਆਲ ਰੱਖਣ ਵਾਲਾ ਕੋਈ ਨਹੀਂ ਹੈ। ਇਸ ਲਈ ਉਹ ਲੜਕਾ ਵਿਆਹ ਕੇ ਆਪਣੇ ਘਰ ਲੈ ਕੇ ਆਈ ਹੈ। ਬਲਜੀਤ ਪੇਸ਼ੇ ਤੋਂ ਬੁਟੀਕ ਚਲਾਉਂਦੀ ਹੈ। ਉਸ ਦੀਆਂ ਤਿੰਨ ਹੋਰ ਭੈਣਾਂ ਹਨ।

ਇਸ ਲਈ ਮਾਪਿਆਂ ਦਾ ਖਿਆਲ ਰੱਖਣ ਲਈ ਤੇ ਘਰ ਚਲਾਉਣ ਲਈ ਉਸ ਨੇ ਵਿਆਹ ਤੋਂ ਬਾਅਦ ਮਾਪਿਆਂ ਦੇ ਘਰ ਰਹਿਣ ਦਾ ਫੈਸਲਾ ਕੀਤਾ ਹੈ। ਇਹ ਵਿਆਹ ਡੇਰਾ ਸਿਰਸਾ ਦੇ ਮੁਖੀ ਤੇ ਫਿਲਮੀ ਅਦਾਕਾਰ ਗੁਰਮੀਤ ਰਾਮ ਰਹੀਮ ਨੇ ਕਰਵਾਇਆ ਹੈ। ਡੇਰਾ ਮੁਖੀ ਖੁਦ ਵੀ ਇਸ ਵਿਆਹ ਵਿੱਚ ਸ਼ਾਮਲ ਹੋਇਆ।

# ਬੈਂਗਲੂਰੂ ਦੇ ਨਾਈ ਨੇ ਖਰੀਦੀ 3.2 ਕਰੋੜ ਰੁਪਏ ਦੀ ਮਰਸਡੀਜ਼


**ਬੈਂਗਲੂਰੂ:** ਇਥੋਂ ਦੇ ਰਮੇਸ਼ ਬਾਬੂ ਸ਼ਾਇਦ ਦੇਸ਼ ਦੇ ਇਕੱਲੇ ਨਾਈ ਹੋਣਗੇ, ਜੋ 3 ਕਰੋੜ ਦੀ ਰਾਇਲ ਰਾਇਸ ਕਾਰ 'ਚ ਬੈਠ ਕੇ ਆਪਣੇ ਸੈਲੂਨ ਤੱਕ ਜਾਂਦੇ ਹਨ। ਖਾਸ ਗੱਲ ਇਹ ਹੈ ਕਿ ਉਨ੍ਹਾਂ ਦੇ ਸੈਲੂਨ 'ਚ ਵਾਲ ਕੱਟਣ ਦੇ ਆਮ ਪੈਸੇ ਲੱਗਦੇ ਹਨ। ਪਿਛਲੇ ਮਹੀਨੇ ਏਅਰੋ ਇੰਡੀਆ 'ਚ ਆਈ ਜਰਮਨ ਡੈਲੀਗੇਟਸ ਨੇ ਇਕ ਸ਼ਾਹੀ ਨਵੀਂ ਮਰਸਡੀਜ਼ ਮੇਬੈਕ ਐਸ. 600 ਨੂੰ ਕਿਰਾਏ 'ਤੇ ਲਿਆ ਸੀ।

ਕਾਰ ਦੀ ਕੀਮਤ 3.2 ਕਰੋੜ ਹੈ ਅਤੇ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਕਾਰ ਦਾ ਮਾਲਕ ਕੋਈ ਉਦਯੋਗਪਤੀ ਨਹੀਂ ਬਲਕਿ ਇਕ ਨਾਈ ਹੈ, ਜੋ 75 ਰੁਪਏ 'ਚ ਲੋਕਾਂ ਦੇ ਵਾਲ ਕੱਟਦਾ ਹੈ। ਇਸ ਕਾਰ ਦੇ ਇਲਾਵਾ ਰਮੇਸ਼ ਬਾਬੂ ਕੋਲ ਇਕ ਰਾਇਲ ਰਾਇਸ, 11 ਮਰਸਡੀਜ਼, 3 ਓਡੀ ਅਤੇ 2 ਜੈਗੁਆਰ ਸਣੇ 150 ਕਾਰਾਂ ਹਨ। ਉਹ ਇਨ੍ਹਾਂ ਕਾਰਾਂ ਨੂੰ ਕਿਰਾਏ 'ਤੇ ਵੀ ਦਿੰਦੇ ਹਨ। ਰਮੇਸ਼ ਟੂਰ ਐਂਡ ਟ੍ਰੈਵਲਜ਼ ਦਾ ਮਾਲਕ ਵੀ ਹੈ, ਪਰ ਇੰਨੀਆਂ ਮਹਿੰਗੀ ਕਾਰਾਂ ਦੇ ਮਾਲਕ ਹੋਣ ਦੇ ਬਾਵਜੂਦ ਉਹ ਆਪਣਾ ਪੇਸ਼ੇਵਰ ਕੰਮ ਨਹੀਂ ਭੁੱਲਦਾ ਅਤੇ ਰੋਜ਼ਾਨਾ ਆਪਣੇ ਸੈਲੂਨ 'ਚ ਪੰਜ ਘੰਟੇ ਕੰਮ ਕਰਦੇ ਹਨ।

## ਟਰੰਪ ਨੇ ਓਬਾਮਾ 'ਤੇ ਲਾਏ ਫੋਨ ਟੈਪਿੰਗ ਦੇ ਦੋਸ਼

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਪਿਛਲੇ ਸਾਲ ਰਾਸ਼ਟਰਪਤੀ ਚੋਣਾਂ ਦੌਰਾਨ ਨਿਊ ਯਾਰਕ ਵਿਚਲੇ ਉਨ੍ਹਾਂ ਦੇ ਦਫਤਰ ਦੇ ਫੋਨ ਟੈਪ ਕਰਾਉਣ ਦਾ ਦੋਸ਼ ਲਾਇਆ ਹੈ। ਟਰੰਪ ਨੇ ਫੋਨ ਟੈਪਿੰਗ ਦੀ ਤੁਲਨਾ 1970ਵਿਆਂ ਵਿਚ ਵਾਪਰੇ 'ਵਾਟਰਗੇਟ' ਘਪਲੇ ਨਾਲ ਕੀਤੀ ਹੈ।

# ਡਰੱਗ ਤਸਕਰੀ: ਭੋਲੇ ਨੇ ਅਦਾਲਤ ਵਿਚ ਦਾਇਰ ਕੀਤੀ ਜ਼ਮਾਨਤ ਦੀ ਅਰਜ਼ੀ



**ਮੁਹਾਲੀ:** ਪੰਜਾਬ ਦੇ ਬਹੁ-ਚਰਚਿਤ ਡਰੱਗ ਤਸਕਰੀ ਮਾਮਲੇ ਵਿਚ ਨਾਮਜ਼ਦ ਸਾਬਕਾ ਕੌਮਾਂਤਰੀ ਪਹਿਲਵਾਨ ਅਤੇ ਬਰਖਾਸਤ ਡੀ.ਐਸ.ਪੀ. ਜਗਦੀਸ਼ ਭੋਲਾ ਨੇ ਮੁਹਾਲੀ ਅਦਾਲਤ ਵਿਚ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਹੈ।

ਉਧਰ, ਈ.ਡੀ. ਵੱਲੋਂ ਭੋਲਾ ਕੇਸ ਦੀ ਸੁਣਵਾਈ ਪਟਿਆਲਾ ਅਦਾਲਤ ਵਿਚ ਤਬਦੀਲ ਕਰਨ ਲਈ ਦਾਇਰ ਅਰਜ਼ੀ ਉਤੇ 16 ਮਾਰਚ ਨੂੰ ਸੁਣਵਾਈ ਹੋਵੇਗੀ। ਦੱਸਿਆ ਗਿਆ ਹੈ ਕਿ ਜਗਦੀਸ਼ ਭੋਲਾ ਖਿਲਾਫ਼ ਪਟਿਆਲਾ ਅਦਾਲਤ ਵਿਚ ਵੀ ਡਰੱਗ ਤਸਕਰੀ ਮਾਮਲੇ ਦੀ ਸੁਣਵਾਈ ਚੱਲ ਰਹੀ ਹੈ।

ਉਂਜ ਜਗਦੀਸ਼ ਭੋਲਾ ਖਿਲਾਫ਼ ਸਾਲ 2009 ਵਿਚ ਮੁੰਬਈ ਦੇ ਥਾਣੇ ਵਿਚ ਦਰਜ ਡਰੱਗ ਤਸਕਰੀ ਦਾ ਇਕ ਹੋਰ ਵੱਖਰਾ ਕੇਸ ਮੁੰਬਈ ਅਦਾਲਤ ਵਿਚ ਚਲ ਰਿਹਾ ਹੈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



*Gurdip Singh Sandhu*

7021 Village Park Way, Dublin, CA 94568

Email: Homeomedicine@yahoo.com

Satwant Singh Insurance Services

*We serve all over California*

Auto, Home, Life, Business, Workers Comp.

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

Now we have 3 locations:

**San Jose:** 2774 Aborn Road
San Jose, CA 95121
**Sunnyvale:** 830 Stewart Dr Ste #126
Sunnyvale, CA 94085
**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

*Call today for your FREE, no-obligation quote:*

1-408-771-2438

satwant@satwantins.com

Allied Insurance
a Nationwide Insurance® company

# ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਿਆ 'ਵਾਰ ਹੀਰੋਜ਼ ਮੈਮੋਰੀਅਲ'




**ਅੰਮ੍ਰਿਤਸਰ:** ਦੇਸ਼ ਦੀ ਰੱਖਿਆ ਖਾਤਰ ਸਦੀਆਂ ਤੋਂ ਜਾਨਾਂ ਕੁਰਬਾਨ ਕਰਦੇ ਆ ਰਹੇ ਹਜ਼ਾਰਾਂ ਪੰਜਾਬੀ ਸੂਰਬੀਰ ਯੋਧਿਆਂ, ਸਿੱਖ ਸੈਨਿਕਾਂ ਤੇ ਭਾਰਤੀ ਫੌਜ ਦੇ ਗੌਰਵਮਈ ਇਤਿਹਾਸ ਦੇ ਯਾਤਰੂਆਂ ਨੂੰ ਬਾਖ਼ੂਬੀ ਰੂ-ਬਰੂ ਕਰਵਾ ਰਿਹਾ ਹੈ ਗੁਰੂ ਨਗਰੀ 'ਚ 150 ਕਰੋੜ ਦੀ ਲਾਗ ਨਾਲ ਬਣਿਆ ਦੇਸ਼ ਦਾ ਆਪਣੀ ਕਿਸਮ ਦਾ ਪਹਿਲਾ 'ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਤੇ ਮਿਊਜ਼ੀਅਮ'।

ਸ਼ਹਿਰ ਦੀ ਉਪ ਨਗਰੀ ਛੇਹਰਟਾ, ਵਿਖੇ ਪੰਜਾਬ ਸਰਕਾਰ ਵੱਲੋਂ ਕਰੀਬ 7 ਏਕੜ ਰਕਬੇ ਵਿਚ ਬਣਾਇਆ ਗਿਆ ਇਹ ਮੈਮੋਰੀਅਲ ਤੇ ਅਜਾਇਬ ਘਰ ਗੇਟਵੇ ਆਫ ਇੰਡੀਆ ਬਾਈਪਾਸ ਚੌਕ ਨੇੜੇ ਪੁੱਜਣ ਤੋਂ ਪਹਿਲਾਂ ਹੀ ਇਸ ਮੈਮੋਰੀਅਲ ਵਿਖੇ ਸ਼ਹੀਦਾਂ ਦੀ ਯਾਦ 'ਚ ਸਥਾਪਤ ਕੀਤੀ ਗਈ 6 ਕਰੋੜ ਦੀ ਕੀਮਤ ਵਾਲੀ ਦੁਨੀਆਂ ਦੀ ਸਭ ਤੋਂ ਉਚੀ ਸਟੇਨਲੈਸ ਸਟੀਲ ਦੀ ਤਲਵਾਰ ਹਵਾ 'ਚ ਲਹਿਰਾਉਂਦੀ ਦਿਖਾਈ ਦਿੰਦੀ ਹੈ ਜੋ ਦੇਸ਼ ਦੀ ਰਾਖੀ ਲਈ ਤਾਇਨਾਤ ਅਤੇ ਜਾਨਾਂ ਨਿਛਾਵਰ ਕਰ ਗਏ ਜਾਂਬਾਜ਼ ਪੰਜਾਬੀ ਸੈਨਿਕਾਂ ਨੂੰ ਸਮਰਪਤ ਕੀਤੀ ਗਈ ਹੈ। ਮੈਮੋਰੀਅਲ ਦੇ ਗੇਟ ਤੋਂ ਅੰਦਰ ਦਾਖਲ ਹੁੰਦਿਆਂ ਹੀ ਖੱਬੇ ਹੱਥ ਵਿਹੜੇ 'ਚ 'ਵਾਲ ਆਫ ਹੀਰੋਜ਼' ਨਜ਼ਰੀ ਪੈਂਦੀ ਹੈ, ਜਿਸ 'ਤੇ ਸਾਰਾਗੜੀ ਦੇ 21 ਮਹਾਨ ਸ਼ਹੀਦ ਸਿੱਖ ਸੈਨਿਕਾਂ ਦੇ ਖ਼ੂਬਸੂਰਤ ਮਿਊਰਲ ਚਿੱਤਰ ਬਣਾਏ ਗਏ ਅਤੇ ਨਾਲ ਹੀ ਦੀਵਾਰ 'ਤੇ ਇਨ੍ਹਾਂ ਮਹਾਨ ਸੈਨਿਕਾਂ ਦੇ ਨਾਂ ਅੰਕਿਤ ਕੀਤੇ ਹੋਏ ਹਨ। ਇਸ ਦੇ ਨਾਲ ਹੀ ਸੰਗੀਤਮਈ ਫੁਹਾਰਾ ਲਗਾਇਆ ਗਿਆ ਹੈ। ਦੁਨੀਆਂ ਦੀ ਸਭ ਤੋਂ ਉਚੀ 45 ਮੀਟਰ ਸਟੇਨਲੈਸ ਸਟੀਲ ਦੀ ਤਲਵਾਰ ਜੋ ਮੁੰਬਈ 'ਚ ਤਿਆਰ ਹੋਈ ਹੈ ਤੇ ਮੈਮੋਰੀਅਲ ਬ੍ਰਿਜ ਉਤੇ ਸਥਾਪਤ ਇਸ ਤਲਵਾਰ 'ਤੇ ਪਿੱਤਲ ਦੀ ਕਾਰੀਗਰੀ ਦਿੱਲੀ ਦੇ ਮਸ਼ਹੂਰ ਕਲਾਕਾਰ ਰਾਮ ਸੁਤਾਰ ਵੱਲੋਂ ਕੀਤੀ ਹੋਈ ਹੈ, ਜੋ ਕਿ ਜਲਦੀ ਹੀ ਗਿੰਨੀਜ਼ ਬੁੱਕ ਆਫ ਵਰਲਡਜ਼ ਰਿਕਾਰਡਜ਼ 'ਚ ਦਰਜ ਹੋਣ ਜਾ ਰਹੀ ਹੈ। ਇਸ ਦੇ ਐਨ ਹੇਠਾਂ ਬ੍ਰਿਜ 'ਤੇ ਬਣੀ ਵਾਟਰ ਫਾਲ ਦੀ ਦੀਵਾਰ 'ਤੇ ਪੰਜਾਬ ਦੇ ਹੁਣ ਤੱਕ ਹੋਏ 3800 ਸ਼ਹੀਦ ਸੈਨਿਕਾਂ ਦੇ ਨਾਂ ਵਿਸ਼ੇਸ਼ ਧਾਤ ਉਤੇ ਉਕਰੇ ਜਾ ਰਹੇ ਹਨ।

ਇਸ ਤੋਂ ਅੱਗੇ ਵੱਖਰੇ ਵਿੰਗ ਵਿਚ 8 ਗੈਲਰੀਆਂ ਸ਼ੁਰੂ ਹੁੰਦੀਆਂ ਹਨ। ਪਹਿਲੀ ਗੈਲਰੀ ਵਿਚ ਵਿਸ਼ੇਸ਼ ਤੌਰ 'ਤੇ ਬਣਾਏ ਗਏ ਡੋਮ 'ਚ ਆਧੁਨਿਕ ਤਕਨੀਕਾਂ ਤੇ ਰੌਸ਼ਨੀਆਂ ਰਾਹੀਂ ਪਹਿਲੀਆਂ ਪੰਜ ਸਿੱਖ ਪਾਤਸ਼ਾਹੀਆਂ ਦਾ ਸੰਖੇਪ ਜੀਵਨ, ਦੂਜੀ ਵਿਚ ਛੇਵੇਂ ਪਾਤਸ਼ਾਹ ਵੱਲੋਂ ਜ਼ਬਰ ਜ਼ੁਲਮ ਵਿਰੁੱਧ ਲੜੀਆਂ ਗਈਆਂ ਚਾਰ ਮਹਾਨ ਜੰਗਾਂ ਅਤੇ ਦਸਵੀਂ ਪਾਤਸ਼ਾਹੀ ਅਤੇ ਸਿੱਖ ਰਾਜ ਦੇ ਉਸਰਈਏ ਤੇ ਮਹਾਨ ਸਿੱਖ ਯੋਧੇ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਦੇਸ਼ ਦੀ ਰੱਖਿਆ ਲਈ ਕੀਤੇ ਮਹਾਨ ਯੁੱਧਾਂ ਅਤੇ ਧਰਮ ਤੇ ਦੇਸ਼ ਕੌਮ ਦੀ ਰੱਖਿਆ ਲਈ ਕੁਰਬਾਨੀਆਂ ਕਰਨ ਵਾਲੇ ਸਾਹਿਬਜ਼ਾਦਿਆਂ ਅਤੇ ਮਹਾਨ ਸਿੰਘ, ਸਿੰਘਣੀਆਂ ਦਾ ਸਚਿੱਤਰ ਇਤਿਹਾਸ ਬਾਖ਼ੂਬੀ ਦਰਸਾਇਆ ਗਿਆ ਹੈ।

ਤੀਜੀ ਗੈਲਰੀ 'ਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ, ਦਰਬਾਰ ਅਤੇ ਉਨ੍ਹਾਂ ਦੀ ਕਮਾਂਡ ਹੇਠ ਲੜੀਆਂ ਗਈਆਂ ਜੰਗਾਂ ਬਾਰੇ ਆਧੁਨਿਕ ਤਕਨੀਕਾਂ, ਤਸਵੀਰਾਂ ਤੇ ਸਿਲੀਕਾਨ ਦੇ ਬਣੇ ਹੂਬਹੂ ਲੱਗਦੇ ਵੱਡੇ ਕੱਦ ਬੁੱਤਾਂ ਸਹਿਤ ਸਿੱਖ ਰਾਜ ਦੇ ਇਤਿਹਾਸ ਸਬੰਧੀ ਵਿਸਥਾਰਤ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਚੌਥੀ ਗੈਲਰੀ 'ਚ ਅੰਗਰੇਜ਼ਾਂ ਦੇ ਰਾਜ ਸਮੇਂ ਸਿੱਖ ਮਹਾਰਾਜਾ ਰਣਜੀਤ ਸਿੰਘ ਦੀਆਂ ਸਿੱਖ ਫੌਜਾਂ ਦੀਆਂ ਅੰਗਰੇਜ਼ਾਂ ਨਾਲ ਹੋਈਆਂ ਇਤਿਹਾਸਕ ਜੰਗਾਂ, ਸਾਰਾਗੜੀ ਦੇ ਕਿਲੇ ਵਿਚ 21 ਸਿੱਖ ਸੈਨਿਕਾਂ ਵੱਲੋਂ ਬਹਾਦਰੀ ਨਾਲ ਲੜਦਿਆਂ ਦਿੱਤੀਆਂ ਸ਼ਹਾਦਤਾਂ ਅਤੇ ਪਹਿਲੀ ਤੇ ਦੂਜੀ ਸੰਸਾਰ ਜੰਗ ਸਮੇਂ ਸਿੱਖ ਫੌਜੀਆਂ ਦੇ ਦੂਜੇ ਮੁਲਕਾਂ 'ਚ ਜਾ ਕੇ ਬਹਾਦਰੀ ਨਾਲ ਲੜਨ ਸਬੰਧੀ ਇਤਿਹਾਸ ਦਰਸਾਇਆ ਗਿਆ ਹੈ।

ਇਸ ਤੋਂ ਅੱਗੇ ਦੀਆਂ ਗੈਲਰੀਆਂ 'ਚ ਸੰਨ 47 ਤੋਂ ਬਾਅਦ ਪਾਕਿਸਤਾਨੀ ਘੁਸਪੈਠੀਆਂ ਵੱਲੋਂ ਕਸ਼ਮੀਰ 'ਤੇ ਹਮਲੇ, ਫਿਰ 1962 ਵਿਚ ਚੀਨ ਨਾਲ ਯੁੱਧ, 1965 ਅਤੇ 71 ਵਿਚ ਪਾਕਿਸਤਾਨ ਨਾਲ ਹੋਈਆਂ ਦੋ ਅਹਿਮ ਜੰਗਾਂ ਅਤੇ 1999 ਵਿਚ ਕਾਰਗਿਲ ਜੰਗ ਸਬੰਧੀ ਬਹੁਮੁੱਲੀ ਜਾਣਕਾਰੀ ਤਸਵੀਰਾਂ, ਹਵਾਲਿਆਂ, ਮਾਡਲਾਂ ਅਤੇ ਪ੍ਰੋਜੈਕਟਰਾਂ ਦੀ ਸਹਾਇਤਾ ਨਾਲ ਦਰਸਾਈ ਗਈ ਹੈ, ਜਿਸ 'ਚ ਪੰਜਾਬੀ ਸੈਨਿਕਾਂ ਵੱਲੋਂ ਦਿਖਾਈ ਲਾਮਿਸਾਲ ਬਹਾਦਰੀ ਦਾ ਵਰਨਣ ਕੀਤਾ ਗਿਆ ਹੈ। ਨਵੀਂ ਉਸਾਰੀ ਜਾ ਰਹੀ ਆਖਰੀ ਤੇ 9ਵੀਂ ਗੈਲਰੀ ਵਿਚ ਭਾਰਤੀ ਫੌਜ ਵੱਲੋਂ ਬੀਤੇ ਸਮਿਆਂ 'ਚ ਜੰਗਾਂ ਦੌਰਾਨ ਵਰਤੇ ਗਏ ਹਥਿਆਰਾਂ ਅਤੇ ਅਜੋਕੇ ਆਧੁਨਿਕ ਹਥਿਆਰਾਂ ਦੀ ਪ੍ਰਦਰਸ਼ਨੀ ਲਗਾਏ ਜਾਣ ਦੀ ਤਜਵੀਜ਼ ਹੈ।

ਅਜਾਇਬ ਘਰ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਦਰਬਾਰੀਆਂ ਅਤੇ ਹਾਥੀ ਘੋੜਿਆਂ ਆਦਿ ਦੇ ਸਿਲੀਕਾਨ ਦੇ ਬਣੇ ਬੁੱਤ ਅਸਲੀ ਹੋਣ ਦਾ ਭੁਲੇਖਾ ਪਾਉਂਦੇ ਹਨ। ਇਨ੍ਹਾਂ ਗੈਲਰੀਆਂ ਵਿਚ ਜਿਥੇ ਗਾਈਡ ਲੜਕੇ ਲੜਕੀਆਂ ਸੈਲਾਨੀਆਂ ਦੀ ਸਹਾਇਤਾ ਕਰਦੇ ਹਨ, ਉਥੇ ਵੱਖ-ਵੱਖ ਭਾਸ਼ਾਵਾਂ ਵਿਚ ਜਾਣਕਾਰੀ ਦਿੰਦੇ ਟੱਚ ਸਕਰੀਨ ਮਲਟੀਮੀਡੀਆ ਕੰਪਿਊਟਰ ਅਤੇ ਆਡੀਓ ਵੀਡੀਓ ਸਿਸਟਮ ਵੀ ਸੈਲਾਨੀਆਂ ਦੀ ਇਤਿਹਾਸ ਤੋਂ ਜਾਣੂ ਕਰਵਾਉਂਦਾ ਹੈ। ਇਸ ਯਾਦਗਾਰ 'ਚ ਦਰਸ਼ਕ ਗੈਲਰੀਆਂ ਤੋਂ ਇਲਾਵਾ ਬਾਹਰਲੇ ਵਿਹੜੇ 'ਚ ਹਿੰਦ-ਪਾਕਿ ਜੰਗਾਂ ਦੇ ਗਵਾਹ ਤੇ ਪਾਕਿ ਫੌਜ ਤੋਂ ਭਾਰਤੀ ਸੈਨਿਕਾਂ ਵੱਲੋਂ ਖੋਹੇ 'ਸ਼ਰਮਨ' ਤੇ 'ਪੈਟਨ ਟੈਂਕ', ਮਿੱਗ-23 ਲੜਾਕੂ ਹਵਾਈ ਜਹਾਜ, ਜੰਗੀ ਬੇੜੇ 'ਵਿਕਰਾਂਤ' ਦਾ ਮਾਡਲ, ਜੰਗੀ ਜਹਾਜ ਦਾ ਸਿਮੂਲੇਟਰ, ਵੱਖ-ਵੱਖ ਤੋਪਾਂ ਤੇ ਹੋਰ ਹਥਿਆਰ ਵੀ ਯਾਤਰੀਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੇ ਹਨ।

### 3-ਡੀ ਫਿਲਮ ਰਾਹੀਂ ਵੀਰਾਂ ਦੀ ਗਾਥਾ

**ਅੰਮ੍ਰਿਤਸਰ:** ਇਸ ਮੈਮੋਰੀਅਲ 'ਚ ਫਰਾਂਸੀਸੀ ਤਕਨੀਕ ਨਾਲ ਸਥਾਪਤ 3ਡੀ ਥੀਏਟਰ, ਜਿਸ ਦੀ ਸੀਟਾਂ ਦੀ ਸਮਰੱਥਾ 72 ਹੈ, ਵਿਚ ਸਾਰਾਗੜੀ ਦੇ ਇਤਿਹਾਸਕ ਸਾਕੇ ਦੌਰਾਨ ਹਵਾਲਦਾਰ ਈਸ਼ਰ ਦੀ ਅਗਵਾਈ ਵਿਚ 21 ਸਿੱਖ ਸੈਨਿਕਾਂ ਵੱਲੋਂ ਦਿਖਾਈ ਗਈ ਬਹਾਦਰੀ 3-ਡੀ ਫਿਲਮ ਵੀਰਾਂ ਦੀ ਗਾਥਾ ਰਾਹੀਂ ਦਿਖਾਈ ਜਾਂਦੀ ਹੈ। ਇਥੇ ਭਾਰਤੀ ਖਾਸ ਕਰ ਕੇ ਸਿੱਖ ਸੈਨਿਕਾਂ ਦੀ ਬਹਾਦਰੀ ਨਾਲ ਸਬੰਧਤ ਕੁਝ ਲਘੂ ਫਿਲਮਾਂ ਦਰਸ਼ਕਾਂ ਨੂੰ ਬਦਲ ਬਦਲ ਕੇ ਦਿਖਾਈਆਂ ਜਾਂਦੀਆਂ ਹਨ।

# ਪੰਜਾਬ ਦਾ ਹਰ ਪੇਂਡੂ 8 ਲੱਖ ਰੁਪਏ ਦਾ ਕਰਜ਼ਾਈ

**ਚੰਡੀਗੜ੍ਹ:** ਇਕ ਤਾਜ਼ਾ ਸਰਵੇ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ ਕਰਜ਼ਾ 80,000 ਕਰੋੜ ਰੁਪਏ ਨੂੰ ਟੱਪ ਗਿਆ ਹੈ। ਪੰਜਾਬ ਦਾ ਹਰੇਕ ਪਿੰਡ ਵਾਸੀ ਪ੍ਰਤੀ ਜੀਅ ਅੱਠ ਲੱਖ ਰੁਪਏ ਦਾ ਕਰਜ਼ਈ ਹੈ। ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ 10.53 ਲੱਖ ਲੋਕਾਂ ਵਿਚੋਂ 89 ਫੀਸਦੀ ਲੋਕ ਕਰਜ਼ਈ ਹਨ। ਇਸ ਸਰਵੇ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਾਲ 2009-10 ਵਿਚ ਸੂਬੇ ਦੇ ਲੋਕਾਂ ਸਿਰ 35000 ਕਰੋੜ ਦਾ ਕਰਜ਼ਾ ਸੀ ਅਤੇ ਇਹ ਕੁਝ ਸਾਲਾਂ ਵਿਚ ਦੁੱਗਣਾ ਕਿਵੇਂ ਹੋ ਗਿਆ, ਇਹ ਅਤਿ ਚਿੰਤਾਜਨਕ ਅੰਕੜੇ ਸੂਬੇ ਦੀਆਂ ਤਿੰਨ ਯੂਨੀਵਰਸਿਟੀਆਂ ਵੱਲੋਂ ਕਰਵਾਏ ਸਰਵਿਆਂ ਵਿਚ ਸਾਹਮਣੇ ਆਏ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਅਪਰੈਲ 2010 ਤੋਂ ਮਾਰਚ 2013 ਵਿਚਕਾਰ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਬਾਰੇ ਪੰਜਾਬ ਦੇ 12500 ਪਿੰਡਾਂ ਬਾਰੇ ਘਰ ਘਰ ਜਾ ਕੇ ਕਰਵਾਏ ਸਰਵੇ ਤੋਂ ਬਾਅਦ ਸਥਿਤੀ ਦੀ ਗੰਭੀਰਤਾ ਦਾ ਪਤਾ ਲੱਗਾ ਹੈ। ਇਹ ਸਰਵੇ ਪੰਜਾਬ ਸਰਕਾਰ ਵੱਲੋਂ ਕਰਵਾਇਆ ਗਿਆ ਸੀ ਅਤੇ ਇਸ ਸਬੰਧੀ ਫਾਈਨਲ ਰਿਪੋਰਟ ਅਜੇ ਜਾਰੀ ਹੋਣੀ ਹੈ।

ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਵਿਚੋਂ 79 ਫੀਸਦੀ ਕਿਸਾਨ ਪੰਜ ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਵਾਲੇ ਹਨ। ਇਹ ਖੁਦਕੁਸ਼ੀਆਂ ਜੋ ਸਾਲ 2010-2013 ਦਰਮਿਆਨ ਹੋਈਆਂ ਹਨ, ਵਿਚੋਂ 74 ਫੀਸਦੀ ਉਹ ਲੋਕ ਹਨ ਜਿਨ੍ਹਾਂ ਨੇ ਕਰਜ਼ੇ ਕਾਰਨ ਆਤਮ ਹੱਤਿਆਵਾਂ ਕੀਤੀਆਂ ਹਨ। ਡਾ. ਸੁਖਪਾਲ ਸਿੰਘ ਅਨੁਸਾਰ ਖੁਦਕੁਸ਼ੀਆਂ ਸਬੰਧੀ ਰਿਪੋਰਟ 15 ਮਾਰਚ ਤੱਕ ਦਾਖਲ ਕਰਵਾਈ ਜਾਵੇਗੀ। ਖੁਦਕੁਸ਼ੀਆਂ ਕਰਨ ਵਾਲਿਆਂ ਵਿਚ 3954 ਕਿਸਾਨ ਹਨ ਅਤੇ 2972 ਮਜ਼ਦੂਰ ਹਨ। 74% ਕਿਸਾਨਾਂ ਅਤੇ 58.6% ਮਜ਼ਦੂਰਾਂ ਨੇ ਕਰਜ਼ੇ ਕਾਰਨ ਖੁਦਕੁਸ਼ੀਆਂ ਕੀਤੀਆਂ ਹਨ। ਪੰਜਾਬ ਸਰਕਾਰ ਨੇ ਇਸ ਸਮੇਂ ਦੌਰਾਨ ਮਰੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਹੈ। ਹੁਣ ਤੱਕ 302 ਮ੍ਰਿਤਕ ਕਿਸਾਨਾਂ ਨੂੰ ਤਿੰਨ ਲੱਖ ਰੁਪਏ ਦੇ ਹਿਸਾਬ ਨਾਲ ਸਰਕਾਰ ਮੁਆਵਜ਼ਾ ਦੇ ਚੁਕੀ ਹੈ। ਚੋਣ ਜ਼ਾਬਤਾ ਲੱਗਣ ਕਾਰਨ 30 ਪਰਿਵਾਰ ਮੁਆਵਜ਼ੇ ਤੋਂ ਵਾਂਝੇ ਰਹਿ ਗਏ ਹਨ।

ਖੁਦਕੁਸ਼ੀਆਂ ਕਰਨ ਵਾਲੇ ਬਹੁਤੇ ਕਿਸਾਨ ਕਪਾਹ ਪੱਟੀ ਨਾਲ ਸਬੰਧਤ ਸਰਵੇ ਦੇ ਕੋਆਰਡੀਨੇਟਰ ਡਾਕਟਰ ਸੁਖਪਾਲ ਸਿੰਘ ਨੇ ਸਰਵੇ ਉਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਪਰ ਉਨ੍ਹਾਂ ਮੰਨਿਆ ਕਿ ਖੁਦਕੁਸ਼ੀਆਂ ਕਰਨ ਵਾਲੇ 80 ਫੀਸਦੀ ਕਿਸਾਨ ਕਪਾਹ ਪੱਟੀ ਵਿਚੋਂ ਹਨ। ਇਹ ਜ਼ਿਕਰਯੋਗ ਹੈ ਕਿ ਕਿਸੇ ਨਾ ਕਿਸੇ ਕਾਰਨ ਨਰਮਾਂ ਉਤਪਾਦਕਾਂ ਨੂੰ ਮਨਇੱਛਤ ਨਤੀਜੇ ਨਹੀਂ ਮਿਲੇ ਅਤੇ ਝਾੜ ਕਾਫੀ ਘੱਟ ਰਿਹਾ ਹੈ। ਕਿਸਾਨਾਂ ਵਿਚ ਖੁਦਕੁਸ਼ੀਆਂ ਕਰਨ ਦਾ ਵਧੇਰੇ ਰੁਝਾਨ ਬਠਿੰਡਾ, ਮਾਨਸਾ, ਮੁਕਤਸਰ, ਫਰੀਦਕੋਟ, ਸੰਗਰੂਰ, ਬਰਨਾਲਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਨਾਲ ਸਬੰਧਤ ਹਨ।

**ਅਜੇ ਤੱਕ ਨਹੀਂ ਬਣੀ ਖੁਦਕੁਸ਼ੀਆਂ ਰੋਕਣ ਲਈ ਠੋਸ ਨੀਤੀ:** ਦੇਸ਼ ਵਿਚ ਹਰੇ ਇਨਕਲਾਬ ਦੇ ਮੋਹਰੀ ਸੂਬਿਆਂ ਅੰਦਰ ਤਿੰਨ ਲੱਖ ਤੋਂ ਵੱਧ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਬਾਵਜੂਦ ਮੁਲਕ ਵਿਚ ਕੇਂਦਰੀ ਅਤੇ ਸੂਬਾਈ ਪੱਧਰ 'ਤੇ ਖੁਦਕੁਸ਼ੀਆਂ ਰੋਕਣ ਲਈ ਕੋਈ ਠੋਸ ਨੀਤੀ ਅਜੇ ਤੱਕ ਨਹੀਂ ਬਣੀ। ਪੰਜਾਬ ਵਿਚ 2010 ਤੱਕ ਦੇ ਹੋਏ ਸਰਵੇਖਣ ਵਿਚ 6926 ਖੁਦਕੁਸ਼ੀਆਂ ਦਾ ਪਤਾ ਲੱਗਾ ਸੀ। ਮਾਹਰਾਂ ਦਾ ਕਹਿਣਾ ਹੈ ਕਿ ਇਸ ਸਮੇਂ ਦੌਰਾਨ ਖੁਦਕੁਸ਼ੀ ਪੀੜਤਾਂ ਨੂੰ ਰਾਹਤ ਦੇਣ ਦੀ ਨੀਤੀ ਬਣਾ ਕੇ ਤਿੰਨ ਲੱਖ ਰੁਪਏ ਦੇਣ ਅਤੇ ਵਿਭਾਗੀ ਅਧਿਕਾਰੀਆਂ ਨੂੰ ਸਬੰਧਤ ਪਰਿਵਾਰ ਨਾਲ ਤਾਲਮੇਲ ਰੱਖਣ ਦੀ ਨੀਤੀ ਬਣਾ ਦਿੱਤੀ ਗਈ। ਇਸ ਰਾਹਤ ਲਈ ਵੀ ਐਫ.ਆਈ.ਆਰ., ਪੋਸਟਮਾਰਟਮ ਸਣੇ ਹੋਰ ਸ਼ਰਤਾਂ ਕਾਰਨ ਵੱਡੀ ਗਿਣਤੀ ਅਰਜ਼ੀਆਂ ਰੱਦ ਕਰ ਦਿੱਤੀਆਂ ਜਾਂਦੀਆਂ ਹਨ।

### ਕਿਸਾਨ ਖੁਦਕੁਸ਼ੀਆਂ ਉਤੇ ਸੁਪਰੀਮ ਕੋਰਟ ਸਖਤ

**ਨਵੀਂ ਦਿੱਲੀ:** ਦੇਸ਼ ਦੇ ਅੰਨਦਾਤੇ ਵੱਲੋਂ ਆਪੇ ਮੌਤ ਗਲ ਲਾਏ ਜਾਣ ਦੇ ਵਰਤਾਰੇ ਉਤੇ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਕਿਸਾਨਾਂ ਨੂੰ ਖੁਦਕੁਸ਼ੀ ਤੋਂ ਰੋਕਣ ਲਈ ਕਦਮ ਚੁੱਕਣ ਲਈ ਕਹਿੰਦਿਆਂ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ 'ਤੇ ਧਿਆਨ ਕੇਂਦਰਿਤ ਕਰਨ ਬਜਾਏ ਇਸ ਸਮੱਸਿਆ ਦਾ ਹੱਲ ਲੱਭਣ ਦੀ ਸਲਾਹ ਦਿੱਤੀ ਹੈ। ਤਿੰਨ ਮੈਂਬਰੀ ਬੈਂਚ ਨੇ ਕੇਂਦਰ ਨੂੰ ਕਿਹਾ ਕਿ ਸਾਲਾਂ ਤੋਂ ਅਹਿਮ ਮੁੱਦੇ ਅਣਸੁਲਝੇ ਪਏ ਹੋਣ ਕਾਰਨ ਕਿਸਾਨਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਕਦੇ ਫਸਲ ਦੀ ਬੰਪਰ ਪੈਦਾਵਾਰ ਹੁੰਦੀ ਹੈ ਤਾਂ ਮੰਡੀ ਵਿਚ ਭਾਅ ਡਿੱਗ ਜਾਂਦੇ ਹਨ ਜਾਂ ਸੋਕੇ ਜਾਂ ਹੜ੍ਹਾਂ ਨਾਲ ਫਸਲ ਮਾਰੀ ਜਾਂਦੀ ਹੈ ਅਤੇ ਕਿਸਾਨਾਂ ਨੂੰ ਘਾਟੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਸਮੱਸਿਆ ਬਾਰੇ ਕੇਂਦਰ ਦੇ ਜਵਾਬ 'ਤੇ ਗੌਰ ਕਰਨ ਬਾਅਦ ਚੀਫ ਜਸਟਿਸ ਜੇ. ਐਸ. ਖੇਹਰ ਦੀ ਅਗਵਾਈ ਵਾਲੇ ਬੈਂਚ ਨੇ ਐਡੀਸ਼ਨਲ ਸਾਲੀਸਿਟਰ ਜਨਰਲ ਪੀ.ਐਸ. ਨਰਸਿਮ੍ਹਾ ਨੂੰ ਕਿਹਾ, 'ਕਿਸਾਨ ਖੁਦਕੁਸ਼ੀਆਂ ਦਾ ਮਾਮਲਾ ਬੇਹੱਦ ਅਹਿਮ ਹੈ। ਸਾਨੂੰ ਲੱਗ ਰਿਹਾ ਹੈ ਕਿ ਤੁਸੀਂ ਗਲਤ ਦਿਸ਼ਾ ਵਿਚ ਜਾ ਰਹੇ ਹੋ। ਕਿਸਾਨ ਬੈਂਕਾਂ ਤੋਂ ਕਰਜ਼ਾ ਲੈਂਦੇ ਹਨ ਅਤੇ ਜਦੋਂ ਉਹ ਕਰਜ਼ਾ ਮੋੜਨ ਵਿਚ ਨਾਕਾਮ ਰਹਿੰਦੇ ਹਨ ਤਾਂ ਖੁਦਕੁਸ਼ੀ ਕਰ ਲੈਂਦੇ ਹਨ। ਇਸ ਸਮੱਸਿਆ ਦਾ ਹੱਲ ਕਿਸਾਨ ਦੀ ਖੁਦਕੁਸ਼ੀ ਬਾਅਦ ਪਰਿਵਾਰ ਨੂੰ ਮੁਆਵਜ਼ਾ ਰਾਸ਼ੀ ਦੇਣਾ ਨਹੀਂ ਹੈ, ਪਰ ਇਸ ਨੂੰ ਰੋਕਣ ਲਈ ਤੁਹਾਡੇ ਕੋਲ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ। ਦਹਾਕਿਆਂ ਤੋਂ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ ਅਤੇ ਇਹ ਹੈਰਾਨ ਕਰਨ ਵਾਲਾ ਹੈ ਕਿ ਖੁਦਕੁਸ਼ੀ ਪਿਛਲੇ ਕਾਰਨਾਂ ਦੇ ਹੱਲ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ।' ਅੱਗੋਂ ਸ੍ਰੀ ਨਰਸਿਮ੍ਹਾ ਨੇ ਦਲੀਲ ਦਿੱਤੀ ਕਿ ਫਸਲੀ ਬੀਮੇ ਅਤੇ ਘੱਟ ਵਿਆਜ 'ਤੇ ਖੇਤੀ ਕਰਜ਼ਿਆਂ ਦੀ ਪੇਸ਼ਕਸ਼ ਕਰ ਕੇ ਸਰਕਾਰ ਵੱਲੋਂ ਕਿਸਾਨਾਂ ਦੀ ਵਿੱਤੀ ਹਾਲਤ ਸੁਧਾਰਨ ਲਈ ਕਈ ਕਦਮ ਚੁੱਕੇ ਗਏ ਹਨ। ਕਿਸਾਨਾਂ ਦੀ ਮਦਦ ਲਈ ਬਣਾਈਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਕੇਂਦਰ ਵੱਲੋਂ ਸੂਬਾਈ ਸਰਕਾਰਾਂ ਨੂੰ ਸਹਿਯੋਗ ਦਿੱਤਾ ਜਾ ਰਿਹਾ ਹੈ। ਕਿਸਾਨਾਂ ਨੂੰ ਮਾਲੀ ਤੌਰ 'ਤੇ ਮਜ਼ਬੂਤ ਕਰਨ ਦੇ ਯਤਨਾਂ ਤਹਿਤ ਕੇਂਦਰ ਨੇ 2015 ਬਾਅਦ 12 ਯੋਜਨਾਵਾਂ ਲਿਆਂਦੀਆਂ ਹਨ।

# ਡੇਰਾਬੱਸੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ



**ਮੁਹਾਲੀ:** ਡੇਰਾਬੱਸੀ ਦੇ ਪਿੰਡ ਦੇਵੀਨਗਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣਾ ਆਇਆ ਹੈ। ਜਦੋਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨਿਤਨੇਮ ਬਾਣੀਆਂ ਦੇ ਪਾਠ ਲਈ ਗੁਰੂ ਘਰ ਪਰਤੇ ਤਾਂ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਰੇ ਹੋਏ ਮਿਲੇ। ਉਸੇ ਵੇਲੇ ਘਟਨਾ ਦੀ ਇਤਲਾਹ ਪੁਲਿਸ ਨੂੰ ਦਿੱਤੀ ਗਈ। ਪੁਲਿਸ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 50 ਅੰਗ ਪਾੜੇ ਗਏ। ਇਨ੍ਹਾਂ ਵਿਚੋਂ 25 ਅੰਗ ਸ਼ਰਾਰਤੀ ਅਨਸਰ ਆਪਣੇ ਨਾਲ ਲੈ ਗਿਆ ਜਦਕਿ 25 ਅੰਗ ਉਥੇ ਹੀ ਖਿਲਰੇ ਹੋਏ ਸਨ। ਪੁਲਿਸ ਨੇ ਮੁੱਢਲੀ ਜਾਂਚ 'ਚ ਪਿੰਡ ਦੇ ਹੀ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਹੈ। ਇਸ ਘਟਨਾ ਤੋਂ ਬਾਅਦ ਪਿੰਡ ਵਾਸੀਆਂ ਵਿਚ ਵੀ ਰੋਸ ਦਾ ਮਾਹੌਲ ਹੈ।

### ਦੋਸ਼ੀਆਂ ਵਿਰੁਧ ਹੋਵੇ ਕਾਰਵਾਈ: ਬਡੂੰਗਰ

**ਅੰਮ੍ਰਿਤਸਰ:** ਸ਼ਰਾਰਤੀ ਅਨਸਰਾਂ ਵੱਲੋਂ ਡੇਰਾਬੱਸੀ ਨੇੜਲੇ ਪਿੰਡ ਦੇਵੀ ਨਗਰ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗ ਪਾੜਨ ਤੇ ਮਖੂ ਨੇੜਲੇ ਪਿੰਡ ਗਾਮਾ ਮੁਰਾਦਾ ਵਿਖੇ ਸ਼ਾਰਟ ਸਰਕਟ ਕਾਰਨ ਪਾਵਨ ਸਰੂਪ ਤੇ ਪੋਥੀਆਂ ਅਗਨ ਭੇਟ ਹੋ ਜਾਣ ਦੀਆਂ ਵਾਪਰੀਆਂ ਘਟਨਾਵਾਂ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਪ੍ਰੋ: ਬਡੂੰਗਰ ਨੇ ਕਿਹਾ ਕਿ ਇਹ ਘਟਨਾਵਾਂ ਡੂੰਘੀ ਮਾਨਸਿਕ ਪੀੜਾ ਦੇਣ ਵਾਲੀਆਂ ਹਨ। ਪਿੰਡ ਦੇਵੀ ਨਗਰ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਤੁਰਤ ਗ੍ਰਿਫਤਾਰ ਕਰ ਕੇ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# 'ਜਪੁਜੀ ਸਾਹਿਬ' ਪਾਕਿਸਤਾਨ ਦੇ ਸਿਲੇਬਸ 'ਚ ਸ਼ਾਮਲ

**ਲਾਹੌਰ:** 'ਜਪੁਜੀ ਸਾਹਿਬ' ਨੂੰ ਲਹਿੰਦੇ ਪੰਜਾਬ ਦੀ ਪੰਜਾਬ ਯੂਨੀਵਰਸਿਟੀ ਲਾਹੌਰ ਅਤੇ ਨੈਸ਼ਨਲ ਯੂਨੀਵਰਸਿਟੀ ਆਫ ਮਾਡਰਨ ਲੈਂਗੁਏਜਿਜ਼ ਇਸਲਾਮਾਬਾਦ ਨੇ ਐਮ.ਏ. ਪੰਜਾਬੀ ਦੇ ਨਵੇਂ ਸਿਲੇਬਸ 'ਚ ਸ਼ਾਮਲ ਕੀਤਾ ਹੈ। 'ਜਪੁਜੀ ਸਾਹਿਬ' 'ਤੇ ਪੀ.ਐਚ.ਡੀ. ਕਰਨ ਵਾਲੇ ਕਲਿਆਣ ਸਿੰਘ (ਨਨਕਾਣਾ ਸਾਹਿਬ) ਨੇ ਦੱਸਿਆ ਕਿ ਲਹਿੰਦੇ ਪੰਜਾਬ ਦੀ ਸੂਬਾਈ ਅਸੈਂਬਲੀ 'ਚ ਮੈਂਬਰ ਰਮੇਸ਼ ਸਿੰਘ ਅਰੋੜਾ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਅਤੇ ਉਨ੍ਹਾਂ ਦੇ ਸਾਂਝੇ ਯਤਨਾਂ ਨਾਲ ਇਸ ਸਾਲ ਤੋਂ ਪੰਜਾਬ ਸਕੂਲ ਬੋਰਡ ਲਾਹੌਰ ਦੀਆਂ ਸਕੂਲੀ ਸਿਲੇਬਸ ਦੀਆਂ ਕਿਤਾਬਾਂ 'ਚ ਸਿੱਖ ਇਤਿਹਾਸ ਸ਼ਾਮਿਲ ਕੀਤਾ ਗਿਆ ਹੈ।

'ਜਪੁਜੀ ਸਾਹਿਬ' ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਇਸ ਵਿਚ ਮੂਲ ਮੰਤਰ ਹੈ ਤੇ ਇਹ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਇਕ ਤੋਂ ਅੱਠ ਤੱਕ



ਦਰਜ ਹੈ। ਸਿੱਖ ਰਹਿਤ ਮਰਿਆਦਾ ਤਹਿਤ ਰੋਜ਼ ਸਵੇਰੇ ਪੜ੍ਹੀਆਂ ਜਾਣ ਵਾਲੀਆਂ ਪੰਜ ਬਾਣੀਆਂ 'ਚ ਪਹਿਲੀ ਬਾਣੀ 'ਜਪੁਜੀ ਸਾਹਿਬ' ਹੈ।

ਉਧਰ, ਮੁਲਤਾਨ ਤੋਂ ਇਕ ਸਿਆਸੀ ਪਾਰਟੀ ਤਹਿਰੀਕ-ਏ-ਇਨਸਾਫ ਦੇ ਆਗੂ ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਪਿਸ਼ਾਵਰ ਸਿੰਘ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ 'ਚ ਭਾਰਤ-ਪਾਕਿ ਸਬੰਧਾਂ 'ਚ ਸੁਧਾਰ ਲਈ ਅਰਦਾਸ ਕੀਤੀ ਗਈ ਹੈ।

## Matrimonial

### ਵਰ ਦੀ ਲੋੜ

ਕੰਬੋਜ ਸਿੱਖ, 28 ਸਾਲ, 5’-4”, ਮਾਸਟਰ ਇਨ ਲਾਅ, ਪੰਜਾਬ ਤੇ ਹਰਿਆਣਾ ਹਾਈ ਕੋਰਟ (ਚੰਡੀਗੜ੍ਹ) ਵਿਚ ਐਡਵੋਕੇਟ ਲੜਕੀ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 01191-98122-65615 10-11

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 9-12

ਕੈਨੇਡੀਅਨ, ਜੱਟ ਸਿੱਖ ਚਾਹਲ, 28 ਸਾਲ, 5’-3”, ਪੋਸਟ ਗਰੈਜੂਏਟ, ਸਬਵੇ ਮੈਨੇਜਰ, ਵੈਸ਼ਨੂੰ ਲੜਕੀ ਲਈ ਕੈਨੇਡੀਅਨ/ਅਮਰੀਕਨ ਯੋਗ ਵਰ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਭਰਾ ਨੂੰ ਕੈਨੇਡਾ/ਅਮਰੀਕਾ ਰਿਸ਼ਤਾ ਕਰਵਾਉਣ। ਸੰਪਰਕ ਕਰੋ, ਫੋਨ: 01191-98551-09270, ਈਮੇਲ: bhupinder.login@yahoo.com 9-12

### ਕੰਨਿਆ ਦੀ ਲੋੜ

Suitable match wanted for US citizen Jatt Sikh handsome boy 32yers, 5'-8", B.Sc. in electrical engineer, family well settled in Michigan. The girl should be nice and employed. Call, Ph: 586-435-6228 10-13

Seeking suitable match for Jatt Sikh US citizen boy 29, 5'-11" wears turban, trims beard. Bachelor in computer information systems. Family well settled in Bay Area, CA. contact: bayarea257@gmail.com or Ph. 510-541-9594 9-12

**Punjab Times**
*Ph: 847-359-0746*
*Visit us on the web:*
***punjabtimesusa.com***

# ਲੀਹੋਂ ਲਹਿਣ ਲੱਗਾ ਪੰਜਾਬ ਦਾ ਸ਼ਰਾਬ ਕਾਰੋਬਾਰ

**ਜਲੰਧਰ:** ਚੋਣ ਨਤੀਜਿਆਂ ਤੋਂ ਬਾਅਦ ਅਗਲੇ ਹੀ ਹਫਤੇ ਆਉਣ ਵਾਲੀ ਪਾਲਿਸੀ ਨਾਲ ਸਰਕਾਰ ਦੇ ਖਜ਼ਾਨੇ ਨੂੰ ਪਹਿਲੇ ਹਫਤੇ ਹੀ ਸ਼ਰਾਬ ਕਾਰੋਬਾਰ ਤੋਂ ਝਟਕਾ ਲੱਗਣ ਜਾ ਰਿਹਾ ਹੈ। ਇਸ ਵਾਰ 2017-18 ਲਈ 5500 ਕਰੋੜ ਤੋਂ ਜ਼ਿਆਦਾ ਦੀ ਵਸੂਲੀ ਹੋਣ ਦੀ ਸੰਭਾਵਨਾ ਨਹੀਂ ਹੈ, ਸਗੋਂ ਇਸ ਵਾਰ ਤਾਂ ਇਸ ਤੋਂ ਵੀ ਕਾਫੀ ਘਟ ਜਾਣ ਦੀ ਸੰਭਾਵਨਾ ਹੈ। ਕਈ ਵਾਰ ਸੋਧੀ ਪਾਲਿਸੀ ਨੇ ਸ਼ਰਾਬ ਕਾਰੋਬਾਰੀਆਂ ਦਾ ਲੱਕ ਬੁਰੀ ਤਰ੍ਹਾਂ ਤੋੜ ਦਿੱਤਾ ਹੈ।

ਅੰਦਾਜ਼ਨ ਸ਼ਰਾਬ ਕਾਰੋਬਾਰੀਆਂ ਦੇ 1000 ਕਰੋੜ ਰੁਪਏ ਦੇ ਘਾਟੇ ਵਿਚ ਰਹਿਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਜਦਕਿ ਕਈ ਕਾਰੋਬਾਰੀ ਇਹ ਘਾਟਾ ਇਸ ਤੋਂ ਜ਼ਿਆਦਾ ਹੋਣ ਦਾ ਵੀ ਖਦਸ਼ਾ ਜ਼ਾਹਰ ਕਰ ਰਹੇ ਹਨ। ਪਿਛਲੇ ਵਿੱਤੀ ਵਰ੍ਹੇ ਐਕਸਾਈਜ਼ ਵਿਭਾਗ ਨੂੰ 5500 ਕਰੋੜ ਰੁਪਏ ਦੇ ਕਰੀਬ ਵੈਟ ਦੀ ਵਸੂਲੀ ਮਿਲੀ ਸੀ ਤੇ ਇਸ ਸਾਲ ਇਹ ਵਸੂਲੀ ਕਾਫੀ ਘਟ ਜਾਣ ਦੀ ਸੰਭਾਵਨਾ ਹੈ। ਐਕਸਾਈਜ਼ ਵਿਭਾਗ ਜ਼ਿਆਦਾ ਮਾਲੀਆ ਲੈਣ ਲਈ ਉਂਜ ਹਰ ਵਿੱਤੀ ਵਰ੍ਹੇ 10 ਫੀਸਦੀ ਸ਼ਰਾਬ ਦੇ ਕੋਟੇ ‘ਚ ਵਾਧਾ ਕਰ ਦਿੰਦਾ ਹੈ, ਜਿਸ ਨਾਲ 500 ਕਰੋੜ ਰੁਪਏ ਦੇ ਕਰੀਬ ਉਸ ਦੇ ਮਾਲੀਏ ਵਿਚ ਹਰ ਸਾਲ ਹੋਰ ਵਾਧਾ ਜੁੜ ਜਾਂਦਾ ਹੈ।

ਸ਼ਰਾਬ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਸਾਰਾ ਸਾਲ ਸੁਪਰ ਐਲ ਵਨ-ਏ ਨੂੰ ਲੈ ਕੇ ਬਣਾਈ ਗਈ ਪਾਲਿਸੀ ਨਾਲ ਕਈ ਮਹੀਨੇ ਤੱਕ ਠੇਕਿਆਂ ‘ਤੇ ਸ਼ਰਾਬ ਨਹੀਂ ਪੁੱਜੀ ਸਗੋਂ ਨਾਜਾਇਜ਼ ਕਾਰੋਬਾਰ ਕਰਨ ਵਾਲਿਆਂ ਨੇ ਦੋਵੇਂ ਹੱਥਾਂ ਨਾਲ ਨਾਜਾਇਜ਼ ਸ਼ਰਾਬ ਵਿਕਰੀ ਕਰਨ ਵਿਚ ਕੋਈ ਵੀ ਕਸਰ ਨਹੀਂ ਛੱਡੀ। ਸਿਰਫ ਇਹੋ ਨਹੀਂ ਸਗੋਂ ਐਕਸਾਈਜ਼ ਵਿਭਾਗ ਨੂੰ ਤਾਂ ਹੁਣ ਨਵੇਂ ਨਿਰਦੇਸ਼ਾਂ ਨਾਲ ਵੀ ਝਟਕਾ ਲੱਗਾ ਹੈ। ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਕਿਸੇ ਵੀ ਕੌਮੀ ਰਾਜ ਮਾਰਗ ਜਾਂ ਸਟੇਟ ਰਾਜ ਮਾਰਗ ‘ਤੇ ਸ਼ਰਾਬ ਦਾ ਠੇਕਾ ਬੰਦ ਕਰ ਦਿੱਤਾ ਜਾਵੇਗਾ ਤੇ ਠੇਕੇ 500 ਮੀਟਰ ਦੂਰ ਖੋਲ੍ਹੇ ਜਾਣਗੇ।

ਰਾਜ ਵਿਚ 6000 ਦੇ ਕਰੀਬ ਸ਼ਰਾਬ ਦੇ ਠੇਕੇ ਦੱਸੇ ਜਾਂਦੇ ਹਨ ਤੇ ਜਾਰੀ ਨਿਰਦੇਸ਼ਾਂ ਤੋਂ ਬਾਅਦ ਇਸ ਸਾਲ ਆਉਣ ਵਾਲੀ ਨਵੀਂ ਪਾਲਿਸੀ ਵਿਚ ਰਾਜ ਮਾਰਗਾਂ ‘ਤੇ ਠੇਕਿਆਂ ਦੀ ਬੋਲੀ ਨਹੀਂ ਹੋਵੇਗੀ ਤੇ ਇਸ ਤਰ੍ਹਾਂ 1800 ਦੇ ਕਰੀਬ ਸ਼ਰਾਬ ਦੇ ਠੇਕਿਆਂ ਨੂੰ ਤਾਲਾ ਲੱਗ ਜਾਵੇਗਾ। 1000 ਕਰੋੜ ਦੇ ਘਾਟੇ ਵਿਚ ਰਹੇ ਕਈ ਸ਼ਰਾਬ ਕਾਰੋਬਾਰੀ ਮਾਰਚ ਦੇ ਆਖਰੀ ਹਫਤੇ ਵਿਕਣ ਵਾਲੇ ਕੰਮ ਨੂੰ ਲੈਣ ਲਈ ਜ਼ਿਆਦਾ ਚਾਹਵਾਨ ਨਹੀਂ ਹਨ ਤੇ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਕਾਰੋਬਾਰੀਆਂ ਨੂੰ ਰਾਹਤ ਦੇਣ ਲਈ ਐਕਸਾਈਜ਼ ਵਿਭਾਗ ਨੂੰ ਆਪਣੇ ਮਾਲੀਏ ਦਾ ਟੀਚਾ ਘਟਾਉਣਾ ਪੈ ਸਕਦਾ ਹੈ ਕਿਉਂਕਿ ਉਹ ਇਸ ਕੰਮ ਨੂੰ ਬਾਹਰਲੇ ਕਾਰੋਬਾਰੀਆਂ ਨੂੰ ਦੇਣ ਦਾ ਜੋਖ਼ਮ ਵੀ ਲੈਣ ਲਈ ਤਿਆਰ ਨਹੀਂ ਹੈ।

**ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ**
ਮੈਡੀਸਨ, ਵਿਸਕਾਨਸਿਨ ’ਚ ਭਾਰਤੀ ਰੈਸਟੋਰੈਂਟ ਲਈ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
9-12

## ਮਾਤਾ ਬਲਬੀਰ ਕੌਰ ਦਾ ਦੇਹਾਂਤ

**ਫਰੀਮਾਂਟ (ਬਿਊਰੋ):** ਸਿੱਖ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਭਾਈ ਇਕਬਾਲ ਸਿੰਘ ਖਾਲਸਾ ਦੇ ਮਾਤਾ



ਬਲਬੀਰ ਕੌਰ 3 ਮਾਰਚ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਸਸਕਾਰ 10 ਮਾਰਚ, ਸ਼ੁਕਰਵਾਰ ਨੂੰ ਹੇਵਰਡ ਦੇ ਚੈਪਲ ਆਫ ਚਾਈਮਜ਼ ਵਿਖੇ ਬਾਅਦ ਦੁਪਹਿਰ ਇਕ ਵਜੇ ਤੋਂ 3:00 ਵਜੇ ਤੱਕ ਕੀਤਾ ਜਾਵੇਗਾ। ਉਪਰੰਤ ਸਹਿਜ ਪਾਠ ਦਾ ਭੋਗ, ਕੀਰਤਨ ਅਤੇ ਅੰਤਮ ਅਰਦਾਸ ਸ਼ਾਮੀਂ 4:00 ਵਜੇ ਤੋਂ 6:00 ਵਜੇ ਤੱਕ ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ।

ਭਾਈ ਇਕਬਾਲ ਸਿੰਘ ਖਾਲਸਾ ਨਾਲ ਸੰਪਰਕ ਫੋਨ: 510-589-3528 ਰਾਹੀਂ ਕੀਤਾ ਜਾ ਸਕਦਾ ਹੈ।

**Duabba Insurance Agency**
2450 Peralta Blvd., Suite 120, Fremont, CA 94536
FARMERS INSURANCE
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ



Gurcharan Singh Mann
Insurance Agent
Licence# OC 70672
**Ph: 510-797-7989**
Fax: 510-794-7398    visit us@ farmers.com
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ

**Prince’s Barber Shop**
37477 Fremont Blvd, suite C, Fremont, CA 94536
*Men & Children’s Hair Cut*
*Threading    *Custom Text
*Men’s Facials    *Hair Coler
*Custom Designing    *Shave &
*Line-ups    *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
**Ph: 209.547.9210**
FAX: 209.547.9211
www.gfbontime.com, raj@gfbontime.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211


**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997


# ਸ਼ੇਰ-ਏ-ਪੰਜਾਬ ਦੇ ਮਹਿਲ ਦੀਆਂ ਕੰਧਾਂ 'ਤੇ ਥੱਪੀਆਂ ਜਾ ਰਹੀਆਂ ਨੇ ਪਾਥੀਆਂ

**ਇਸਲਾਮਾਬਾਦ:** ਪਾਕਿਸਤਾਨ ਦੇ ਸ਼ਹਿਰ ਵਜ਼ੀਰਾਬਾਦ ਵਿਚ ਦਰਿਆ ਚਨਾਬ ਦੇ ਪੱਤਣ 'ਤੇ ਆਬਾਦ ਕਸਬਾ ਰਸੂਲ ਨਗਰ ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੇ ਗਰਮੀਆਂ ਦੇ ਨਿਵਾਸ ਲਈ ਬਣਵਾਏ ਮਹਿਲ ਦੀਆਂ ਦੀਵਾਰਾਂ 'ਤੇ ਪਾਥੀਆਂ ਥੱਪੀਆਂ ਜਾ ਰਹੀਆਂ ਹਨ ਅਤੇ ਅੰਦਰ ਪਸ਼ੂ ਬੰਨ੍ਹੇ ਜਾ ਰਹੇ ਹਨ।

ਦੱਸਣਯੋਗ ਹੈ ਕਿ ਜਿਨ੍ਹੀਂ ਦਿਨੀਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ, ਉਦੋਂ ਉਨ੍ਹਾਂ ਦੇ ਪਿਤਾ ਮਹਾਂ ਸਿੰਘ ਇਸੇ ਰਸੂਲ ਨਗਰ ਦੀ ਮੁਹਿੰਮ 'ਤੇ ਸਨ। ਉਪਰੋਕਤ ਨਗਰ ਨੂੰ ਫਤਿਹ ਕਰਨ ਤੋਂ ਬਾਅਦ ਪੁੱਤਰ ਪ੍ਰਾਪਤੀ ਦਾ ਸਮਾਚਾਰ ਮਿਲਣ ਉਤੇ ਉਨ੍ਹਾਂ ਇਸ ਨਗਰ ਦਾ ਨਾਂ ਰਸੂਲ ਨਗਰ ਤੋਂ ਬਦਲ ਕੇ ਰਾਮ ਨਗਰ ਰੱਖ ਦਿੱਤਾ। ਵਰਣਨਯੋਗ ਹੈ ਕਿ ਰਾਮ ਨਗਰ ਨੂੰ ਮਹਾਰਾਜਾ ਨੇ ਗਰਮੀਆਂ ਦੀ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਇਲਾਕੇ ਵਿਚ ਦਰਿਆ ਚਨਾਬ ਦੇ ਕਿਨਾਰੇ ਉਨ੍ਹਾਂ ਨੇ ਉਪਰੋਕਤ ਆਲੀਸ਼ਾਨ ਮਹਿਲ ਦਾ ਨਿਰਮਾਣ ਕਰਵਾਇਆ।

ਮਹਿਲ ਦੇ ਬਾਹਰ ਅੱਜ ਵੀ ਇਕ ਪੱਥਰ ਦੀ ਸਿਲ੍ਹ ਲੱਗੀ ਹੋਈ ਹੈ, ਜਿਸ ਉਤੇ 'ਸਮਰ ਰੈਜ਼ੀਡੈਂਸ ਆਫ ਮਹਾਰਾਜਾ ਰਣਜੀਤ ਸਿੰਘ-ਸੰਨ 1830 ਤੋਂ ਸੰਨ 1837' ਲਿਖਿਆ ਹੋਇਆ ਹੈ।



ਦੱਸਿਆ ਜਾ ਰਿਹਾ ਹੈ ਕਿ ਇਸ ਮਹਿਲ ਨੂੰ ਪਾਕਿ ਸਰਕਾਰ ਵੱਲੋਂ ਵਿਰਾਸਤੀ ਸੁਰੱਖਿਅਤ ਸਮਾਰਕ ਐਲਾਨਿਆਂ ਜਾ ਚੁੱਕਿਆ ਹੈ, ਪਰ ਇਸ ਦੇ ਬਾਵਜੂਦ ਪਿੰਡ ਦੇ ਖੇਤਾਂ ਵਿਚ ਲੜਖੜਾਉਂਦੀ ਇਸ ਡੇਢ ਮੰਜ਼ਲਾਂ ਇਮਾਰਤ ਦੀਆਂ ਕਰੀਬ ਸਾਰੀਆਂ ਛੱਤਾਂ ਡਿੱਗ ਚੁੱਕੀਆਂ ਹਨ ਤੇ ਦੀਵਾਰਾਂ ਵਿਚ ਭਾਰੀ ਦਰਾਰਾਂ ਭਰ ਆਈਆਂ ਹਨ।

ਇਤਿਹਾਸ ਪ੍ਰਸਿੱਧ ਭੰਗੀਆਂ ਦੀ ਤੋਪ ਦੇ ਨਾਂ ਨਾਲ ਪ੍ਰਸਿੱਧ ਰਹੀ ਜ਼ਮਜ਼ਮਾ ਤੋਪ ਦਾ ਵੀ ਰਸੂਲ ਨਗਰ ਨਾਲ ਡੂੰਘਾ ਸਬੰਧ ਰਿਹਾ ਹੈ। ਕਸਬੇ 'ਚ ਸ਼ੇਰ-ਏ-ਪੰਜਾਬ ਦੇ ਮਹਿਲ ਦੇ ਬਿਲਕੁਲ ਨਾਲ ਦੂਸਰੇ ਐਂਗਲੋ-ਸਿੱਖ ਯੁੱਧ ਨਾਲ ਸਬੰਧਤ ਸਮਾਰਕ ਮੌਜੂਦ ਹੈ। ਇਸੇ ਮੁਕਾਮ 'ਤੇ 22 ਨਵੰਬਰ, 1848 ਨੂੰ ਬ੍ਰਿਟਿਸ਼ ਈਸਟ ਇੰਡੀਆ ਟਰੇਡਿੰਗ ਕੰਪਨੀ ਦੇ ਅੰਗਰੇਜ਼ ਸੈਨਾਪਤੀ ਲਾਰਡ ਹੁਗ ਗਫ ਤੇ ਚਤੁਰ ਸਿੰਘ ਅਟਾਰੀ ਤੇ ਉਸ ਦੇ ਪੁੱਤਰ ਰਾਜਾ ਸ਼ੇਰ ਸਿੰਘ ਅਟਾਰੀ ਦੀਆਂ ਸੈਨਾਵਾਂ ਵਿਚਾਲੇ ਭਿਅੰਕਰ ਯੁੱਧ ਹੋਇਆ ਸੀ। ਇਸ ਯੁੱਧ 'ਚ ਮਾਰੇ ਜਾਣ ਵਾਲੇ ਅੰਗਰੇਜ਼ ਅਧਿਕਾਰੀਆਂ ਦੀਆਂ ਇਥੇ ਕਬਰਾਂ ਅੱਜ ਵੀ ਮੌਜੂਦ ਹਨ।

## ਸ਼ਮਸ਼ਾਨਘਾਟ ਲਈ 64 ਕਿਲੋਮੀਟਰ ਦਾ ਪੈਂਡਾ

**ਇਸਲਾਮਾਬਾਦ:** ਪਾਕਿਸਤਾਨ ਦੇ ਪਿਸ਼ਾਵਰੀ ਹਿੰਦੂ-ਸਿੱਖਾਂ ਨੂੰ ਆਪਣੇ ਮ੍ਰਿਤਕਾਂ ਦਾ ਦਾਹ-ਸਸਕਾਰ ਕਰਨ ਲਈ ਦੇਹ ਨੂੰ ਲੈ ਕੇ 64 ਕਿਲੋਮੀਟਰ ਤੱਕ ਦਾ ਸਫਰ ਤਹਿ ਕਰਨਾ ਪੈ ਰਿਹਾ ਹੈ। ਅੰਤਿਮ ਸੰਸਕਾਰ ਲਈ ਅਟਕ ਸ਼ਹਿਰ 'ਚ ਦਰਿਆ ਕਾਬਲ ਦੇ ਕੰਢੇ ਸ਼ਮਸ਼ਾਨਘਾਟ ਬਣਾਇਆ ਗਿਆ ਹੈ। ਪਿਸ਼ਾਵਰ ਤੋਂ ਮ੍ਰਿਤਕ ਦੇਹ ਨੂੰ ਸਸਕਾਰ ਕਰਨ ਲਈ ਅਟਕ ਲੈ ਕੇ ਜਾਣਾ ਆਸਾਨ ਨਹੀਂ ਹੈ ਅਤੇ ਇਸ 'ਤੇ 90 ਹਜ਼ਾਰ ਤੋਂ ਸਵਾ ਲੱਖ ਰੁਪਏ ਤੱਕ ਖਰਚ ਆਉਂਦਾ ਹੈ, ਜਿਸ 'ਚ ਤਾਬੂਤ (ਕੋਫਿਨ), ਘਿਉ ਤੇ ਲੱਕੜੀਆਂ ਦਾ ਖਰਚਾ ਸ਼ਾਮਲ ਨਹੀਂ ਹੈ। ਪ੍ਰਸਿੱਧ ਵਕੀਲ ਅਮਰਨਾਥ ਮੋਟੂਮੱਲ ਨੇ ਦੱਸਿਆ ਕਿ ਸਸਕਾਰ ਦੀ ਉਪਰੋਕਤ ਸਮੱਸਿਆ ਦੇ ਹੱਲ ਲਈ ਸੂਬਾ ਖ਼ੈਬਰ ਪਖਤੂਨਖਵਾ ਸਹਿਤ ਦੂਸਰੇ ਸ਼ਹਿਰਾਂ ਵਿਚ ਰਹਿੰਦੇ ਹਿੰਦੂ ਸਿੱਕੇ ਨੂੰ ਅੱਗ 'ਤੇ ਗਰਮ ਕਰ ਕੇ ਅਤੇ ਉਸ ਨੂੰ ਮ੍ਰਿਤਕ ਦੀ ਸੱਜੀ ਹਥੇਲੀ 'ਤੇ ਲਗਾ ਕੇ ਹੀ ਸਸਕਾਰ ਦੀ ਵਿਧੀ ਪੂਰੀ ਕਰ ਰਹੇ ਹਨ, ਜਿਸ ਦੇ ਬਾਅਦ ਮ੍ਰਿਤਕ ਨੂੰ ਦਫਨਾ ਦਿੱਤਾ ਜਾਂਦਾ ਹੈ।

## ਪਾਕਿ 'ਚ ਘਟ ਗਿਣਤੀਆਂ ਦੀ ਨਸਲਕੁਸ਼ੀ: ਫਰਾਹਨਾਜ਼

**ਵਾਸ਼ਿੰਗਟਨ:** ਪਾਕਿਸਤਾਨ ਵਿਚੋਂ ਧਾਰਮਿਕ ਘੱਟ ਗਿਣਤੀਆਂ ਦੇ ਸਫਾਏ ਨੂੰ 'ਬੇਹੱਦ ਘਾਤਕ' ਦੱਸਦਿਆਂ ਇਸਲਾਮਿਕ ਮੁਲਕ ਦੀ ਉਘੀ ਵਿਦਵਾਨ ਨੇ ਕਿਹਾ ਕਿ ਮੁਲਕ ਵਿਚ 'ਹੌਲੀ ਹੌਲੀ ਨਸਲਕੁਸ਼ੀ' ਹੋਈ ਜਾ ਰਹੀ ਹੈ। ਉਘੀ ਲੇਖਕ, ਪੱਤਰਕਾਰ ਅਤੇ ਸਿਆਸਤਦਾਨ ਫਰਾਹਨਾਜ਼ ਇਸਪਾਹਾਨੀ ਨੇ ਆਖਿਆ, 'ਭਾਰਤ ਤੇ ਪਾਕਿਸਤਾਨ ਦੀ ਵੰਡ ਤੋਂ ਠੀਕ ਪਹਿਲਾਂ ਸਾਡੇ ਕੋਲ ਇਸਲਾਮ ਤੋਂ ਇਲਾਵਾ ਹੋਰ ਧਰਮਾਂ ਦਾ ਸੰਤੁਲਨ ਸੀ। ਹਿੰਦੂ, ਸਿੱਖ, ਈਸਾਈ ਤੇ ਪਾਰਸੀ ਸਨ। ਇਹ ਮੁਲਕ ਦੀ ਆਬਾਦੀ ਦਾ 23 ਫੀਸਦੀ ਸਨ, ਜੋ ਅੱਜ ਘਟ ਕੇ ਤਿੰਨ ਫੀਸਦੀ ਰਹਿ ਗਏ ਹਨ। ਮੈਂ ਇਸ ਨੂੰ 'ਤੁਪਕਾ ਤੁਪਕਾ ਨਸਲਕੁਸ਼ੀ' ਕਹਿੰਦਾ ਹਾਂ ਕਿਉਂਕਿ ਇਹ ਧਾਰਮਿਕ ਘੱਟ ਗਿਣਤੀਆਂ ਦਾ ਸਭ ਤੋਂ ਘਾਤਕ ਸਫਾਇਆ ਹੈ।'

ਫਰਾਹਨਾਜ਼ ਦੀ ਇਸ ਮਹੀਨੇ ਅਮਰੀਕਾ ਵਿਚ ਕਿਤਾਬ 'ਪਿਉਰੀਫਾਇੰਗ ਦਿ ਲੈਂਡ ਆਫ ਦਿ ਪਿਉਰ' ਲਾਂਚ ਹੋਈ ਹੈ। ਉਨ੍ਹਾਂ ਕਿਹਾ, 'ਇਹ (ਨਸਲਕੁਸ਼ੀ) ਇਕ ਦਿਨ ਵਿਚ ਨਹੀਂ ਹੁੰਦੀ। ਇਹ ਕੁਝ ਮਹੀਨਿਆਂ ਵਿਚ ਵੀ ਨਹੀਂ ਹੁੰਦੀ। ਕਾਨੂੰਨ, ਸੰਸਥਾਵਾਂ, ਨੌਕਰਸ਼ਾਹਾਂ, ਦੰਡ ਵਿਧਾਨ ਅਤੇ ਕਿਤਾਬਾਂ ਹੌਲੀ-ਹੌਲੀ ਹੋਰ ਭਾਈਚਾਰਿਆਂ ਨੂੰ ਭੰਡਦੇ ਹਨ ਜਦੋਂ ਤੱਕ ਤੁਸੀਂ ਇਸ ਤਰ੍ਹਾਂ ਦੇ ਜਹਾਦੀ ਸਭਿਆਚਾਰ ਨੂੰ ਨਹੀਂ ਅਪਨਾਉਂਦੇ, ਜੋ ਵੱਡੇ ਪੱਧਰ ਉਤੇ ਚੱਲ ਰਿਹਾ ਹੈ।'

# ਪੰਜਾਬ 'ਚ ਸਾਲ ਵਿਚ 5 ਹਜ਼ਾਰ ਲੋਕ ਚੜ੍ਹਦੇ ਨੇ ਸੜਕ ਹਾਦਸਿਆਂ ਦੀ ਭੇਟ

**ਲੁਧਿਆਣਾ:** ਪੰਜਾਬ ਵਿਚ ਹਰ ਸਾਲ 6982 ਹਾਦਸਿਆਂ ਵਿਚ 5004 ਵਿਅਕਤੀ ਆਪਣੀ ਜਾਨ ਗਵਾਉਂਦੇ ਹਨ ਜਦਕਿ 4310 ਗੰਭੀਰ ਜ਼ਖ਼ਮੀ ਹੋ ਰਹੇ ਹਨ। ਪੰਜਾਬ ਦੀਆਂ ਸੜਕਾਂ 'ਤੇ ਦਰਜ ਮੁਕੱਦਮਿਆਂ ਅਨੁਸਾਰ 2011 ਵਿਚ 6513, 2012 'ਚ 6341, 2013 ਵਿਚ 6323, 2014 ਵਿਚ 6391, 2015 ਵਿਚ 6702, 2016 'ਚ 6982 ਸੜਕ ਹਾਦਸੇ ਵਾਪਰੇ, ਜਿਨ੍ਹਾਂ ਵਿਚ ਕ੍ਰਮਵਾਰ 4931, 4820, 4588, 4621, 4893, 5004 ਮੌਤਾਂ ਹੋਈਆਂ ਜਦਕਿ ਕ੍ਰਮਵਾਰ 4081, 3997, 4383, 4127, 4414, 4310 ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ।

ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਮੋਹਾਲੀ, ਜਲੰਧਰ ਵਿਚ ਸੜਕ ਹਾਦਸਿਆਂ ਦੌਰਾਨ 10 ਫੀਸਦੀ ਮੌਤਾਂ ਹੁੰਦੀਆਂ ਹਨ ਜਦਕਿ ਪੰਜਾਬ ਦੇ ਵੱਖ-ਵੱਖ ਕੋਨਿਆਂ ਵਿਚ ਰੋਜ਼ਾਨਾ 14 ਲੋਕ ਮੌਤ ਦੇ ਮੂੰਹ ਵਿਚ ਜਾਂਦੇ ਹਨ। ਸੜਕ ਹਾਦਸਿਆਂ ਵਿਚ ਮੌਤਾਂ ਸ਼ਹਿਰੀ ਖੇਤਰ ਵਿਚ 40 ਤੋਂ 50 ਫੀਸਦੀ ਹੁੰਦੀਆਂ ਹਨ। ਸੜਕ ਹਾਦਸਿਆਂ ਵਿਚ ਮਰਨ ਵਾਲਿਆਂ 'ਚ ਸਭ ਤੋਂ ਵੱਧ ਮੌਤਾਂ ਸ਼ਰਾਬ ਪੀ ਕੇ ਵਾਹਨ ਚਲਾਉਣ ਨਾਲ ਹੋ ਰਹੀਆਂ ਹਨ। ਪੰਜਾਬ ਦੀ ਅਬਾਦੀ ਭਾਵੇਂ ਭਾਰਤ ਦੀ ਕੁੱਲ ਅਬਾਦੀ ਦਾ 2.30 ਪ੍ਰਤੀਸ਼ਤ ਹੀ ਹੈ, ਪਰ ਸੜਕ ਹਾਦਸਿਆਂ ਦੀ ਦਰ 3.3 ਫੀਸਦੀ ਤੋਂ 3.5 ਫੀਸਦੀ ਹੈ। ਪੰਜਾਬ ਦੀਆਂ ਸੜਕਾਂ 'ਤੇ ਹਰ ਸਾਲ 10 ਫੀਸਦੀ ਤੋਂ 11 ਫੀਸਦੀ ਵਾਹਨ ਉਤਰਦੇ ਹਨ। ਸਾਲ 2001 ਵਿਚ



ਪੰਜਾਬ 'ਚ 29 ਲੱਖ 10 ਹਜ਼ਾਰ 233 ਵਾਹਨ, 2013 ਵਿਚ 67 ਲੱਖ 83 ਹਜ਼ਾਰ 614 ਵਾਹਨ, 2014 'ਚ 75 ਲੱਖ 17 ਹਜ਼ਾਰ 683 ਵਾਹਨ ਤੇ 2015 ਵਿਚ 82 ਲੱਖ 87 ਹਜ਼ਾਰ 500 ਵਾਹਨ ਰਜਿਸਟਰਡ ਹੋਏ ਹਨ।

2013 ਵਿਚ 51 ਲੱਖ 31 ਹਜ਼ਾਰ 51 ਦੋ ਪਹੀਆ, 2014 'ਚ 56 ਲੱਖ 70 ਹਜ਼ਾਰ 670 ਦੋ ਪਹੀਆ ਵਾਹਨ, 2015 ਵਿਚ 62 ਲੱਖ 58 ਹਜ਼ਾਰ 303 ਦੋ ਪਹੀਆ ਵਾਹਨ, 2013 'ਚ 7 ਲੱਖ 73 ਹਜ਼ਾਰ 970 ਕਾਰ/ਜੀਪ, 2014 ਵਿਚ 8 ਲੱਖ 99 ਹਜ਼ਾਰ 726 ਕਾਰ/ਜੀਪ, 2015 'ਚ 10 ਲੱਖ 20 ਹਜ਼ਾਰ 891 ਕਾਰ/ਜੀਪ ਤੇ 2013 'ਚ 8 ਲੱਖ 78 ਹਜ਼ਾਰ 593 ਹੋਰ ਵਾਹਨ, 2014 'ਚ 9 ਲੱਖ 47 ਹਜ਼ਾਰ 287 ਹੋਰ ਵਾਹਨ, 2015 ਵਿਚ 10 ਲੱਖ 8 ਹਜ਼ਾਰ 306 ਹੋਰ ਵਾਹਨ ਰਜਿਸਟਰਡ ਹੋਏ ਹਨ।

## ਚੌਟਾਲਾ ਦੀ ਪੈਰੋਲ ਰੱਦ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਇਨੈਲੋ ਮੁਖੀ ਓ.ਪੀ. ਚੌਟਾਲਾ ਨੂੰ ਮੈਡੀਕਲ ਆਧਾਰ 'ਤੇ ਦਿੱਤੀ ਪੈਰੋਲ ਤੇ ਫਰਲੋ ਰੱਦ ਕਰ ਦਿੱਤੀ। ਅਦਾਲਤ ਅਨੁਸਾਰ ਉਨ੍ਹਾਂ ਬਿਮਾਰੀ ਦਾ ਬਹਾਨਾ ਲਾ ਕੇ ਅਦਾਲਤ ਨੂੰ ਗੁਮਰਾਹ ਕੀਤਾ ਹੈ।



ਜਸਟਿਸ ਵਿਪਿਨ ਸੰਘਵੀ ਨੇ ਇਹ ਹਦਾਇਤ ਇਕ ਵਿਅਕਤੀ ਵੱਲੋਂ ਇਹ ਦੋਸ਼ ਲਾਏ ਜਾਣ ਕਿ ਸਾਬਕਾ ਮੁੱਖ ਮੰਤਰੀ ਜਨ ਸਭਾਵਾਂ ਨੂੰ ਸੰਬੋਧਨ ਕਰ ਕੇ ਮਿਲੀ ਪੈਰੋਲ ਦੀ ਦੁਰਵਰਤੋਂ ਕਰ ਰਹੇ ਹਨ, ਉਤੇ ਦਿੱਤੀ। ਇਸ ਦੇ ਨਾਲ ਹੀ ਜੱਜ ਨੇ ਜੇਲ੍ਹ ਅਥਾਰਟੀ ਵੱਲੋਂ ਚੌਟਾਲਾ ਨੂੰ ਦਿੱਤੀ ਤਿੰਨ ਹਫਤਿਆਂ ਦੀ ਫਰਲੋ ਵੀ ਖਤਮ ਕਰ ਦਿੱਤੀ ਹੈ। ਮੀਡੀਆ ਰਿਪੋਰਟਾਂ ਅਤੇ ਸ਼ਿਕਾਇਤ ਨਾਲ ਲਾਈਆਂ ਫੋਟੋਆਂ 'ਤੇ ਟਿੱਪਣੀ ਕਰਦਿਆਂ ਅਦਾਲਤ ਨੇ ਕਿਹਾ ਕਿ ਸਮੇਂ-ਸਮੇਂ ਉਤੇ ਜਨ ਸਭਾਵਾਂ ਨੂੰ ਸੰਬੋਧਨ ਕਰਨਾ ਚੌਟਾਲਾ ਦੀ ਤੰਦਰੁਸਤੀ ਨੂੰ ਦਰਸਾਉਂਦਾ ਹੈ।

## ਮਨਜੀਵ ਪੁਰੀ ਹੋਣਗੇ ਨੇਪਾਲ 'ਚ ਭਾਰਤ ਦੇ ਨਵੇਂ ਰਾਜਦੂਤ

**ਕਾਠਮੰਡੂ:** ਮਨਜੀਵ ਸਿੰਘ ਪੁਰੀ ਜੋ ਯੂਰਪੀਨ ਯੂਨੀਅਨ, ਬੈਲਜੀਅਮ ਤੇ ਲਕਸਮਬਰਗ ਵਿਖੇ ਭਾਰਤ ਦੇ ਰਾਜਦੂਤ ਹਨ, ਨੂੰ ਨੇਪਾਲ 'ਚ ਭਾਰਤ ਦਾ ਨਵਾਂ ਰਾਜਦੂਤ ਥਾਪਿਆ ਗਿਆ ਹੈ।

ਭਾਰਤੀ ਦੂਤਾਵਾਸ ਦੇ ਸੂਤਰਾਂ ਨੇ ਦੱਸਿਆ ਹੈ ਕਿ ਪੁਰੀ ਨੂੰ ਨੇਪਾਲ 'ਚ ਭਾਰਤੀ ਰਾਜਦੂਤ ਰਣਜੀਤ ਰਾਏ ਦਾ ਕਾਰਜਕਾਲ ਖਤਮ ਹੋਣ ਕਰ ਕੇ ਨਵਾਂ ਰਾਜਦੂਤ ਬਣਾਇਆ ਜਾ ਰਿਹਾ ਹੈ।

# ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵੱਲੋਂ ਇਕ ਲੱਖ ਤਨਖਾਹ ਲੈਣ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਸਵੈਇੱਛਾ ਨਾਲ ਆਪਣੀ ਤਨਖਾਹ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਵਿਚੋਂ ਦੋ ਲੱਖ ਰੁਪਏ ਗੁਰੂ ਘਰ ਲਈ ਛੱਡਦਿਆਂ ਇਕ ਲੱਖ ਰੁਪਏ ਪ੍ਰਤੀ ਮਹੀਨਾ ਲੈਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਇਸ ਵਰ੍ਹੇ ਦੇ ਜਨਵਰੀ ਮਹੀਨੇ ਤੋਂ ਲਾਗੂ ਹੋਵੇਗਾ।



ਸ਼੍ਰੋਮਣੀ ਕਮੇਟੀ ਵੱਲੋਂ ਸੰਸਥਾ ਦੇ ਪ੍ਰਬੰਧਾਂ ਨੂੰ ਹੋਰ ਵਧੇਰੇ ਸੁਚਾਰੂ ਢੰਗ ਨਾਲ ਚਲਾਉਣ ਲਈ ਇਹ ਵਿਸ਼ੇਸ਼ ਅਹੁਦਾ ਸਥਾਪਤ ਕੀਤਾ ਗਿਆ ਸੀ ਅਤੇ ਇਸ ਅਹੁਦੇ ਲਈ ਅਗਸਤ 2015 ਵਿਚ ਮੁੱਖ ਸਕੱਤਰ ਵਜੋਂ ਹਰਚਰਨ ਸਿੰਘ ਦੀ ਨਵੀਂ ਨਿਯੁਕਤੀ ਕੀਤੀ ਗਈ ਸੀ। ਉਨ੍ਹਾਂ ਨੂੰ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦਾ ਪੈਕੇਜ ਤੈਅ ਕੀਤਾ ਗਿਆ ਸੀ। ਇੰਨੀ ਤਨਖਾਹ ਅਤੇ ਨਵੇਂ ਅਹੁਦੇ ਦੀ ਸਿਰਜਣਾ ਕਾਰਨ ਇਹ ਮਾਮਲਾ ਵਿਵਾਦ ਦਾ ਮੁੱਦਾ ਵੀ ਬਣਿਆ ਸੀ, ਜਿਸ ਨੂੰ ਕੁਝ ਸਿੱਖ ਜਥੇਬੰਦੀਆਂ ਵੱਲੋਂ ਅਦਾਲਤ ਵਿਚ ਵੀ ਚੁਣੌਤੀ ਦਿੱਤੀ ਗਈ ਸੀ। ਇਹ ਮਾਮਲਾ ਅਕਤੂਬਰ 2015 ਤੋਂ ਅਦਾਲਤ ਦੇ ਵਿਚਾਰ ਅਧੀਨ ਹੈ।

ਲਗਭਗ 71 ਸਾਲਾਂ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਆਪਣੀ ਕੁੱਲ ਤਨਖਾਹ ਵਿਚੋਂ 65 ਫੀਸਦੀ ਤਨਖਾਹ ਛੱਡ ਦਿੱਤੀ ਹੈ ਅਤੇ ਸਿਰਫ 35 ਫੀਸਦੀ ਲਗਭਗ ਇਕ ਲੱਖ ਰੁਪਏ ਸਵੈ ਇੱਛਾ ਨਾਲ ਤਨਖਾਹ ਲੈਣ ਦੀ ਇੱਛਾ ਪ੍ਰਗਟਾਈ ਹੈ।

# ਸਰਕਾਰ ਕੋਲ ਉਦਘਾਟਨ ਕੀਤੀਆਂ ਯਾਦਗਾਰਾਂ ਮੁਕੰਮਲ ਕਰਨ ਲਈ ਪੈਸੇ ਮੁੱਕੇ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਅਧੂਰੀਆਂ ਯਾਦਗਾਰਾਂ ਦੇ ਉਦਘਾਟਨ ਤਾਂ ਕਰ ਦਿੱਤੇ, ਪਰ ਹੁਣ ਇਨ੍ਹਾਂ ਨੂੰ ਮੁਕੰਮਲ ਕਰਨ ਅਤੇ ਰੱਖ ਰਖਾਅ ਦੇ ਪ੍ਰਬੰਧਾਂ ਦਾ ਸੰਕਟ ਪੈਦਾ ਹੋ ਗਿਆ ਹੈ। ਸੂਬੇ ਦੀ ਖਰਾਬ ਵਿੱਤੀ ਹਾਲਤ ਦੇ ਮੱਦੇਨਜ਼ਰ ਵਿੱਤ ਵਿਭਾਗ ਨੇ ਹੋਰ ਪੈਸਾ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ ਤਾਂ ਪੰਜਾਬ ਸਰਕਾਰ ਨੇ ਪਹਿਲਾਂ ਹੀ ਘਾਟੇ ਵਿਚ ਜਾ ਰਹੀਆਂ ਕਈ ਕਾਰਪੋਰੇਸ਼ਨਾਂ ਅਤੇ ਬੋਰਡਾਂ ਤੋਂ ਕਰਜ਼ ਲੈਣ ਦਾ ਫੈਸਲਾ ਕਰ ਲਿਆ ਹੈ। ਮੀਟਿੰਗ ਵਿਚ ਸ਼ਾਮਲ ਇਕ ਉਚ ਅਧਿਕਾਰੀ ਨੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ।

ਸੂਤਰਾਂ ਅਨੁਸਾਰ ਚੋਣ ਜ਼ਾਬਤਾ ਲੱਗਣ ਤੋਂ ਬਾਅਦ 7 ਜਨਵਰੀ 2017 ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਵਿਚ ਹੋਈ ਉਚ ਪੱਧਰੀ ਮੀਟਿੰਗ ਵਿਚ ਯਾਦਗਾਰਾਂ ਸਬੰਧੀ ਜਾਇਜ਼ਾ ਲਿਆ ਗਿਆ। ਮੀਟਿੰਗ ਦੌਰਾਨ ਸਭਿਆਚਾਰਕ ਮਾਮਲੇ ਵਿਭਾਗ ਦੇ ਸਕੱਤਰ ਵੱਲੋਂ



ਪ੍ਰੋਜੈਕਟਾਂ ਨੂੰ ਮੁਕੰਮਲ ਕਰਨ ਲਈ ਤੁਰਤ 149.60 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਗਈ।

ਵਿਭਾਗ ਅਨੁਸਾਰ ਭਗਵਾਨ ਵਾਲਮੀਕ ਤੀਰਥ ਸਥਲ ਲਈ 5 ਕਰੋੜ ਰੁਪਏ, ਗੁਰੂ ਰਵਿਦਾਸ ਮੈਮੋਰੀਅਲ ਖੁਰਾਲਗੜ੍ਹ ਲਈ 82 ਕਰੋੜ ਰੁਪਏ, ਫਿਰੋਜ਼ਪੁਰ ਸਥਿਤ ਭਾਈ ਮਰਦਾਨਾ ਜੀ ਯਾਦਗਾਰ ਲਈ 3 ਕਰੋੜ, ਬਾਬਾ ਮੋਤੀ ਰਾਮ ਮਹਿਰਾ ਯਾਦਗਾਰ ਫਤਿਹਗੜ੍ਹ ਸਾਹਿਬ ਲਈ 4 ਕਰੋੜ, ਗੁਰੂ ਵੀਰਜਾਨੰਦ ਮੈਮੋਰੀਅਲ ਲਈ 7.50 ਕਰੋੜ ਰੁਪਏ, ਭਾਈ ਜੈਤਾ ਜੀ ਮੈਮੋਰੀਅਲ ਲਈ 17 ਕਰੋੜ ਰੁਪਏ ਅਤੇ ਜੰਗੀ ਯਾਦਗਾਰ ਲਈ 31 ਕਰੋੜ ਰੁਪਏ ਤੁਰਤ ਚਾਹੀਦੇ ਹਨ। ਇਸ ਤੋਂ ਪਹਿਲਾਂ ਹੋਈ ਮੀਟਿੰਗ ਵਿਚ ਇਨ੍ਹਾਂ ਯਾਦਗਾਰਾਂ ਦੇ ਰੱਖ ਰਖਾਅ ਲਈ 50 ਕਰੋੜ ਰੁਪਏ ਦਾ ਇਕ ਕਾਰਪਸ ਫੰਡ ਸਥਾਪਤ ਕਰਨ ਦਾ ਫੈਸਲਾ ਹੋਇਆ ਸੀ। ਇਸ ਵਿਚ ਜੰਗ-ਏ-ਆਜ਼ਾਦੀ ਮੈਮੋਰੀਅਲ ਲਈ 25 ਕਰੋੜ, ਭਗਵਾਨ ਵਾਲਮੀਕ ਤੀਰਥ ਸਥਲ ਲਈ 10 ਕਰੋੜ, ਗੁਰੂ ਰਵਿਦਾਸ ਮੈਮੋਰੀਅਲ ਲਈ 10 ਕਰੋੜ ਰੁਪਏ ਸ਼ਾਮਲ ਸਨ। ਕਾਰਪਸ ਫੰਡ ਲਈ ਵਿੱਤ ਵਿਭਾਗ ਨੇ ਪਹਿਲਾਂ ਹੀ 50 ਕਰੋੜ ਰੁਪਏ ਮਨਜ਼ੂਰ ਕਰ ਦਿੱਤੇ ਹਨ ਅਤੇ ਬਿੱਲ ਖਜ਼ਾਨੇ ਵਿਚ ਹਨ। ਪੰਜਾਬ ਸਰਕਾਰ ਦੇ ਬਜਟ ਵਿਚ 35 ਕਰੋੜ ਰੁਪਏ ਸਭਿਆਚਾਰ ਮਾਮਲੇ ਵਿਭਾਗ ਲਈ ਰੱਖਿਆ ਹੋਇਆ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਵਿਭਾਗ ਇਸ ਮੌਕੇ ਹੋਰ ਕੋਈ ਵੀ ਰਾਸ਼ੀ ਜਾਰੀ ਕਰਨ ਦੀ ਸਥਿਤੀ ਵਿਚ ਨਹੀਂ ਹੈ।

## ਕਾਰਪੋਰੇਸ਼ਨਾਂ ਤੇ ਬੋਰਡਾਂ ਤੋਂ ਕਰਜ਼ ਲੈਣ ਦੀ ਤਿਆਰੀ

**ਚੰਡੀਗੜ੍ਹ:** ਮੁੱਖ ਮੰਤਰੀ ਦੀ ਹਦਾਇਤ ਉਤੇ ਵੱਖ-ਵੱਖ ਕਾਰਪੋਰੇਸ਼ਨਾਂ ਅਤੇ ਬੋਰਡਾਂ ਤੋਂ ਕਰਜ਼ ਲੈਣ ਦਾ ਫੈਸਲਾ ਕੀਤਾ ਗਿਆ ਹੈ। ਤਜਵੀਜ਼ ਅਨੁਸਾਰ ਪੁੱਡਾ ਤੋਂ 10 ਕਰੋੜ, ਪੰਜਾਬ ਰਾਜ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਤੋਂ 10 ਕਰੋੜ, ਪਾਵਰਕੌਮ ਤੋਂ 5 ਕਰੋੜ, ਪੰਜਾਬ ਤਕਨੀਕੀ ਸਿੱਖਿਆ ਬੋਰਡ ਤੋਂ 10 ਕਰੋੜ, ਮੰਡੀ ਬੋਰਡ ਤੋਂ 5 ਕਰੋੜ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ 10 ਕਰੋੜ ਅਤੇ ਇਸੇ ਤਰ੍ਹਾਂ ਹੋਰਾਂ ਤੋਂ ਪੈਸਾ ਉਧਾਰ ਲੈਣਾ ਹੈ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਘਾਟੇ ਵਿਚ ਜਾ ਰਹੀ ਪਾਵਰਕੌਮ ਦੇ ਅਧਿਕਾਰੀਆਂ ਨੇ ਸਿਆਸੀ 'ਬੌਸਾਂ' ਨੂੰ ਰਿਝਾਉਣ ਲਈ 25 ਕਰੋੜ ਰੁਪਏ ਕੈਂਸਰ ਰਾਹਤ ਫੰਡ ਅਤੇ 5 ਕਰੋੜ ਰੁਪਏ ਪੁਰਾਤੱਤਵ ਵਿਭਾਗ ਨੂੰ ਦਿੱਤੇ ਸਨ।

# ਪੰਜਾਬ ਲਈ ਹੁਣ ਨਹਿਰ ਦੀ ਉਸਾਰੀ ਰੋਕਣਾ ਬਣੀ ਵੰਗਾਰ

**ਨਵੀਂ ਦਿੱਲੀ:** ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਜਾਰੀ ਰੇੜਕੇ ਦਰਮਿਆਨ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਦਿੱਤੇ ਸਖਤ ਸੁਨੇਹੇ ਵਿਚ ਸਾਫ ਕਰ ਦਿੱਤਾ ਹੈ ਕਿ ਉਹ ਐਸ.ਵਾਈ.ਐਲ. ਦੀ ਉਸਾਰੀ ਬਾਰੇ ਆਪਣੇ ਫੈਸਲੇ ਨੂੰ ਲਾਗੂ ਕਰਨ ਲਈ ਦ੍ਰਿੜ੍ਹ ਹੈ। ਅਦਾਲਤ ਨੇ ਪੰਜਾਬ ਨੂੰ ਕਿਹਾ ਹੈ ਕਿ ਹਰਿਆਣਾ ਤੇ ਪੰਜਾਬ ਵਿਚ ਐਸ.ਵਾਈ.ਐਲ. ਨਹਿਰ ਦੀ ਉਸਾਰੀ ਲਈ ਸੁਣਾਏ ਉਸ ਦੇ ਫੈਸਲੇ ਨੂੰ ਹਰ ਹਾਲ ਲਾਗੂ ਕਰਨਾ

### ਸੁਪਰੀਮ ਕੋਰਟ ਦਾ ਪੰਜਾਬ ਸਰਕਾਰ ਨੂੰ ਸਖਤ ਸੁਨੇਹਾ



ਹੋਵੇਗਾ। ਇਸ ਦੌਰਾਨ ਪੰਜਾਬ ਸਰਕਾਰ ਨੇ ਇਸ ਸਾਰੇ ਮਾਮਲੇ ਵਿਚ ਕੇਂਦਰ ਸਰਕਾਰ ਦੀ ਵਿਚੋਲਗੀ ਲਈ ਅਪੀਲ ਕੀਤੀ ਹੈ। ਕੇਸ ਦੀ ਅਗਲੀ ਸੁਣਵਾਈ 28 ਮਾਰਚ ਨੂੰ ਹੋਵੇਗੀ।

ਦੋ ਮੈਂਬਰੀ ਬੈਂਚ ਵਿਚ ਸ਼ਾਮਲ ਜਸਟਿਸ ਪੀ.ਸੀ.ਘੋਸ਼ ਤੇ ਅਮਿਤਵਾ ਰੌਇ ਨੇ ਸੁਣਵਾਈ ਦੌਰਾਨ ਸਾਫ ਕਰ ਦਿੱਤਾ ਕਿ ਉਹ ਪੰਜਾਬ ਦੇ ਇਸ ਤਰਕ ਕੇ ਉਹ ਪੰਜ ਮੈਂਬਰੀ ਸੰਵਿਧਾਨਕ ਬੈਂਚ, ਜਿਸ ਨੇ ਪੰਜਾਬ ਸਰਕਾਰ ਦੇ ਪਾਣੀਆਂ ਬਾਰੇ ਸਮਝੌਤਿਆਂ (ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ 2004) ਨੂੰ ਰੱਦ ਕਰਨ ਦੇ ਫੈਸਲੇ ਨੂੰ ਗੈਰ ਸੰਵਿਧਾਨਕ ਕਰਾਰ ਦਿੱਤਾ ਸੀ, ਨੂੰ ਮੰਨਣ ਲਈ ਪਾਬੰਦ ਹੈ, ਉਤੇ ਗੌਰ ਕਰੇਗੀ। ਪੰਜਾਬ ਸਰਕਾਰ ਨੇ ਪਿਛਲੀ ਸੁਣਵਾਈ ਦੌਰਾਨ ਹਲਫਨਾਮਾ ਦਾਇਰ ਕਰ ਕੇ ਪੰਜਾਬ ਸਰਕਾਰ ਵੱਲੋਂ ਪਾਣੀਆਂ ਬਾਰੇ ਸਮਝੌਤਿਆਂ ਨੂੰ ਰੱਦ ਕਰਨ ਵਾਲੇ ਐਕਟ ਦੇ ਅਜੇ ਤੱਕ ਅਮਲ ਵਿਚ ਹੋਣ ਦੀ ਗੱਲ ਦੁਹਰਾਈ ਸੀ। ਯਾਦ ਰਹੇ ਕਿ ਪੰਜ ਜੱਜਾਂ ਦੇ ਬੈਂਚ ਨੇ ਰਾਸ਼ਟਰਪਤੀ ਦੀ ਰਾਏ ਦਾ ਜਵਾਬ ਦਿੰਦਿਆਂ ਪਿਛਲੇ ਸਾਲ ਨਵੰਬਰ ਵਿਚ ਪੰਜਾਬ ਵੱਲੋਂ ਪਾਣੀਆਂ ਬਾਰੇ ਸਮਝੌਤੇ 2004 ਨੂੰ ਰੱਦ ਕੀਤੇ ਜਾਣ ਨੂੰ ਇਹ ਕਹਿ ਕੇ ਗੈਰ ਸੰਵਿਧਾਨਕ ਕਰਾਰ ਦੇ ਦਿੱਤਾ ਸੀ ਕਿ ਇਹ ਸੁਪਰੀਮ ਕੋਰਟ ਦੇ ਇਸ ਮਾਮਲੇ ਵਿਚ 2002 ਤੇ 2004 ਦੇ ਫੈਸਲਿਆਂ ਨੂੰ ਬੇਅਸਰ ਕਰਦਾ ਹੈ।

ਪੰਜਾਬ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਆਰ.ਐਸ.ਸੂਰੀ ਨੇ ਦੋ ਮੈਂਬਰੀ ਬੈਂਚ ਨੂੰ ਦੱਸਿਆ ਕਿ ਸਰਕਾਰ ਪੰਜ ਜੱਜਾਂ ਦੇ ਬੈਂਚ ਵੱਲੋਂ ਸੁਣਾਏ ਫੈਸਲੇ ਨੂੰ ਮੰਨਣ ਲਈ ਪਾਬੰਦ ਨਹੀਂ ਕਿਉਂਕਿ ਇਹ ਫੈਸਲਾ ਨਹੀਂ ਬਲਕਿ ਰਾਸ਼ਟਰਪਤੀ ਦੀ ਰਾਏ 'ਤੇ ਸਲਾਹ ਸੀ।

ਸੂਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ 2004 ਵਿਚ ਪਾਣੀਆਂ ਬਾਰੇ ਸਮਝੌਤੇ ਨੂੰ ਰੱਦ ਕਰਨ ਸਬੰਧੀ ਫੈਸਲੇ ਨੂੰ ਪਾਸ ਕਰਨਾ ਪਿਆ ਕਿਉਂਕਿ ਜਨਵਰੀ 2003 ਵਿਚ ਉਸ ਵੱਲੋਂ ਦਾਇਰ ਪਾਣੀ ਸਬੰਧੀ ਸ਼ਿਕਾਇਤਾਂ 'ਤੇ ਕੋਈ ਕਾਰਵਾਈ ਨਹੀਂ ਹੋਈ ਤੇ ਨਾ ਹੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਵਾਟਰ ਟ੍ਰਿਬਿਊਨਲ ਬਣਾਇਆ ਗਿਆ। ਉਧਰ, ਹਰਿਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਸ਼ਿਆਮ ਦੀਵਾਨ ਨੇ ਪੰਜਾਬ ਵੱਲੋਂ ਦਾਇਰ ਹਲਫਨਾਮੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਕ ਰਾਜ ਨੂੰ ਦੂਜੇ ਵੱਲੋਂ ਪਾਸ ਕਾਨੂੰਨ ਦੀ ਵੈਧਤਾ ਨੂੰ ਚੁਣੌਤੀ ਦੇਣ ਨਾਲ ਦੇਸ਼ ਦੀ ਅਖੰਡਤਾ ਲਈ ਗੰਭੀਰ ਖਤਰਾ ਹੋ ਸਕਦਾ ਹੈ। ਇਸ ਦੌਰਾਨ ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਅਦਾਲਤ ਨੂੰ ਗੁਜ਼ਾਰਿਸ਼ ਕੀਤੀ ਕਿ ਉਹ ਇਸ ਸਾਰੇ ਮਾਮਲੇ ਨੂੰ ਗੱਲਬਾਤ ਰਾਹੀਂ ਹੱਲ ਕਰਨ ਲਈ ਕੇਂਦਰ ਸਰਕਾਰ ਨੂੰ ਵਿਚੋਲਗੀ ਲਈ ਕਹੇ।

## ਸਿੱਟ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਤੋਂ ਪੁੱਛ-ਗਿੱਛ

**ਨਵੀਂ ਦਿੱਲੀ:** ਸਿੱਖ ਕਤਲੇਆਮ ਨਾਲ ਸਬੰਧਤ 58 ਕੇਸਾਂ ਦੀ ਮੁੜ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਪੱਛਮੀ ਦਿੱਲੀ ਵਿਚ ਪਿਤਾ-ਪੁੱਤ ਦੇ ਕਤਲ ਨਾਲ ਸਬੰਧਤ ਮਾਮਲੇ ਵਿਚ ਕਾਂਗਰਸ ਆਗੂ ਸੱਜਣ ਕੁਮਾਰ ਤੋਂ ਪੁੱਛ-ਪੜਤਾਲ ਕੀਤੀ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਸੱਜਣ ਕੁਮਾਰ ਤੋਂ ਨਵੰਬਰ 1984 ਵਿਚ ਪੰਜਾਬੀ ਬਾਗ ਵਿਚ ਦੰਗਿਆਂ ਦੌਰਾਨ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਦੇ ਹੋਏ ਕਤਲ ਦੇ ਕੇਸ ਵਿਚ ਪੁੱਛ-ਪੜਤਾਲ ਕੀਤੀ ਗਈ। ਇਸ ਘਟਨਾ ਦੀ ਗਵਾਹ ਜਸਵੰਤ ਸਿੰਘ ਦੀ ਪਤਨੀ ਹੈ, ਜਿਸ ਦਾ ਕਹਿਣਾ ਹੈ ਕਿ ਉਸ ਨੇ ਸੱਜਣ ਕੁਮਾਰ ਨੂੰ ਭੀੜ ਨੂੰ ਭੜਕਾਉਂਦਿਆਂ ਦੇਖਿਆ।

ਦਿੱਲੀ ਪੁਲਿਸ ਨੇ 1991 ਵਿਚ ਪੰਜਾਬੀ ਬਾਗ ਥਾਣੇ ਵਿਚ ਕੇਸ ਦਰਜ ਕਰਵਾਇਆ ਸੀ, ਪਰ 1993 ਵਿਚ ਜਾਂਚ ਬੰਦ ਕਰ ਦਿੱਤੀ। ਸੱਜਣ ਕੁਮਾਰ ਤੋਂ ਸਿੱਖ ਕਤਲੇਆਮ ਦੇ ਕੇਸਾਂ ਵਿੱਚ ਪਿਛਲੇ ਸਾਲ ਤੋਂ ਚਾਰ ਦਫਾ ਪੁੱਛ-ਪੜਤਾਲ ਹੋ ਚੁੱਕੀ ਹੈ। ਗ੍ਰਹਿ ਮੰਤਰਾਲੇ ਵੱਲੋਂ ਕਾਇਮ ਸਿੱਟ ਨੇ ਇਸ ਜਾਂਚ ਦੀ ਪ੍ਰਗਤੀ ਬਾਰੇ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਰਿਪੋਰਟ ਦਾਖਲ ਕਰ ਦਿੱਤੀ ਹੈ, ਜਿਸ ਵਿਚ ਦੱਸਿਆ ਗਿਆ ਕਿ ਬਹੁਤੇ ਕੇਸਾਂ ਵਿਚ ਜਾਂਚ ਤਕਰੀਬਨ ਮੁਕੰਮਲ ਹੋ ਚੁੱਕੀ ਹੈ।

## ਅਕਾਲ ਤਖਤ ਦੇ ਜਥੇਦਾਰ ਵੱਲੋਂ ਰਾਜੋਆਣਾ ਨਾਲ ਮੁਲਾਕਾਤ

**ਪਟਿਆਲਾ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਤਹਿਤ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਰਾਜੋਆਣਾ ਨੇ ਸੁਣਵਾਈ ਅਧੀਨ ਪਏ ਆਪਣੇ ਕੇਸ ਦੇ ਜਲਦੀ ਨਿਬੇੜੇ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਚਾਰਾਜੋਈ 'ਤੇ ਜ਼ੋਰ ਦਿੱਤਾ, ਜਿਸ ਦੀ ਜਥੇਦਾਰ ਨੇ ਵੀ ਪ੍ਰੋੜ੍ਹਤਾ ਕੀਤੀ।

ਇਸ ਮੁਲਾਕਾਤ ਬਾਰੇ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਉਹ ਰਾਜੋਆਣਾ ਦਾ ਹਾਲ-ਚਾਲ ਪੁੱਛਣ ਗਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਰਾਜੋਆਣਾ ਦੇ ਕੇਸ ਦੀ ਪੈਰਵੀ ਕਰ ਰਹੀ ਹੈ ਤੇ ਉਹ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨਾਲ ਗੱਲ ਕਰਨਗੇ। ਉਨ੍ਹਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਮੂਹ 'ਸਿੰਘਾਂ' ਦੀ ਰਿਹਾਈ 'ਤੇ ਵੀ ਜ਼ੋਰ ਦਿੱਤਾ। ਨਾਲ ਮੁਲਾਕਾਤ ਸਬੰਧੀ ਸਵਾਲ ਉਤੇ ਉਨ੍ਹਾਂ ਕਿਹਾ ਕਿ ਜੇ ਲੋੜ ਹੋਈ ਤਾਂ ਉਹ ਹਵਾਰਾ ਨੂੰ ਵੀ ਮਿਲਣਗੇ। ਯਾਦ ਰਹੇ ਕਿ ਹਵਾਰਾ ਨੂੰ ਸਰਕਾਰ ਵਿਰੋਧੀ ਧਿਰਾਂ ਨੇ ਅਕਾਲ ਤਖਤ ਸਾਹਿਬ ਦਾ ਮੁਤਵਾਜ਼ੀ ਜਥੇਦਾਰ ਚੁਣਿਆ ਹੋਇਆ ਹੈ। ਰਾਜੋਆਣਾ ਵੱਲੋਂ ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਕੋਲ 'ਰਹਿਮ ਦੀ ਅਪੀਲ' ਦਾਇਰ ਕੀਤੀ ਸੀ। ਇਸ ਅਪੀਲ ਦਾ ਨਿਬੇੜਾ ਨਾ ਹੋਣ ਦੇ ਰੋਸ ਵਜੋਂ ਰਾਜੋਆਣਾ ਨੇ ਪਿਛਲੇ ਸਾਲ ਮਰਨ ਵਰਤ ਵੀ ਰੱਖਿਆ ਸੀ। ਰਾਜੋਆਣਾ ਇਸ ਗੱਲੋਂ ਨਾਰਾਜ਼ ਹੈ ਕਿ ਕਈ ਮਹੀਨਿਆਂ ਵਿਚ ਸ਼੍ਰੋਮਣੀ ਕਮੇਟੀ ਰਾਸ਼ਟਰਪਤੀ ਤੋਂ ਮਿਲਣ ਦਾ ਸਮਾਂ ਹੀ ਨਹੀਂ ਲੈ ਸਕੀ। ਭਾਵੇਂ ਅੰਦਰਲੀ ਗੱਲ ਤਾਂ ਸਾਹਮਣੇ ਨਹੀਂ ਆ ਸਕੀ, ਪਰ ਜਥੇਦਾਰ ਦੀ ਇਸ ਮੁਲਾਕਾਤ ਨੂੰ ਇਸ 'ਪੇਚੀਦਾ' ਹਾਲਾਤ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।

## ਪੱਤਰਕਾਰ ਖੁਦਕੁਸ਼ੀ ਕੇਸ 'ਚ ਕਾਂਗਰਸੀ ਲੀਡਰ ਨੂੰ ਕੈਦ

**ਅੰਬਾਲਾ:** ਅਦਾਲਤ ਨੇ ਹਰਿਆਣਾ ਦੇ ਸਾਬਕਾ ਚੀਫ ਪਾਰਲੀਮਾਨੀ ਸਕੱਤਰ ਰਾਮ ਕ੍ਰਿਸ਼ਨ ਗੁੱਜਰ ਤੇ ਦੋ ਹੋਰਾਂ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿਚ ਚਾਰ ਸਾਲ ਦੀ ਸਜ਼ਾ ਸੁਣਾਈ ਹੈ। ਅੰਬਾਲਾ ਦੇ ਐਡੀਸ਼ਨਲ ਸੈਸ਼ਨ ਜੱਜ ਸੰਜੀਵ ਆਰੀਆ ਨੇ ਰਾਮ ਕ੍ਰਿਸ਼ਨ ਗੁੱਜਰ, ਅਜੀਤ ਅਗਰਵਾਲ ਤੇ ਵਿਜੇ ਅਗਰਵਾਲ ਨੂੰ ਸਜ਼ਾ ਦੇ ਨਾਲ-ਨਾਲ ਤਿੰਨਾਂ ਨੂੰ 10,000 ਰੁਪਏ ਪ੍ਰਤੀ ਵਿਅਕਤੀ ਜੁਰਮਾਨਾ ਕੀਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਪੰਜ ਲੱਖ ਰੁਪਏ ਪੀੜਤ ਪਰਿਵਾਰ ਨੂੰ ਜੁਰਮਾਨਾ ਦੇਣ ਲਈ ਵੀ ਆਖਿਆ ਹੈ।

ਰਾਮ ਕ੍ਰਿਸ਼ਨ ਗੁੱਜਰ ਨਰਾਇਣਗੜ੍ਹ ਤੋਂ ਦੋ ਵਾਰ ਵਿਧਾਇਕ ਰਹੇ ਚੁੱਕੇ ਹਨ। ਅਸਲ ਵਿਚ ਨਰਾਇਣਗੜ੍ਹ ਦੇ ਪੱਤਰਕਾਰ ਪੰਕਜ ਖੰਨਾ ਨੇ 10 ਜੂਨ, 2009 ਨੂੰ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ ਸੀ। ਪੰਕਜ ਨੇ ਆਪਣੇ ਖੁਦਕੁਸ਼ੀ ਨੋਟ ਵਿਚ ਵਿਧਾਇਕ ਗੁੱਜਰ ਤੇ ਉਸ ਦੇ ਦੋ ਸਾਥੀਆਂ ਨੂੰ ਜ਼ਿੰਮੇਵਾਰ ਦੱਸਿਆ ਸੀ। ਪੰਕਜ ਦਾ ਦੋਸ਼ ਸੀ ਕਿ ਵਿਧਾਇਕ ਤੇ ਉਸ ਦੇ ਦੋ ਸਾਥੀਆਂ ਨੇ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਹੈ।

## ਨੋਟਬੰਦੀ ਬਾਰੇ ਰਾਜ਼ ਖੋਲ੍ਹਣ ਤੋਂ ਨਾਂਹ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਨੇ ਨੋਟਬੰਦੀ ਬਾਰੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਕ ਆਰ.ਟੀ.ਆਈ. ਵਿਚ ਪੁੱਛਿਆ ਗਿਆ ਸੀ ਕਿ 8 ਨਵੰਬਰ ਨੂੰ ਨੋਟਬੰਦੀ ਤੋਂ ਪਹਿਲਾਂ ਕੀ ਵਿੱਤ ਮੰਤਰੀ ਅਰੁਣ ਜੇਤਲੀ ਦੀ ਇਸ ਬਾਰੇ ਰਾਏ ਲਈ ਗਈ ਸੀ।


WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



TRUCK STOP 40
SAYRE, OK 73662
ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ



ਗੈਸ ਸਟੇਸ਼ਨ ਲਈ ਕੈਸ਼ੀਅਰ ਅਤੇ ਰੋਟੀਆਂ ਬਣਾਉਣ ਵਾਲੇ ਦੀ ਲੋੜ ਹੈ
ਸੰਪਰਕ ਕਰੋ, ਰਾਜ ਸਿੰਘ
ਫੋਨ: 832-512-7172



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838
ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

ਪੰਜਾਬ ਟਾਈਮਜ਼

*ਸਨਿਚਰਵਾਰ, 11 ਮਾਰਚ 2017*

## ਜੁਝਾਰੂਆਂ ਦੀ ਜੰਗ

ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਕੁਝ ਖਾਸ ਤਬਕੇ ਇਸ ਦੀ ਮਾਰ ਹੇਠ ਹਨ। ਇਸ ਸਬੰਧ ਵਿਚ ਸਭ ਤੋਂ ਪਹਿਲਾ ਨੰਬਰ ਮੁਸਲਮਾਨਾਂ ਦਾ ਹੈ। ਇਹ ਸਰਕਾਰ ਭਾਵੇਂ 'ਵਿਕਾਸ ਵਿਕਾਸ' ਕੂਕਦੀ ਰਹਿੰਦੀ ਹੈ, ਪਰ ਹਾਲ ਹੀ ਵਿਚ ਹੋਈਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੀਆਂ ਪ੍ਰਚਾਰ ਮੁਹਿੰਮਾਂ ਦੌਰਾਨ ਇਸ ਨੇ ਦਰਸਾ ਦਿੱਤਾ ਕਿ ਇਸ ਦਾ ਅਸਲ ਏਜੰਡਾ ਕੀ ਹੈ। ਕੁੱਲ 404 ਹਲਕਿਆਂ ਵਾਲੇ ਮੁਲਕ ਦੇ ਇਸ ਅਹਿਮ ਸੂਬੇ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਕ ਵੀ ਮੁਸਲਮਾਨ ਆਗੂ ਨੂੰ ਟਿਕਟ ਨਹੀਂ ਦਿੱਤੀ। ਹਿੰਦੂਤਵ ਦੀ ਗੱਡੀ 'ਤੇ ਸਵਾਰ ਹੁੰਦਿਆਂ ਇਸ ਦੇ ਆਗੂਆਂ ਦਾ ਦਾਅਵਾ ਹੈ ਕਿ ਉਤਰ ਪ੍ਰਦੇਸ਼ ਦੀਆਂ ਚੋਣਾਂ ਮੁਸਲਮਾਨਾਂ ਤੋਂ ਬਗੈਰ ਲੜੀਆਂ ਅਤੇ ਜਿੱਤੀਆਂ ਵੀ ਜਾ ਸਕਦੀ ਹਨ। ਪਿਛਲੇ ਢਾਈ ਸਾਲਾਂ ਦੌਰਾਨ ਵੱਖ ਵੱਖ ਥਾਂਈਂ ਮੁਸਲਮਾਨਾਂ ਉਤੇ ਅਣਗਿਣਤ ਹਮਲੇ ਹੋਏ, ਪਰ 'ਬੋਲਣ ਵਾਲੇ' ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮੂੰਹੋਂ ਇਕ ਵੀ ਸ਼ਬਦ ਨਾ ਸਰਿਆ। ਮਾਰ ਹੇਠ ਆਏ ਤਬਕਿਆਂ ਵਿਚੋਂ ਦੂਜਾ ਨੰਬਰ ਕਮਿਊਨਿਸਟਾਂ ਦਾ ਹੈ। ਪਿਛਲੇ ਸਾਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਾਲੀਆਂ, ਮਿਥ ਕੇ ਕੀਤੀਆਂ ਘਟਨਾਵਾਂ ਤੋਂ ਸਾਫ ਹੋ ਗਿਆ ਸੀ ਕਿ ਇਹ ਸਰਕਾਰ ਇਸ ਯੂਨੀਵਰਸਿਟੀ ਅਤੇ ਹੋਰ ਵਿਦਿਅਕ ਅਦਾਰਿਆਂ ਵਿਚ ਖੱਬੇ ਪੱਖੀ ਵਿਦਿਆਰਥੀ ਸਰਗਰਮੀ ਅਤੇ ਖੱਬੇ ਪੱਖੀ ਅਧਿਆਪਕਾਂ ਦਾ ਸਫਾਇਆ ਕਰਨ ਉਤੇ ਤੁਲੀ ਹੋਈ ਹੈ। ਹਾਲ ਹੀ ਵਿਚ ਦਿੱਲੀ ਦੇ ਰਾਮਜਸ ਕਾਲਜ ਵਿਚ ਆਰ.ਐਸ.ਐਸ. ਅਤੇ ਭਾਜਪਾ ਦੇ ਵਿਦਿਆਰਥੀ ਵਿੰਗ 'ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' (ਏ.ਬੀ.ਵੀ.ਪੀ.) ਵੱਲੋਂ ਕੀਤੀ ਬੁਰਛਾਗਰਦੀ ਇਸੇ ਕੜੀ ਦਾ ਹਿੱਸਾ ਹੈ। ਇਸ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਖੱਬੇ ਪੱਖੀ ਵਿਦਿਆਰਥੀ ਜਥੇਬੰਦੀ 'ਸਟੂਡੈਂਟਸ ਫਾਰ ਸੁਸਾਇਟੀ' ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸ ਜਥੇਬੰਦੀ ਵੱਲੋਂ ਰੱਖੇ ਸੈਮੀਨਾਰ ਨੂੰ ਡੱਕਣ ਦੀ ਧਮਕੀ ਦਿੱਤੀ ਗਈ। ਏ.ਬੀ.ਵੀ.ਪੀ. ਦਾ ਕਹਿਣਾ ਸੀ ਕਿ ਇਸ ਸੈਮੀਨਾਰ ਵਿਚ ਸੀਮਾ ਆਜ਼ਾਦ ਨੂੰ ਸੱਦਿਆ ਗਿਆ ਹੈ, ਉਸ ਨੂੰ ਬੋਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਯਾਦ ਰਹੇ, ਮਨੁੱਖੀ ਅਧਿਕਾਰਾਂ ਖਿਲਾਫ ਜੂਝ ਰਹੀ ਸੀਮਾ ਆਜ਼ਾਦ ਨੂੰ ਦੇਸ਼ ਧ੍ਰੋਹ ਅਤੇ ਮਾਓਵਾਦੀਆਂ ਨਾਲ ਸਬੰਧਾਂ ਦੇ ਦੋਸ਼ ਲਾ ਕੇ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਸੀ, ਪਰ ਚਾਰ ਸਾਲ ਪਹਿਲਾਂ ਅਗਸਤ 2014 ਵਿਚ ਅਲਾਹਾਬਾਦ ਹਾਈ ਕੋਰਟ ਨੇ ਉਸ ਅਤੇ ਉਸ ਦੇ ਪਤੀ ਵਿਸ਼ਵ ਵਿਜੇ ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਸੀ। ਉਸ ਪਿਛੋਂ ਉਹ ਲਗਾਤਾਰ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਹੇ ਹਨ। ਉਂਜ, ਚੰਡੀਗੜ੍ਹ ਦੇ ਵਿਦਿਆਰਥੀ ਡਟ ਗਏ ਅਤੇ ਸੈਮੀਨਾਰ ਨੂੰ ਸੈਮੀਨਾਰ ਹਾਲ ਵਿਚੋਂ ਕੱਢ ਕੇ ਵਾਈਸ ਚਾਂਸਲਰ ਦੇ ਦਫਤਰ ਅੱਗੇ ਲੈ ਗਏ। ਉਥੇ ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਵਿਚਾਰ ਹੀ ਪ੍ਰਗਟ ਨਹੀਂ ਕੀਤੇ, ਸਗੋਂ ਸੀਮਾ ਆਜ਼ਾਦ ਨੇ ਵੀ ਭੇਸ ਵਟਾ ਕੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਹੁਣ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਦਾ ਵੀ ਅਜਿਹਾ ਹੀ ਮਾਮਲਾ ਹੈ। ਉਸ ਅਤੇ ਪੰਜ ਹੋਰ ਸਾਥੀਆਂ ਨੂੰ ਗੜ੍ਹਚਿਰੌਲੀ (ਮਹਾਰਾਸ਼ਟਰ) ਦੀ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਹੈ। ਇਨ੍ਹਾਂ ਨੂੰ ਯੂ.ਏ.ਪੀ.ਏ. ਤਹਿਤ ਮੁਲਕ ਖਿਲਾਫ ਜੰਗ ਛੇੜਨ ਦੇ ਦੋਸ਼ਾਂ ਤਹਿਤ ਸਜ਼ਾ ਦਿੱਤੀ ਗਈ ਹੈ।

ਪ੍ਰੋ. ਸਾਈਬਾਬਾ ਨੂੰ ਪੁਲਿਸ ਨੇ ਦਿੱਲੀ ਯੂਨੀਵਰਸਿਟੀ ਤੋਂ ਮਈ 2014 ਵਿਚ ਗ੍ਰਿਫਤਾਰ ਕੀਤਾ ਸੀ। ਉਹ 90 ਫੀਸਦੀ ਅੰਗਹੀਣ ਹੈ ਅਤੇ ਮਾੜੀ ਸਿਹਤ ਦੇ ਆਧਾਰ ਉਤੇ ਅਦਾਲਤ ਨੇ ਉਸ ਨੂੰ ਮਈ 2015 ਵਿਚ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਸੀ। ਸਾਈਬਾਬਾ ਦੇ ਸਾਥੀਆਂ ਨੂੰ ਆਸ ਸੀ ਕਿ ਉਸ ਦੀ ਰਿਹਾਈ ਹੋ ਜਾਵੇਗੀ, ਕਿਉਂਕਿ ਉਸ ਖਿਲਾਫ ਪੁਖਤਾ ਦਸਤਾਵੇਜ਼ ਮਿਲੇ ਹੀ ਨਹੀਂ ਸਨ, ਪਰ ਇਹ ਪਹਿਲੀ ਵਾਰ ਹੈ ਕਿ ਅਦਾਲਤ ਨੇ ਇਲੈਕਟ੍ਰੌਨਿਕ ਸਬੂਤਾਂ ਦੇ ਆਧਾਰ ਉਤੇ ਅਜਿਹੀ ਸਜ਼ਾ ਸੁਣਾ ਦਿੱਤੀ। ਪੁਲਿਸ ਦਾ ਦਾਅਵਾ ਸੀ ਕਿ ਸਾਈਬਾਬਾ ਦੀ ਰਿਹਾਇਸ਼ ਤੋਂ ਜਿਹੜੇ ਦਸਤਾਵੇਜ਼ ਜ਼ਬਤ ਕੀਤੇ ਗਏ ਸਨ, ਉਨ੍ਹਾਂ ਵਿਚ ਉਸ ਦੇ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸਬੰਧ ਸਥਾਪਿਤ ਹੁੰਦੇ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ ਕੰਪਿਊਟਰ ਡਿਸਕਾਂ ਅਤੇ ਪੈਨ ਡਰਾਈਵਾਂ ਸ਼ਾਮਲ ਹਨ। ਜੱਜ ਨੇ ਆਪਣੇ ਫੈਸਲੇ ਵਿਚ ਸਪਸ਼ਟ ਲਿਖਿਆ ਹੈ ਕਿ ਅਪਾਹਜ ਹੋਣ ਦੀ ਕੋਈ ਛੋਟ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਪ੍ਰੋ. ਸਾਈਬਾਬਾ ਮਾਨਸਿਕ ਤੌਰ 'ਤੇ ਐਨ ਤੰਦਰੁਸਤ ਹੈ ਅਤੇ ਉਸ ਦੇ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸਬੰਧ ਹਨ। ਅਦਾਲਤ ਨੇ ਉਸ ਨੂੰ ਇਨ੍ਹਾਂ ਪਾਬੰਦੀਸ਼ੁਦਾ ਜਥੇਬੰਦੀਆਂ ਦਾ 'ਥਿੰਕਟੈਂਕ' ਵੀ ਗਰਦਾਨਿਆ ਹੈ ਜੋ ਭਾਰਤ ਦੇ ਨਿਜ਼ਾਮ ਨੂੰ ਉਲਟਾਉਣ ਲਈ ਲੜਾਈ ਲੜ ਰਹੀਆਂ ਹਨ। ਜੱਜ ਅਨੁਸਾਰ ਉਸ ਨੂੰ ਉਮਰ ਕੈਦ ਦੀ ਦਿੱਤੀ ਜਾ ਰਹੀ ਸਜ਼ਾ ਸਗੋਂ ਥੋੜ੍ਹੀ ਹੈ, ਪਰ ਇਸ ਮਾਮਲੇ ਵਿਚ ਅਦਾਲਤ ਦੇ ਹੱਥ ਬੰਨ੍ਹੇ ਹੋਏ ਹਨ ਕਿਉਂਕਿ ਇਹ ਇਸ ਤੋਂ ਵੱਧ ਸਜ਼ਾ ਦੇ ਨਹੀਂ ਸਕਦੀ। ਸਾਈਬਾਬਾ ਦੀ ਪਤਨੀ ਵਸੰਤਾ ਨੇ ਅਦਾਲਤ ਦੇ ਇਸ ਫੈਸਲੇ 'ਤੇ ਟਿੱਪਣੀ ਕੀਤੀ ਹੈ ਕਿ ਇਹ ਅਦਾਲਤ ਦਾ ਨਹੀਂ, ਸਰਕਾਰ ਦਾ ਫੈਸਲਾ ਹੈ। ਸਰਕਾਰ ਨੇ ਕੋਈ ਤਿੰਨ ਸਾਲ ਪਹਿਲਾਂ ਕੀਤੀ ਗ੍ਰਿਫਤਾਰੀ ਮੌਕੇ ਹੀ ਦਰਸਾ ਦਿੱਤਾ ਸੀ ਕਿ ਉਸ ਨੂੰ ਜੇਲ੍ਹ 'ਚ ਹੀ ਰੱਖਿਆ ਜਾਵੇਗਾ। ਦਰਅਸਲ ਭਾਰਤ ਸਰਕਾਰ ਮਾਓਵਾਦੀਆਂ ਨੂੰ ਮੁਲਕ ਲਈ ਖਤਰਾ ਮੰਨ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਤਾਂ ਆਪਣੇ ਕਾਰਜਕਾਲ ਦੌਰਾਨ ਮਾਓਵਾਦੀਆਂ ਨੂੰ 'ਮੁਲਕ ਦੀ ਸਭ ਤੋਂ ਵੱਡੀ ਅੰਦਰੂਨੀ ਸਮੱਸਿਆ' ਕਰਾਰ ਦਿੱਤਾ ਸੀ। ਇਸ ਵੇਲੇ ਮਾਓਵਾਦੀਆਂ ਨੂੰ ਖਤਮ ਕਰਨ ਦੇ ਨਾਂ ਉਤੇ ਆਦਿਵਾਸੀ ਇਲਾਕਿਆਂ ਵਿਚ 2 ਲੱਖ ਤੋਂ ਉਪਰ ਸੁਰੱਖਿਆ ਬਲ ਤਾਇਨਾਤ ਕੀਤੇ ਹੋਏ ਹਨ। ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਇਲਾਕਿਆਂ ਵਿਚ ਜਾਣ ਤੋਂ ਰੋਕਿਆ ਜਾ ਰਿਹਾ ਹੈ। ਸਰਕਾਰ ਇਨ੍ਹਾਂ ਤੱਤੇ ਖੱਬੇਪੱਖੀਆਂ ਨੂੰ ਚੁਫੇਰਿਓਂ ਘੇਰਾ ਪਾਉਣ ਦੇ ਯਤਨਾਂ ਵਿਚ ਹੈ। ਇਸੇ ਕਰ ਕੇ ਇਨ੍ਹਾਂ ਦੇ ਹੱਕ ਵਿਚ ਬੁਲੰਦ ਕੀਤੀ ਜਾ ਰਹੀ ਹਰ ਆਵਾਜ਼ ਨੂੰ ਬੰਦ ਕਰਨ ਲਈ ਨਿੱਤ ਨਵੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ। ਪ੍ਰੋ. ਸਾਈਬਾਬਾ ਨੂੰ ਦਿੱਤੀ ਸਜ਼ਾ ਵੀ ਇਸੇ ਸਕੀਮ ਦਾ ਹੀ ਹਿੱਸਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਰਾਂ ਤੇ ਹਾਰਿਆਂ ਦਾ ਦਿਨ!*

ਢੋਲ ਖੜਕਣੇ ਕਈਆਂ ਦੇ ਘਰਾਂ ਅੱਗੇ, ਐਪਰ ਕਿਸੇ ਦਾ ਕਾਲਜਾ ਡੋਲਣਾ ਏ।
ਕਿਸੇ ਥੱਲਿਓਂ ਕੁਰਸੀ ਨੇ ਖਿਸਕ ਜਾਣਾ, ਖਾਤਾ ਬਹੁਤਿਆਂ ਨਵਾਂ ਹੀ ਖੋਲ੍ਹਣਾ ਏ।
'ਹਾਰ' ਦੇਖ ਕੇ ਗਲਾਂ ਵਿਚ ਜਿੱਤਿਆਂ ਦੇ, ਜ਼ਹਿਰ 'ਹਾਰਿਆਂ' ਵਿਚੇ ਵਿਚ ਘੋਲਣਾ ਏ।
ਭੇੜ ਜਾਭਾਂ ਦੇ ਚੱਲਣਗੇ ਚੈਨਲਾਂ ਉਤੇ, ਪੱਤਰਕਾਰਾਂ ਨੇ ਤੱਤ ਪੜਚੋਲਣਾ ਏ।
ਪੱਚੀ ਸਾਲਾਂ ਦੇ ਰਾਜ ਦਾ ਲਿਆ ਸੁਪਨਾ, ਕਿਸੇ ਗੱਪਾਂ ਦੇ ਢੇਰ 'ਚੋਂ ਟੋਲਣਾ ਏ।
ਸੈਂਤੀ ਦਿਨਾਂ ਦੀ ਚੁੱਪ ਪਿਛੋਂ ਜਿਸ ਦਿਨ, 'ਈ. ਵੀ. ਐਮ' ਮਸ਼ੀਨ ਨੇ ਬੋਲਣਾ ਏ!

# ਦਿੱਲੀ ਗੁਰਦੁਆਰਾ ਚੋਣਾਂ ਅਤੇ ਸਿੱਖੀ ਸਿਧਾਂਤ

*ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਦਾ ਕਾਰਜ ਨਜਿੱਠਿਆ ਗਿਆ ਹੈ। ਇਹ ਚੋਣਾਂ ਵੀ ਪਹਿਲਾਂ ਨਾਲੋਂ ਕੋਈ ਵੱਖਰੀਆਂ ਨਹੀਂ ਸਨ। ਚੋਣਾਂ ਜਿੱਤਣ ਲਈ ਉਹੀ ਦਾਅ-ਪੇਚ, ਉਹੀ ਸਿਆਸਤ। ਇਨ੍ਹਾਂ ਦਾਅ-ਪੇਚਾਂ ਅਤੇ ਸਿਆਸਤ ਕਾਰਨ ਸਿੱਖੀ ਸਿਧਾਂਤ ਇਕ ਵਾਰ ਫਿਰ ਦਰਕਿਨਾਰ ਕਰ ਦਿੱਤੇ ਗਏ। ਇਸ ਅਹਿਮ ਮਸਲੇ ਬਾਰੇ ਇਹ ਲੇਖ 'ਦਿੱਲੀ ਗੁਰਦੁਆਰਾ ਚੋਣਾਂ ਅਤੇ ਸਿੱਖੀ ਸਿਧਾਂਤ' ਕੈਨੇਡਾ ਦੇ ਸ਼ਹਿਰ ਐਡਮੰਟਨ ਤੋਂ ਛਪਦੇ ਪਰਚੇ 'ਏਸ਼ੀਅਨ ਵਿਜ਼ਨ' ਦੇ ਸੰਪਾਦਕ ਹਰਪ੍ਰੀਤ ਸਿੰਘ ਨੇ ਲਿਖਿਆ ਹੈ। ਇਸ ਵਿਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਤੇ ਸਿੱਖੀ ਸਿਧਾਂਤਾਂ ਬਾਰੇ ਚਰਚਾ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ*

**ਹਰਪ੍ਰੀਤ ਸਿੰਘ (ਕੈਨੇਡਾ)**
ਫੋਨ: 780-200-9289

ਗੁਰਦੁਆਰਾ ਉਹ ਪਵਿਤਰ ਪਾਠਸ਼ਾਲਾ ਹੈ ਜਿਥੇ ਭੇਦ-ਭਾਵ, ਰੰਗ-ਰੂਪ, ਨਸਲ, ਅਖੌਤੀ ਊਚ-ਨੀਚ, ਅਮੀਰੀ-ਗ਼ਰੀਬੀ ਅਤੇ ਖਿੱਤਿਆਂ ਦੇ ਵਖਰੇਵਿਆਂ ਆਦਿ ਸਭ ਨੂੰ ਮਨਫ਼ੀ ਕਰਨ ਦੀ ਸਿੱਖਿਆ ਦੇਣ ਵਾਲਾ ਗਿਆਨ ਗੁਰੂ, ਗੁਰੂ ਗ੍ਰੰਥ ਸਾਹਿਬ ਹੀ ਮੁੱਖ ਧੁਰਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸ੍ਰਿਸ਼ਟੀ ਦੀ ਵੰਨ-ਸੁਵੰਨਤਾ (ਅਨੇਕਤਾ) ਵਿਚੋਂ ਇਕ ਅਕਾਲ ਪੁਰਖ ਨੂੰ ਤੱਕਣ, ਸਮਝਣ ਅਤੇ ਮਹਿਸੂਸ ਕਰਨ ਦਾ ਗੁਰ ਦਸਦਿਆਂ ਜੀਵ ਨੂੰ ਆਪਣੀ ਜੀਵਨ ਧਾਰਾ ਨੂੰ ਅੱਗੇ ਤੋਰਨ ਦਾ ਵੱਲ ਸਿਖਾਉਂਦੀ ਹੈ। ਗੁਰਬਾਣੀ, ਜੀਵ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਉਂਦਿਆਂ ਉਸ ਨੂੰ ਗੁਣਾਂ ਦਾ ਧਾਰਨੀ ਬਣਾ ਕੇ, ਸੋਹਣਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੰਦਿਆਂ ਉਸ ਦਾ ਮਾਰਗ ਦਰਸ਼ਨ ਕਰਦੀ ਹੈ।

ਸਿੱਖ ਦਾ ਗੁਰਦੁਆਰੇ ਜਾਣ ਦਾ ਮੁੱਖ ਮੰਤਵ ਹੀ ਗੁਰੂ ਦੇ ਹੁਕਮ ਨੂੰ ਸਮਝਣ, ਵਿਚਾਰਨ, ਵਿਹਾਰਨ ਅਤੇ ਪ੍ਰਚਾਰਨ ਦਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖ ਦੁਨੀਆ ਨੂੰ ਕਦੇ ਬੋਲ ਕੇ ਨਹੀਂ ਦਸਦਾ ਕਿ ਉਹ ਕੌਣ ਹੈ। ਉਸ ਦੀ ਗੁਰਮਤਿ ਜੀਵਨ-ਸ਼ੈਲੀ ਹੀ ਉਸ ਦੇ ਗੁਣਾਂ ਨੂੰ ਪ੍ਰਗਟ ਕਰਦੀ ਹੈ। ਉਸ ਦਾ ਹਰ ਕਦਮ ਗੁਰੂ ਦੇ ਹੁਕਮ ਵਿਚ ਉਠਦਾ ਹੈ, ਸਿੱਖ (ਸਿਖਿਆਰਥੀ) ਦਾ ਚਾਲ-ਚਲਣ, ਕਾਰ-ਵਿਹਾਰ ਅਤੇ ਬੋਲ-ਬਾਣੀ ਗੁਰੂ ਗਿਆਨ ਦੇ ਪ੍ਰਭਾਵ ਅਧੀਨ ਹੋ ਜਾਂਦੀ ਹੈ। ਜਦੋਂ ਗੁਰਸਿੱਖ ਦਾ ਜੀਵਨ ਗੁਰਬਾਣੀ ਅਨੁਸਾਰ ਢਲ ਜਾਂਦਾ ਹੈ, ਫਿਰ ਈਰਖਾ, ਨਫ਼ਰਤ, ਦਵੈਤ, ਮਾੜੀ ਬੋਲੀ ਅਤੇ ਵਹਿਮ-ਭਰਮ ਆਦਿ ਜਿਹੇ ਔਗੁਣ ਉਸ ਵਿਚੋਂ ਸਦਾ ਲਈ ਲੋਪ ਹੋ ਜਾਂਦੇ ਹਨ ਅਤੇ ਉਹ ਸਮਾਜ ਵਿਚ ਸਰਬੱਤ ਦੇ ਭਲੇ ਦਾ ਮਜੱਸਮਾ ਬਣ ਕੇ ਵਿਚਰਦਾ ਹੈ। ਇਕ ਅਕਾਲ ਪੁਰਖ 'ਦਾਤੇ' ਉਪਰ ਉਸ ਦਾ ਵਿਸ਼ਵਾਸ ਇੰਨਾ ਪ੍ਰਪੱਕ ਹੋ ਜਾਂਦਾ ਹੈ ਕਿ ਉਹ ਕਿਸੇ ਦੁਨਿਆਵੀ ਜਾਂ ਅਖੌਤੀ ਦਾਤੇ ਨੂੰ ਟਿੱਚ ਜਾਣਦਾ ਹੈ। ਦੁਨਿਆਵੀ ਲਾਲਚ ਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਜਿਹੇ ਵਿਕਾਰ ਉਸ ਵਿਚੋਂ ਲੋਪ ਹੋ ਜਾਂਦੇ ਹਨ। ਗੁਰੂ ਦੁਆਰਾ ਪ੍ਰਾਪਤ ਕੀਤੇ ਗਿਆਨ ਕਾਰਨ ਉਹ ਹਮੇਸ਼ਾ ਖੇੜੇ ਵਿਚ ਰਹਿੰਦਾ ਹੈ, ਉਹ ਅਕਾਲ ਪੁਰਖ ਦੀ ਸਿਰਜਣਾ ਨੂੰ ਪਿਆਰ ਕਰਦਾ ਹੈ, ਮਾਣਦਾ ਹੈ, ਉਸ ਦੀ ਸੰਭਾਲ ਕਰਦਾ ਹੈ ਅਤੇ ਉਹ ਗੁਰਦੁਆਰੇ ਤੋਂ ਗੁਰਬਾਣੀ ਸਿਧਾਂਤਾਂ ਮੁਤਾਬਿਕ ਸਿੱਖਿਆ ਮੁਹੱਇਆ ਕਰਵਾਉਣ ਲਈ ਆਪਣੇ ਗੁਰੂ ਦਾ ਸੇਵਾਦਾਰ ਬਣ ਕੇ ਵਿਚਰਦਾ ਹੈ।

ਗੁਰਦੁਆਰਾ ਗਿਆਨ ਵੰਡਣ ਵਾਲੀ ਪਾਠਸ਼ਾਲਾ ਤੋਂ ਇਲਾਵਾ ਮਨੁੱਖਤਾ ਦੇ ਸਮੁੱਚੇ ਵਿਕਾਸ ਲਈ ਵੀ ਬਹੁਤ ਅਹਿਮ ਰੋਲ ਨਿਭਾਉਂਦਾ ਹੈ। ਇਥੋਂ ਗਿਆਨ ਪ੍ਰਾਪਤ ਕਰ ਕੇ ਸਿੱਖ ਗੁਰੂ ਆਸੇ ਮੁਤਾਬਿਕ ਸਿਹਤਮੰਦ ਸਮਾਜ ਸਿਰਜਣ ਵਿਚ ਯੋਗਦਾਨ ਪਾਉਂਦਾ ਹੈ। ਬਿਨਾਂ ਸ਼ੱਕ, ਗੁਰਦੁਆਰੇ ਤੋਂ ਗੁਰੂ ਦੇ ਸਿਧਾਂਤ ਦਾ ਪ੍ਰਚਾਰ-ਪਸਾਰ ਤਾਂ ਹੀ ਸੰਭਵ ਹੋਵੇਗਾ, ਜੇ ਇਸ ਦੇ 'ਸੇਵਾਦਾਰ' ਪ੍ਰਬੰਧਕੀ ਸੇਵਾਵਾਂ ਨੂੰ ਗੁਰਮਤਿ ਸਿਧਾਂਤ ਦੇ ਜ਼ਾਬਤੇ ਵਿਚ ਰਹਿ ਕੇ ਗੁਰਮਤਿ ਅਨੁਸਾਰ ਚਲਾਉਣਗੇ।

ਹਾਲੀਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਪੀ.ਸੀ.) ਦੀ ਹੋਈ ਚੋਣ ਨੂੰ ਵੇਖਦਿਆਂ ਇੰਜ ਲੱਗਿਆ ਕਿ ਇਹ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲਿਆਂ ਦੀ ਚੋਣ ਨਾ ਹੋ ਕੇ ਕੋਈ ਤਾਕਤ ਅਜ਼ਮਾਈ ਦਾ ਮੈਦਾਨ ਹੋਵੇ; ਜਿਵੇਂ ਧਾੜਵੀ ਕਿਸੇ ਚੀਜ਼ ਨੂੰ ਹਥਿਆਉਣ ਲਈ ਰਣਨੀਤਕ ਪੈਂਤੜੇਬਾਜ਼ੀਆਂ ਅਪਣਾ ਕੇ ਆਪਣੇ ਦੁਸ਼ਮਣ ਨੂੰ ਪਛਾੜਨ ਲਈ ਹਰ ਜਾਇਜ਼-ਨਜਾਇਜ਼ ਹੀਲਾ ਵਰਤ ਰਹੇ ਹੋਣ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲੀ ਕਿਸੇ ਸੰਸਥਾ ਵਿਚ ਸੇਵਾਦਾਰ ਬਣ ਕੇ ਨੁਮਾਇੰਦਾ ਰੋਲ ਕਰਨ ਵਾਲੇ ਲੋਕਾਂ ਦੀ ਜਨਤਕ ਬੋਲ-ਚਾਲ, ਇਕ-ਦੂਜੇ ਪ੍ਰਤੀ ਸੋਚ ਤੇ ਲੋਕਾਂ ਦੀ ਹਮਾਇਤ ਹਾਸਲ ਕਰਨ ਲਈ ਵਰਤੇ ਗਏ ਹੱਥਕੰਢਿਆਂ ਨੂੰ ਦੇਖ ਕੇ ਹੈਰਾਨੀ ਹੋਈ ਕਿ ਇਹ ਭੱਦਰ ਪੁਰਸ਼ ਉਨ੍ਹਾਂ ਪਵਿਤਰ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਲਈ ਉਤਾਵਲੇ ਹਨ, ਜਿਥੋਂ ਸਰਬੱਤ ਦੇ ਭਲੇ ਦੀ ਸਿੱਖਿਆ ਦਿੱਤੀ ਜਾਂਦੀ ਹੈ। ਜਿਨ੍ਹਾਂ ਗੁਰਦੁਆਰਿਆਂ ਅੰਦਰ ਬਿਰਾਜਮਾਨ 'ਗੁਰੂ' ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ, ਮਨੁੱਖਤਾ ਨੂੰ ਪਿਆਰ ਦਾ ਗਿਆਨ ਬਖ਼ਸ਼ਦਾ ਹੈ ਤੇ ਹੰਕਾਰ ਨੂੰ ਤਿਆਗਣ ਦੀ ਬਾਤ ਪਾਉਂਦਾ ਹੈ। ਕੀ ਇਹ ਲੋਕ ਉਨ੍ਹਾਂ ਪਵਿਤਰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਗੇ?

ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੇ ਕੁਝ ਕੁ ਦਾਅਵੇਦਾਰਾਂ ਵੱਲੋਂ ਸ਼ਰਾਬ ਵੰਡਣ ਅਤੇ ਗ਼ੈਰ-ਇਖ਼ਲਾਕੀ ਕੰਮਾਂ ਦੀਆਂ ਖ਼ਬਰਾਂ ਨੇ ਉਨ੍ਹਾਂ ਦੀ ਨੀਅਤ, ਮਾਨਸਿਕਤਾ, ਬੌਧਿਕਤਾ, ਗੁਣਬਾਣੀ ਸੋਝੀ ਅਤੇ ਕੌਮੀ ਜਵਾਬਦੇਹੀ ਉਤੇ ਸਿਰਫ਼ ਸਵਾਲੀਆਂ ਚਿੰਨ੍ਹ ਹੀ ਨਹੀਂ ਲਾਏ, ਸਗੋਂ ਉਨ੍ਹਾਂ ਦੀ ਪਿੱਠ 'ਤੇ ਖੜ੍ਹੀਆਂ ਸਬੰਧਿਤ ਪਾਰਟੀਆਂ/ਧਿਰਾਂ ਦੇ ਮੋਹਰੀ ਲੋਕਾਂ ਦੇ ਕਿਰਦਾਰ ਨੂੰ ਵੀ ਜੱਗ-ਜ਼ਾਹਿਰ ਕੀਤਾ ਹੈ, ਜਿਨ੍ਹਾਂ ਨੇ ਅਜਿਹੇ ਉਮੀਦਵਾਰਾਂ ਦੀ ਚੋਣ ਕੀਤੀ ਹੈ, ਉਨ੍ਹਾਂ ਦਾ ਆਪਣਾ ਗੁਰਸਿੱਖੀ ਪੱਧਰ ਕੀ ਹੋਵੇਗਾ? ਗੁਰਦੁਆਰੇ ਦੀ ਸੇਵਾ-ਸੰਭਾਲ ਪ੍ਰਾਪਤ ਕਰਨ ਲਈ ਵੱਖ ਵੱਖ ਪਾਰਟੀਆਂ ਦੇ ਮੋਹਰੀਆਂ ਅਤੇ ਉਮੀਦਵਾਰਾਂ ਦੀਆਂ ਤਕਰੀਰਾਂ ਵਿਚ ਵਿਅਕਤੀਗਤ ਦੂਸ਼ਣਬਾਜ਼ੀ, ਇੱਕ-ਦੂਜੇ ਨੂੰ ਘਟੀਆ ਸਾਬਿਤ ਕਰਨ, ਅਸਭਿਅਕ ਭਾਸ਼ਾ ਦੀ ਵਰਤੋਂ, ਗੁਰਮਤਿ ਚਿੰਤਨ ਦੀ ਘਾਟ ਅਤੇ ਵਰਤਮਾਨ ਕੌਮੀ ਚੁਣੌਤੀਆਂ ਪ੍ਰਤੀ ਚਰਚਾ ਦੀ ਘਾਟ ਤੋਂ ਸਹਿਜੇ ਹੀ ਅੰਦਾਜ਼ਾ ਲੱਗਦਾ ਸੀ ਕਿ ਸੇਵਾਦਾਰ ਬਣਨ ਦੇ ਦਾਅਵੇਦਾਰਾਂ ਅੰਦਰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਸੰਕਲਪ ਕਿਹੋ ਜਿਹਾ ਹੋਵੇਗਾ?

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ-ਸੰਭਾਲ ਤਹਿਤ ਅਨੇਕਾਂ ਇਤਿਹਾਸਕ ਗੁਰਦੁਆਰੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਅੰਮ੍ਰਿਤਸਰ ਤੋਂ ਬਾਅਦ ਇਹ ਦੂਜੀ ਵੱਡੀ ਅਤੇ ਅਹਿਮ ਸਿੱਖ ਸੰਸਥਾ ਹੈ। ਇਨ੍ਹਾਂ ਸੰਸਥਾਵਾਂ ਲਈ ਮੌਜੂਦਾ ਚੋਣ ਪ੍ਰਣਾਲੀ ਮੁਕੰਮਲ ਤੌਰ 'ਤੇ ਭਾਵੇਂ ਗੁਰਮਤਿ ਸਿਧਾਂਤਾਂ ਦੀ ਤਰਜਮਾਨੀ ਨਹੀਂ ਕਰਦੀ, ਕਿਉਂਕਿ ਇਹ ਸਿੱਧੇ ਤੌਰ ਉਤੇ ਭਾਰਤ ਦੇ ਕੇਂਦਰੀ ਕਾਨੂੰਨ ਤਹਿਤ ਹੈ।

ਸਰਕਾਰ ਦੀ ਦੇਖ-ਰੇਖ ਹੇਠ ਹੋਣ ਕਾਰਨ ਇਹ ਚੋਣਾਂ ਬਿਲਕੁਲ ਰਾਜਨੀਤਕ ਚੋਣ ਢੰਗ-ਤਰੀਕੇ ਅਨੁਸਾਰ ਹੀ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਚੋਣਾਂ ਵਿਚ ਸਿੱਧੇ ਤੌਰ ਉਤੇ ਰਾਜਨੀਤਕ ਪ੍ਰਭਾਵ ਝਲਕਦਾ ਹੈ। ਰਾਜਨੀਤਕ ਪਾਰਟੀਆਂ ਵੀ ਆਪਣੀ ਰਾਜਸੱਤਾ ਦਾ ਅਸਰ ਇਨ੍ਹਾਂ ਚੋਣਾਂ ਵਿਚ ਵਰਤਦੀਆਂ ਹਨ ਅਤੇ ਕੁਝ ਪਾਰਟੀਆਂ ਇਨ੍ਹਾਂ ਰਾਹੀ ਰਾਜਸੱਤਾ ਪ੍ਰਾਪਤ ਕਰਨ ਜਾਂ ਇਸ ਉਤੇ ਬਣੇ ਰਹਿਣ ਲਈ ਇਨ੍ਹਾਂ ਕਮੇਟੀਆਂ ਨੂੰ ਹੱਥਠੋਕੇ ਵੱਜੋਂ ਵੀ ਵਰਤਦੀਆਂ ਹਨ। ਸਿੱਖ ਜਗਤ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਬਤੌਰ ਜ਼ਿੰਮੇਵਾਰ ਸਿੱਖ ਸੰਸਥਾਵਾਂ ਐਸ.ਜੀ.ਪੀ.ਸੀ. ਅਤੇ ਡੀ.ਐਸ.ਜੀ.ਪੀ.ਸੀ. ਦੇ ਤਹਿਤ ਆਉਂਦੇ ਇਤਿਹਾਸਕ ਗੁਰਦੁਆਰਿਆਂ ਦੇ ਸੇਵਾ ਪ੍ਰਬੰਧਾਂ ਨੂੰ ਚਲਾਉਣ ਲਈ ਇਹ ਬਹੁਤ ਹੀ ਅਹਿਮ ਹੈ ਕਿ ਇਨ੍ਹਾਂ ਸੰਸਥਾਵਾਂ ਦਾ ਨਿਰੋਲ ਪ੍ਰਬੰਧ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਪ੍ਰਨਾਏ ਹੋਏ ਸਿੱਖੀ ਜਜ਼ਬੇ ਵਾਲੇ ਇਮਾਨਦਾਰ ਸਿੱਖ ਸੇਵਾਦਾਰਾਂ ਦੇ ਹੱਥਾਂ ਵਿਚ ਹੀ ਹੋਵੇ, ਰਾਜਨੀਤਕ ਲੋਕਾਂ ਦੇ ਹੱਥਾਂ ਵਿਚ ਨਹੀਂ, ਜਿਨ੍ਹਾਂ ਦਾ ਸਿੱਖੀ ਸਿਧਾਂਤਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ। ਅਜਿਹੇ ਲੋਕਾਂ ਦਾ ਮਕਸਦ ਤਾਂ ਸਿਸਟਮ ਦੀਆਂ ਖ਼ਾਮੀਆਂ ਦਾ ਫ਼ਾਇਦਾ ਲੈਂਦਿਆਂ ਗੁਰਦੁਆਰਾ ਪ੍ਰਬੰਧਾਂ ਵਿਚ ਘੁਸਪੈਠ ਕਰ ਕੇ ਸਿੱਖੀ ਸਿਧਾਂਤਾਂ ਨੂੰ ਖੋਰਾ ਲਾਉਣਾ ਹੀ ਹੈ।

ਉਂਜ, ਸਿੱਖ ਜਗਤ ਦਾ ਇਸ ਗੱਲ ਉਤੇ ਚਿੰਤਨ ਕਰਨਾ ਬਣਦਾ ਹੈ ਕਿ ਜਿਸ ਖਿੱਤੇ ਵਿਚ 15 ਲੱਖ ਤੋਂ ਜ਼ਿਆਦਾ ਸਿੱਖ ਵਸਦੇ ਹੋਣ, ਉਥੇ ਸਿਰਫ਼ ਤਿੰਨ ਲੱਖ ਅੱਸੀ ਹਜ਼ਾਰ ਲੋਕ ਹੀ ਆਪਣੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਪ੍ਰਬੰਧਕਾਂ ਦੀ ਚੋਣ ਕਰਨ ਦੀ ਯੋਗਤਾ ਰੱਖਦੇ ਹੋਣ ਅਤੇ ਉਨ੍ਹਾਂ ਵਿਚ ਵੀ ਅੱਗਿਓਂ ਸਿਰਫ਼ ਇੱਕ ਲੱਖ ਪੰਜੱਤਰ ਹਜ਼ਾਰ ਲੋਕ ਹੀ ਇਨ੍ਹਾਂ ਪ੍ਰਬੰਧਕਾਂ ਦੀ ਚੋਣ ਵਿਚ ਹਿੱਸਾ ਲੈਣ। ਇਸ ਤੋਂ ਵੱਧ ਸੋਚਣ ਵਾਲੀ ਗੱਲ ਹੈ ਇਹ ਹੈ ਕਿ ਪੂਰਨ ਰੂਪ ਵਿਚ ਦਿੱਲੀ ਦੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਵਾਲੀ ਸੰਸਥਾ ਦੀ ਚੁਣੀ ਗਈ ਕਮੇਟੀ ਨੂੰ 15 ਲੱਖ ਸਿੱਖਾਂ ਵਿਚੋਂ ਤਕਰੀਬਨ ਲੱਖ ਕੁ ਸਿੱਖਾਂ ਦੀ ਹੀ ਵੋਟ ਨਾਲ ਚੁਣਿਆ ਗਿਆ ਹੋਵੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 100 ਕਰੋੜ ਤੋਂ ਵਧੇਰੇ ਦਾ ਸਾਲਾਨਾ ਬਜਟ ਹੈ ਜਿਸ ਨੂੰ ਖ਼ਰਚਣ ਦਾ ਫ਼ੈਸਲਾ ਕਰਨ ਦਾ ਅਧਿਕਾਰ ਸਿਰਫ਼ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਕੋਲ ਹੀ ਹੁੰਦਾ ਹੈ। ਗੁਰਦੁਆਰਿਆਂ ਵਿਚ ਕਰੋੜਾਂ ਰੁਪਏ ਦਸਵੰਧ ਦੇਣ ਵਾਲੇ ਸਿੱਖਾਂ ਨੂੰ ਇਹ ਸੋਚਣਾ ਪੈਣਾ ਹੈ ਕਿ ਉਨ੍ਹਾਂ ਮਿਹਨਤ ਦੀ ਕਮਾਈ ਵਿਚੋਂ ਗੁਰਬਾਣੀ ਪ੍ਰਚਾਰ-ਪਸਾਰ ਅਤੇ ਕੌਮ ਦੇ ਹਿੱਤਾਂ ਲਈ ਦਿੱਤੇ ਦਸਵੰਧ ਦੀ ਗੁਰਮਤਿ ਅਨੁਸਾਰ ਸੁਚਾਰੂ ਵਰਤੋਂ ਤਾਂ ਹੀ ਸੰਭਵ ਹੋਵੇਗੀ, ਜੇ ਉਹ ਆਪਣੇ ਦਸਵੰਧ ਦੀ ਵਰਤੋਂ ਕਰਨ ਵਾਲਿਆਂ ਦੀ ਚੋਣ ਵਿਚ ਗੁਰੂ ਦੀ ਸਿੱਖਿਆ ਤੋਂ ਪ੍ਰੇਰਨਾ ਲੈ ਕੇ ਆਪਣੀ ਜ਼ਿੰਮੇਵਾਰੀ ਨਿਭਾਉਣਗੇ।

# ਹਿੰਦੂਤਵ: ਜਿਸ ਦਾ ਅਕੀਦਾ ਹੀ ਅਤਿਵਾਦ ਹੈ...

ਸੰਘ ਪਰਿਵਾਰ ਦੇ ਹਿੰਦੂਤਵ ਦੇ ਏਜੰਡੇ ਬਾਰੇ ਚਰਚਾ ਕਰਦਿਆਂ ਆਮ ਤੌਰ 'ਤੇ ਦੋ ਪੱਖਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ- ਇਸ ਦੀ ਘੋਰ ਦਹਿਸ਼ਤਗਰਦ ਫ਼ਿਤਰਤ ਅਤੇ ਹਿੰਦੁਸਤਾਨੀ ਸਟੇਟ ਦਾ ਇਸ ਪ੍ਰਤੀ ਖ਼ਾਸ ਨਰਮਗੋਸ਼ਾ। ਹੁਣ ਵੀ ਕੇਂਦਰ ਵਿਚ ਮੋਦੀ ਸਰਕਾਰ ਬਣਾਏ ਜਾਣ ਤੋਂ ਬਾਅਦ ਇਸ ਵਲੋਂ ਰਾਜ ਮਸ਼ੀਨਰੀ ਦੀ ਮਦਦ ਨਾਲ ਹਿੰਦੂਤਵ ਦਾ ਏਜੰਡਾ ਥੋਪਣ ਲਈ ਕੀਤੀ ਜਾ ਰਹੀ ਸ਼ਰੇਆਮ ਹਿੰਸਾ ਨੂੰ ਲੈ ਕੇ ਤਾਂ ਖ਼ੂਬ ਚਰਚਾ ਹੋ ਰਹੀ ਹੈ, ਲੇਕਿਨ ਮਈ 2014 ਤੋਂ ਪਹਿਲਾਂ ਦੇ

ਬੂਟਾ ਸਿੰਘ
ਫੋਨ: +91-94634-74342

ਦੌਰ ਵਿਚ ਇਸ ਦੇ ਖ਼ੂਨੀ ਗਰੋਹ ਕਿਸ ਤਰ੍ਹਾਂ ਦੀ ਕਤਲੋਗ਼ਾਰਤ ਕਰਦੇ ਰਹੇ, ਉਸ ਦੇ ਤੱਥ ਇਤਿਹਾਸ ਦੀ ਗ਼ਰਦ ਹੇਠ ਦਬ ਕੇ ਰਹਿ ਗਏ ਹਨ। ਜਿਨ੍ਹਾਂ ਹਿੰਦੂਤਵੀ ਮੁਜਰਿਮਾਂ ਉਪਰ ਮੁਕੱਦਮੇ ਚੱਲ ਰਹੇ ਸਨ ਤੇ ਉਹ ਜੇਲ੍ਹਾਂ ਵਿਚ ਸਨ, ਉਨ੍ਹਾਂ ਨੂੰ ਕਲੀਨ ਚਿੱਟਾਂ ਦਿੱਤੀਆਂ ਜਾ ਰਹੀਆਂ ਹਨ। ਇਸ ਨੂੰ ਲੈ ਕੇ ਕੋਈ ਵੀ ਹਾਕਮ ਜਮਾਤੀ ਪਾਰਟੀ ਅਤੇ ਕੋਈ ਵੀ ਸਰਕਾਰੀ ਏਜੰਸੀ ਮੂੰਹ ਖੋਲ੍ਹਣ ਲਈ ਤਿਆਰ ਨਹੀਂ।

ਇਸ ਦੇ ਉਲਟ, ਜਦੋਂ ਸਮਾਜ ਦਾ ਕੋਈ ਦਬਾਇਆ ਹੋਇਆ ਹਿੱਸਾ ਸਦੀਵੀ ਦਾਬੇ, ਬੇਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ ਤੋਂ ਨਿਜਾਤ ਹਾਸਲ ਕਰਨ ਲਈ ਸਥਾਪਤੀ ਤੋਂ ਨਾਬਰੀ ਦਾ ਰਾਹ ਅਖ਼ਤਿਆਰ ਕਰਦਾ ਹੈ ਤੇ ਸਥਾਪਤੀ ਦੀ ਹਿੰਸਾ ਤੋਂ ਆਪਣੀ ਰਾਖੀ ਲਈ ਜਵਾਬੀ ਹਿੰਸਾ ਦਾ ਸਹਾਰਾ ਲੈਂਦਾ ਹੈ, ਉਦੋਂ ਸਮੁੱਚਾ ਹਾਕਮ ਜਮਾਤੀ ਕੋੜਮਾ ਇਕਸੁਰ ਹੋ ਕੇ 'ਦਹਿਸ਼ਤਗਰਦੀ' ਦੀ ਦੁਹਾਈ ਦੇਣੀ ਸ਼ੁਰੂ ਕਰ ਦਿੰਦਾ ਹੈ। ਇਨਸਾਫ਼ ਲਈ ਮਜ਼ਲੂਮ ਧਿਰ ਦੇ ਇੰਤਹਾਪਸੰਦ ਪ੍ਰਤੀਕਰਮ ਨੂੰ ਹੀ 'ਦਹਿਸ਼ਤਗਰਦੀ' ਕਰਾਰ ਦੇ ਕੇ ਉਸ ਖ਼ਿਲਾਫ਼ ਪੁਲਿਸ, ਨੀਮ-ਫ਼ੌਜ ਲਗਾ ਦਿੱਤੀ ਜਾਂਦੀ ਹੈ। ਟਾਡਾ, ਯੂ.ਏ.ਪੀ.ਏ. ਵਰਗੇ ਖ਼ਾਸ ਕਾਨੂੰਨਾਂ ਤਹਿਤ ਕੇਸ ਚਲਾਏ ਜਾਂਦੇ ਹਨ। ਫ਼ੌਜ ਲਗਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ; ਜਦਕਿ ਸੰਘ ਦੀਆਂ ਜਥੇਬੰਦੀਆਂ ਬਾਰੇ ਇੰਵ ਨਹੀਂ ਹੈ। ਇਨ੍ਹਾਂ ਨੂੰ ਕਦੇ ਵੀ ਦਹਿਸ਼ਤਗਰਦ ਕਰਾਰ ਨਹੀਂ ਦਿੱਤਾ ਗਿਆ, ਨਾ ਇਨ੍ਹਾਂ ਉਪਰ ਦਹਿਸ਼ਤਗਰਦੀ ਵਿਰੋਧੀ ਵਿਸ਼ੇਸ਼ ਕਾਨੂੰਨ ਲਗਾਏ ਜਾਂਦੇ ਹਨ। ਡਾ. ਨਰਿੰਦਰ ਡਭੋਲਕਰ, ਕਾਮਰੇਡ ਗੋਬਿੰਦ ਪਾਨਸਰੇ, ਡਾ. ਕਲਬੁਰਗੀ ਵਰਗੀਆਂ ਹਰਮਨਪਿਆਰੀਆਂ ਸ਼ਖਸੀਅਤਾਂ ਦੇ ਕਤਲਾਂ ਦੀ ਸਹੀ ਜਾਂਚ ਹੋ ਜਾਂਦੀ ਤਾਂ ਹੁਣ ਤਕ ਖ਼ੁਲਾਸਾ ਹੋ ਜਾਣਾ ਸੀ ਕਿ ਇਨ੍ਹਾਂ ਕਤਲਾਂ ਦੀ ਸਾਜ਼ਿਸ਼ ਕਿਨ੍ਹਾਂ ਹਿੰਦੂਤਵੀ ਸਰਗਨਿਆਂ ਨੇ ਬਣਾਈ ਸੀ। ਲਿਹਾਜ਼ਾ, ਹਿੰਦੂਤਵੀ ਫਾਸ਼ੀਵਾਦੀ ਵਰਤਾਰੇ ਨੂੰ ਸਹੀ ਪ੍ਰਸੰਗ ਵਿਚ ਸਮਝਣ ਲਈ ਇਹ ਜ਼ਰੂਰੀ ਹੈ ਕਿ ਅਤੀਤ ਦੇ ਖ਼ੂਨੀ ਬਿਰਤਾਂਤ ਨੂੰ ਮੁੜ ਚੇਤੇ ਕੀਤਾ ਜਾਵੇ।

ਅਤੀਤ ਦੇ ਕੁਝ ਖ਼ੂਨੀ ਕਾਂਡਾਂ ਉਪਰ ਸੰਖੇਪ ਨਜ਼ਰ ਮਾਰਿਆਂ ਪਤਾ ਲੱਗ ਜਾਂਦਾ ਹੈ ਕਿ ਆਰ.ਐਸ.ਐਸ. ਸਭ ਤੋਂ ਖ਼ਤਰਨਾਕ ਦਹਿਸ਼ਤਗਰਦ ਜਥੇਬੰਦੀ ਹੈ ਜਿਸ ਦੇ ਖ਼ਾਸ ਗਰੋਹ ਐਸੀ ਮੁਸਤੈਦੀ ਨਾਲ ਦਹਿਸ਼ਤਗਰਦ ਕਾਂਡ ਰਚਦੇ ਹਨ ਜਿਸ ਕਾਰਨ ਸਾਜ਼ਿਸ਼ ਉਪਰ ਸਹਿਜੇ ਹੀ ਪਰਦਾ ਬਣਿਆ ਰਹਿੰਦਾ ਹੈ। ਮਸਲਨ, 1984 ਵਿਚ ਹੋਏ ਸਿੱਖ ਕਤਲੇਆਮ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਦੀ ਕੀ ਭੂਮਿਕਾ ਸੀ, ਇਸ ਬਾਰੇ ਕਦੇ ਜਾਂਚ ਨਹੀਂ ਹੋਈ। ਦਿੱਲੀ ਵਿਚ ਹੋਏ ਕਤਲੇਆਮ ਬਾਰੇ ਆਪਣੀ ਭਰਵੀਂ ਜਾਂਚ ਰਿਪੋਰਟ "ਦੋਸ਼ੀ ਕੌਣ?" ਵਿਚ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨੇ ਇਸ ਬਾਬਤ ਕੁਝ ਤੱਥ ਕਲਮਬੰਦ ਕੀਤੇ ਸਨ, ਪਰ ਉਸ ਤੋਂ ਬਾਅਦ ਬਣੇ ਜਾਂਚ ਕਮਿਸ਼ਨਾਂ ਨੇ ਇਸ ਕੜੀ ਦੀ ਜਾਂਚ ਹੀ ਨਹੀਂ ਕੀਤੀ।

ਨਤੀਜਾ ਸਭ ਦੇ ਸਾਹਮਣੇ ਹੈ, ਆਰ. ਐਸ. ਐਸ. ਤਾਂ ਕੀ, ਕਾਂਗਰਸ ਦੇ ਕਿਸੇ ਮੁੱਖ ਸਰਗਨੇ ਨੂੰ ਸਜ਼ਾ ਨਹੀਂ ਹੋਈ। ਇਸੇ ਤਰ੍ਹਾਂ ਦਸੰਬਰ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਭੜਕਾਈ ਹਿੰਸਾ ਅਤੇ ਫਿਰ 2002 ਦੇ ਗੋਧਰਾ ਰੇਲ ਕਾਂਡ ਤੋਂ ਬਾਅਦ ਗੁਜਰਾਤ ਵਿਚ ਮੁਸਲਿਮ ਭਾਈਚਾਰੇ ਦੀ ਵਿਉਂਤਬਧ ਕਤਲੋਗ਼ਾਰਤ ਨੂੰ ਫਿਰਕੂ ਫ਼ਸਾਦਾਂ ਦੇ ਰਵਾਇਤੀ ਜੁਮਰੇ ਵਿਚ ਰੱਖ ਕੇ ਤਾਂ ਪੜਤਾਲਿਆ ਗਿਆ, ਲੇਕਿਨ ਇਸ ਨੂੰ ਹਿੰਦੂਤਵੀ ਦਹਿਸ਼ਤਗਰਦੀ ਦੇ ਤੌਰ 'ਤੇ ਨਹੀਂ ਲਿਆ ਗਿਆ। ਬੱਚਿਆਂ ਦੀ ਤਸਕਰੀ ਕਰਨ, ਆਈ.ਐਸ.ਆਈ. ਲਈ ਜਾਸੂਸੀ ਅਤੇ ਸੱਚ ਨੂੰ ਸੱਚ ਕਹਿਣ ਦਾ ਜੇਰਾ ਦਿਖਾਉਣ ਵਾਲੀਆਂ ਕੁੜੀਆਂ ਨੂੰ ਬਲਾਤਕਾਰ ਦੀਆਂ ਧਮਕੀਆਂ ਦੇਣ ਦੇ ਜੋ ਮਾਮਲੇ ਹੁਣ ਸਾਹਮਣੇ ਆ ਰਹੇ ਹਨ, ਉਹ ਇਸੇ ਵਿਆਪਕ ਦਹਿਸ਼ਤਗਰਦ ਤਾਣੇਬਾਣੇ ਦਾ ਹਿੱਸਾ ਹਨ। ਸੰਘ ਦਾ ਵਿਸ਼ਾਲ ਤੰਤਰ ਵਿਆਪਕ ਮਸ਼ੀਨ ਦੇ ਸਿਲਸਿਲੇਵਾਰ ਪੁਰਜਿਆਂ ਵਾਂਗ ਕੰਮ ਕਰਦਾ ਹੈ, ਜਿਸ ਨੂੰ ਲੈ ਕੇ ਬਾਰੀਕੀ ਵਿਚ ਜਾਂਚ ਕੀਤੇ ਜਾਣ 'ਤੇ ਹੀ ਪੂਰੀ ਸਾਜ਼ਿਸ਼ ਸਾਹਮਣੇ ਆ ਸਕਦੀ ਹੈ। ਇਹ ਇਸ ਰਾਜ ਢਾਂਚੇ ਦੇ ਏਜੰਡੇ ਉਪਰ ਨਹੀਂ। ਖੁਫ਼ੀਆ ਏਜੰਸੀਆਂ, ਪੁਲਿਸ ਸਮੇਤ ਸਮੁੱਚੀ ਰਾਜ ਮਸ਼ੀਨਰੀ ਅਤੇ ਮੀਡੀਆ ਅੰਦਰ ਆਰ. ਐਸ. ਐਸ. ਦੀ ਡੂੰਘੀ ਘੁਸਪੈਠ ਜਾਂਚ ਨੂੰ ਸੁਖਾਲਿਆਂ ਹੀ ਲੀਹੋਂ ਲਾਹ ਦਿੰਦੀ ਹੈ। ਮੁਸਲਿਮ ਨੌਜਵਾਨਾਂ ਨੂੰ ਬਲੀ ਦੇ ਬੱਕਰੇ ਬਣਾਇਆ ਜਾਂਦਾ ਹੈ ਅਤੇ ਹਿੰਦੂਤਵੀ ਮੁਜਰਿਮ ਵੱਡੇ-ਵੱਡੇ ਕਾਂਡਾਂ ਨੂੰ ਅੰਜਾਮ ਦੇ ਕੇ ਵੀ ਸਾਫ਼ ਬਚ ਨਿਕਲਦੇ ਹਨ। ਫਿਰ ਵੀ ਸੰਘ ਦੀਆਂ ਜਥੇਬੰਦੀਆਂ ਦਾ ਬਹੁਤ ਸਾਰੀਆਂ ਭਿਆਨਕ ਵਾਰਦਾਤਾਂ ਵਿਚ ਹੱਥ ਕਿਸੇ ਤਰ੍ਹਾਂ ਸਾਹਮਣਾ ਆ ਹੀ ਗਿਆ ਅਤੇ ਇਸ ਦਾ ਖ਼ੂਨੀ ਚਿਹਰਾ ਨੰਗਾ ਹੋ ਗਿਆ।

21ਵੀਂ ਸਦੀ ਦੇ ਮੁੱਢ ਵਿਚ, ਖ਼ਾਸ ਕਰ ਕੇ 2002 ਤੋਂ ਲੈ ਕੇ 2008 ਦਰਮਿਆਨ ਮੁਲਕ ਵਿਚ ਕਈ ਥਾਂਵਾਂ ਉਪਰ ਵੱਡੇ-ਵੱਡੇ ਬੰਬ ਧਮਾਕੇ ਹੋਏ, ਉਹ ਸਾਰੇ ਆਰ.ਐਸ.ਐਸ. ਨੇ ਕਰਵਾਏ ਸਨ। ਇਨ੍ਹਾਂ ਵਾਰਦਾਤਾਂ ਦੀ ਜਾਂਚ ਬਾਰੀਕੀ ਨਾਲ ਕਰਨ 'ਤੇ ਭੇਤ ਖੁੱਲ੍ਹਿਆ ਕਿ ਖ਼ੌਫ਼ਨਾਕ ਵਾਰਦਾਤਾਂ ਕਰਨ ਵਾਲਾ ਹਿੰਦੂਤਵੀ ਗਰੋਹ ਸੀ, ਪਰ ਕੇਂਦਰੀ ਜਾਂਚ ਏਜੰਸੀਆਂ ਵਲੋਂ ਇਨ੍ਹਾਂ ਪਿੱਛੇ ਮੁਸਲਿਮ ਦਹਿਸ਼ਤਗਰਦਾਂ ਦਾ ਹੱਥ ਦੱਸ ਕੇ ਜਾਣ-ਬੁਝ ਕੇ ਬੇਕਸੂਰ ਮੁਸਲਮਾਨ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਸਾੜਿਆ ਗਿਆ। ਜਦੋਂ ਮਹਾਰਾਸ਼ਟਰ ਦੇ ਪੁਲਿਸ ਅਧਿਕਾਰੀ ਹੇਮੰਤ ਕਰਕਰੇ ਨੇ ਇਨ੍ਹਾਂ ਸਾਜ਼ਿਸ਼ਾਂ ਦੀ ਤਹਿ ਤਕ ਪਹੁੰਚਣ ਦੀ ਕੋਸ਼ਿਸ਼ ਕੀਤੀ ਤਾਂ ਇਕ ਮੁਕਾਬਲੇ ਦੌਰਾਨ ਉਹ ਸ਼ੱਕੀ ਹਾਲਾਤ ਵਿਚ ਮਾਰਿਆ ਗਿਆ, ਪਰ ਉਸ ਨੇ ਸਾਜ਼ਿਸ਼ ਤੋਂ ਜਿੰਨਾ ਕੁ ਪਰਦਾ ਚੁੱਕਣ ਵਿਚ ਕਾਮਯਾਬੀ ਹਾਸਲ ਕੀਤੀ, ਉਸ ਨੇ ਦਹਿਸ਼ਤਗਰਦ ਵਾਰਦਾਤਾਂ ਬਾਰੇ ਹਿੰਦੁਸਤਾਨੀ ਖੁਫ਼ੀਆ ਏਜੰਸੀਆਂ ਅਤੇ ਮੀਡੀਆ ਵਲੋਂ ਖੜ੍ਹੀਆਂ ਕੀਤੀਆਂ ਬਹੁਤ ਸਾਰੀਆਂ ਮਿੱਥਾਂ ਦੇ ਪਰਖਚੇ ਉਡਾ ਦਿੱਤੇ। ਮੁੱਢਲੀ ਜਾਂਚ ਤੋਂ ਹੀ ਐਨੇ ਸਨਸਨੀਖੇਜ਼ ਇੰਕਸਾਫ਼ ਹੋਏ ਕਿ ਮੂੰਹਫਟ ਹਿੰਦੂਤਵੀ ਆਗੂ ਐਲ.ਕੇ. ਅਡਵਾਨੀ ਨੇ ਤੁਰੰਤ ਸੰਘ ਬ੍ਰਿਗੇਡ ਦੀ ਸਫ਼ਾਈ ਦੇਣੀ ਸ਼ੁਰੂ ਕਰ ਦਿੱਤੀ ਕਿ ਹਿੰਦੂ ਤਾਂ ਦਹਿਸ਼ਤਗਰਦ ਹੋ ਹੀ ਨਹੀਂ ਸਕਦੇ, ਇਹ ਤਾਂ ਸੰਘ ਪਰਿਵਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਸੰਘ ਪਰਿਵਾਰ ਜਿਸ 'ਐਨਕਾਊਂਟਰ




ਸਪੈਸ਼ਲਿਸਟ' ਹੇਮੰਤ ਕਰਕਰੇ ਦੀ ਦੇਸ਼ ਭਗਤੀ ਦਾ ਗੁਣਗਾਣ ਕਰਦਾ ਨਹੀਂ ਸੀ ਥੱਕਦਾ, ਜਦੋਂ ਉਸ ਨੇ ਹਿੰਦੂਤਵੀ ਜਥੇਬੰਦੀਆਂ ਦਾ ਦਹਿਸ਼ਤਗਰਦ ਚਿਹਰਾ ਉਜਾਗਰ ਕੀਤਾ ਤਾਂ ਨਾ ਸਿਰਫ਼ ਉਸ ਦੇ ਖ਼ਿਲਾਫ਼ ਪ੍ਰਚਾਰ ਸ਼ੁਰੂ ਹੋ ਗਿਆ, ਸਗੋਂ ਸਾਜ਼ਿਸ਼ੀ ਤਰੀਕੇ ਨਾਲ ਉਸ ਦਾ ਸਫ਼ਾਇਆ ਵੀ ਕਰਵਾ ਦਿੱਤਾ ਗਿਆ (ਇਹ ਇਲਜ਼ਾਮ ਕਿਸੇ ਹੋਰ ਨੇ ਨਹੀਂ ਸ੍ਰੀ ਕਰਕਰੇ ਦੀ ਪਤਨੀ ਕਵਿਤਾ ਨੇ ਲਗਾਇਆ ਸੀ)।

29 ਸਤਬੰਰ 2008 ਨੂੰ ਮਾਲੇਗਾਓਂ ਦੇ ਭੀਕੂ ਚੌਕ ਵਿਚ ਵੱਡਾ ਬੰਬ ਧਮਾਕਾ ਹੋਇਆ ਜਿਸ ਵਿਚ ਛੇ ਜਣਿਆਂ ਦੀ ਥਾਂ 'ਤੇ ਹੀ ਮੌਤ ਹੋ ਗਈ ਅਤੇ ਸੌ ਤੋਂ ਵੱਧ ਲੋਕ ਜ਼ਖ਼ਮੀ ਹੋਏ। ਹਮੇਸ਼ਾ ਵਾਂਗ ਖੁਫ਼ੀਆ ਏਜੰਸੀ ਆਈ.ਬੀ. (ਇੰਟੈਲੀਜੈਂਸ ਬਿਊਰੋ) ਨੇ 'ਸਿਮੀ', ਇੰਡੀਅਨ ਮੁਜਾਹੀਦੀਨ, 'ਹੂਜੀ' ਵਰਗੀਆਂ ਮੁਸਲਿਮ ਜਥੇਬੰਦੀਆਂ ਵੱਲ ਬਿਨਾਂ ਕੋਈ ਜਾਂਚ ਕੀਤੇ ਉਂਗਲ ਕਰ ਦਿੱਤੀ ਅਤੇ ਮੀਡੀਆ ਨੇ ਇਸੇ ਨੂੰ ਖ਼ਬਰ ਬਣਾ ਕੇ ਲੋਕਾਂ ਅੱਗੇ ਪਰੋਸ ਦਿੱਤਾ; ਲੇਕਿਨ ਜਾਂਚ ਕਰਨ 'ਤੇ ਵਾਰਦਾਤ ਵਾਲੀ ਥਾਂ ਤੋਂ ਬਾਈਕ ਮਿਲਿਆ ਜਿਸ ਦੀ ਮਾਲਕੀ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਸੀ। ਅਗਲੇਰੀ ਜਾਂਚ ਦੌਰਾਨ ਜਿਨ੍ਹਾਂ ਮੁਜਰਿਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਨ੍ਹਾਂ ਵਿਚ ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ, ਮੇਜਰ (ਸੇਵਾਮੁਕਤ) ਰਮੇਸ਼ ਉਪਾਧਿਆਏ ਆਦਿ ਸ਼ਾਮਲ ਸਨ ਜਿਨ੍ਹਾਂ ਨੇ ਬੰਬ ਬਣਾਉਣ ਦੀ ਸਿਖਲਾਈ ਦੇਣ ਦੇ ਨਾਲ-ਨਾਲ ਆਰ.ਡੀ.ਐਕਸ. ਵੀ ਸਪਲਾਈ ਕੀਤਾ ਸੀ। ਇਹ ਸਾਰੇ ਸੰਘ ਪਰਿਵਾਰ ਦੇ ਕਾਰਕੁਨ ਸਨ। ਲੈਫਟੀਨੈਂਟ ਕਰਨਲ ਪੁਰੋਹਿਤ ਅਤੇ ਦਯਾਨੰਦ ਪਾਂਡੇ ਕੋਲੋਂ ਜੋ ਤਿੰਨ ਲੈਪਟਾਪ ਮਿਲੇ, ਉਨ੍ਹਾਂ ਵਿਚ 'ਅਭਿਨਵ ਭਾਰਤ' ਦੀਆਂ ਤਮਾਮ ਮੀਟਿੰਗਾਂ ਦੇ 48 ਆਡੀਓ ਅਤੇ ਵੀਡੀਓ ਰੱਖੇ ਹੋਏ ਸਨ। ਤਿੰਨ ਵੀਡੀਓ ਅਤੇ ਦੋ ਆਡੀਓ ਕਲਿੱਪ ਦਾ ਕਰਕਰੇ ਵਲੋਂ ਸ਼ਾਬਦਿਕ ਉਤਾਰਾ ਕੀਤੇ ਜਾਣ 'ਤੇ 'ਹਿੰਦੂ ਰਾਸ਼ਟਰ' ਦੇ ਨਾਂ ਹੇਠ ਵਿਆਪਕ ਸਾਜ਼ਿਸ਼ ਦਾ ਭੇਤ ਖੁੱਲ੍ਹ ਗਿਆ। ਜਦੋਂ ਲੈਫਟੀਨੈਂਟ ਕਰਨਲ ਪੁਰੋਹਿਤ ਅਤੇ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਦੇ ਨਾਰਕੋ ਟੈਸਟ ਅਤੇ ਬਰੇਨ ਮੈਪਿੰਗ ਟੈਸਟ ਕੀਤੇ ਗਏ ਤਾਂ ਉਸ ਤੋਂ ਹੋਰ ਵੀ ਸਨਸਨੀਖੇਜ਼ ਖ਼ੁਲਾਸਾ ਹੋਇਆ ਕਿ ਮਾਲੇਗਾਓਂ ਵਾਰਦਾਤ ਤੋਂ ਪਹਿਲਾਂ ਜੋ ਸਮਝੌਤਾ ਐਕਸਪ੍ਰੈੱਸ, ਮਾਲੇਗਾਓਂ 2006, ਅਜਮੇਰ ਸ਼ਰੀਫ਼, ਮੱਕਾ ਮਸਜਿਦ (ਹੈਦਰਾਬਾਦ) ਆਦਿ ਬੰਬ ਧਮਾਕੇ ਹੋਏ ਸਨ, ਇਹ ਸਾਰੇ ਅਭਿਨਵ ਭਾਰਤ ਨੇ ਹੋਰ ਹਿੰਦੂਤਵੀ ਜਥੇਬੰਦੀਆਂ ਦੀ ਮਦਦ ਨਾਲ ਕੀਤੇ ਸਨ। ਕਰਕਰੇ ਦੇ ਮਾਰੇ ਜਾਣ ਨਾਲ ਬਾਕੀ 43 ਆਡੀਓ ਅਤੇ ਵੀਡੀਓ ਕਲਿੱਪਾਂ ਵਿਚ ਬੰਦ ਜਾਣਕਾਰੀ ਦਬਾ ਦਿੱਤੀ ਗਈ।

ਫਿਰ ਵੀ, ਇਸ ਜਾਂਚ ਤੋਂ ਘੱਟੋ-ਘੱਟ ਇਹ ਜ਼ਰੂਰ ਸਾਬਤ ਹੋ ਗਿਆ ਕਿ 2007 ਵਿਚ 11 ਅਕਤੂਬਰ ਨੂੰ ਅਜਮੇਰ ਸ਼ਰੀਫ਼ ਦਰਗਾਹ (ਰਾਜਸਥਾਨ) ਵਿਚ ਅਤੇ 18 ਅਗਸਤ ਨੂੰ ਮੱਕਾ ਮਸਜਿਦ (ਹੈਦਰਾਬਾਦ) ਵਿਚ ਹੋਏ ਬੰਬ ਧਮਾਕਿਆਂ ਨੂੰ ਆਈ.ਬੀ. ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਲਸ਼ਕਰ-ਏ-ਤਾਇਬਾ, ਹੂਜੀ, ਜੈਸ਼-ਏ-ਮੁਹੰਮਦ, ਸਿਮੀ ਆਦਿ ਮੁਸਲਿਮ ਜਥੇਬੰਦੀਆਂ ਦੇ ਖ਼ਾਤੇ ਪਾ ਦਿੱਤਾ ਸੀ ਅਤੇ ਮੀਡੀਆ ਨੇ ਇਸ ਝੂਠੇ ਦਾਅਵੇ ਨੂੰ ਨਹਾਇਤ ਗ਼ੈਰ ਜ਼ਿੰਮੇਵਾਰੀ ਨਾਲ ਪ੍ਰਚਾਰਿਆ ਸੀ। 2007 ਤੋਂ 2010 ਤਕ ਫਰਜ਼ੀ ਸਬੂਤਾਂ ਦੇ ਆਧਾਰ 'ਤੇ ਕਈ ਮੁਸਲਿਮ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਲੈਫਟੀਨੈਂਟ ਕਰਨਲ ਪੁਰੋਹਿਤ ਸਮੇਤ ਤਿੰਨ ਹਿੰਦੂਤਵੀ ਦਹਿਸ਼ਤਗਰਦਾਂ ਦੇ ਨਾਰਕੋ ਟੈਸਟ ਦੇ ਆਧਾਰ 'ਤੇ 2010 ਵਿਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵਲੋਂ ਜਦੋਂ ਇਨ੍ਹਾਂ ਬੰਬ ਕਾਂਡਾਂ ਦੀ ਦੁਬਾਰਾ ਜਾਂਚ ਕੀਤੀ ਗਈ ਤਾਂ ਇਸ ਨਾਲ ਆਰ.ਐਸ.ਐਸ., ਅਭਿਨਵ ਭਾਰਤ ਅਤੇ ਜੈ ਬੰਦੇ ਮਾਤ੍ਰਮ ਜਥੇਬੰਦੀਆਂ ਦੀ ਭੂਮਿਕਾ ਦੀ ਤਸਦੀਕ ਹੋ ਗਈ। ਇਸ ਜਾਂਚ ਵਿਚ ਸੁਨੀਲ ਜੋਸ਼ੀ, ਸੰਦੀਪ ਡਾਂਗੇ ਸਮੇਤ 10 ਉਘੇ ਹਿੰਦੂਤਵੀ ਕਾਰਕੁਨਾਂ ਦੇ ਨਾਂ ਸਾਹਮਣੇ ਆ ਗਏ ਜਿਨ੍ਹਾਂ ਵਿਚ ਆਰ.ਐਸ.ਐਸ. ਦਾ ਉੱਘਾ ਆਗੂ ਸਵਾਮੀ ਅਸੀਮਾਨੰਦ ਵੀ ਸੀ।

ਇਸ ਨਾਲ ਸਮਝੌਤਾ ਐਕਸਪ੍ਰੈੱਸ ਬੰਬ ਦੀ ਮੁੜ ਜਾਂਚ ਦੀ ਜ਼ਰੂਰਤ ਉਭਰੀ। ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਦੋਸਤਾਨਾ ਰਿਸ਼ਤੇ ਦੀ ਬਹਾਲੀ ਲਈ ਚਲਾਈ ਸਮਝੌਤਾ ਐਕਸਪ੍ਰੈੱਸ ਟਰੇਨ ਵਿਚ 19 ਫਰਵਰੀ 2007 ਨੂੰ ਪਾਣੀਪਤ ਨੇੜੇ ਕੀਤੇ ਬੰਬ ਧਮਾਕੇ ਵਿਚ 68 ਲੋਕ ਮਾਰੇ ਗਏ ਸਨ। ਮੁੱਢਲੇ ਸਬੂਤਾਂ ਦੇ ਬਾਵਜੂਦ ਆਈ.ਬੀ. ਨੇ ਐਂਟੀ ਟੈਰਰਿਸਟ ਸੁਕਐਡ (ਮਹਾਰਾਸ਼ਟਰ) ਨੂੰ ਇਸ ਦੀ ਜਾਂਚ ਨਹੀਂ ਕਰਨ ਦਿੱਤੀ। ਆਖ਼ਿਰਕਾਰ 2010 ਵਿਚ ਕੌਮੀ ਜਾਂਚ ਏਜੰਸੀ ਵਲੋਂ ਜਾਂਚ ਸ਼ੁਰੂ ਕੀਤੀ ਗਈ। ਇਸ ਦੌਰਾਨ ਮੱਕਾ ਮਸਜਿਦ ਅਤੇ ਅਜਮੇਰ ਸ਼ਰੀਫ਼ ਬੰਬ ਕਾਂਡਾਂ ਵਿਚ ਗ੍ਰਿਫ਼ਤਾਰ ਸਵਾਮੀ ਅਸੀਮਾਨੰਦ ਨੇ ਅਦਾਲਤ ਵਿਚ ਦਸੰਬਰ 2010 ਨੂੰ ਮੱਕਾ ਮਸਜਿਦ ਮਾਮਲੇ ਵਿਚ ਅਤੇ ਜਨਵਰੀ 2011 ਵਿਚ ਅਜਮੇਰ ਸ਼ਰੀਫ਼ ਮਾਮਲੇ ਵਿਚ ਇਕਬਾਲੀਆ ਬਿਆਨ ਦੇ ਕੇ ਭੇਤ ਖੋਲ੍ਹ ਦਿੱਤਾ ਕਿ ਇਨ੍ਹਾਂ ਦੋ ਬੰਬ ਕਾਂਡਾਂ ਤੋਂ ਇਲਾਵਾ ਮਾਲੇਗਾਓਂ 2006 ਅਤੇ ਸਮਝੌਤਾ ਐਕਸਪ੍ਰੈੱਸ 2007 ਦੇ ਧਮਾਕੇ ਵੀ ਹਿੰਦੂਤਵੀ ਜਥੇਬੰਦੀਆਂ ਨੇ ਹੀ ਕੀਤੇ ਸਨ ਅਤੇ ਇਸ ਮਾਮਲੇ ਵਿਚ ਗ੍ਰਿਫ਼ਤਾਰ ਮੁਸਲਿਮ ਨੌਜਵਾਨ ਬੇਕਸੂਰ ਹਨ। ਲਿਹਾਜ਼ਾ ਮਾਲੇਗਾਓਂ 2006 ਦੀ ਮੁੜ ਜਾਂਚ ਕੀਤੇ ਜਾਣ 'ਤੇ ਗ੍ਰਿਫ਼ਤਾਰ ਕੀਤੇ 9 ਬੇਕਸੂਰ ਮੁਸਲਮਾਨਾਂ ਦੀ ਪੰਜ ਸਾਲ ਬਾਅਦ ਰਿਹਾਈ ਸੰਭਵ ਹੋਈ।

ਉਪਰੋਕਤ ਬੰਬ ਕਾਂਡਾਂ ਦੀ ਜਾਂਚ ਨੇ ਬਹੁਤ ਹੀ ਖ਼ਤਰਨਾਕ ਹਿੰਦੂਤਵੀ ਸਾਜ਼ਿਸ਼ ਤੋਂ ਪਰਦਾ ਚੁੱਕ ਦਿੱਤਾ ਕਿ ਐਸੇ ਬੰਬ ਧਮਾਕੇ ਕਰਨ ਲਈ 2002-2003 ਦੌਰਾਨ ਵਿਸ਼ੇਸ਼ ਜਥੇਬੰਦੀ 'ਅਭਿਨਵ ਭਾਰਤ' ਬਣਾਈ ਗਈ ਸੀ ਜਿਸ ਦਾ ਮੁੱਖ ਉਦੇਸ਼ ਮੌਜੂਦਾ ਰਾਜ ਢਾਂਚੇ ਨੂੰ ਕਮਜ਼ੋਰ ਕਰ ਕੇ ਉਸ ਦੀ ਥਾਂ 'ਤੇ ਮਨੂਸਮਰਿਤੀ ਅਤੇ ਵੇਦਾਂ ਉਪਰ ਆਧਾਰਤ 'ਆਰੀਆਵ੍ਰਤ ਹਿੰਦੂ ਰਾਸ਼ਟਰ' ਦਾ ਨਿਰਮਾਣ ਕਰਨਾ ਸੀ। ਇਹ ਆਰ.ਐਸ.ਐਸ. ਦੇ ਕੱਟੜਵਾਦੀਆਂ ਵਲੋਂ ਬਣਾਈ ਜਥੇਬੰਦੀ ਸੀ। ਇਹ ਜਥੇਬੰਦੀ ਅਰਾਜਕਤਾ ਫੈਲਾਉਣ ਲਈ ਬੰਬ ਧਮਾਕੇ ਕਰਵਾ ਕੇ ਉਨ੍ਹਾਂ ਦਾ ਇਲਜ਼ਾਮ ਮੁਸਲਮਾਨਾਂ ਉਪਰ ਲਗਾਉਂਦੀ ਸੀ। ਇਸ ਲਈ ਫ਼ੌਜ ਵਿਚਲੇ ਆਪਣੇ ਅਹਿਮ ਸੰਪਰਕਾਂ ਜ਼ਰੀਏ ਨੇਪਾਲ ਅਤੇ ਇਜ਼ਰਾਈਲ ਵਰਗੇ ਮੁਲਕਾਂ ਅਤੇ ਨਾਗਾ ਬਾਗ਼ੀਆਂ ਦੀ ਮਦਦ ਲਈ ਜਾ ਰਹੀ ਸੀ। ਇਹ ਤਾਂ ਉਹ ਕਾਰਵਾਈਆਂ ਹਨ ਜਿਨ੍ਹਾਂ ਦਾ ਭੇਤ ਖੁੱਲ੍ਹ ਗਿਆ, ਜਦਕਿ ਆਰ.ਐਸ.ਐਸ. ਦਾ ਸਾਜ਼ਿਸ਼ੀ ਤਾਣਾਬਾਣਾ ਅਨੰਤ ਹੈ ਜਿਸ ਦੀ ਪੂਰੀ ਤਸਵੀਰ ਸ਼ਾਇਦ ਹੀ ਕਦੇ ਸਾਹਮਣੇ ਆਵੇ।

ਇਹ ਹੈ ਸੰਘ ਪਰਿਵਾਰ ਦਾ ਅਸਲ ਚਿਹਰਾ ਜੋ ਇਸ ਵਕਤ ਮੁਲਕ ਦੀ ਕੇਂਦਰੀ ਸੱਤਾ ਉਪਰ ਆਪਣੇ ਕੰਟਰੋਲ ਦਾ ਫ਼ਾਇਦਾ ਉਠਾ ਕੇ ਹਰ ਆਲੋਚਕ ਆਵਾਜ਼ ਨੂੰ ਦੇਸ਼ ਧ੍ਰੋਹੀ ਦੇ ਫ਼ਤਵੇ ਦੇ ਰਿਹਾ ਹੈ ਜੋ ਇਸ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਨਾਲ ਸਹਿਮਤ ਨਹੀਂ, ਜਦਕਿ ਸਭ ਤੋਂ ਵੱਡੀ ਦੇਸ਼ ਧ੍ਰੋਹੀ ਅਤੇ ਸਭ ਤੋਂ ਖ਼ਤਰਨਾਕ ਦਹਿਸ਼ਤਗਰਦ ਸੰਸਥਾ ਇਹ ਖ਼ੁਦ ਹੈ।

# ਵਿਚਾਰਾਂ ਦੀ ਆਜ਼ਾਦੀ ਤੇ ਗੁਰਮਿਹਰ

ਗੁਰਮਿਹਰ ਕੌਰ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਅਤੇ ਕੱਟੜਪੰਥੀਆਂ ਨੇ ਇਸ ਬੱਚੀ ਨੂੰ ਭਾਰਤ ਦਾ ਦੁਸ਼ਮਣ ਕਰਾਰ ਦੇ ਦਿੱਤਾ। ਕੱਟੜਪੰਥੀ ਕਿੰਨੀ ਜਲਦੀ ਭੁੱਲ ਗਏ ਕਿ ਗੁਰਮਿਹਰ ਦੇ ਪਿਤਾ ਮਨਦੀਪ ਸਿੰਘ ਨੇ ਕਸ਼ਮੀਰ 'ਚ ਜਾਨ ਕੁਰਬਾਨ ਕਰ ਦਿੱਤੀ ਸੀ। ਉਸ ਸਮੇਂ ਇਹ ਬੱਚੀ ਕੇਵਲ ਤਿੰਨ ਸਾਲ ਦੀ ਸੀ। ਅੰਨ੍ਹੇ ਰਾਸ਼ਟਰਵਾਦੀ ਇਸ ਬੱਚੀ ਦੇ ਪਰਿਵਾਰ ਦੀ ਕੁਰਬਾਨੀ, ਪਿਤਾ ਬਿਨਾਂ ਬਿਤਾਇਆ ਸਮਾਂ ਅਤੇ ਉਸ ਦੇ ਮਨ ਦੀਆਂ

ਨਰਿੰਦਰਜੀਤ ਸਿੰਘ ਬਰਾੜ

ਸੰਵੇਦਨਾਵਾਂ ਨਹੀਂ ਸਮਝ ਸਕੇ।

ਗੁਰਮਿਹਰ ਨੇ ਜਿਸ ਤਰ੍ਹਾਂ ਸੋਚਿਆ ਅਤੇ ਆਪਣੇ ਵਿਚਾਰਾਂ ਨੂੰ ਪੇਸ਼ ਕੀਤਾ, ਇਸ ਤਰ੍ਹਾਂ ਕੇਵਲ ਸ਼ਹੀਦ ਦੀ ਬੇਟੀ ਹੀ ਸੋਚ ਸਕਦੀ ਹੈ, ਰਾਜਨੀਤੀ ਦੀਆਂ ਮੌਜਾਂ ਮਾਨਣ ਵਾਲੇ ਨਹੀਂ। ਗੁਰਮਿਹਰ ਨੇ ਉਸ ਭਾਰਤ ਅਤੇ ਪਾਕਿਸਤਾਨ ਦੀ ਗੱਲ ਕੀਤੀ ਹੈ ਜੋ ਸਾਧਾਰਨ ਲੋਕਾਂ ਦੇ ਦੇਸ਼ ਹਨ। ਦੋਵਾਂ ਦੇਸ਼ਾਂ ਦੇ ਸਾਧਾਰਨ ਲੋਕ ਸ਼ਾਂਤੀ ਚਾਹੁੰਦੇ ਹਨ। ਅਸੀਂ ਤਾਂ ਅਜੇ 1947 ਦੇ ਦਰਦ ਨਹੀਂ ਭੁੱਲੇ। ਉਸਤਾਦ ਦਾਮਨ ਲਿਖਦਾ ਹੈ:

ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ।
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ।
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

ਸਵਾਲ ਉਠਦਾ ਹੈ ਕਿ ਸ਼ਾਂਤੀ ਕੌਣ ਨਹੀਂ ਚਾਹੁੰਦਾ? ਕਿਹੜੀਆਂ ਤਾਕਤਾਂ ਨੇ ਜੋ ਭਰਾ ਨੂੰ ਭਰਾ ਨਾਲ ਲੜਾ ਰਹੀਆਂ ਹਨ? ਇਸ ਦਾ ਜਵਾਬ ਨੌਜਵਾਨ ਪੀੜ੍ਹੀ ਨੇ ਲੱਭਣਾ ਹੈ। ਗੁਰਮਿਹਰ ਨੂੰ ਨਾ-ਸਮਝ ਕਹਿਣ ਵਾਲਿਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਰੂੜੀਵਾਦੀ ਸੋਚ ਦੇ ਧਾਰਨੀ ਹੋਣਾ ਤੇ ਵੱਧ ਪੈਸਾ ਕਮਾਉਣਾ ਹੀ ਸਮਝਦਾਰੀ ਨਹੀਂ ਹੁੰਦੀ। ਨਵੀਂ ਸੋਚ ਨੂੰ ਅਪਨਾਉਣਾ, ਸਮਾਜ ਨੂੰ



ਨਵੀਨ ਵਿਚਾਰਾਂ ਨਾਲ ਰੂ-ਬ-ਰੂ ਕਰਵਾਉਣਾ ਹੀ ਸਮਝਦਾਰੀ ਹੈ। ਸਾਡੀ ਵੱਡੀ ਸਮੱਸਿਆ ਇਹ ਹੈ ਕਿ ਅਸੀਂ ਨਵੀਂ ਪੀੜ੍ਹੀ ਨੂੰ ਨਵੇਂ ਵਿਚਾਰਾਂ ਲਈ ਖੁੱਲ੍ਹ ਹੀ ਨਹੀਂ ਦਿੰਦੇ। ਸਾਨੂੰ ਲੱਗਦਾ ਹੈ ਕਿ ਸਾਡੀ ਉਮਰ ਜ਼ਿਆਦਾ ਹੈ, ਪੜ੍ਹਾਈ ਜ਼ਿਆਦਾ ਹੈ, ਤਜਰਬਾ ਜ਼ਿਆਦਾ ਹੈ; ਸੋ ਅਸੀਂ ਹੀ ਸਿਆਣੇ ਹਾਂ। ਨਵੀਂ ਪੀੜ੍ਹੀ ਦੀ ਸੋਚ ਨੂੰ ਖੁੰਢਾ ਕਰਨ ਲਈ ਅਸੀਂ ਹਮੇਸ਼ਾ ਤਿਆਰ ਰਹਿੰਦੇ ਹਾਂ।

ਅਸੀਂ ਵਿਦਿਆਰਥੀਆਂ ਦੇ ਵਿਚਾਰਾਂ ਦੀ ਕਦਰ ਨਹੀਂ ਕਰਦੇ, ਹਰ ਮਨੁੱਖ ਨੂੰ ਵਿਚਾਰ ਰੱਖਣ ਦਾ ਹੱਕ ਹੈ। ਫਿਰ ਗੁਰਮਿਹਰ ਨੇ ਕੀ ਗ਼ਲਤ ਕਰ ਦਿੱਤਾ। ਤੁਹਾਨੂੰ ਇਹ ਅਧਿਕਾਰ ਕਿਸ ਨੇ ਦਿੱਤਾ ਕਿ ਤੁਸੀਂ ਸ਼ਹੀਦ ਦੀ ਬੇਟੀ ਨੂੰ ਦੇਸ਼ ਧ੍ਰੋਹੀ ਕਹੋ ਅਤੇ ਭੱਦੇ ਤਨਜ਼ ਕੱਸੋ। ਹੈਰਾਨੀ ਹੁੰਦੀ ਹੈ ਕਿ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਲੋਕ ਵੀ ਤਰਕ ਦੇ ਅਰਥ ਨਹੀਂ ਸਮਝਦੇ। ਭਾਰਤ ਕਿਸੇ ਦੇ ਪਰਿਵਾਰ ਦੀ ਜਾਗੀਰ ਨਹੀਂ, ਇਹ ਸਭ ਦਾ ਸਾਂਝਾ ਹੈ। ਭਾਰਤ, ਇਸ ਵਿਚ ਰਹਿਣ ਵਾਲੀਆਂ ਸਾਰੀਆਂ ਕੌਮਾਂ, ਜਾਤਾਂ ਅਤੇ ਧਰਮਾਂ ਦਾ ਸਾਂਝਾ ਰਾਸ਼ਟਰ ਹੈ। ਨਿੱਜੀ ਮਾਲਕੀ ਦੀ ਵਿਚਾਰਧਾਰਾ ਨਾਲ ਅੰਨ੍ਹੇ ਰਾਸ਼ਟਰਵਾਦ ਨੂੰ ਪੈਦਾ ਕਰਨਾ ਸਮੇਂ ਦੇ ਹਾਣੀ ਬਣਨ ਵਿਚ ਵੱਡੀ ਰੁਕਾਵਟ ਸਿੱਧ ਹੋਵੇਗਾ। ਜਦੋਂ ਅਸੀਂ ਧਰਮ ਤੋਂ ਉਪਰ ਉਠ ਕੇ ਸੋਚਾਂਗੇ, ਉਦੋਂ ਹੀ ਅਸੀਂ ਸਾਰਿਆਂ ਵਿਚਾਰਾਂ ਦੀ ਕਦਰ ਕਰਨੀ ਸਿੱਖ ਲਵਾਂਗੇ। ਦੁਨੀਆ ਦੀਆਂ ਪ੍ਰਸਿਧ ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨਾਲ ਗੱਲ ਕਰ ਕੇ ਵੇਖੋ, ਜਿਥੇ ਦੁਨੀਆ ਭਰ ਦੇ ਦੇਸ਼ਾਂ ਤੋਂ ਵਿਦਿਆਰਥੀ ਆਉਂਦੇ ਹਨ। ਉਹ ਇਕ ਦੂਜੇ ਦੀ ਕਦਰ ਕਰਦੇ ਹਨ। ਸਹਿਣਸ਼ੀਲਤਾ ਤੇ ਦੂਜਿਆਂ ਦੇ ਵਿਚਾਰਾਂ ਦੀ ਕਦਰ ਹੀ ਉਨ੍ਹਾਂ ਸੰਸਥਾਵਾਂ ਨੂੰ ਦੁਨੀਆ ਵਿਚ ਪ੍ਰਸਿਧ ਕਰਦੀ ਹੈ। ਉਥੇ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਕੀਤੀ ਜਾਂਦੀ ਹੈ, ਵਿਦਿਆਰਥੀਆਂ ਨੂੰ ਬੋਲਣ ਦੀ ਆਜ਼ਾਦੀ ਦਿੱਤੀ ਜਾਂਦੀ ਹੈ, ਵਿਦਿਆਰਥੀ ਆਪਣੇ ਅਧਿਆਪਕਾਂ ਨਾਲ ਹੱਥ ਮਿਲਾਉਂਦੇ ਹਨ, ਅਧਿਆਪਕਾਂ ਨੂੰ ਆਪਣਾ ਦੋਸਤ ਮੰਨਦੇ ਹਨ, ਅਧਿਆਪਕਾਂ ਤੋਂ ਭੈਅ ਨਹੀਂ ਖਾਂਦੇ ਅਤੇ ਨਾ ਹੀ ਕਿਸੇ ਕਿਸਮ ਦਾ ਡਰ ਉਨ੍ਹਾਂ ਨੂੰ ਕਿਸੇ ਧਰਮ-ਜਾਤ ਦੇ ਵਿਦਿਆਰਥੀਆਂ ਤੋਂ ਹੁੰਦਾ ਹੈ। ਵਿਚਾਰਾਂ ਦਾ ਲੈਣ-ਦੇਣ ਹੀ ਆਜ਼ਾਦ ਫਿਜ਼ਾ ਦਿੰਦਾ ਹੈ। ਇਸੇ ਆਜ਼ਾਦੀ ਨਾਲ ਹੀ ਬੁੱਧੀਜੀਵੀ ਪੈਦਾ ਹੁੰਦੇ ਹਨ।

# ਪੰਜਾਬੀ ਸਾਹਿਤ ਸਭਾਵਾਂ 'ਚ ਔਰਤਾਂ ਦੀ ਘੱਟ ਗਿਣਤੀ

**ਅੰਤਰ-ਰਾਸ਼ਟਰੀ ਔਰਤ ਦਿਵਸ 'ਤੇ ਵਿਸ਼ੇਸ਼**

ਅੱਜ ਕੁਝ ਯਤਨਸ਼ੀਲ ਔਰਤਾਂ ਨੇ ਹਰ ਖੇਤਰ ਵਿਚ ਹੀ ਤਰੱਕੀ ਕਰ ਲਈ ਹੈ। ਉਹ ਹਰ ਖੇਤਰ ਵਿਚ ਆਪਣਾ ਕੰਮ ਪੂਰੀ ਤਨਦੇਹੀ ਅਤੇ ਲਗਨ ਨਾਲ ਕਰਦੀਆਂ ਹੋਈਆਂ ਸਫਲਤਾ ਦੀ ਪੌੜੀ ਚੜ੍ਹ ਰਹੀਆਂ ਹਨ। ਅਜੋਕੇ ਯੁੱਗ ਵਿਚ ਮਾਪੇ ਧੀਆਂ ਨੂੰ ਵਿਦਿਅਕ ਯੋਗਤਾ ਦੇ ਕੇ ਪੈਰਾਂ 'ਤੇ ਖੜ੍ਹੀ ਹੋਣਾ ਸਿਖਾਉਂਦੇ ਹਨ। ਉਨ੍ਹਾਂ ਦਾ ਜੀਵਨ ਧੀਆਂ ਉਪਰ

ਨੀਲਮ ਸੈਣੀ
ਫੋਨ: 510-502-0551

ਲਗਾਈਆਂ ਜਾਣ ਵਾਲੀਆਂ ਪਬੰਦੀਆਂ ਤੋਂ ਮੁਕਤ ਹੁੰਦਾ ਹੈ। ਉਹ ਜ਼ਮਾਨਾ ਗਿਆ ਜਦ ਧੀਆਂ ਨੂੰ ਅਣਗੌਲਿਆ ਕੀਤਾ ਜਾਂਦਾ ਸੀ।

ਕੁਝ ਉਸਾਰੂ ਸੋਚ ਵਾਲੇ ਮਾਪੇ ਤਾਂ ਇਸ ਤੋਂ ਵੀ ਅੱਗੇ ਮੌਕੇ ਮੁਹੱਈਆ ਕਰਵਾਉਂਦੇ ਹਨ। ਉਹ ਆਪਣੀਆਂ ਧੀਆਂ ਦੇ ਦਿਲ ਵਿਚ ਸਵੈ ਮਾਣ ਪੈਦਾ ਕਰਨ ਅਤੇ ਆਤਮ-ਵਿਸ਼ਵਾਸ ਭਰਨ ਲਈ ਸਕੂਲਾਂ, ਕਾਲਜਾਂ ਵਿਚ ਭਾਸ਼ਣ ਮੁਕਾਬਲੇ, ਵਾਦ-ਵਿਵਾਦ, ਕਾਵਿ ਉਚਾਰਨ, ਗਿੱਧਾ, ਸਕਿੱਟਾਂ, ਯੂਥ ਲੀਡਰਸ਼ਿਪ ਕੈਂਪਾਂ ਅਤੇ ਖੇਡਾਂ ਆਦਿ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਦੇ ਹਨ। ਮੁਕਾਬਲੇ ਜਿੱਤਣ ਦੀ ਪੂਰੀ ਤਿਆਰੀ ਵੀ ਕਰਵਾਉਂਦੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਹਿੱਸੇ ਲੈਂਦਿਆਂ ਉਹ ਆਪਣੇ ਮਾਪਿਆਂ ਦਾ ਵਿਸ਼ਵਾਸ ਜਿੱਤ ਲੈਂਦੀਆਂ ਹਨ। ਉਨ੍ਹਾਂ ਦੀ ਗਿਣਤੀ ਪਹਿਲੀ ਕਤਾਰ ਵਿਚ ਹੋਣ ਲੱਗਦੀ ਹੈ। ਹੁਣੇ-ਹੁਣੇ ਭਗਵੰਤ ਮਾਨ ਨੇ ਪਾਰਲੀਮੈਂਟ ਵਿਚ ਔਰਤਾਂ ਦੇ ਹੱਕ ਵਿਚ ਬੋਲਦਿਆਂ ਸਵਾਲ ਕੀਤਾ ਸੀ ਕਿ ਦਸਵੀਂ-ਬਾਰਵੀਂ ਦੇ ਨਤੀਜਿਆਂ ਵਿਚ ਕੁੜੀਆਂ ਦੀ ਝੰਡੀ ਹੁੰਦੀ ਹੈ ਅਤੇ ਵਿਆਹ ਹੁੰਦੇ ਸਾਰ ਹੀ ਉਨ੍ਹਾਂ ਦੀ ਪ੍ਰਤਿਭਾ ਗੁੰਮ ਕਿਉਂ ਹੋ ਜਾਂਦੀ ਹੈ?

ਜ਼ਰਾ ਗਹੁ ਨਾਲ ਦੇਖੀਏ ਤਾਂ ਹਰ ਖੇਤਰ ਵਿਚ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੁੰਦੀ ਹੈ। ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਪਹਿਲਾਂ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਪ੍ਰਭਜੋਤ ਕੌਰ ਦਾ ਨਾਮ ਹੀ ਪੜ੍ਹਨ-ਸੁਣਨ ਵਿਚ ਆਉਂਦਾ ਸੀ ਪਰ ਹੁਣ ਕਈ ਬੀਬੀਆਂ ਆਹਲਾ ਕਿਸਮ ਦਾ ਸਾਹਿਤ ਰਚ ਰਹੀਆਂ ਹਨ। ਫਿਰ ਵੀ ਉਨ੍ਹਾਂ ਨੂੰ ਬਣਦੀ ਮਾਨਤਾ ਨਹੀਂ ਮਿਲਦੀ।

ਅਮਰੀਕਾ ਵਿਚ ਕਿਸੇ ਵੀ ਪੰਜਾਬੀ ਸਾਹਿਤਕ ਸਮਾਗਮ 'ਤੇ ਜਾ ਕੇ ਦੇਖਦੀ ਹਾਂ ਸਾਰਾ ਹਾਲ ਮਰਦਾਂ ਨਾਲ ਭਰਿਆ ਹੁੰਦਾ ਹੈ। ਸਾਹਿਤ ਵਿਚ ਰੁਚੀ ਰੱਖਣ ਵਾਲੀਆਂ ਔਰਤਾਂ ਦੀ ਗਿਣਤੀ ਨਾ-ਮਾਤਰ ਹੀ ਹੁੰਦੀ ਹੈ। ਕੀ ਪੜ੍ਹਨ-ਲਿਖਣ ਤੋਂ ਬਾਅਦ ਇਨ੍ਹਾਂ ਔਰਤਾਂ ਦੀ ਇਹ ਰੁਚੀ ਖਤਮ ਹੋ ਗਈ ਹੈ?

ਇਨ੍ਹਾਂ ਸਮਾਗਮਾਂ ਵਿਚ ਲੇਖਿਕਾਵਾਂ ਦੀ ਗਿਣਤੀ ਵੀ ਬਹੁਤ ਘੱਟ ਹੁੰਦੀ ਹੈ। ਇਨ੍ਹਾਂ ਵਿਚੋਂ ਵੀ ਅੱਧੀਆਂ ਉਹ ਹੁੰਦੀਆਂ ਹਨ, ਜੋ ਆਪਣੀ ਪਰਿਵਾਰਕ ਜ਼ਿੰਦਗੀ ਤੋਂ ਕਿਸੇ ਨਾ ਕਿਸੇ ਕਾਰਨ ਮਾਯੂਸ ਹੁੰਦੀਆਂ ਹਨ। ਬਾਕੀ ਇਕ-ਦੋ ਜੋ ਆਪਣੀ ਪਰਿਵਾਰਕ ਜ਼ਿੰਦਗੀ ਅਤੇ ਇਨ੍ਹਾਂ ਸਰਗਰਮੀਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਆਪਣੀਆਂ ਰੀਝਾਂ ਅਤੇ ਸ਼ੌਕ ਦਾ ਗਲ ਹੱਥੀਂ ਘੁੱਟਣਾ ਪੈਂਦਾ ਹੈ। ਅਕਸਰ ਨੌਬਤ ਇਥੋਂ ਤੱਕ ਪਹੁੰਚ ਜਾਂਦੀ ਹੈ ਕਿ ਪਰਿਵਾਰ ਜਾਂ ਸਾਹਿਤ ਵਿਚੋਂ ਇਕ ਨੂੰ ਚੁਣਿਆ ਜਾਵੇ? ਸਿੱਟੇ ਵਜੋਂ ਉਹ ਪਰਿਵਾਰ ਨੂੰ ਹੀ ਤਰਜੀਹ ਦਿੰਦੀਆਂ ਹਨ।

ਇਨ੍ਹਾਂ ਸਾਹਿਤਕ ਮਿਲਣੀਆਂ ਵਿਚ ਕੁਝ ਸਾਹਿਤਕਾਰ ਤਾਂ ਅਜਿਹੇ ਹਨ, ਜਿਨ੍ਹਾਂ ਨੂੰ ਭਾ ਜੀ ਸ਼ਬਦ ਤੋਂ ਵੀ ਚਿੜ੍ਹ ਹੈ। ਨੱਕ ਮੂੰਹ ਚੜ੍ਹਾ ਕੇ ਕਹਿਣਗੇ, "ਤੁਸੀਂ ਮੇਰਾ ਨਾਮ ਲੈ ਕੇ ਬੁਲਾਓ! ਭਾ ਜੀ ਸ਼ਬਦ ਸਾਹਿਤਕ ਨਹੀਂ ਹੈ ਤੇ ਨਾਲੇ ਅਮਰੀਕਾ ਵਿਚ ਤਾਂ ਸਾਰੇ ਇਕ ਦੂਜੇ ਦਾ ਨਾਂ ਹੀ ਲੈਂਦੇ ਹਨ।" ਇਨ੍ਹਾਂ ਵੱਡੇ ਸਾਹਿਤਕਾਰਾਂ ਨੂੰ ਇਹ ਵੀ ਯਾਦ ਨਹੀਂ ਕਿ ਇਹ ਸ਼ਬਦ ਸਾਡੇ ਸਭਿਆਚਾਰ ਦੀ ਪਹਿਚਾਣ ਹਨ। ਅਮਰੀਕਾ ਆ ਵਸੇ ਹਾਂ ਪਰ ਹਾਂ ਤਾਂ ਪੰਜਾਬੀ ਹੀ। ਸਮਾਗਮ 'ਤੇ ਆਈ ਹਰ ਔਰਤ ਦੇ ਪਹਿਰਾਵੇ ਨੂੰ ਕੁਝ ਸਿਰ ਫਿਰੇ ਸਾਹਿਤਕਾਰਾਂ ਵਲੋਂ ਸਿਰ ਤੋਂ ਪੈਰਾਂ ਤੱਕ ਗਹੁ ਨਾਲ ਤੱਕਿਆ ਜਾਂਦਾ ਹੈ।

ਇਹ ਬਹੁਤ ਘੱਟ ਅਤੇ ਕਦੀ ਹੀ ਹੋਇਆ ਹੋਇਆ ਹੈ ਕਿ ਇਨ੍ਹਾਂ ਮਰਦ ਸਾਹਿਤਕਾਰਾਂ ਵਿਚੋਂ ਕਿਸੇ ਨੇ ਆਪਣੀ ਪਤਨੀ ਬੇਸ਼ੱਕ ਉਹ ਲੇਖਿਕਾ ਵੀ ਹੋਵੇ, ਨੂੰ ਨਾਲ ਲਿਆਂਦਾ ਹੋਵੇ। ਇਨ੍ਹਾਂ ਦਾ ਜਵਾਬ ਹੁੰਦਾ ਹੈ, ਉਹ ਘਰ ਹੀ ਖੁਸ਼ ਹਨ ਜਾਂ ਉਨ੍ਹਾਂ ਨੂੰ ਸ਼ੌਕ ਨਹੀਂ ਹੈ।

ਸਾਹਿਤ ਸਭਾ ਵਿਚ ਹਾਜ਼ਰ ਲੇਖਿਕਾਵਾਂ ਨੂੰ ਮੁਖਾਤਿਬ ਹੋ ਕੇ ਸ਼ੇਅਰ ਬੋਲੇ ਜਾਂਦੇ ਹਨ। ਕਈ ਵਾਰੀ ਤਾਂ ਆਪਣੀ ਜੀਵਨ ਸਾਥਣ ਦੀ ਬੁਰਾਈ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਸਮਾਗਮ ਵਿਚ ਇਕ ਪ੍ਰਸਿੱਧ ਸ਼ਾਇਰ ਗੋਰੇ ਰੰਗ 'ਤੇ ਸ਼ੇਅਰ ਕਹਿ ਰਿਹਾ ਸੀ। ਉਸ ਦਿਨ ਸਬੱਬੀਂ ਉਸ ਦੀ ਜੀਵਨ ਸਾਥਣ ਨਾਲ ਆਈ ਹੋਈ ਸੀ। ਉਸ ਵੱਲ ਹੱਥ ਕਰਕੇ ਭਰੀ ਮਹਿਫਿਲ ਵਿਚ ਬੋਲਿਆ, "ਤੈਨੂੰ ਨਹੀਂ ਕਹਿ ਰਿਹਾ, ਮੇਰੇ ਹਿੱਸੇ ਗੋਰਾ ਰੰਗ ਆਇਆ



ਹੀ ਨਹੀਂ।" ਉਸ ਨੇ ਆਪਣੀ ਗਰਦਨ ਨੀਵੀਂ ਪਾ ਲਈ। ਦੱਸੋ ਉਹ ਅਗਲੀ ਵਾਰੀ ਸਾਹਿਤਕ ਸਮਾਗਮ ਵਿਚ ਆਉਣ ਦਾ ਸਾਹਸ ਕਰੇਗੀ?

ਸੱਚ ਤਾਂ ਇਹ ਹੈ ਕਿ ਔਰਤ ਪੁਲਾੜ ਤੱਕ ਪਹੁੰਚ ਗਈ ਹੈ ਪਰ ਇਹ ਮਰਦ ਔਰਤ ਦੇ ਹੱਥ ਸੰਚਾਲਨ ਦੇਣਾ ਹੀ ਆਪਣੀ ਹੱਤਕ ਸਮਝਦੇ ਹਨ। ਜੇ ਕੋਈ ਔਰਤ ਸਾਹਸ ਕਰ ਕੇ ਅੱਗੇ ਆ ਹੀ ਜਾਵੇ ਤਾਂ ਉਸ ਨੂੰ ਇਨ੍ਹਾਂ ਮਰਦਾਂ ਦੀ ਈਰਖਾ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਇਸ ਸ਼੍ਰੇਣੀ ਵਿਚ ਆਉਂਦੇ ਮਰਦ ਉਹ ਹਨ ਜੋ ਔਰਤ ਨੂੰ ਅੱਜ ਵੀ ਕਮਜ਼ੋਰ ਹੀ ਸਮਝਦੇ ਹਨ। ਇਸ ਦੇ ਬਾਵਜੂਦ ਜੇ ਇਨ੍ਹਾਂ ਦੀ ਨਾ ਪੁੱਗੇ ਤਾਂ ਹੋਰ ਵੀ ਕਈ ਹੱਥ ਕੰਡੇ ਵਰਤਦੇ ਹਨ।

ਸਮਾਗਮ ਵਿਚ ਹਮੇਸ਼ਾਂ ਦੇਰ ਨਾਲ ਆਉਣਾ ਇਨ੍ਹਾਂ ਦਾ ਸੁਭਾਅ ਹੈ। ਸਮਾਗਮ ਨੂੰ ਕਦੀ ਵੀ ਮਿੱਥੇ ਸਮੇਂ 'ਤੇ ਸ਼ੁਰੂ ਨਾ ਕਰਨਾ ਇਨ੍ਹਾਂ ਦੀ ਆਦਤ ਹੈ। ਇਸ ਤੋਂ ਵੀ ਵੱਧ ਸਮਾਗਮ ਨੂੰ ਇੰਨੀ ਦੇਰ ਤੱਕ ਚਲਾਉਂਦੇ ਹਨ ਕਿ ਹਰ ਲੇਖਿਕਾ ਮਜਬੂਰ ਹੋ ਕੇ ਸਮਾਗਮ ਨੂੰ ਵਿਚੇ ਛੱਡ ਕੇ ਜਾਣ ਲਈ ਮਜਬੂਰ ਹੋ ਜਾਵੇ। ਇਥੇ ਹੀ ਬੱਸ ਨਹੀਂ ਉਸ ਦੇ ਮਹਿਫਿਲ ਵਿਚਾਲੇ ਛੱਡ ਜਾਣ 'ਤੇ ਫਿਕਰੇ ਵੀ ਕੱਸ ਦਿੰਦੇ ਹਨ। ਗੱਲਾਂ-ਗੱਲਾਂ ਵਿਚ ਹੀ ਉਸ ਨੂੰ ਔਰਤ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ।

ਇਨ੍ਹਾਂ ਸਵਾਲਾਂ ਦੇ ਸੰਦਰਭ ਵਿਚ ਪ੍ਰੋ. ਸੁਖਵਿੰਦਰ ਕੰਬੋਜ ਨੇ ਕਿਹਾ ਹੈ, "ਸਾਡੇ ਸਮਾਜ ਵਿਚ ਸ਼ੁਰੂ ਤੋਂ ਹੀ ਮਰਦ ਦਾ ਦਾਬਾ ਰਿਹਾ ਹੈ। ਔਰਤ ਘਰ ਦੀ ਚਾਰ ਦੀਵਾਰੀ ਵਿਚ ਕੰਮ ਕਰਦੀ ਰਹੀ ਹੈ। ਬੱਚਿਆਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਨਿਭਾਉਂਦੀ ਰਹੀ ਹੈ। ਦੁੱਖ ਦੀ ਗੱਲ ਹੈ ਕਿ ਸਾਡੇ ਸਮਾਜ ਵਿਚ ਔਰਤ ਦੇ ਇਨ੍ਹਾਂ ਕੰਮਾਂ ਨੂੰ ਕੰਮ ਨਹੀਂ ਗਿਣਿਆਂ ਜਾਂਦਾ। ਅਜੋਕੇ ਸਰਮਾਏਦਾਰੀ ਯੁੱਗ ਵਿਚ ਉਹ ਘਰ-ਪਰਿਵਾਰ ਦੇ ਨਾਲ ਆਰਥਕ ਚੱਕੀ ਵੀ ਪੀਂਹਦੀ ਹੈ। ਉਹ ਘਰ ਦੀ ਚਾਰ ਦੀਵਾਰੀ ਤੋਂ ਮੁਕਤ ਹੈ ਪਰ ਮਾਨਸਿਕ ਆਜ਼ਾਦੀ ਲਈ ਸੰਘਰਸ਼ ਕਰ ਰਹੀ ਹੈ। ਮਰਦ ਲੇਖਕ ਉਸ ਦੇ ਹੱਕ ਵਿਚ ਸਾਹਿਤ ਤਾਂ ਰਚ ਦਿੰਦੇ ਹਨ ਪਰ ਆਪਣੀ ਸੋਚ ਨਹੀਂ ਬਦਲ ਰਹੇ। ਇਸ ਤੋਂ ਵੀ ਵੱਧ ਸਾਡੇ ਸਮਾਜਿਕ ਢਾਂਚੇ ਨੇ ਉਸ ਦੇ ਜੀਨਜ਼ ਵਿਚ ਹੀ ਇਹ ਡੀ ਕੋਡ ਕਰ ਦਿੱਤਾ ਹੈ ਕਿ ਉਹ ਔਰਤ ਹੈ।"

ਕਾਸ਼! ਇਹ ਮਰਦ ਲੇਖਕ ਸੋਚ ਸਕਣ ਕਿ ਪਰਿਵਾਰ ਅਤੇ ਕੰਮ ਤੋਂ ਬਾਅਦ ਜੋ ਔਰਤ ਇਨ੍ਹਾਂ ਸਾਹਿਤਕ ਸਮਾਗਮਾਂ ਵਿਚ ਵੀ ਸ਼ਿਰਕਤ ਕਰਦੀ ਹੈ, ਉਸ ਕੋਲ ਉਸ ਦੇ ਆਪਣੇ ਲਈ ਕਿੰਨਾ ਸਮਾਂ ਬਚਦਾ ਹੈ? ਇਨ੍ਹਾਂ ਸਮਾਗਮਾਂ ਵਿਚ ਉਸ ਵਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਹੋਵੇ। ਮਰਦ ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਲਿਖਤਾਂ ਦੇ ਨਾਲ-ਨਾਲ ਮਾਨਸਿਕ ਸੋਚ ਵਿਚ ਵੀ ਪਰਿਵਰਤਨ ਲਿਆਉਣ।

ਪ੍ਰਸਿਧ ਪੰਜਾਬੀ ਲੇਖਿਕਾ ਸੁਰਜੀਤ ਨੇ ਕਿਹਾ ਹੈ, "ਸਾਹਿਤ ਵਿਚ ਰੁਚੀ ਰੱਖਣ ਵਾਲੀਆਂ ਔਰਤਾਂ ਨੂੰ ਇਨ੍ਹਾਂ ਸਾਹਿਤਕ ਮਿਲਣੀਆਂ ਵਿਚ ਸ਼ਿਰਕਤ ਕਰਨੀ ਚਾਹੀਦੀ ਹੈ। ਆਪਣੇ ਗਿਆਨ ਦੇ ਬੰਦ ਪਏ ਬੂਹੇ ਖੋਲ੍ਹਣੇ ਚਾਹੀਦੇ ਹਨ। ਇਸ ਤਰ੍ਹਾਂ ਉਹ ਘਰ-ਪਰਿਵਾਰ ਦੇ ਨਾਲ-ਨਾਲ ਚੌਗਿਰਦੇ ਨੂੰ ਸੋਹਣਾ ਬਣਾਉਣ ਵਿਚ ਯੋਗਦਾਨ ਪਾ ਸਕਦੀਆਂ ਹਨ। ਔਰਤਾਂ ਦੀ ਭਰਵੀਂ ਹਾਜ਼ਰੀ ਉਸਾਰੂ ਸਾਹਿਤ ਨੂੰ ਪ੍ਰਫੁਲਿਤ ਕਰਨ ਵਿਚ ਸਹਾਈ ਹੋ ਸਕਦੀ ਹੈ।"

ਹਰ ਲੇਖਿਕਾ ਨੂੰ ਵੀ ਚਾਹੀਦਾ ਹੈ ਕਿ ਆਪਣੇ ਫਰਜ਼ ਨਿਭਾਉਣ ਦੇ ਨਾਲ-ਨਾਲ ਆਪਣੇ ਸਵੈ ਮਾਣ ਨੂੰ ਬਣਾਈ ਰੱਖਣ ਲਈ ਅੱਗੇ ਆਵੇ। ਆਪਣੇ ਆਪ ਨੂੰ ਮਰਦ ਸ਼ਾਇਰਾਂ ਦੇ ਮਨ ਪ੍ਰਚਾਵੇ ਦਾ ਸਾਧਨ ਨਾ ਬਣਾਵੇ। ਮਰਦਾਊ ਸੋਚ ਦਾ ਇਹ ਪ੍ਰਭਾਵ ਜੋ ਉਸ ਨੇ ਕਬੂਲਿਆ ਹੈ, ਉਸ ਵਿਚੋਂ ਬਾਹਰ ਨਿਕਲੇ। ਆਪਣੇ ਔਰਤ ਹੋਣ 'ਤੇ ਮਾਣ ਕਰਦੀ ਹੋਈ ਅੱਗੇ ਵਧੇ। ਨਿਡਰ ਹੋ ਕੇ ਰਾਹਾਂ 'ਤੇ ਮੂਹਰੇ ਹੋ ਕੇ ਤੁਰੇ ਤਾਂ ਕਿਉਂਕਿ ਜਦ ਔਰਤ ਰਾਹਾਂ ਤੇ ਮੂਹਰੇ ਹੋ ਕਿ ਤੁਰਦੀ ਹੈ ਤਾਂ ਕਾਇਨਾਤ ਵੀ ਨਿਯਮਬੱਧ ਹੋ ਜਾਂਦੀ ਹੈ।

## ਨਸੀਹਤ

ਆਪਣਾ ਜਿਸਮ ਲੁਕਾ ਕੇ ਰੱਖ ਨੀ
ਵੇਂਹਦੀ ਪਈ ਸ਼ਿਕਰੇ ਦੀ ਅੱਖ ਨੀ।
ਇੱਜਤਾਂ ਵਿਕਣ ਨਾ ਵਿਚ ਬਾਜ਼ਾਰੀਂ
ਇੱਜਤ ਨਾ ਕਰ ਖੁਦ ਤੋਂ ਵੱਖ ਨੀ।
ਤਨ ਵੀ ਤੇਰਾ, ਮਨ ਵੀ ਤੇਰਾ
ਰੱਖ ਸੰਭਾਲ ਕੇ ਇਸ ਦੀ ਦੱਖ ਨੀ।
ਧਰਮ ਸਮਾਜ ਨਾ ਰਾਖੇ ਬਣਦੇ
ਐਵੇਂ ਬੈਠੇ ਮਾਰਨ ਝੱਖ ਨੀ।
ਇਜਤ ਗਈ ਨਾ ਵਾਪਸ ਆਉਣੀ
ਭਾਵੇਂ ਕਰੀਂ ਦੁਆਵਾਂ ਲੱਖ ਨੀ।
ਸ਼ੀਸ਼ੇ ਟੁੱਟੇ ਕਦੀ ਨਾ ਜੁੜਦੇ
ਪੱਲੇ ਨਹੀਂ ਫਿਰ ਬਚਦਾ ਕੱਖ ਨੀ।
ਛੱਡ ਫੈਸ਼ਨ ਤੇ ਸਹਿਜ 'ਚ ਮੁੜ ਆ
ਜ਼ਿੰਦਗੀ ਦਾ ਤੂੰ ਅੰਮ੍ਰਿਤ ਚੱਖ ਨੀ।
ਇਹ 'ਸੁਰਜੀਤ' ਸਦਾ ਹੀ ਤੇਰਾ
ਜਿਉਂਦੇ ਜੀਅ ਪੂਰੇਗੀ ਪੱਖ ਨੀ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*

# ਸਮੇਂ ਦੇ ਹਾਣੀ

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

ਵੱਡੇ ਸ਼ਹਿਰ ਦੇ ਚੜ੍ਹਦੇ ਵਾਲੇ ਪਾਸੇ ਵੱਸਿਆ ਇਕ ਨਿੱਕਾ ਜਿਹਾ ਪਿੰਡ ਸੀ। ਇਥੇ ਹਰ ਧਰਮ ਅਤੇ ਜਾਤੀ ਦੇ ਲੋਕ ਸੁੱਖੀਂ ਵੱਸਦੇ ਹਨ। ਕਿਸੇ ਘਰ ਮੁੰਡਾ ਜੰਮਦਾ ਤਾਂ ਸਾਰਾ ਪਿੰਡ ਖੁਸ਼ੀ ਵਿਚ ਨੱਚ ਉਠਦਾ। ਜੇ ਕਿਸੇ ਘਰੋਂ ਅਰਥੀ ਉਠਦੀ ਤਾਂ ਸਾਰਾ ਪਿੰਡ ਅੱਖਾਂ ਵਿਚੋਂ ਹੰਝੂਆਂ ਦੇ ਹੜ੍ਹ ਵਹਾ ਦਿੰਦਾ। ਬਹੁਤੇ ਲੋਕ ਖੇਤੀਬਾੜੀ ਕਰਦੇ ਤੇ ਸਬਜ਼ੀਆਂ ਸ਼ਹਿਰ ਵੇਚਦੇ। ਕਈਆਂ ਗਾਂਵਾਂ ਰੱਖੀਆਂ ਤੇ ਦੁੱਧ ਵੇਚਦੇ।

ਪਿੰਡ ਵਿਚ ਸਭ ਨਾਲੋਂ ਪਹਿਲਾਂ ਬੋਲਦਾ ਨਾਂ ਸੀ ਰੂੜ ਸਿੰਘ ਮਾਨ ਦਾ ਜਿਸ ਨੂੰ ਹਵੇਲੀ, ਪਿਉ ਦਾਦੇ ਦੀ ਵਿਰਾਸਤ ਵਿਚ ਮਿਲੀ ਸੀ। ਇਕੱਲਾ ਪੁੱਤ ਹੋਣ ਕਰ ਕੇ ਜ਼ਮੀਨ ਵੀ ਮੁਰੱਬੇ ਤੋਂ ਉਪਰ ਆਈ ਸੀ। ਜਿਵੇਂ-ਜਿਵੇਂ ਇਹ ਪਿੰਡ ਵੱਸਦਾ ਗਿਆ, ਰੂੜ ਸਿੰਘ ਹਰ ਬੰਦੇ ਨੂੰ ਬੈਠਣ ਜੋਗੀ ਥਾਂ ਦਿੰਦਾ ਗਿਆ। ਉਹ ਪਿੰਡ ਨੂੰ ਆਪਣਾ ਪਰਿਵਾਰ ਸਮਝਦਾ ਸੀ। ਉਸ ਨੂੰ ਕਿਸੇ ਕਿਸਮ ਦਾ ਐਬ ਨਹੀਂ ਸੀ। ਉਹ ਬਲਦਾਂ ਨੂੰ ਪੁੱਤਾਂ ਵਾਂਗ ਪਾਲਦਾ। ਹਲ ਵਾਹੁੰਦਾ ਹੀਰ ਨਹੀਂ, ਦਸਵੇਂ ਪਾਤਸ਼ਾਹ ਦੇ ਜਨਮ ਵੇਲੇ ਦੀਆਂ ਖੁਸ਼ੀਆਂ ਉਚੀ ਹੇਕ ਵਿਚ ਗਾਉਂਦਾ। ਜਦੋਂ ਪੋਹ-ਸਿਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਿਆਨ ਕਰਦਾ ਤਾਂ ਆਪ ਵੀ ਰੋਣ ਲੱਗ ਪੈਂਦਾ।

ਰੂੜ ਸਿੰਘ ਦਾ ਵਿਆਹ ਸਰਹਿੰਦ ਲਾਗਲੇ ਇਕ ਪਿੰਡ ਹੋ ਗਿਆ। ਉਸ ਨੂੰ ਸਹੁਰੀਂ ਜਾਣ ਦਾ ਚਾਅ ਘੱਟ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਧਰਤੀ ਦੇ ਦਰਸ਼ਨ ਕਰਨ ਦਾ ਬਹੁਤਾ ਹੁੰਦਾ। ਉਹ ਸੰਗਤਾਂ ਦੇ ਜੋੜੇ ਝਾੜਦਾ। ਵਾਹਿਗੁਰੂ ਨੇ ਉਸ ਨੂੰ ਦੋ ਪੁੱਤਰਾਂ ਦੀ ਦਾਤ ਬਖਸ਼ੀ। ਵੱਡੇ ਦਾ ਨਾਂ ਜਗੀਰ ਸਿੰਘ ਰੱਖਿਆ ਅਤੇ ਛੋਟੇ ਦਾ ਸਾਧੂ ਸਿੰਘ। ਹੌਲੀ-ਹੌਲੀ ਸ਼ਹਿਰ ਦੀ ਆਬਾਦੀ ਵਧਦੀ ਗਈ ਤੇ ਇਹ ਪਿੰਡ ਵੀ ਨਵੀਂ ਤਰੱਕੀ ਨੇ ਆਪਣੀ ਬੁੱਕਲ ਵਿਚ ਲਪੇਟਣਾ ਸ਼ੁਰੂ ਕਰ ਦਿੱਤਾ। ਏਕੜਾਂ ਦੇ ਘੇਰੇ ਗਜ਼ਾਂ 'ਚ ਵਿਕਣ ਲੱਗ ਗਏ। ਰੂੜ ਸਿੰਘ ਨੇ ਬਹੁਤ ਰੌਲਾ ਪਾਇਆ ਕਿ ਜੱਦੀ ਪੁਸ਼ਤੀ ਜਾਇਦਾਦ ਨਾ ਵੇਚੋ, ਪਰ ਬਹੁਤੇ ਲੋਕ ਇਕ ਦੇ ਦਸ ਬਣਾਉਣ ਦੇ ਚੱਕਰ ਵਿਚ ਪੈ ਗਏ। ਕਈ ਪਰਿਵਾਰਾਂ ਨੇ ਜ਼ਮੀਨ ਵੇਚ ਕੇ ਹੋਰ ਪਿੰਡਾਂ ਵਿਚ ਲੈ ਲਈ। ਇਸ ਸਮੇਂ ਲੋਕਾਂ ਦੀ ਜ਼ੁਬਾਨ ਉਤੇ ਅਜੇ ਕਰੋੜ ਰੁਪਿਆ ਨਹੀਂ ਆਇਆ ਸੀ। ਲੋਕ ਲੱਖਾਂ ਦੇ ਹਿਸਾਬ ਨਾਲ ਜ਼ਮੀਨ ਵੇਚ ਕੇ ਹਜ਼ਾਰਾਂ ਵਿਚ ਖਰੀਦ ਰਹੇ ਸਨ।

ਛੇਤੀ ਹੀ ਪਿੰਡ ਨੇ ਕਾਲੋਨੀਆਂ ਦਾ ਰੂਪ ਧਾਰਨਾ ਸ਼ੁਰੂ ਕਰ ਦਿੱਤਾ। ਰੂੜ ਸਿੰਘ ਦੀ ਪੱਕੀ ਵੱਟ ਤੱਕ ਸ਼ਹਿਰ ਆ ਗਿਆ। ਦਲਾਲ ਮੂੰਹੋਂ ਮੰਗੇ ਦੇਣ ਲੱਗੇ, ਪਰ ਰੂੜ ਸਿੰਘ ਨਾ ਮੰਨਿਆ। ਦੋਵੇਂ ਪੁੱਤ ਜਵਾਨ ਹੋ ਗਏ। ਨਵੇਂ ਜ਼ਮਾਨੇ ਦੀ ਹਵਾ ਉਨ੍ਹਾਂ ਨੂੰ ਵੀ ਲੱਗਣ ਲੱਗੀ। ਪਿਉ ਨੂੰ ਜ਼ੋਰ ਪਾ ਕੇ ਦਸ ਕਿੱਲੇ ਜ਼ਮੀਨ ਬੈ ਕਰਵਾ ਦਿੱਤੀ। ਜਗਰਾਉਂ ਤੋਂ ਮੋਗੇ ਵਾਲੇ ਜੀ.ਟੀ. ਰੋਡ ਉਤੇ ਵੀਹ ਕਿੱਲੇ ਜ਼ਮੀਨ ਲੈ ਲਈ। ਦੋਵਾਂ ਭਰਾਵਾਂ ਨੇ ਇਕੱਠਿਆਂ ਵੱਡੀ ਕੋਠੀ ਪਾ ਲਈ। ਹੌਲੀ-ਹੌਲੀ ਪਿਉ ਨੂੰ ਮਨਾਉਣ ਲੱਗੇ ਕਿ ਇਹ ਹਵੇਲੀ ਛੱਡ ਕੇ ਨਵੀਂ ਕੋਠੀ ਵਿਚ ਚੱਲੋ, ਪਰ ਰੂੜ ਸਿੰਘ ਨਾ ਮੰਨਿਆ। ਹੌਲੀ-ਹੌਲੀ ਸਾਰਾ ਪਿੰਡ ਸ਼ਹਿਰ ਬਣ ਗਿਆ। ਲੋਕ ਜ਼ਮੀਨ ਵੇਚ ਕੇ ਹੋਰਨਾਂ ਪਿੰਡਾਂ 'ਚ ਚਲੇ ਗਏ। ਪਿੰਡ ਦੀ ਆਖਰੀ ਨਿਸ਼ਾਨੀ ਰੂੜ ਸਿੰਘ ਦੀ ਹਵੇਲੀ ਰਹਿ ਗਈ। ਪੁੱਤਰਾਂ ਨੇ ਚੰਗੇ ਭਵਿੱਖ ਦੇ ਸੁਪਨੇ ਵਿਖਾ ਕੇ ਪਿਉ ਤੋਂ ਫਿਰ ਅੰਗੂਠਾ ਲਵਾ ਕੇ ਦੂਜੇ ਦਸ ਕਿੱਲੇ ਵੀ ਬੈ ਕਰਵਾ ਦਿੱਤੇ। ਫਿਰ ਨਾਲ ਲਗਦੀ ਵੀਹ ਕਿੱਲੇ ਖਰੀਦ ਕੇ ਚਾਲੀ ਕਿੱਲਿਆਂ ਦਾ ਟੱਕ ਬਣਾ ਲਿਆ। ਬਲਦਾਂ ਦੀ ਥਾਂ ਟਰੈਕਟਰ ਆ ਗਿਆ। ਛੰਨਿਆਂ ਦੀ ਥਾਂ ਸਟੀਲ ਦੇ ਗਲਾਸ ਆ ਗਏ।

ਦੋਵਾਂ ਭਰਾਵਾਂ ਦਾ ਵਿਆਹ ਹੋ ਗਿਆ। ਹੁਣ ਉਹ ਨਵੀਂ ਪਾਈ ਕੋਠੀ ਵਿਚ ਹੀ ਰਹਿੰਦੇ। ਮਾਂ-ਪਿਉ ਅਜੇ ਵੀ ਹਵੇਲੀ ਵਿਚ ਰਹਿੰਦੇ ਸਨ। ਉਥੇ ਵੀ ਹੁਣ ਕੋਈ ਰੂੜ ਸਿੰਘ ਨੂੰ ਨਹੀਂ ਜਾਣਦਾ ਸੀ। ਪਿੰਡ ਤਾਂ ਸ਼ਹਿਰ ਬਣ ਚੁਕਾ ਸੀ। ਦਲਾਲਾਂ ਦੀ ਅੱਖ ਰੂੜ ਸਿੰਘ ਦੀ ਹਵੇਲੀ 'ਤੇ ਸੀ। ਪੰਜ ਕਿੱਲਿਆਂ ਦੇ ਪੈਸੇ ਰੂੜ ਸਿੰਘ ਨੂੰ ਦਿੰਦੇ ਸਨ। ਉਹ ਨਾ ਮੰਨਿਆ, ਕਹਿੰਦਾ, "ਮੇਰੀ ਅਰਥੀ ਇਸ ਹਵੇਲੀ ਦੀ ਡਿਓਢੀ ਵਿਚੋਂ ਲੰਘ ਲੈਣ ਦਿਓ, ਫਿਰ ਭਲਾ ਇੱਟਾਂ ਵੀ ਵੇਚ ਕੇ ਖਾ ਜਾਇਓ।" ਬਹੁਤਾ ਸਮਾਂ ਨਾ ਲੰਘਿਆ। ਰੂੜ ਸਿੰਘ ਅੱਖਾਂ ਅੱਗੇ ਉਜੜ ਕੇ ਸ਼ਹਿਰ ਬਣੇ ਪਿੰਡ ਨਾਲ ਹੀ ਅੱਖਾਂ ਮੀਚ ਗਿਆ। ਦੋਵਾਂ ਪੁੱਤਰਾਂ ਨੇ ਸਾਲ ਵਿਚ ਹੀ ਹਵੇਲੀ ਵੇਚ ਕੇ ਪੁਰਖਿਆਂ ਦੀ ਆਖਰੀ ਨਿਸ਼ਾਨੀ ਵੀ ਮਿਟਾ ਦਿੱਤੀ।

ਦੋਵਾਂ ਭਰਾਵਾਂ ਦੀ ਆਪਸ ਵਿਚ ਬਹੁਤ ਬਣਦੀ ਸੀ। ਦੋਵਾਂ ਨੂੰ ਦੋ-ਦੋ ਪੁੱਤਰਾਂ ਦੀ ਦਾਤ ਮਿਲੀ। ਪਿਉ-ਦਾਦੇ ਦੀ ਜ਼ਮੀਨ ਨੂੰ ਸਮੇਂ ਸਿਰ ਵੇਚ ਕੇ ਇਹ ਬਹੁਤ ਤਰੱਕੀ ਕਰ ਗਏ ਸਨ, ਪਰ ਇਨ੍ਹਾਂ ਦੀ ਮਾਂ ਇਸ ਤਰੱਕੀ ਪਿੱਛੇ ਸਾਰੇ ਪਿੰਡ ਦੀ ਤਬਾਹੀ ਵੇਖ ਕੇ ਰੋਂਦੀ ਰਹਿੰਦੀ। ਪਿਛਲੇ ਦਿਨਾਂ ਨੂੰ ਯਾਦ ਕਰਦੀ ਫਿਰ ਕੰਧ 'ਤੇ ਤਸਵੀਰ ਬਣ ਲਟਕ ਗਈ। ਘਰ ਦੀ ਮੁਖਤਿਆਰੀ ਵੱਡੇ ਜਗੀਰ ਸਿੰਘ ਕੋਲ ਸੀ। ਖੇਤੀ ਦਾ ਕੰਮ ਸਾਧੂ ਸਿੰਘ ਸੰਭਾਲਦਾ।

ਸਮਾਂ ਬੀਤਿਆ। ਦੋਵਾਂ ਦੇ ਚਾਰੇ ਪੁੱਤ ਗੱਭਰੂ ਹੋ ਗਏ। ਉਨ੍ਹਾਂ ਵੀਹ ਕਿੱਲੇ ਜ਼ਮੀਨ ਹੋਰ ਖਰੀਦ ਲਈ। ਜੀ.ਟੀ. ਰੋਡ ਉਤੇ ਜਾਂਦਿਆਂ ਤਿੰਨ ਮੰਜ਼ਲੀ ਕੋਠੀ ਹਰ ਇਕ ਦੀ ਨਿਗ੍ਹਾ ਖਿੱਚਦੀ। ਪੁੱਤਰਾਂ ਦੀ ਪੜ੍ਹਾਈ ਖਤਮ ਹੋਈ ਤਾਂ ਰਿਸ਼ਤੇਦਾਰਾਂ ਨੇ ਸਾਕ ਕਰਵਾਉਣ ਦੀ ਗੱਲ ਤੋਰੀ। ਚਾਰ ਸਾਲਾਂ ਵਿਚ ਚਾਰੇ ਪੁੱਤ ਹੀ ਵਿਆਹੇ ਗਏ। ਜਗੀਰ ਸਿਉਂ ਦੇ ਪੁੱਤਾਂ ਨੂੰ ਕੈਨੇਡਾ ਤੋਂ ਰਿਸ਼ਤੇ ਹੋ ਗਏ ਅਤੇ ਸਾਧੂ ਸਿੰਘ ਦੇ ਪੁੱਤਾਂ ਨੂੰ ਅਮਰੀਕਾ ਤੋਂ। ਜਿਵੇਂ ਦੋਵੇਂ ਭਰਾ ਆਪਣੇ ਪਿਉ ਰੂੜ ਸਿੰਘ ਨੂੰ ਛੱਡ ਕੇ ਆਏ ਸੀ, ਇਸੇ ਤਰ੍ਹਾਂ ਇਨ੍ਹਾਂ ਦੇ ਚਾਰੇ ਪੁੱਤ ਵੀ ਜਹਾਜ਼ ਚੜ੍ਹ ਬਾਹਰ ਆ ਗਏ। ਪਿੱਛੇ ਰਹਿ ਗਏ ਦੋਵੇਂ ਭਰਾ ਅਤੇ ਉਨ੍ਹਾਂ ਦੀਆਂ ਘਰਵਾਲੀਆਂ। ਦਿਹਾੜੀ 'ਤੇ ਕੰਮ ਕਰਵਾਉਣ ਵਾਲੇ ਖੁਦ ਦਿਹਾੜੀ ਜਾਣ ਲੱਗੇ। ਇਧਰ, ਅਮਰੀਕਾ ਵਾਲੇ ਟਰੱਕਾਂ ਦੀ ਡਰਾਈਵਰੀ ਕਰਨ ਲੱਗੇ। ਬਾਹਰਲੇ ਦੇਸ਼ਾਂ ਦੇ ਲਾਲਚ ਨੇ ਸਰਦਾਰੀ ਹੱਥੋਂ ਗੁਆ ਦਿੱਤੀ। ਡਰਾਈਵਰੀ ਨਾਲ ਤਾਂ ਰੋਟੀ-ਪਾਣੀ ਮਸਾਂ ਚੱਲਦਾ ਸੀ। ਇਹੀ ਹਾਲ ਕੈਨੇਡਾ ਵਾਲਿਆਂ ਦਾ ਸੀ। ਔਖੇ ਸੌਖਿਆਂ ਨੇ ਚਾਰ ਸਾਲ ਕੱਢੇ, ਪਰ ਫੁਲਕਾਰੀ ਨੂੰ ਲੱਗੇ ਸਿਤਾਰੇ ਟੁੱਟਦੇ ਗਏ। ਫਿਰ ਜਗੀਰ ਸਿਉਂ ਦੇ ਪੁੱਤ ਕੈਨੇਡਾ ਤੋਂ ਪਿੰਡ ਆਏ। ਬਾਪੂ ਨੂੰ ਕੈਨੇਡਾ ਵਿਚ ਗੁਜ਼ਰ ਰਹੀ ਜ਼ਿੰਦਗੀ ਬਾਰੇ ਦੱਸਿਆ। ਬਾਪੂ ਨੇ ਕਹਿ ਦਿੱਤਾ ਕਿ ਪੁੱਤਰੋ, ਦੱਬ ਕੇ ਮਿਹਨਤ ਕਰੋ, ਪਰ ਇਥੇ ਮਿਹਨਤ ਨਾਲ ਤਾਂ ਰੋਟੀ-ਟੁੱਕ ਹੀ ਜੁੜਦਾ ਸੀ। ਕੋਈ ਕਾਰੋਬਾਰ ਨਹੀਂ ਖਰੀਦ ਹੋਣਾ ਸੀ। ਫਿਰ ਇਸੇ ਤਰ੍ਹਾਂ ਅਮਰੀਕਾ ਤੋਂ ਸਾਧੂ ਸਿੰਘ ਦੇ ਪੁੱਤਰ ਪਿੰਡ ਆਏ ਅਤੇ ਬਾਪੂ ਨੂੰ ਕਹਿਣ ਲੱਗੇ ਕਿ ਸਾਡੇ ਹਿੱਸੇ ਦੀ ਜ਼ਮੀਨ ਵੇਚ ਦੇ ਤੇ ਸਾਨੂੰ ਪੈਸੇ ਡਾਲਰ ਵਿਚ ਬਦਲਾ ਲੈਣ ਦੇ, ਪਰ ਜ਼ਮੀਨ ਬੈ ਕਰਨ ਦੀ ਗੱਲ ਸੁਣ ਕੇ ਬਾਪੂ ਦੇ ਸੱਤੀ ਕੱਪੜੀਂ ਅੱਗ ਲੱਗ ਗਈ। ਫਿਰ ਵੱਡੇ ਪੁੱਤ ਨੇ ਕਿਹਾ ਕਿ ਬਾਪੂ ਜੀ, ਜਿਵੇਂ ਤੁਸੀਂ ਦੋਵਾਂ ਭਰਾਵਾਂ ਨੇ ਜ਼ੋਰ ਪਾ ਕੇ ਦਾਦਾ ਜੀ ਤੋਂ ਦਸ ਕਿੱਲੇ ਜ਼ਮੀਨ ਬੈ ਕਰਵਾ ਕੇ ਇਥੇ ਵੀਹ ਕਿੱਲੇ ਬਣਾ ਲਏ ਸੀ, ਇਸੇ ਤਰ੍ਹਾਂ ਅਸੀਂ ਵੀ ਇਥੋਂ ਜ਼ਮੀਨ ਵੇਚ ਕੇ ਉਥੇ ਆਪਣਾ ਕੋਈ ਕਾਰੋਬਾਰ ਚਲਾਵਾਂਗੇ। ਵਾਅਦਾ ਕਰਦੇ ਹਾਂ ਕਿ ਕਪੁੱਤ ਨਹੀਂ, ਸਪੁੱਤ ਬਣ ਕੇ ਨਾਂ ਚਮਕਾਵਾਂਗੇ। ਸਾਧੂ ਸਿਉਂ ਨੇ ਵੀ ਆਪਣੇ ਪਿਉ ਵਾਲੇ ਬੋਲ ਬੋਲੇ, ਪਰ ਪੁੱਤਰਾਂ ਨੇ ਕਹਿ ਦਿੱਤਾ ਕਿ ਜੇ ਜ਼ਮੀਨ ਵੇਚ ਕੇ ਪੈਸੇ ਨਾ ਦਿੱਤੇ ਤਾਂ ਅਸੀਂ ਦੁਬਾਰਾ ਪਿੰਡ ਨਹੀਂ ਆਉਣਾ।


ਪੁੱਤਰਾਂ ਦੀ ਮਿੱਠੀ ਧਮਕੀ ਨੇ ਘਰ ਵਿਚ ਭੁਚਾਲ ਲੈ ਆਂਦਾ। ਜਗੀਰ ਅਤੇ ਸਾਧੂ ਸਿਉਂ ਪੁੱਤਰਾਂ ਪਿੱਛੇ ਮਿਹਣੋ-ਮਿਹਣੀ ਹੋ ਗਏ। ਅਖੀਰ ਕੋਠੀ ਅਤੇ ਜ਼ਮੀਨ ਦੀ ਵੰਡ ਹੋ ਗਈ। ਸਾਲ ਦਾ ਸਮਾਂ ਲੰਘਿਆ, ਜ਼ਮੀਨਾਂ ਦੇ ਭਾਅ ਇਕਦਮ ਅਸਮਾਨੀਂ ਚੜ੍ਹ ਗਏ। ਸਾਧੂ ਦੇ ਪੁੱਤਰਾਂ ਨੇ ਦਸ ਕਿੱਲੇ ਵੇਚ ਦਿੱਤੀ। ਡਾਲਰ ਵਟਾ ਕੇ ਪਹਿਲਾਂ ਨਕਦ ਹੀ ਘਰ ਖਰੀਦ ਲਏ। ਦੋਵਾਂ ਭਰਾਵਾਂ ਨੇ ਨਵੇਂ ਟਰੱਕ ਟਰੇਲਰ ਲੈ ਲਏ। ਦੋਵਾਂ ਦੀ ਜ਼ਿੰਦਗੀ ਜਿਵੇਂ ਸਵਰਗ ਬਣ ਗਈ ਹੋਵੇ। ਲੋਕਾਂ ਨੇ ਵੀ ਕਿਹਾ ਕਿ ਜ਼ਮੀਨ ਨਹੀਂ ਵੇਚੀਦੀ, ਪਰ ਸਾਧੂ ਦਾ ਪੁੱਤ ਕਹਿੰਦਾ, ਉਸ ਜ਼ਮੀਨ ਤੋਂ ਕੀ ਕਰਵਾਉਣਾ ਜਿਹੜੀ ਸਾਰੀ ਉਮਰ ਤੁਹਾਨੂੰ ਸੀਰੀ ਵਰਗੀ ਜ਼ਿੰਦਗੀ ਜਿਉਣ ਲਈ ਮਜਬੂਰ ਕਰਦੀ ਹੈ। ਸਾਨੂੰ ਪੈਸੇ ਦੀ ਅੱਜ ਲੋੜ ਹੈ। ਬਾਪੂ ਮਰੇ ਤੋਂ ਜ਼ਮੀਨ ਵੇਚ ਕੇ ਅਸੀਂ ਫਿਰ ਕੀ ਕਰਨਾ!

ਲੋਕਾਂ ਨੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕੀਤੀਆਂ, ਪਰ ਸਾਧੂ ਦੇ ਦੋਵੇਂ ਪੁੱਤ ਸਾਧ ਬਣੇ ਰਹੇ। ਫਿਰ ਦੋਵਾਂ ਨੇ ਰਹਿੰਦੇ ਵੀਹ ਕਿੱਲੇ ਵੀ ਵੇਚ ਦਿੱਤੇ। ਕੈਲੀਫੋਰਨੀਆ ਵਿਚ ਪੰਜ ਹਜ਼ਾਰ ਏਕੜ ਦੇ ਦੋ ਫਾਰਮ ਲੈ ਲਏ। ਪਿੰਡ ਵਾਂਗ ਹੀ ਮਸ਼ੀਨਰੀ ਨਾਲ ਘਰ ਭਰ ਗਿਆ। ਫਿਰ ਦੋਵਾਂ ਨੇ ਮਾਂ ਪਿਉ ਨੂੰ ਇਥੇ ਸੱਦ ਲਿਆ। ਸਾਧੂ ਨੇ ਚਾਰੇ ਪਾਸੇ ਬਾਗ ਲੱਗਿਆ ਵੇਖ ਕੇ ਦੋਵਾਂ ਨੂੰ ਬੁੱਕਲ ਵਿਚ ਲੈ ਲਿਆ। ਮੱਥਾ ਚੁੰਮ ਕੇ ਕਿਹਾ ਕਿ ਤੁਸੀਂ ਸੱਚੀ ਮੇਰੇ ਸਪੁੱਤਰ ਨਿਕਲੇ।

ਉਧਰ, ਕੈਨੇਡਾ ਵਾਲੇ ਜਗੀਰ ਸਿਉਂ ਦੇ ਪੁੱਤਰ ਬਾਪੂ ਨੂੰ ਕਈ-ਕਈ ਗਾਲ੍ਹਾਂ ਇਕੋ ਸਾਹੇ ਕੱਢ ਜਾਂਦੇ। ਜਗੀਰ ਸਿਉਂ ਨੇ ਜੱਟਾਂ ਵਾਲੀ ਅੜੀ ਛੱਡੀ ਨਾ, ਜ਼ਮੀਨ ਦਾ ਵਿਸਵਾ ਵੀ ਨਾ ਵੇਚਿਆ। ਜ਼ਮੀਨਾਂ ਦੇ ਭਾਅ ਥੱਲੇ ਡਿੱਗ ਪਏ। ਕੈਨੇਡਾ ਵਾਲਿਆਂ ਤੋਂ ਕੁਝ ਵੀ ਨਾ ਲੈ ਹੋਇਆ, ਸਗੋਂ ਵੱਡੇ ਦਾ ਤਲਾਕ ਹੋ ਗਿਆ। ਛੋਟੇ ਦੀ ਘਰਵਾਲੀ ਕੈਂਸਰ ਨਾਲ ਤੁਰ ਗਈ। ਜਗੀਰ ਸਿਉਂ ਮਿੱਟੀ ਦੀ ਮੁੱਠ ਭਰ ਕੇ ਰੋ ਪੈਂਦਾ। ਉਚੀ-ਉਚੀ ਕਹਿੰਦਾ, "ਜਿਨ੍ਹਾਂ ਕੋਲ ਤੂੰ ਹੈਗੀ, ਉਹ ਵੀ ਰੋਂਦੇ ਨੇ; ਜਿਨ੍ਹਾਂ ਕੋਲ ਤੂੰ ਨਹੀਂ, ਉਹ ਵੀ ਰੋਂਦੇ ਨੇ।" ਜਗੀਰ ਸਿਉਂ ਨੇ ਜ਼ਮੀਨ ਮਾਮਲੇ ਦਿੱਤੀ ਹੋਈ ਹੈ। ਮੁੰਡੇ ਕੈਨੇਡਾ ਵਿਚ ਅੜਬ ਬਾਪੂ ਕਰ ਕੇ ਸੁੱਕੇ ਪੱਤਿਆਂ ਵਾਂਗ ਇਧਰ-ਉਧਰ ਘੁੰਮੀ ਜਾਂਦੇ ਹਨ। ਜੇ ਜ਼ਮਾਨਾ ਬਦਲ ਰਿਹਾ ਹੈ ਤਾਂ ਆਪਣਾ ਸੁਭਾਅ ਵੀ ਬਦਲੋ, ਰਹਿਣ-ਸਹਿਣ ਬਦਲ ਕੇ ਚੰਗੇ ਬੱਚਿਆਂ ਦਾ ਸਾਥ ਜ਼ਰੂਰ ਦਿਓ। ਹਰ ਇਕ ਦੇ ਦਿਲ ਦੀ ਆਸ ਹੁੰਦੀ ਹੈ ਕਿ ਤਰੱਕੀ ਦੀ ਪੌੜੀ ਦੇ ਆਖਰੀ ਟੰਬੇ ਨੂੰ ਹੱਥ ਪਾਵੇ। ਲੋੜ ਹੈ, ਸਹੀ ਸਮੇਂ 'ਤੇ ਸਹੀ ਫੈਸਲਾ ਕਰਨ ਦੀ।

# ਗੁਰਮਿਹਰ ਦਾ 'ਗੁਨਾਹ' ਅਤੇ ਅਖੌਤੀ 'ਦੇਸ਼ ਭਗਤੀ'

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਾਰਗਿਲ ਦੀ ਜੰਗ ਸਮੇਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਸੀ। ਫਿਰ ਉਸ ਦੀ ਸਰਕਾਰ ਸਿਰਫ ਇੱਕ ਵੋਟ ਦੇ ਫਰਕ ਨਾਲ ਡਿੱਗ ਪਈ ਤੇ ਨਵੀਆਂ ਚੋਣਾਂ ਹੋਈਆਂ। ਸਾਰੇ ਦੇਸ਼ ਵਿਚ ਚੋਣ ਮੁਹਿੰਮ ਦੀ ਅਗਵਾਈ ਕਰਦਾ ਉਹ ਪੰਜਾਬ ਆਇਆ ਤਾਂ ਲੁਧਿਆਣੇ ਵਿਚ ਉਸ ਦੀ ਪ੍ਰੈਸ ਨਾਲ ਵਾਰਤਾ ਵਿਚ ਅਸੀਂ ਵੀ ਹਾਜ਼ਰ ਸਾਂ। ਅਸੀਂ ਉਥੇ ਇੱਕ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਕਿ ਭਾਰਤ ਦੇ ਕਿਸੇ ਰਾਜ ਦੀ ਸਰਕਾਰ ਕਾਰਗਿਲ ਦੇ ਸ਼ਹੀਦਾਂ ਲਈ ਪੰਜ ਲੱਖ ਰੁਪਏ ਦੇਣ ਦਾ ਐਲਾਨ ਕਰਦੀ ਹੈ, ਕਿਸੇ ਰਾਜ ਦੇ ਮੁੱਖ ਮੰਤਰੀ ਦਾ ਦਸ ਲੱਖ ਰੁਪਏ ਦੇਣ ਦਾ ਬਿਆਨ ਆ ਜਾਂਦਾ ਹੈ, ਕੀ ਕੇਂਦਰ ਸਰਕਾਰ ਨੂੰ ਇਸ ਤਰ੍ਹਾਂ ਬੋਲੀ ਦੇਣ ਦੀ ਖੇਡ ਰੋਕ ਕੇ ਸਭ ਥਾਂਈਂ ਇੱਕੋ ਜਿਹੀ ਮਦਦ ਦਾ ਪੈਮਾਨਾ ਨਹੀਂ ਮਿਥਣਾ ਚਾਹੀਦਾ? ਅੱਗੋਂ ਵਾਜਪਾਈ ਦਾ ਜਵਾਬ ਸੀ, ਇਸ ਤਰ੍ਹਾਂ ਹਰ ਕੋਈ ਆਪੋ-ਆਪਣੇ ਹਿਸਾਬ ਨਾਲ 'ਦੇਸ਼ ਭਗਤੀ' ਦਾ ਪ੍ਰਗਟਾਵਾ ਕਰ ਰਿਹਾ ਹੈ, ਕੇਂਦਰ ਸਰਕਾਰ ਕਿਸੇ ਦੇ ਮਨ ਨੂੰ ਠੇਸ ਨਹੀਂ ਪੁਚਾਉਣਾ ਚਾਹੁੰਦੀ। ਹੁਣ ਜਦੋਂ ਗੁਰਮਿਹਰ ਕੌਰ ਦਾ ਮੁੱਦਾ ਚਰਚਾ ਵਿਚ ਹੈ ਤਾਂ ਇੱਕ ਵਾਰ ਫਿਰ ਇਹੋ ਜਾਪਦਾ ਹੈ ਕਿ ਹਰ ਕੋਈ ਆਪੋ-ਆਪਣੇ ਹਿਸਾਬ ਨਾਲ 'ਦੇਸ਼ ਭਗਤੀ' ਦਾ ਪ੍ਰਗਟਾਵਾ ਕਰ ਰਿਹਾ ਹੈ। ਸ਼ਹੀਦਾਂ ਦੀ ਮਦਦ ਦੀ ਬੋਲੀ ਦੇਣ ਵਰਗੇ ਵੱਖੋ-ਵੱਖ ਐਲਾਨ ਕਰ ਕੇ 'ਦੇਸ਼ ਭਗਤੀ' ਦੇ ਬੇਸ਼ਰਮ ਪਰਦੇ ਹੇਠ ਉਦੋਂ ਜਿਹੜੀ ਰਾਜਨੀਤੀ ਹੋ ਰਹੀ ਸੀ, ਅੱਜ ਫਿਰ 'ਦੇਸ਼ ਭਗਤੀ' ਦੇ ਨਾਂ ਹੇਠ ਉਸੇ ਦੰਭ ਦਾ ਵਿਖਾਵਾ ਹੋ ਰਿਹਾ ਹੈ।

ਗੁਰਮਿਹਰ ਕੌਰ ਦੇ ਮੁੱਦੇ ਕਾਰਨ ਹਰਿਆਣਾ ਵਿਧਾਨ ਸਭਾ ਵਿਚ ਹੋਈ ਬਹਿਸ ਬੜੀ ਹਾਸੋਹੀਣੀ ਸੀ। ਇੱਕ ਭਾਜਪਾ ਮੰਤਰੀ ਨੇ ਗੁਰਮਿਹਰ ਕੌਰ ਦੇ ਵਿਹਾਰ ਨੂੰ ਦੇਸ਼-ਧਰੋਹੀ ਕਿਹਾ ਤਾਂ ਵਿਰੋਧ ਕਰਨ ਵਾਸਤੇ ਇਨੈਲੋ ਪਾਰਟੀ ਦੇ ਆਗੂ ਨੇ ਇਹ ਦਲੀਲ ਦਿੱਤੀ ਕਿ 'ਬੱਚਾ ਗਲਤੀ ਵੀ ਕਰ ਜਾਵੇ ਤਾਂ ਉਸ ਦੇ ਵਿਰੁਧ ਇਸ ਤਰ੍ਹਾਂ ਦੀ ਗੱਲ ਨਹੀਂ ਕਹਿਣੀ ਚਾਹੀਦੀ।' ਸਾਡੀ ਸਮਝ ਵਿਚ ਵੀ ਗੁਰਮਿਹਰ ਕੌਰ ਬੱਚੀ ਹੈ, ਪਰ ਉਸ ਨੇ ਗਲਤੀ ਕਿਹੜੀ ਕੀਤੀ ਹੈ? ਉਸ ਨੇ ਸਿਰਫ ਏਨਾ ਹੀ ਕਿਹਾ ਸੀ ਕਿ ਜੰਗਾਂ ਦਾ ਰਾਹ ਛੱਡ ਕੇ ਦੋ ਗਵਾਂਢੀ ਦੇਸ਼ਾਂ ਨੂੰ ਮਿਲ ਕੇ ਰਹਿਣਾ ਚਾਹੀਦਾ ਹੈ। ਭਾਜਪਾ ਮੰਤਰੀ ਨੇ ਏਨੀ ਗੱਲ ਤੋਂ ਉਸ ਨੂੰ ਵੀ ਦੇਸ਼-ਧਰੋਹੀ ਤੇ ਉਸ ਦਾ ਪੱਖ ਲੈਣ ਵਾਲਿਆਂ ਨੂੰ ਵੀ ਦੇਸ਼ ਧਰੋਹੀ ਕਹਿ ਦਿੱਤਾ। ਗਿੱਠ ਜਿੱਡੀ ਜ਼ਬਾਨ ਵਾਲੇ ਉਸ ਮੰਤਰੀ ਦੀ ਜਾਣਕਾਰੀ ਲਈ ਗੁਰਮਿਹਰ ਦਾ ਪੱਖ ਸ਼ਰਦ ਪਵਾਰ ਨੇ ਵੀ ਲਿਆ ਹੈ, ਕੀ ਸ਼ਰਦ ਪਵਾਰ ਵੀ ਦੇਸ਼ ਧਰੋਹੀ ਹੈ? ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਕੁੜੀ ਦਾ ਪੱਖ ਲਿਆ ਹੈ, ਕੀ ਉਹ ਦੇਸ਼ ਧਰੋਹੀ ਹੋ ਗਈ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਵੀ ਉਸ ਦੇ ਪੱਖ ਵਿਚ ਬੋਲਿਆ ਹੈ, ਕੀ ਉਸ ਨੂੰ ਭਾਜਪਾ




ਗੁਰਮਿਹਰ ਕੌਰ

ਦੇਸ਼ ਧਰੋਹੀ ਮੰਨੇਗੀ? ਅਕਾਲ ਤਖਤ ਦਾ ਜਥੇਦਾਰ ਵੀ ਕੁੜੀ ਦੇ ਪੱਖ ਵਿਚ ਬੋਲਿਆ ਹੈ, ਕੀ ਸਿੱਖਾਂ ਦੀ ਸਿਖਰਲੀ ਧਾਰਮਿਕ ਪਦਵੀ ਉਤੇ ਬੈਠੇ ਬੰਦੇ ਨੂੰ ਭਾਜਪਾ ਇਸ ਖਾਤੇ ਵਿਚ ਰੱਖ ਸਕਦੀ ਹੈ? ਕੀ ਸਭ ਲੋਕ ਕੁਪੱਤੇ ਅਤੇ ਸਿਰਫ ਭਾਜਪਾ ਵਾਲੇ ਦੇਸ਼-ਭਗਤ ਕਹੇ ਜਾਣ ਜੋਗੇ ਰਹਿ ਗਏ ਹਨ?

ਸਿਰ ਪੈ ਗਈ ਜੰਗ ਲੜਨੋਂ ਭਾਰਤ ਦੇ ਲੋਕ ਕਦੇ ਭੱਜੇ ਨਹੀਂ, ਪਰ ਸਵੇਰ-ਸ਼ਾਮ ਜੰਗ ਲੱਗਣ ਦੀ ਸੁੱਖਣਾ ਵੀ ਨਹੀਂ ਸੁੱਖਦੇ ਫਿਰਦੇ।

ਬਿਸਮਿਲ ਫਰੀਦਕੋਟੀ ਨੇ ਲਿਖਿਆ ਸੀ, 'ਅਮਨਾਂ ਦੇ ਪੁਜਾਰੀ ਹਾਂ ਬਿਸਮਿਲਾ ਐਪਰ, ਦਾਅਵਤ ਜੰਗ ਦੀ ਤਾਂ ਫਿਰ ਜੰਗ ਹੀ ਸਹੀ।' ਪਹਿਲੀ ਗੱਲ ਗੁਰਮਿਹਰ ਨੇ ਜੰਗ ਦੀ ਨਹੀਂ, ਅਮਨ ਦੀ ਕਹੀ ਸੀ। ਹਰ ਸਾਊ ਵਿਅਕਤੀ ਦੀ ਪਹਿਲੀ ਇੱਛਾ ਇਹੋ ਹੋਵੇਗੀ ਕਿ ਜੰਗਾਂ ਦੀ ਭੱਠੀ ਤੋਂ ਮਨੁੱਖਤਾ ਕਿਸੇ ਵੀ ਤਰ੍ਹਾਂ ਬਚਣੀ ਚਾਹੀਦੀ ਹੈ। ਗੁਰਮਿਹਰ ਕੌਰ ਨੇ ਵੀ ਇਹੀ ਇੱਛਾ ਜ਼ਾਹਰ ਕੀਤੀ ਸੀ, ਜਿਸ ਨੂੰ ਇੱਕ ਖਾਸ ਰਾਜਨੀਤੀ ਨਾਲ ਜੁੜੇ ਹੋਏ ਲੋਕ ਦੇਸ਼-ਧਰੋਹ ਕਹਿਣ ਤੱਕ ਚਲੇ ਗਏ ਹਨ। ਜੰਗ ਤਾਂ ਅਮਰੀਕਾ ਤੇ ਜਾਪਾਨ ਨੇ ਵੀ ਲੜੀ ਸੀ ਤੇ ਭਾਰਤ-ਪਾਕਿਸਤਾਨ ਤੋਂ ਵੱਧ ਖਤਰਨਾਕ ਜੰਗ ਲੜੀ ਸੀ। ਜਾਪਾਨ ਨੇ ਅਮਰੀਕਾ ਦੇ ਪਰਲ ਹਾਰਬਰ ਵਿਚ ਜਿੰਨੀ ਤਬਾਹੀ ਮਚਾਈ ਸੀ, ਉਸ ਨੂੰ ਅਮਰੀਕਾ ਅੱਜ ਤੱਕ ਨਹੀਂ ਭੁੱਲ ਸਕਿਆ ਤੇ ਅਮਰੀਕਾ ਵਾਲਿਆਂ ਨੇ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਸ਼ਹਿਰਾਂ ਉਤੇ ਐਟਮ ਬੰਬ ਸੁੱਟਣ ਦਾ ਜਿਹੜਾ ਪਾਪ ਕੀਤਾ ਸੀ, ਉਸ ਨੂੰ ਸਿਰਫ ਜਾਪਾਨ ਵਾਲੇ ਨਹੀਂ, ਦੁਨੀਆਂ ਦੇ ਲੋਕ ਨਹੀਂ ਭੁਲਾ ਸਕੇ। ਉਹ ਲੋਕ ਵੀ ਹੁਣ ਇਹ ਕਹਿਣ ਤੱਕ ਆ ਗਏ ਹਨ ਕਿ ਉਦੋਂ ਜੋ ਕੁਝ ਹੋਇਆ ਸੀ, ਮੁੜ ਕੇ ਨਹੀਂ ਹੋਣਾ ਚਾਹੀਦਾ।

ਹੋਸ਼ ਸੰਭਾਲਣ ਤੋਂ ਪਹਿਲਾਂ ਕਾਰਗਿਲ ਦੀ ਜੰਗ ਵਿਚ ਆਪਣਾ ਬਾਪ ਗੁਆ ਚੁਕੀ ਉਸ ਕੁੜੀ ਦੇ ਮਨ ਵਿਚ ਇਹ ਸੋਚ ਆਈ ਕਿ ਹੁਣ ਹੋਰ ਜੰਗਾਂ ਨਹੀਂ ਹੋਣੀਆਂ ਚਾਹੀਦੀਆਂ, ਮੇਰੇ ਵਾਂਗ ਹੋਰ ਬੱਚੇ ਅਨਾਥ ਨਹੀਂ ਹੋਣੇ ਚਾਹੀਦੇ, ਤਾਂ ਇਹ ਕੋਈ ਗੁਨਾਹ ਨਹੀਂ ਬਣਦਾ।

ਇੱਕ ਖਾਸ ਰਾਜਨੀਤੀ ਦੇ ਲੋਕਾਂ ਨੂੰ ਜੰਗਾਂ ਦੀ ਥਾਂ ਅਮਨ ਦੀ ਗੱਲ ਕਰਨਾ ਗੁਨਾਹ ਲੱਗਦਾ ਹੈ ਤਾਂ ਇਸ ਮਾਮਲੇ ਵਿਚ ਦੇਸ਼ ਭਗਤੀ ਦੇ ਆਪੇ ਬਣੇ ਝੰਡਾ ਬਰਦਾਰਾਂ ਨੂੰ ਭਾਰਤ ਦੇਸ਼ ਦਾ ਇਤਿਹਾਸ ਫੋਲ ਲੈਣਾ ਚਾਹੀਦਾ ਹੈ।

ਕਾਰਗਿਲ ਦੀ ਜਿਹੜੀ ਜੰਗ ਵਿਚ ਗੁਰਮਿਹਰ ਕੌਰ ਦੇ ਬਾਪ ਨੇ ਇਸ ਦੇਸ਼ ਲਈ ਜਾਨ ਵਾਰੀ ਸੀ, ਉਹ ਭਾਜਪਾ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਵਕਤ ਭਾਰਤ ਉਤੇ ਬਿਨਾ ਵਜ੍ਹਾ ਠੋਸੀ ਗਈ ਸੀ। ਪਾਕਿਸਤਾਨ ਵਿਚ ਉਦੋਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਸੀ, ਪਰ ਉਸ ਦਾ ਉਸ ਜੰਗ ਵਿਚ ਕੋਈ ਕਸੂਰ ਨਹੀਂ ਸੀ। ਸਾਰੀ ਸਾਜ਼ਿਸ਼ ਉਥੋਂ ਦੀ ਫੌਜ ਦੇ ਮੁਖੀ ਜਨਰਲ ਮੁਸ਼ੱਰਫ ਨੇ ਕੀਤੀ ਸੀ। ਜੰਗ ਪਿੱਛੋਂ ਮੁਸ਼ੱਰਫ ਨੇ ਨਵਾਜ਼ ਸ਼ਰੀਫ ਦਾ ਤਖਤਾ ਪਲਟ ਕੇ ਪਾਕਿਸਤਾਨ ਦੀ ਕਮਾਨ ਸਾਂਭ ਲਈ ਅਤੇ ਧੱਕੇ ਨਾਲ ਉਥੇ ਰਾਸ਼ਟਰਪਤੀ ਬਣ ਗਿਆ। ਸ੍ਰੀ ਵਾਜਪਾਈ ਜਾਣਦੇ ਸਨ ਕਿ ਇਹ ਉਹੋ ਮੁਸ਼ੱਰਫ ਹੈ, ਜਿਸ ਨੇ ਸਾਡੇ ਉਤੇ ਕਾਰਗਿਲ ਦੀ ਜੰਗ ਠੋਸੀ ਸੀ ਅਤੇ ਸੈਂਕੜੇ ਭਾਰਤੀ ਫੌਜੀ ਉਸ ਜੰਗ ਵਿਚ ਮਾਰੇ ਗਏ ਸਨ। ਇਸ ਦੇ ਬਾਵਜੂਦ ਵਾਜਪਾਈ ਨੇ ਮੁਸ਼ੱਰਫ ਨਾਲ ਜੰਗਬਾਜ਼ੀ ਛੱਡ ਕੇ ਅਮਨ ਸਮਝੌਤਾ ਕਰਨ ਦੇ ਯਤਨ ਕੀਤੇ ਸਨ। ਮੁਸ਼ੱਰਫ ਦਿੱਲੀ ਦਾ ਜੰਮਿਆ ਹੋਇਆ ਸੀ ਤੇ ਉਸ ਦੀ ਦਾਈ ਵੀ ਜ਼ਿੰਦਾ ਸੀ। ਦਿੱਲੀ ਆਏ ਮੁਸ਼ੱਰਫ ਨੂੰ ਉਸ ਦੀ ਦਾਈ ਨਾਲ ਮਿਲਾਉਣ ਲਈ ਉਸ ਦੇ ਜਨਮ ਵਾਲੇ ਟਿਕਾਣੇ 'ਨਹਿਰ ਵਾਲੀ ਹਵੇਲੀ' ਤੱਕ ਇੱਕ ਖੂਬਸੂਰਤ ਸੜਕ ਵਾਜਪਾਈ ਨੇ ਉਚੇਚੀ ਬਣਵਾਈ ਸੀ। ਫਿਰ ਆਗਰੇ ਜਾ ਕੇ ਪਿਆਰ ਦਾ ਪ੍ਰਤੀਕ ਤਾਜ ਮਹਿਲ ਵਿਖਾਇਆ ਸੀ। ਆਖਰੀ ਵਕਤ ਸਮਝੌਤਾ ਹੁੰਦਾ-ਹੁੰਦਾ ਰਹਿ ਗਿਆ, ਇਹ ਗੱਲ ਵੱਖਰੀ ਹੈ, ਪਰ ਜੰਗ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਇਹ ਚੇਤਾ ਕਰ ਲੈਣਾ ਚਾਹੀਦਾ ਹੈ ਕਿ ਜੇ ਅਮਨ ਦੀ ਗੱਲ ਕਰਨਾ ਗੁਨਾਹ ਹੈ ਤਾਂ ਇਹ ਗੁਨਾਹ ਵਾਜਪਾਈ ਨੇ ਵੀ ਕੀਤਾ ਸੀ।

ਅਸੀਂ ਉਸ ਤੋਂ ਪਹਿਲਾਂ ਦੀ ਗੱਲ ਕਰ ਸਕਦੇ ਹਾਂ। ਜਿੱਥੇ ਅੱਜ ਬੰਗਲਾ ਦੇਸ਼ ਹੈ, ਇਸ ਨੂੰ ਅੰਗਰੇਜ਼ਾਂ ਨੇ ਵਾਪਸ ਜਾਣ ਵੇਲੇ ਪੱਛਮੀ ਪਾਕਿਸਤਾਨ ਵਜੋਂ ਭਾਰਤ ਤੋਂ ਵੱਖਰਾ ਕੀਤਾ ਸੀ। ਉਦੋਂ ਦੇ ਪਾਕਿਸਤਾਨ ਦੀ ਰਾਜਧਾਨੀ ਰਾਵਲਪਿੰਡੀ ਤੋਂ ਇਸ ਦੀ ਹਕੂਮਤ ਇੱਕ ਪਾਕਿਸਤਾਨੀ ਸੂਬੇ ਵਜੋਂ ਚਲਾਈ ਜਾਂਦੀ ਸੀ। ਫਿਰ ਹਾਲਾਤ ਵਿਗੜ ਗਏ। ਬੰਗਾਲੀ ਲੋਕਾਂ ਦੀ ਮਦਦ ਭਾਰਤੀ ਫੌਜ ਨੇ ਇੰਦਰਾ ਗਾਂਧੀ ਦੀ ਅਗਵਾਈ ਵਿਚ ਕੀਤੀ ਅਤੇ ਸਾਰੇ ਦੇਸ਼ ਦੇ ਲੋਕ ਇਸ ਮਦਦ ਦੇ ਹੱਕ ਵਿਚ ਇੰਦਰਾ ਗਾਂਧੀ ਦੇ ਨਾਲ ਖੜ੍ਹੇ ਸਨ। ਅੱਜ ਦੀ ਭਾਜਪਾ ਉਦੋਂ ਜਨ ਸੰਘ ਹੁੰਦੀ ਸੀ ਤੇ ਇਸ ਦੇ ਸਿਖਰਲੇ ਆਗੂ ਅਟਲ ਬਿਹਾਰੀ ਵਾਜਪਾਈ ਨੇ ਇੰਦਰਾ ਗਾਂਧੀ ਅਤੇ ਉਸ ਵੱਲੋਂ ਲਾਈ ਗਈ ਜੰਗ ਦੇ ਪੱਖ ਵਿਚ ਕਿਹਾ ਸੀ, 'ਇੰਦਰਾ ਨਹੀਂ, ਯੇ ਆਜ ਕੀ ਦੁਰਗਾ ਹੈ।' ਇਸ ਜੰਗ ਪਿੱਛੋਂ ਦੋਵਾਂ ਦੇਸ਼ਾਂ ਵਿਚ ਕੌੜ ਸਿਖਰਾਂ ਉਤੇ ਸੀ। ਫਿਰ ਵੀ ਅਮਨ ਲਈ ਗੱਲ ਚੱਲ ਪਈ। ਭਾਰਤ ਦੀ ਪ੍ਰਧਾਨ ਮੰਤਰੀ, ਉਹੋ ਦੁਰਗਾ ਕਹੀ ਜਾਂਦੀ ਇੰਦਰਾ ਗਾਂਧੀ ਅਤੇ ਪਾਕਿਸਤਾਨ ਵੱਲੋਂ ਬੰਗਲਾ ਦੇਸ਼ ਦੇ ਦੁਖਾਂਤ ਦੀ ਜੜ੍ਹ ਸਮਝਿਆ ਜਾਣ ਵਾਲਾ ਜੰਗ ਪਿੱਛੋਂ ਬਣਿਆ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਸਮਝੌਤਾ ਕਰਨ ਲਈ ਮਿਲਣਾ ਮੰਨ ਗਏ ਤਾਂ ਭਾਰਤੀ ਪਹਾੜੀ ਉਤੇ ਸ਼ਿਮਲੇ ਵਿਚ ਅਤੇ ਪਾਕਿਸਤਾਨ ਦੇ ਪਹਾੜੀ ਸਥਾਨ ਮਰੀ ਵਿਚ ਮੀਟਿੰਗਾਂ ਦੇ ਦੌਰ ਚੱਲ ਪਏ। ਉਦੋਂ ਤੱਕ ਇੰਦਰਾ ਗਾਂਧੀ ਦਾ ਰਾਜਸੀ ਵਿਰੋਧ ਸ਼ੁਰੂ ਕਰ ਚੁਕੀ ਜਨ ਸੰਘ ਦੇ ਆਗੂ ਵਾਜਪਾਈ ਨੇ ਸਮਝੌਤੇ ਦੀਆਂ ਕੋਸ਼ਿਸ਼ਾਂ ਨੂੰ ਦੇਸ਼-ਧਰੋਹ ਕਦੇ ਨਹੀਂ ਸੀ ਕਿਹਾ, ਇਸ ਦਾ ਪੱਖ ਪੂਰਿਆ ਸੀ।

ਅੱਜ ਦੇ ਦੌਰ ਦੀ ਗੱਲ ਕਰੀਏ ਤਾਂ ਪ੍ਰਧਾਨ ਮੰਤਰੀ ਮੋਦੀ ਜਦੋਂ ਮਾਸਕੋ ਗਿਆ ਤੇ ਉਥੋਂ ਕਾਬਲ ਜਾ ਕੇ ਮੁੜਨ ਵੇਲੇ ਅਚਾਨਕ ਲਾਹੌਰ ਜਾ ਉਤਰਿਆ ਤਾਂ ਸਿਰਫ ਭਾਜਪਾ ਆਗੂਆਂ ਨੇ ਨਹੀਂ, ਵਿਰੋਧੀ ਧਿਰ ਦੇ ਸਭ ਸਾਊ ਲੀਡਰਾਂ ਨੇ ਵੀ ਇਸ ਦਾ ਸਵਾਗਤ ਕੀਤਾ ਸੀ। ਤਿੰਨ ਦਿਨ ਪਿੱਛੋਂ ਪਠਾਨਕੋਟ ਵਿਚ ਹਵਾਈ ਫੌਜ ਦੇ ਸਟੇਸ਼ਨ ਉਤੇ ਹਮਲਾ ਹੋ ਗਿਆ ਤਾਂ ਸਰਕਾਰ ਦੀ ਕੱਚ-ਘਰੜ ਕੂਟਨੀਤੀ ਦੀ ਆਲੋਚਨਾ ਹੋਈ ਸੀ, ਕਿਸੇ ਨੇ ਇਹ ਆਖਣ ਲਈ ਮੂੰਹ ਨਹੀਂ ਸੀ ਪਾੜਿਆ ਕਿ ਪਾਕਿਸਤਾਨ ਨਾਲ ਅਮਨ ਦਾ ਯਤਨ ਨਹੀਂ ਕਰਨਾ ਚਾਹੀਦਾ। ਇਨ੍ਹਾਂ ਯਤਨਾਂ ਤੋਂ ਪਾਕਿਸਤਾਨ ਖਿਸਕਦਾ ਰਿਹਾ ਹੈ, ਭਾਰਤ ਨੇ ਕਦੇ ਇਸ ਤੋਂ ਪਾਸਾ ਨਹੀਂ ਵੱਟਿਆ। ਭਾਰਤ ਹਮੇਸ਼ਾ ਪਹਿਲ ਕਰਦਾ ਰਿਹਾ ਹੈ ਤੇ ਇਹੋ ਪਹਿਲ ਇਸ ਦੀ ਸੰਸਾਰ 'ਚ ਸਾਖ ਵਧਾਉਂਦੀ ਰਹੀ ਹੈ। ਜਿਹੜੇ ਭਾਰਤ ਦਾ ਇਤਿਹਾਸ ਸਿਰਫ ਸਿਰ ਪਈ ਜੰਗ ਨਾਲ ਨਿਪਟਣ ਤੇ ਅੱਗੋਂ-ਪਿੱਛੋਂ ਹਮੇਸ਼ਾ ਅਮਨ ਦੀ ਪਹਿਲ ਕਰਨ ਦਾ ਰਿਹਾ ਹੈ, ਉਸ ਦੇਸ਼ ਦੀ ਇੱਕ ਬੱਚੀ ਨੇ ਸਿਰਫ ਜੰਗ ਦੇ ਵਿਰੋਧ ਵਿਚ ਅਮਨ ਦੀ ਇੱਛਾ ਪ੍ਰਗਟ ਕਰ ਦਿੱਤੀ ਤਾਂ ਗੁਨਾਹ ਹੋ ਗਿਆ ਅਤੇ ਆਪ ਕਦੀ ਮਰਨ-ਮਾਰਨ 'ਤੇ ਉਤਾਰੂ ਕਦੇ ਨਵਾਜ਼ ਸ਼ਰੀਫ ਦੇ ਜਵਾਕਾਂ ਨੂੰ ਸ਼ਗਨ ਦੇਣ ਵਾਲੇ ਦੇਸ਼ ਭਗਤ ਬਣ ਬੈਠੇ! ਭਾਜਪਾ ਆਗੂਆਂ ਨੇ ਇਹ ਗਜ ਪਤਾ ਨਹੀਂ ਕਿੱਥੋਂ ਲੈ ਆਂਦਾ ਹੈ! ਇਹ ਰਾਜਨੀਤੀ ਦੀਆਂ ਲੋੜਾਂ ਦਾ ਗਜ ਹੈ। ਮਨੁੱਖਤਾ ਲਈ ਰਾਜਨੀਤੀ ਦੀ ਲੋੜ ਵਾਲੇ ਗਜ ਨਹੀਂ, ਉਹ ਗਜ ਚਾਹੀਦੇ ਹਨ, ਜੋ ਕਿਸੇ ਮਿਆਰ ਉਤੇ ਪੂਰੇ ਉਤਰ ਸਕਦੇ ਹੋਣ।

# ਇਲੈਕਸ਼ਨਾਂ ਬਾਰੇ ਵਿਚਾਰ ਅਤੇ ਖਾਲਿਸਤਾਨ

ਖਿਆਲ ਆਪੋ ਆਪਣਾ

ਅਮਰੀਕ ਸਿੰਘ ਮਨਟੀਕਾ
ਫੋਨ: 209-321-1893

ਦੁਨੀਆਂ ਦੇ ਕਰੀਬ ਹਰ ਦੇਸ਼ ਅਤੇ ਸਟੇਟ ਵਿਚ ਇਲੈਕਸ਼ਨ ਹੁੰਦੀ ਹੈ ਪਰ ਸਿੱਖ ਧਰਮ ਅਤੇ ਸਿਆਸੀ ਖੇਤਰ 'ਚ ਸਿਲੈਕਸ਼ਨ ਹੁੰਦੀ ਹੈ। ਦੁਨੀਆਂ ਦੀਆਂ ਕੌਮਾਂ ਮੇਜ 'ਤੇ ਬੈਠ ਕੇ ਮਸਲੇ ਹੱਲ ਕਰਦੀਆਂ ਹਨ ਪਰ ਸਿੱਖ ਧਰਮ 'ਚ ਗੁਰੂ ਸਾਹਿਬ ਦਾ ਫੈਸਲਾ ਲਾਗੂ ਹੁੰਦਾ ਹੈ। 'ਕੋਊ ਕਿਸੀ ਕੋ ਰਾਜ ਨਹਿ ਦੇਹ ਹੈ, ਜੁ ਲੈ ਹੈ ਨਿਜ ਬਲਿ ਸੇ ਲੈ ਹੈ।'


ਦੂਸਰੀ ਵੱਡੀ ਜੰਗ ਦੌਰਾਨ ਜਰਮਨੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਜਰਮਨ ਲੋਕ ਸਿਆਣੇ ਹਨ, ਉਨ੍ਹਾਂ ਨੇ ਈਸਟ ਬਰਲਿਨ ਵਿਚ ਜੋ ਦੀਵਾਰ ਸੀ, ਉਹ ਢਾਹ ਦਿੱਤੀ, ਅੱਜ ਇਕ ਜਰਮਨੀ ਹੋ ਗਿਆ। ਜਰਮਨੀ ਦੇ ਨਾਲ ਚੈਕੋਸਲਵਾਕੀਆ ਪੈਂਦਾ ਹੈ, ਉਥੇ ਦੋ ਕਿਸਮ ਦੇ ਲੋਕ ਰਹਿੰਦੇ ਹਨ-ਚੈਕ ਅਤੇ ਸਲੋਵਾਕ। ਉਨ੍ਹਾਂ ਦੋਹਾਂ ਭਰਾਵਾਂ ਦੀ ਨਹੀਂ ਬਣੀ, ਮੇਜ 'ਤੇ ਬੈਠ ਕੇ ਗੱਲਬਾਤ ਕੀਤੀ ਅਤੇ ਚੈਕ ਤੇ ਸਲੋਵਾਕ ਅੱਡ ਅੱਡ ਹੋ ਗਏ। ਇਧਰ ਐਮਨਾਬਾਦ ਤੋਂ ਲੈ ਕੇ ਬੰਗਲਾ ਦੇਸ਼ ਤੱਕ ਅਨੇਕਾਂ ਲੜਾਈਆਂ ਹੋਈਆਂ ਹਨ।

ਸਿੱਖ ਧਰਮ ਵਿਚ ਇਲੈਕਸ਼ਨ ਨਹੀਂ, ਸਿਲੈਕਸ਼ਨ ਹੈ। ਗੁਰੂ ਸਾਹਿਬ ਨੇ 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਕੋਈ ਅੱਸੀ ਹਜ਼ਾਰ ਦੇ ਇਕੱਠ ਵਿਚ ਸਿਲੈਕਸ਼ਨ ਕੀਤੀ, ਉਨ੍ਹਾਂ ਨੂੰ ਪੰਜ ਪਿਆਰਿਆਂ ਦਾ ਨਾਂ ਦਿੱਤਾ ਅਤੇ ਕਿਹਾ ਕਿ ਧਾਰਮਿਕ ਖੇਤਰ ਵਿਚ ਪੰਜ ਪਿਆਰੇ ਅਗਵਾਈ ਕਰਨਗੇ। ਅੱਜ ਅਸੀਂ ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਅਤੇ ਸ਼ਹੀਦੀ ਦਿਹਾੜਾ ਮਨਾਉਂਦੇ ਹਾਂ ਪਰ ਸਿੱਖਦੇ ਕੀ ਹਾਂ? ਬਾਬਾ ਦੀਪ ਸਿੰਘ ਨੇ ਤਰਨ ਤਾਰਨ ਆ ਕੇ ਅਠਾਰਾਂ ਸੇਰ ਦੇ ਖੰਡੇ ਨਾਲ ਸਿਲੈਕਸ਼ਨ (ਲਕੀਰ) ਕਰ ਦਿੱਤੀ ਅਤੇ ਆਖਿਆ ਜਿਸ ਕਿਸੇ ਨੇ ਮੇਰੇ ਨਾਲ ਹਰਿਮੰਦਰ ਸਾਹਿਬ ਜਾਣਾ ਹੈ, ਉਹ ਲਕੀਰ ਟੱਪ ਆਓ। ਇਤਿਹਾਸ ਨੇ ਗਿਣਤੀ ਪੰਜ ਹਜ਼ਾਰ ਦੀ ਲਿਖੀ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਭਾਈ ਅਮਰੀਕ ਸਿੰਘ ਨੂੰ ਉਮਰਾਨੰਗਲ ਖਿਲਾਫ ਬਿਆਸ ਹਲਕੇ ਤੋਂ ਖੜ੍ਹਾ ਕਰ ਦਿਤਾ (ਇਲੈਕਸ਼ਨ ਵਿਚ)। ਸ਼ਾਮ ਨੂੰ ਮਹਿਤਾਅਣੇ ਸੰਤਾਂ ਨੇ ਬਾਬਾ ਠਾਕੁਰ ਸਿੰਘ ਨੂੰ ਆਖਿਆ ਕਿ ਬਾਬਾ ਜੀ ਲੰਗਰ ਛਕਣਾ ਹੈ। ਬਾਬਾ ਠਾਕੁਰ ਸਿੰਘ ਨੇ ਆਖਿਆ, ਜਰਨੈਲ ਸਿਹਾਂ ਲੰਗਰ ਇਥੇ ਹੈ ਨਹੀਂ। ਦੂਸਰੀ ਵਾਰ ਫੇਰ ਆਖਿਆ ਕਿ ਬਾਬਾ ਜੀ ਜਥੇ ਦੇ ਸਿੰਘ ਨਾਲ ਹਨ, ਭੁੱਖ ਲੱਗੀ ਹੈ। ਬਾਬਾ ਠਾਕੁਰ ਸਿੰਘ ਨੇ ਕਿਹਾ, ਜਰਨੈਲ ਸਿਹਾਂ, ਲੰਗਰ ਇਥੇ ਹੈ ਨਹੀਂ। ਤੂੰ ਜਿਹੜੇ ਕੰਮ ਕਰਦਾ ਫਿਰਦੈਂ, ਇਹ ਟਕਸਾਲ ਦੇ ਕੰਮ ਹਨ? ਤੀਜੀ ਵਾਰ ਸੰਤਾਂ ਫਿਰ ਆਖਿਆ, ਬਾਬਾ ਜੀ, ਲੰਗਰ ਛਕਣਾ ਹੈ। ਬਾਬਾ ਠਾਕੁਰ ਸਿੰਘ ਨੇ ਕਿਹਾ, ਜਾਹ ਲੰਗਰ ਅੰਦਰ ਪਿਆ, ਛਕ ਲੈ। ਲੰਗਰ ਆਪ ਨਹੀਂ ਸੀ ਛਕਾਇਆ।

ਜਿਹੜੇ ਸਾਡੇ ਵੀਰ ਇਲੈਕਸ਼ਨਾਂ ਲੜਦੇ ਹਨ, ਉਨ੍ਹਾਂ ਨੇ ਅੱਜ ਤੱਕ ਪੰਥ ਦਾ ਕੀ ਸੰਵਾਰਿਆ ਹੈ? ਖਾਲਸੇ ਨੇ ਦਿੱਲੀ ਸਤਾਰਾਂ ਵਾਰ ਫਤਿਹ ਕੀਤੀ। ਕਾਬਲ ਦੇ ਪਠਾਣਾਂ ਨਾਲ ਲੜਦਿਆਂ ਜਮਰੌਦ, ਮੁਲਤਾਨ ਅਤੇ ਬਾਲਾਸਰ ਦੇ ਕਿਲੇ ਫਤਿਹ ਕੀਤੇ। ਲੇਹ-ਲੱਦਾਖ ਤੱਕ ਖਾਲਸੇ ਦੇ ਕੇਸਰੀ ਨਿਸ਼ਾਨ ਸਾਹਿਬ ਝੂਲਦੇ ਰਹੇ। ਸਾਡਾ ਅੱਜ ਦੁਖਾਂਤ ਹੈ ਕਿ ਪੰਜਾਬ ਦਾ ਰਾਜ ਭਾਗ ਗੁਆ ਲਿਆ। ਅੱਧਾ ਪੰਜਾਬ ਪਾਕਿਸਤਾਨ ਦੀ ਝੋਲੀ ਪਾ ਦਿੱਤਾ। ਹਿਮਾਚਲ ਅਤੇ ਹਰਿਆਣਾ ਪੰਜਾਬ ਨਾਲੋਂ ਅਲੱਗ ਹੋ ਗਏ। ਪੰਜਾਬ ਵਿਚ ਅਤੇ ਗੁਰਦੁਆਰਿਆਂ ਵਿਚ ਚੋਣਾਂ ਲੜਨ ਵਾਲਿਆਂ ਨੇ ਕੌਮ ਦਾ ਕੁਝ ਸੰਵਾਰਿਆ ਨਹੀਂ।

26 ਜਨਵਰੀ 1986 ਨੂੰ ਅਕਾਲ ਤਖਤ 'ਤੇ ਸਰਬੱਤ ਖਾਲਸਾ ਬੁਲਾ ਕੇ ਪੰਜ ਮੈਂਬਰੀ ਕਮੇਟੀ ਚੁਣੀ ਗਈ। ਗੁਰੂ ਸਾਹਿਬ ਨੇ ਸਿਲੈਕਸ਼ਨ ਕੀਤੀ ਅਤੇ ਪੰਜ ਪਿਆਰੇ ਆਖਿਆ। ਖਾਲਸੇ ਨੇ ਸਰਬੱਤ ਖਾਲਸਾ ਬੁਲਾ ਕੇ ਪੰਜ ਪਿਆਰੇ ਚੁਣੇ, ਉਨ੍ਹਾਂ ਨੂੰ ਪੰਥਕ ਕਮੇਟੀ ਆਖਿਆ। ਖਾਲਸੇ ਦੇ ਧਾਰਮਿਕ ਅਤੇ ਸਿਆਸੀ ਖੇਤਰ ਵਿਚ ਸਿਰਫ ਸਿਲੈਕਸ਼ਨ



ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

ਹੈ, ਇਲੈਕਸ਼ਨ ਨਹੀਂ। 29 ਅਪਰੈਲ 1986 ਨੂੰ ਪੰਥਕ ਕਮੇਟੀ ਨੇ ਪੰਥ ਵਾਸਤੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ। ਅੱਜ ਸਾਡੇ ਸਿੱਖ ਭਰਾ ਹੀ ਖਾਲਿਸਤਾਨ ਦਾ ਵਿਰੋਧ ਕਰ ਰਹੇ ਹਨ। 1947 ਵਿਚ ਵੀ ਸਾਡਿਆਂ ਨੇ ਹੀ ਵਿਰੋਧ ਕੀਤਾ ਅਤੇ ਅੱਜ ਵੀ ਸਾਡੇ ਸਿੱਖ ਭਰਾ ਹੀ ਵਿਰੋਧ ਕਰ ਰਹੇ ਹਨ। ਜੇ ਹਿੰਦੂ ਹਿੰਦੋਸਤਾਨ ਲੈਂਦੇ ਹਨ, ਮੁਸਲਮਾਨ ਪਾਕਿਸਤਾਨ ਲੈਂਦੇ ਹਨ, ਫਿਰ ਸਿੱਖ ਖਾਲਿਸਤਾਨ ਕਿਉਂ ਨਹੀਂ ਲੈ ਸਕਦੇ? ਅੱਜ ਸਾਡੇ ਸਿੱਖ ਭਰਾ ਆਖਦੇ ਹਨ ਕਿ ਸੰਤਾਂ ਨੇ ਜੋਸ਼ ਤੋਂ ਕੰਮ ਲਿਆ, ਹੋਸ਼ ਤੋਂ ਨਹੀਂ।

ਸੰਤ ਭਿੰਡਰਾਂਵਾਲਿਆਂ ਨੂੰ ਰਾਮ ਜੇਠਮਲਾਨੀ ਨੇ ਆਖਿਆ, ਸੰਤ ਜੀ, ਤੁਸੀਂ ਸੰਤ ਹੋ, ਸੰਤ ਹਥਿਆਰ ਨਹੀਂ ਰੱਖਦੇ। ਸੰਤਾਂ ਨੇ ਆਖਿਆ ਕਿ ਮੈਂ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਾ ਹਾਂ। ਦਸਵੇਂ ਪਾਤਸ਼ਾਹ ਦਾ ਪੁੱਤਰ ਹਾਂ। ਦਸਵੇਂ ਪਾਤਸ਼ਾਹ ਨੇ ਹਥਿਆਰ ਰੱਖੇ। ਹਿੰਦੂ ਤ੍ਰਿਸ਼ੂਲ ਰੱਖਦਾ ਹੈ, ਅਸੀਂ ਵੀ ਆਪਣੀ ਰਾਖੀ ਵਾਸਤੇ ਹਥਿਆਰ ਰੱਖੇ ਹਨ। ਰਾਮ ਜੇਠਮਲਾਨੀ ਨੇ ਆਖਿਆ, ਹਥਿਆਰ ਰੱਖਣ ਨਾਲ ਅਸ਼ਾਂਤੀ ਫੈਲਦੀ ਹੈ। ਸੰਤਾਂ ਨੇ ਆਖਿਆ, ਜਿਹੜੀਆਂ ਚੀਨ ਦੇ ਬਾਰਡਰ 'ਤੇ ਤੋਪਾਂ, ਵਾਹਗੇ ਅਤੇ ਅਟਾਰੀ ਬਾਰਡਰ 'ਤੇ ਮਸ਼ੀਨਗੰਨਾਂ ਬੀੜੀਆਂ ਹਨ, ਉਹ ਬਾਰਡਰਾਂ ਤੋਂ ਹਟਾ ਲਵੋ ਤਾਂ ਕਿ ਹਿੰਦੋਸਤਾਨ ਅੰਦਰ ਸ਼ਾਂਤੀ ਆ ਜਾਵੇ।

ਰਾਮ ਜੇਠਮਲਾਨੀ ਨੇ ਆਖਿਆ, ਅਬ ਮੁਝੇ ਪਤਾ ਚਲਾ ਕਿ ਲੋਕ ਆਪ ਕੋ ਸੰਤ ਕਿਉਂ ਕਹਿਤੇ ਹੈਂ। ਸੰਤਾਂ ਨੇ ਆਖਿਆ, ਜੇਠਮਲਾਨੀ ਜੀ, ਹਥਿਆਰ ਰਖਨੇ ਸੇ ਸ਼ਾਂਤੀ ਮਿਲਤੀ ਹੈ। ਰਾਮ ਜੇਠਮਲਾਨੀ ਨੇ ਆਖਿਆ, ਸੰਤ ਜੀ, ਤੁਮ ਠੀਕ ਹੋ, ਇੰਦਰਾ (ਗਾਂਧੀ) ਗਲਤ ਹੈ। ਸੰਤਾਂ ਨੇ ਆਖਿਆ, ਤੁਸੀਂ ਫਿਰ ਦਿੱਲੀ ਜਾ ਕੇ ਇੰਦਰਾ ਨੂੰ ਆਖ ਦਿਓ। ਕਈ ਸੱਜਣਾਂ ਨੇ ਆਖਿਆ ਕਿ ਇੰਦਰਾ ਹਿੰਦੂਆਂ ਨੂੰ ਦੋਹਾਂ ਅੱਖਾਂ ਨਾਲ ਵੇਖਦੀ ਹੈ ਤੇ ਸਿੱਖਾਂ ਨੂੰ ਇਕ ਅੱਖ ਨਾਲ ਵੇਖਦੀ ਹੈ। ਸੰਤ ਭਿੰਡਰਾਂਵਾਲੇ ਕਹਿਣ ਲੱਗੇ, ਇੰਦਰਾ ਦੀ ਅੱਖ ਖਰਾਬ ਹੋਵੇਗੀ।

ਸੰਤ ਭਿੰਡਰਾਂਵਾਲਿਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਕਾਨੂੰਨੀ ਸਲਾਹਕਾਰ ਡਾ. ਗੁਰਨਾਮ ਸਿੰਘ ਤੀਰ ਨੇ ਆਖਿਆ ਸੀ, ਸੰਤ ਜੀ, ਤੁਹਾਨੂੰ ਹਰਿਮੰਦਰ ਸਾਹਿਬ ਤੋਂ ਬਾਹਰ ਲੜਨਾ ਚਾਹੀਦਾ ਹੈ। ਸੰਤਾਂ ਨੇ ਆਖਿਆ, ਤੀਰ ਜੀ, ਰੇਲਵੇ ਸਟੇਸ਼ਨ 'ਤੇ ਦਰਬਾਰ ਸਾਹਿਬ ਦਾ ਮਾਡਲ ਲੱਗਾ ਹੋਇਆ ਸੀ, ਯਾਤਰੀਆਂ ਦੀ ਜਾਣਕਾਰੀ ਵਾਸਤੇ। ਉਹ ਹਿੰਦੂਆਂ ਦੇ ਹਜੂਮ ਨੇ ਤੋੜ ਦਿੱਤਾ। ਉਥੇ ਕਿਹੜਾ ਅਤਿਵਾਦੀ ਬੈਠੇ ਸਨ? ਹਿੰਦੂ ਨਆਰੇ ਮਾਰਦੇ ਹਨ-ਦੁੱਕੀ ਤਿੱਕੀ ਖਹਿਣ ਨਹੀਂ ਦੇਣੀ, ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ। ਅਸੀਂ ਕਿਸੇ ਦੇ ਮੰਦਿਰ, ਮਸਜਿਦ 'ਤੇ ਹਮਲਾ ਨਹੀਂ ਕਰਨ ਜਾਂਦੇ। ਜੇ ਕੋਈ ਇਥੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਆਵੇਗਾ, ਹਰਿਮੰਦਰ ਸਾਹਿਬ ਦੀ ਰਾਖੀ ਇਥੋਂ ਹੀ ਕਰ ਸਕਦੇ ਹਾਂ।

ਕਈ ਵੀਰ ਆਖਦੇ ਹਨ ਕਿ ਸੰਤ ਭਿੰਡਰਾਂਵਾਲਿਆਂ ਨੇ ਹੋਣ ਵਾਲੇ ਨੁਕਸਾਨ ਬਾਰੇ ਨਹੀਂ ਸੋਚਿਆ। ਨੁਕਸਾਨ ਤਾਂ ਛੇਵੇਂ ਪਾਤਸ਼ਾਹ ਵੇਲੇ, ਬਾਬਾ ਬਘੇਲ ਸਿੰਘ ਸਮੇਂ, ਬਾਬਾ ਦੀਪ ਸਿੰਘ ਸਮੇਂ ਅਤੇ ਸ਼ੇਰੇ ਪੰਜਾਬ ਵੇਲੇ ਪਠਾਣਾਂ ਨਾਲ ਲੜਦਿਆਂ ਵੀ ਜ਼ਰੂਰ ਹੋਇਆ ਹੋਵੇਗਾ। ਅਸੀਂ ਇਕ ਪਾਕਿਸਤਾਨੀ ਮੁਸਲਮਾਨ ਹਿਫਾਜ਼ ਅਲੀ ਨੂੰ ਪੁੱਛਿਆ ਕਿ ਤੁਸੀਂ ਕਿਸ ਕਾਰਜ ਵਾਸਤੇ ਸੰਸਾਰ 'ਤੇ ਆਏ ਹੋ। ਉਸ ਨੇ ਆਖਿਆ, ਅੱਲ੍ਹਾ ਤਾਲਾ ਦੀ ਇਬਾਦਤ ਵਾਸਤੇ ਅਤੇ ਇਸਲਾਮ ਦੇ ਭਲੇ ਵਾਸਤੇ। ਅਸੀਂ ਸਵਾਲ ਕੀਤਾ, ਦੋਵੇਂ ਜਰਮਨੀ ਇਕੱਠੇ ਹੋ ਗਏ ਹਨ ਪਰ ਤੁਹਾਡੇ ਇਰਾਕੀ ਅਤੇ ਇਰਾਨੀ ਮੁਸਲਮਾਨ-ਦੋਵੇਂ ਭਰਾ ਲੜਦੇ ਰਹੇ। ਉਨ੍ਹਾਂ ਆਖਿਆ ਕਿ ਇਹ ਅਸਲੀ ਨਹੀਂ, ਨਕਲੀ ਮੁਸਲਮਾਨ ਹਨ।

ਗੁਰੂ ਸਾਹਿਬ ਨੇ ਸਿੱਖ ਨੂੰ ਆਖਿਆ, ਪ੍ਰਾਣੀ ਤੂੰ ਆਇਓ ਲਾਹਾ ਲੈਣ ਲੱਗਾ ਕਿਤ ਕੁਫਕੜੈ ਸਭਿ ਮੁਕਦੀ ਚਲੀ ਰੈਣਿ॥ ਹਰੇਕ ਸਿੰਘ ਨੂੰ ਧਾਰਮਿਕ ਖੇਤਰ ਵਿਚ ਪੰਜ ਪਿਆਰਿਆਂ ਅਤੇ ਸਿਆਸੀ ਖੇਤਰ ਵਿਚ ਪੰਥਕ ਕਮੇਟੀ ਦੇ ਪੰਜਾਂ ਸਿੰਘ ਦੇ ਅਕਾਲ ਤਖਤ ਤੋਂ ਕੀਤੇ ਐਲਾਨ ਦਾ ਖਿਆਲ ਰੱਖਣਾ ਚਾਹੀਦਾ ਹੈ।

# ਵਿਚਾਰਾਂ ਦੀ ਆਜ਼ਾਦੀ ਲਈ ਜ਼ੋਰਦਾਰ ਸਫਬੰਦੀ

## ਪੰਜਾਬ 'ਵਰਸਿਟੀ ਚੰਡੀਗੜ੍ਹ ਦੇ ਜੁਝਾਰੂ ਪਾੜ੍ਹਿਆਂ ਨੇ ਭਖਾਇਆ ਮਸਲਾ



**ਚੰਡੀਗੜ੍ਹ:** ਹੈਦਰਾਬਾਦ ਯੂਨੀਵਰਸਿਟੀ ਦੇ ਖੋਜਾਰਥੀ ਰੋਹਿਤ ਵੇਮੁਲਾ ਦੀ ਖੁਦਕੁਸ਼ੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਵਾਦ ਤੇ ਦਿੱਲੀ ਯੂਨੀਵਰਸਿਟੀ ਵਿਚ ਵਾਪਰੀਆਂ ਘਟਨਾਵਾਂ ਬਾਅਦ ਵਿਚਾਰਾਂ ਦੀ ਆਜ਼ਾਦੀ ਲਈ ਸੁੰਗੜ ਰਹੀ ਜਗ੍ਹਾ ਧਾਰਮਿਕ ਘੱਟ ਗਿਣਤੀਆਂ, ਦਲਿਤ ਤੇ ਖੱਬੇਪੱਖੀਆਂ ਲਈ ਸਾਂਝਾ ਮੰਚ ਉਸਾਰ ਰਹੀ ਹੈ।

ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਵਿਚ ਵਿਵਾਦ ਬਾਅਦ ਸ੍ਰੀ ਰਾਮ ਕਾਲਜ ਦੀ ਵਿਦਿਆਰਥਣ ਗੁਰਮਿਹਰ ਕੌਰ ਦੇ ਬਿਆਨ ਨਾਲ ਦੇਸ਼ ਪੱਧਰ 'ਤੇ ਸ਼ੁਰੂ ਹੋਈ ਸਫਬੰਦੀ ਚੰਡੀਗੜ੍ਹ ਸਥਿਤ ਪੰਜਾਬ ਯੂਨੀਵਰਸਿਟੀ ਵਿਚ ਟਕਰਾਅ ਦਾ ਰੂਪ ਧਾਰ ਗਈ। ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੀ ਚੁਣੌਤੀ ਦੇ ਬਾਵਜੂਦ ਸਟੂਡੈਂਟਸ ਫਾਰ ਸੁਸਾਇਟੀ (ਐਸ.ਐਫ.ਐਸ.) ਦੇ ਹੱਕ ਵਿਚ ਖੱਬੇਪੱਖੀ, ਜਮਹੂਰੀ, ਖਾਲਿਸਤਾਨੀ ਤੇ ਦਲਿਤ ਜਥੇਬੰਦੀਆਂ ਦੇ ਕਾਰਕੁਨ ਖੜ੍ਹ ਗਏ, ਜਿਸ ਬਦੌਲਤ 'ਦਸਤਕ' ਰਸਾਲੇ ਦੀ ਸੰਪਾਦਕ ਸੀਮਾ ਆਜ਼ਾਦ ਸਮਾਰੋਹ ਨੂੰ ਸੰਬੋਧਨ ਕਰਨ ਵਿਚ ਸਫਲ ਹੋ ਗਈ।


ਯੂਨੀਵਰਸਿਟੀ ਨੂੰ ਪੁਲਿਸ ਛਾਉਣੀ 'ਚ ਤਬਦੀਲ ਕਰ ਦਿੱਤਾ ਗਿਆ। ਏ.ਬੀ.ਵੀ.ਪੀ. ਦੇ ਕਾਰਕੁਨਾਂ ਨੇ ਸੀਮਾ ਨੂੰ ਮਾਓਵਾਦੀ ਤੇ ਦੇਸ਼ ਧ੍ਰੋਹੀ ਕਰਾਰ ਦਿੰਦਿਆਂ 'ਵਰਸਿਟੀ ਵਿਚ ਉਸ ਨੂੰ ਬੋਲਣ ਨਾ ਦੇਣ ਦਾ ਐਲਾਨ ਕੀਤਾ ਸੀ। ਵੱਖ-ਵੱਖ ਧਿਰਾਂ ਦੀ ਇਕਜੁੱਟਤਾ ਕਾਰਨ ਯੂਨੀਵਰਸਿਟੀ ਦੇ ਉਪ ਕੁਲਪਤੀ ਦੇ ਦਫਤਰ ਨੇੜੇ ਸਮਾਗਮ ਹੋਇਆ। ਪੁਲਿਸ ਤੇ ਏ.ਬੀ.ਵੀ.ਪੀ. ਕਾਰਕੁਨਾਂ ਨੂੰ ਚਕਮਾ ਦੇ ਕੇ ਸੀਮਾ ਆਜ਼ਾਦ ਦਸਤਾਰ ਸਜਾ ਕੇ ਹਰਿਆਣਾ 'ਚ ਮਹਿਲਾ ਸੰਗਠਨ ਦੀ ਕਾਰਕੁਨ ਵਜੋਂ ਐਲਾਨੇ ਨਾਂ ਉਤੇ ਭਾਸ਼ਣ ਵੀ ਦੇ ਗਈ ਅਤੇ ਉਸ ਦੇ ਸੁਰੱਖਿਅਤ ਸਥਾਨ ਉਤੇ ਚਲੇ ਜਾਣ ਬਾਅਦ ਸਟੇਜ ਤੋਂ ਉਸ ਦੀ ਪਛਾਣ ਜਨਤਕ ਕੀਤੀ ਗਈ। ਵਿਦਿਆਰਥੀਆਂ ਦੇ ਪਛਾਣ ਪੱਤਰ ਚੈੱਕ ਕੀਤੇ ਬਿਨਾਂ ਕਿਸੇ ਨੂੰ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ ਸੀ। ਬਾਹਰੋਂ ਆਏ ਜਥੇਬੰਦੀਆਂ ਦੇ ਆਗੂਆਂ ਖਾਸ ਤੌਰ ਉਤੇ ਕਿਸਾਨ ਯੂਨੀਅਨ ਡਕੌਂਦਾ ਦੇ ਕਾਰਕੁਨਾਂ ਨੂੰ ਪੁਲਿਸ ਨੇ ਗੇਟ ਤੋਂ ਹੀ ਹਿਰਾਸਤ ਵਿਚ ਲੈ ਲਿਆ। ਸਮਾਗਮ ਵਿਚ ਪੁੱਜਣ ਵਾਲੇ ਆਗੂਆਂ ਨੇ ਸਟੇਜ ਤੋਂ ਕਿਹਾ ਕਿ ਉਹ ਸਿਰਫ ਇਸ ਲਈ ਆਏ ਹਨ ਕਿਉਂਕਿ ਕਿਸੇ ਨੂੰ ਵੀ ਵਿਚਾਰ ਪ੍ਰਗਟਾਉਣ ਤੋਂ ਰੋਕਣ ਦੀ ਚੁਣੌਤੀ ਦਾ ਮਿਲ ਕੇ ਜਵਾਬ ਦੇਣਾ ਜ਼ਰੂਰੀ ਹੈ।

ਵਿਚਾਰਧਾਰਕ ਤੌਰ 'ਤੇ ਵਖਰੇਵਿਆਂ ਦੇ ਬਾਵਜੂਦ ਸਭ ਤਰ੍ਹਾਂ ਦੇ ਆਗੂ ਇਕਜੁੱਟ ਨਜ਼ਰ ਆਏ ਅਤੇ ਐਸ.ਐਫ.ਐਸ. ਵੱਲੋਂ ਵੀ ਸਟੇਜ ਤੋਂ ਸਭ ਨੂੰ ਬਰਾਬਰ ਦਾ ਸਮਾਂ ਦਿੱਤਾ ਗਿਆ। ਬੁਲਾਰਿਆਂ ਨੇ ਹਿੰਦੂਵਾਦੀ ਵਿਚਾਰਧਾਰਾ ਵੱਲੋਂ ਸਦੀਆਂ ਤੋਂ ਜਾਤਪਾਤ ਦੇ ਆਧਾਰ 'ਤੇ ਦਲਿਤਾਂ ਨੂੰ ਅਛੂਤ ਸਮਝਣ, ਬਹੁਗਿਣਤੀ ਦੇ ਸਹਾਰੇ ਘੱਟ ਗਿਣਤੀਆਂ ਦੇ ਹੱਕਾਂ ਨੂੰ ਦਬਾਉਣ, ਕਬਾਇਲੀਆਂ 'ਤੇ ਅਤਿਆਚਾਰ ਅਤੇ ਵੰਨ ਸੁਵੰਨੇ ਦੇਸ਼ ਵਿਚ ਇਕੋ ਤਰ੍ਹਾਂ ਦੇ ਵਿਚਾਰ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਤਹਿਤ ਸੱਤਾ ਦੀ ਤਾਕਤ ਨੂੰ ਵਰਤੇ ਜਾਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਹਿਟਲਰ ਸਮੇਤ ਸਾਰੇ ਫਾਸ਼ੀਵਾਦੀ ਸਾਸ਼ਕਾਂ ਨੂੰ ਲੋਕ ਜ਼ਿਆਦਾ ਸਮਾਂ ਬਰਦਾਸ਼ਤ ਨਹੀਂ ਕਰਦੇ। ਦੇਸ਼ ਭਰ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਵਿਚ ਫੈਲ ਰਿਹਾ ਰੋਸ ਇਕ ਹਾਂ ਪੱਖੀ ਵਰਤਾਰਾ ਹੈ।

ਖੱਬੇਪੱਖੀ ਲਹਿਰ ਤੋਂ ਸਿੱਖ ਚਿੰਤਕ ਤੱਕ ਸਫਰ ਤੈਅ ਕਰਨ ਵਾਲੇ ਅਜਮੇਰ ਸਿੰਘ ਨੇ ਕਿਹਾ ਕਿ ਅੰਧ ਰਾਸ਼ਟਰਵਾਦ ਦਾ ਮੌਜੂਦਾ ਦੌਰ ਬ੍ਰਾਹਮਣਵਾਦੀ ਵਿਚਾਰਧਾਰਾ ਤਹਿਤ ਘੜੇ ਡਿਜ਼ਾਈਨ ਦਾ ਹਿੱਸਾ ਹੈ। ਇਸ ਵਿਚ ਦੂਜਿਆਂ ਨੂੰ ਜਜ਼ਬ ਕਰ ਲੈਣ ਦੀ ਸਮਰੱਥਾ ਵੀ ਬਹੁਤ ਹੈ। ਇਸ ਕਾਰਨ ਲੰਬੇ ਸਮੇਂ ਤੋਂ ਜਾਤਪਾਤ ਤੇ ਊਚ ਨੀਚ ਦੇ ਬਾਵਜੂਦ ਸਮਾਜਿਕ ਤੌਰ 'ਤੇ ਇਸ ਨੇ ਆਪਣੀ ਸੱਤਾ ਕਾਇਮ ਰੱਖੀ ਹੋਈ ਹੈ। ਇਹ ਨਿਰਾ ਲਾਲਚ ਤੇ ਸਿਆਸੀ ਸੱਤਾ ਦੇ ਸਹਾਰੇ ਨਹੀਂ ਬਲਕਿ ਵਿਚਾਰਧਾਰਕ ਤੌਰ ਉਤੇ ਦੇਸ਼ ਦੇ ਵੱਡੇ ਵਰਗ ਨੂੰ ਆਪਣੇ ਨਾਲ ਸਹਿਮਤ ਕਰ ਲੈਣ ਤੋਂ ਬਾਅਦ ਵੱਡਾ ਹਮਲਾ ਕਰਨ ਦੇ ਸਮਰੱਥ ਹੁੰਦਾ ਹੈ।

### ਸੀਮਾ ਆਜ਼ਾਦ ਦਾ ਕਿਰਨ ਖੇਰ ਨੂੰ ਠੋਕਵਾਂ ਜਵਾਬ

**ਚੰਡੀਗੜ੍ਹ:** ਦਸਤਕ ਰਸਾਲੇ ਦੀ ਸੰਪਾਦਕ ਸੀਮਾ ਆਜ਼ਾਦ ਨੇ ਚੰਡੀਗੜ੍ਹ ਸੰਸਦ ਮੈਂਬਰ ਕਿਰਨ ਖੇਰ ਵੱਲੋਂ ਕੀਤੇ ਚੈਲੰਜ ਉਤੇ ਆਪਣਾ ਜਵਾਬੀ ਹਮਲਾ ਕਰਦੇ ਹੋਏ ਕਿਹਾ ਕਿ ਜੇ ਮੇਰੇ ਨਾਲ ਬਹਿਸ ਕਰਨੀ ਸੀ ਤਾਂ ਗ੍ਰਿਫਤਾਰੀ ਦੇ ਹੁਕਮਾਂ ਨੂੰ ਰੱਦ ਕਰਵਾ ਕੇ ਬਹਿਸ ਕਰਦੇ। ਚੰਡੀਗੜ੍ਹ ਦੀ ਐਮ.ਪੀ. ਕਿਰਨ ਖੇਰ ਨੇ ਸੀਮਾ ਆਜ਼ਾਦ ਨੂੰ ਬਹਿਸ ਲਈ ਚੁਣੌਤੀ ਦਿੱਤੀ ਸੀ, ਜਿਸ ਦਾ ਸੀਮਾ ਆਜ਼ਾਦ ਨੇ ਲਿਖਤ ਵਿਚ ਜਵਾਬ ਦਿੱਤਾ ਹੈ। ਸੀਮਾ ਨੇ ਲਿਖਿਆ ਹੈ ਕਿ ਮੈਂ ਐਸ.ਐਫ.ਐਸ. ਦੇ ਸੈਮੀਨਾਰ ਵਿਚ ਵਿਦਿਆਰਥੀ ਰਾਜਨੀਤੀ, ਰੂਸੀ ਕ੍ਰਾਂਤੀ ਦੇ 100 ਸਾਲ ਪੂਰੇ ਹੋਣ ਦੀ ਮਹੱਤਤਾ ਬਾਰੇ ਬੋਲਣ ਲਈ ਪੰਜਾਬ ਯੂਨੀਵਰਸਿਟੀ ਵਿਚ ਆਉਣਾ ਸੀ। ਇਸ ਵਿਚ ਲੋਕਤੰਤਰਿਕ ਸੰਸਥਾਵਾਂ ਨੇ ਨਾਅਰਿਆਂ ਦੇ ਨਾਲ ਆਪਣੀ ਆਵਾਜ਼ ਉਠਾਈ ਸੀ। ਸੀਮਾ ਨੇ ਲਿਖਿਆ ਹੈ ਕਿ ਭਗਤ ਸਿੰਘ ਵੀ ਇਸ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ, ਉਹ ਵੀ ਸਮਾਜਵਾਦੀ ਭਾਰਤ ਦੇ ਹੱਕ ਵਿਚ ਸਨ, ਰੂਸੀ ਕ੍ਰਾਂਤੀ ਨੇ ਸੰਸਾਰ ਭਰ ਵਿਚ ਨੌਜਵਾਨਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਲਹਿਰ ਤੋਂ ਬ੍ਰਿਟਿਸ਼ ਵੀ ਡਰ ਗਏ ਸਨ। ਇਹ ਮਾਰਕਸ ਦੀ ਫਿਲਾਸਫੀ ਦੀ ਤਾਕਤ ਹੈ।





ਸੀਮਾ ਆਜ਼ਾਦ ਨੇ ਕਿਹਾ ਕਿ ਜਦੋਂ ਮੈਂ ਪੰਜਾਬ ਯੂਨੀਵਰਸਿਟੀ ਵਿਚ ਭਾਸ਼ਣ ਦੇ ਰਹੀ ਸੀ ਤਾਂ ਮੇਰੇ ਖਿਲਾਫ਼ ਗ੍ਰਿਫਤਾਰੀ ਦੇ ਵਾਰੰਟ ਕੱਢੇ ਹੋਏ ਸਨ, ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਨੇ ਮੈਨੂੰ ਆਪਣੇ ਨਾਲ ਬਹਿਸ (ਡਿਬੇਟ) ਕਰਨ ਲਈ ਚੈਲੰਜ ਕੀਤਾ ਹੈ, ਜੇਕਰ ਉਨ੍ਹਾਂ ਬਹਿਸ ਕਰਨੀ ਸੀ ਤਾਂ ਉਹ ਮੇਰੀ ਗ੍ਰਿਫਤਾਰੀ ਦੇ ਵਾਰੰਟ ਨੂੰ ਰੱਦ ਕਰਵਾ ਦਿੰਦੇ ਅਤੇ ਮੇਰੇ ਨਾਲ ਬਹਿਸ ਕਰਨ ਲਈ ਆਉਂਦੇ, ਲੋਕਤੰਤਰਿਕ ਸਮਾਜ ਵਿਚ ਬੋਲਣ ਦਾ ਅਧਿਕਾਰ ਹੈ, ਅਸੀਂ ਲੋਕਤੰਤਰ ਲਈ ਲੜ ਰਹੇ ਹਾਂ, ਜਦਕਿ ਤੁਸੀਂ ਚਾਹੁੰਦੇ ਹੋ ਕਿ ਲੋਕ ਸਿਰਫ ਧਰਮ ਅਤੇ ਜਾਤੀ ਮੁੱਦਿਆਂ ਉਤੇ ਹੀ ਗੱਲ ਕਰਨ, ਪਰ ਅਸੀਂ ਡਿਬੇਟ ਦੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰ ਰਹੇ ਹਾਂ।

# ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਚਾਲ ਨੂੰ ਚੁਣੌਤੀ

**ਨਵੀਂ ਦਿੱਲੀ:** 2014 ਵਿਚ ਕੇਂਦਰ ਵਿਚ ਸੱਤਾਧਾਰੀ ਹੋਣ ਤੋਂ ਬਾਅਦ ਰਾਸ਼ਟਰੀ ਸੋਇਮ ਸੇਵਕ ਸੰਘ, ਭਾਰਤੀ ਜਨਤਾ ਪਾਰਟੀ ਅਤੇ ਉਸ ਨਾਲ ਸਬੰਧਤ ਹੋਰ ਹਿੰਦੂਤਵੀ ਸੰਗਠਨਾਂ ਦੇ ਆਗੂ ਸ਼ਰੇਆਮ ਇਹ ਬਿਆਨ ਦਿੰਦੇ ਰਹੇ ਹਨ ਕਿ ਉਨ੍ਹਾਂ ਦਾ ਅਸਲ ਨਿਸ਼ਾਨਾ ਦੇਸ਼ ਦੇ ਧਰਮ-ਨਿਰਪੱਖ ਅਤੇ ਜਮਹੂਰੀ ਖਾਸੇ ਨੂੰ ਬਦਲ ਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ। ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਸਮੇਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇਕ ਮਰਹੂਮ ਆਗੂ ਅਸ਼ੋਕ ਸਿੰਘਲ ਨੇ ਤਾਂ ਸ਼ਰੇਆਮ ਇਹ ਬਿਆਨ ਦਿੱਤਾ ਸੀ ਕਿ 800 ਸਾਲ ਬਾਅਦ ਭਾਰਤ ਵਿਚ ਹਿੰਦੂਆਂ ਦਾ ਰਾਜ ਆ ਗਿਆ ਹੈ।




ਰਾਸ਼ਟਰੀ ਸੋਇਮ ਸੇਵਕ ਦੇ ਮੁੱਖ ਸੰਘ ਸੰਚਾਲਕ ਸ੍ਰੀ ਮੋਹਨ ਭਾਗਵਤ ਤਾਂ ਵਾਰ-ਵਾਰ ਇਹ ਕਹਿੰਦੇ ਆ ਰਹੇ ਹਨ ਕਿ ਭਾਰਤ ਵਿਚ ਰਹਿੰਦੇ ਸਾਰੇ ਲੋਕ ਹੀ ਹਿੰਦੂ ਹਨ। ਇਸ ਤਰ੍ਹਾਂ ਉਹ ਭਾਰਤ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਭਿੰਨਤਾ ਨੂੰ ਮੰਨਣ ਤੋਂ ਹੀ ਇਨਕਾਰੀ ਹਨ। ਰਾਸ਼ਟਰੀ ਸੋਇਮ ਸੇਵਕ ਸੰਘ ਦੇ ਇਸ਼ਾਰਿਆਂ 'ਤੇ ਚਲਦੀ ਹੋਈ ਭਾਰਤੀ ਜਨਤਾ ਪਾਰਟੀ ਕੀ ਕਰ ਰਹੀ ਹੈ, ਇਹ ਵੀ ਸਾਡੇ ਸਾਹਮਣੇ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਨੇ 400 ਤੋਂ ਵੱਧ ਰੈਲੀਆਂ ਕਰ ਕੇ ਲੋਕਾਂ ਤੋਂ ਇਸ ਨਾਅਰੇ ਨਾਲ ਸਮਰਥਨ ਮੰਗਿਆ ਸੀ ਕਿ ਉਹ 'ਸਬ ਕਾ ਸਾਥ ਅਤੇ ਸਬ ਕਾ ਵਿਕਾਸ' ਦੇ ਰਸਤੇ 'ਤੇ ਚੱਲਣਗੇ। ਪਰ ਉਸ ਸਮੇਂ ਵੀ ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਦੀਆਂ ਚੋਣਾਂ ਲਈ ਮੁਸਲਮਾਨਾਂ ਨੂੰ ਨਾਮਾਤਰ ਹੀ ਟਿਕਟਾਂ ਦਿੱਤੀਆਂ ਸਨ। ਹੁਣ ਦੇਸ਼ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਮੁਸਲਮਾਨਾਂ ਨੂੰ ਭਾਜਪਾ ਵੱਲੋਂ ਟਿਕਟਾਂ ਨਹੀਂ ਦਿੱਤੀਆਂ ਗਈਆਂ, ਭਾਵੇਂ ਕਿ ਇਸ ਰਾਜ ਵਿਚ 19 ਫ਼ੀਸਦੀ ਦੇ ਲਗਭਗ ਮੁਸਲਮਾਨ ਵੋਟਰ ਹਨ। ਇਸ ਤੋਂ ਵੀ ਭਾਜਪਾ ਦੇ ਇਰਾਦੇ ਸਪੱਸ਼ਟ ਹੋ ਜਾਂਦੇ ਹਨ। ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਉਸ ਦਾ ਰਾਜਨੀਤਕ ਫਰੰਟ ਭਾਜਪਾ, ਦੇਸ਼ ਦੇ ਧਰਮ-ਨਿਰਪੱਖ ਖਾਸੇ ਦੇਸ਼ ਦੀ ਧਾਰਮਿਕ ਤੇ ਸੱਭਿਆਚਾਰਕ ਵਿਭਿੰਨਤਾ ਨੂੰ ਮੰਨਣ ਲਈ ਤਿਆਰ ਨਹੀਂ ਹਨ। ਉਹ ਦੇਸ਼ ਦੀ 19 ਫੀਸਦੀ ਆਬਾਦੀ ਨੂੰ ਰਾਜਨੀਤੀ ਵਿਚ ਕੋਈ ਵੀ ਨੁਮਾਇੰਦਗੀ ਦੇਣ ਲਈ ਤਿਆਰ ਨਹੀਂ ਹਨ।

ਭਾਜਪਾ ਦੇ ਕੇਂਦਰ ਵਿਚ ਸੱਤਾਧਾਰੀ ਹੋਣ ਤੋਂ ਬਾਅਦ ਰਾਸ਼ਟਰੀ ਸੋਇਮ ਸੇਵਕ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਅਤੇ ਭਾਰਤੀ ਜਨਤਾ ਪਾਰਟੀ ਨਾਲੋਂ ਵੱਖਰੇ ਵਿਚਾਰ ਰੱਖਣ ਵਾਲੇ ਸਿਆਸੀ ਆਗੂਆਂ, ਬੁੱਧੀਜੀਵੀਆਂ ਅਤੇ ਵਿਦਿਆਰਥੀਆਂ 'ਤੇ ਹਮਲਿਆਂ ਵਿਚ ਲਗਾਤਾਰ ਵਾਧਾ ਹੋਇਆ ਹੈ। ਮਹਾਰਾਸ਼ਟਰ ਅਤੇ ਕਰਨਾਟਕ ਵਿਚ ਕੁਝ ਅਖੌਤੀ ਹਿੰਦੂਤਵੀ ਸੰਗਠਨਾਂ ਵੱਲੋਂ ਬੁੱਧੀਜੀਵੀਆਂ ਦੇ ਕਤਲ ਵੀ ਕੀਤੇ ਗਏ ਹਨ। ਦਿੱਲੀ ਵਿਚ ਵੀ ਪ੍ਰਸਿੱਧ ਵਕੀਲ ਪ੍ਰਸ਼ਾਂਤ ਭੂਸ਼ਣ ਦਾ ਸਿਆਹੀ ਸੁੱਟ ਕੇ ਜਿਸ ਤਰ੍ਹਾਂ ਬੇਇੱਜ਼ਤ ਕੀਤਾ ਗਿਆ ਅਤੇ ਇਸੇ ਤਰ੍ਹਾਂ ਕਿਸੇ ਸਮੇਂ ਸ੍ਰੀ ਅਟਲ ਬਿਹਾਰੀ ਵਾਜਪਾਈ ਅਤੇ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੇ ਸਲਾਹਕਾਰ ਰਹੇ ਸ੍ਰੀ ਕੁਲਕਰਨੀ ਦਾ ਜਿਸ ਤਰ੍ਹਾਂ ਭਰੀ ਪ੍ਰੈੱਸ ਕਾਨਫਰੰਸ ਵਿਚ ਮੂੰਹ ਕਾਲਾ ਕੀਤਾ ਗਿਆ, ਉਸ ਨੂੰ ਵੀ ਪੂਰੇ ਦੇਸ਼ ਨੇ ਦੇਖਿਆ ਹੈ। ਹੈਦਰਾਬਾਦ ਯੂਨੀਵਰਸਿਟੀ ਵਿਚ ਸ੍ਰੀ ਵਾਮੂਲਾ ਨਾਲ ਜੋ ਕੁਝ ਵਾਪਰਿਆ ਅਤੇ ਨਹਿਰੂ ਯੂਨੀਵਰਸਿਟੀ ਵਿਚ ਵਿਦਿਆਰਥੀ ਆਗੂ ਸ੍ਰੀ ਕਨ੍ਹੱਈਆ ਖਿਲਾਫ਼ ਜਿਸ ਤਰ੍ਹਾਂ ਜੇਹਾਦ ਖੜ੍ਹਾ ਕੀਤਾ ਗਿਆ ਅਤੇ ਦਿੱਲੀ ਦੀ ਇਕ ਅਦਾਲਤ ਵਿਚ ਪੇਸ਼ ਹੋਣ ਸਮੇਂ ਜਿਸ ਤਰ੍ਹਾਂ ਪੁਲਿਸ ਦੀ ਹਾਜ਼ਰੀ ਵਿਚ ਉਸ ਦੀ ਕੁੱਟਮਾਰ ਕੀਤੀ ਗਈ, ਉਸ ਦੀਆਂ ਯਾਦਾਂ ਵੀ ਲੋਕਾਂ ਦੇ ਮਨਾਂ ਵਿਚ ਤਾਜ਼ਾ ਹਨ। ਭਾਵੇਂ ਕਿ ਹੁਣ ਇਕ ਸਾਲ ਬੀਤ ਜਾਣ ਤੋਂ ਬਾਅਦ ਜਾਂਚ ਕਮੇਟੀ ਨੇ ਇਹ ਪਾਇਆ ਹੈ ਕਿ ਸ੍ਰੀ ਕਨ੍ਹੱਈਆ ਨੇ ਦੇਸ਼ ਵਿਰੋਧੀ ਨਾਅਰੇ ਨਹੀਂ ਸਨ ਲਾਏ।

ਦਿੱਲੀ ਦੇ ਰਾਮਜਸ ਕਾਲਜ ਵਿਚ ਪਿਛਲੇ ਕੁਝ ਦਿਨਾਂ ਵਿਚ ਜੋ ਕੁਝ ਵਾਪਰਿਆ ਅਤੇ ਜਿਸ ਤਰ੍ਹਾਂ ਦੇਸ਼ ਦੇ ਕਬਾਇਲੀ ਆਬਾਦੀ ਵਾਲੇ ਇਲਾਕਿਆਂ ਵਿਚ ਨਕਸਲੀਆਂ ਨਾਲ ਨਿਪਟਣ ਦੇ ਨਾਂ ਉਤੇ ਆਮ ਲੋਕਾਂ ਨਾਲ ਹੁੰਦੀਆਂ ਜ਼ਿਆਦਤੀਆਂ ਸਬੰਧੀ ਚਰਚਾ ਕਰਨ ਲਈ ਉਥੇ ਹੋਣ ਵਾਲੇ ਸੈਮੀਨਾਰ ਨੂੰ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨਾਲ ਸਬੰਧਤ ਵਿਦਿਆਰਥੀਆਂ ਵੱਲੋਂ ਧੱਕੇ ਨਾਲ ਰੋਕਿਆ ਗਿਆ, ਵਿਰੋਧੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਗਈ, ਇਹ ਸਭ ਕੁਝ ਵੀ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਏ ਰਾਹੀਂ ਲੋਕਾਂ ਨੇ ਦੇਖਿਆ ਹੈ। ਜਲੰਧਰ ਦੀ ਵਿਦਿਆਰਥਣ ਗੁਰਮੇਹਰ ਕੌਰ ਨੇ ਆਵਾਜ਼ ਉਠਾਈ ਤਾਂ ਟਵਿੱਟਰ ਅਤੇ ਸੋਸ਼ਲ ਮੀਡੀਆ ਦੇ ਹੋਰ ਪਲੇਟਫਾਰਮਾਂ 'ਤੇ ਉਸ ਦੇ ਖਿਲਾਫ਼ ਗਾਲੀ-ਗਲੋਚ ਕਰਨ ਅਤੇ ਇਥੋਂ ਤੱਕ ਕਿ ਬਲਾਤਕਾਰ ਦੀਆਂ ਧਮਕੀਆਂ ਵੀ ਦੇਣੀਆਂ ਆਰੰਭ ਕਰ ਦਿੱਤੀਆਂ ਗਈਆਂ।

### 'ਦੇਸ਼ ਵਿਚ ਅਸਹਿਣਸ਼ੀਲ ਲੋਕਾਂ ਲਈ ਕੋਈ ਥਾਂ ਨਹੀਂ'

**ਨਵੀਂ ਦਿੱਲੀ:** ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਹਾ ਹੈ ਕਿ ਭਾਰਤ 'ਚ ਅਸਹਿਣਸ਼ੀਲ ਲੋਕਾਂ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਸਮੇਂ ਤੋਂ ਹੀ ਭਾਰਤ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਵੱਖ-ਵੱਖ ਵਿਚਾਰਾਂ, ਵਿਚਾਰਾਂ ਦੇ ਆਦਾਨ ਪ੍ਰਦਾਨ ਅਤੇ ਬਹਿਸਾਂ ਭਾਰਤੀ ਸਮਾਜ ਦਾ ਵਿਸ਼ੇਸ਼ ਲੱਛਣ ਹਨ। ਰਾਸ਼ਟਰਪਤੀ ਦੇ ਇਹ ਵਿਚਾਰ ਇਸ ਕਰ ਕੇ ਅਹਿਮ ਹਨ ਕਿਉਂਕਿ ਦਿੱਲੀ ਯੂਨੀਵਰਸਿਟੀ ਵਿਚ ਆਰ.ਐਸ.ਐਸ. ਪੱਖੀ ਏ.ਬੀ.ਵੀ.ਪੀ. ਅਤੇ ਖੱਬੇਪੱਖੀ ਵਿਦਿਆਰਥੀ ਸੰਗਠਨ ਆਇਸਾ ਵਿਚਕਾਰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਲੈ ਕੇ ਬਹਿਸ ਚੱਲੀ ਹੋਈ ਹੈ। ਉਨ੍ਹਾਂ ਕਿਹਾ ਕਿ ਸਾਡੇ ਸੰਵਿਧਾਨ ਵੱਲੋਂ ਦਿੱਤੇ ਅਹਿਮ ਮੁੱਢਲੇ ਅਧਿਕਾਰਾਂ ਵਿਚ ਵਿਚਾਰਾਂ ਦੀ ਆਜ਼ਾਦੀ ਦਾ ਅਧਿਕਾਰ ਪ੍ਰਮੁੱਖ ਹੈ।



ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ

**ਖੇਡ ਮੇਲਾ** **ਐਤਵਾਰ 19 ਮਾਰਚ 2017** *ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਐਤਵਾਰ 19 ਮਾਰਚ 2017 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।




**ਵਿਸ਼ੇਸ਼ ਲੰਗਰ:** ਇਸ ਮੌਕੇ ਛੱਲੀਆਂ, ਛੋਲੇ-ਭਠੂਰੇ, ਗੰਨੇ ਦਾ ਰਸ, ਪਕੌੜੇ, ਤਾਜਾ ਫਲ, ਫਰਾਈਆਂ ਅਤੇ ਬਰੈਡ ਪਕੌੜਿਆਂ ਦਾ ਵਿਸ਼ੇਸ਼ ਬੰਦੋਬਸਤ ਹੋਵੇਗਾ

**General Info:** Sukhdev Singh Bainiwal 408-421-9463
**Langer Seva:** Harjinder Singh Ladhar 408-904-9158
**Stall Reservations:** Khushvinder P. Singh 408-507-1290

**Call For Registration: (Volleyball)** Charan Singh Bhandal 408-482-1372
**(Basketball)** Jaswinder Singh Sohal 408-391-7013
Harjinder Singh Purewal 408-824-8762
Bhupinder Singh Dhillon 408-926-6650

*Parking available at Evergreen Valley High School; shuttles available for rides. Do not park on streets with "No Parking" signs.*

# ਭਗਤ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਪੁਰਬ ਮਨਾਇਆ



*ਕੀਰਤਨ ਕਰਦੇ ਹੋਏ ਬੱਚੇ ਇੰਦਰਜੀਤ ਸਿੰਘ ਅਤੇ ਅਮਨ ਸਿੰਘ*



*ਪ੍ਰਮੱਖ ਸ਼ਖਸੀਅਤਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

**ਫਰਿਜ਼ਨੋ (ਬਿਊਰੋ):** ਸ਼੍ਰੋਮਣੀ ਭਗਤ ਰਵਿਦਾਸ ਮਹਾਰਾਜ ਦਾ 640ਵਾਂ ਪ੍ਰਕਾਸ਼ ਪੁਰਬ ਇਥੇ ਸ੍ਰੀ ਗੁਰੂ ਰਵਿਦਾਸ ਟੈਂਪਲ (ਚੈਰੀ ਐਵਨਿਊ) ਵਿਖੇ ਮਨਾਇਆ ਗਿਆ। ਇਸ ਸਮਾਗਮ ਵਿਚ ਪ੍ਰਸਿੱਧ ਢਾਡੀ ਗੁਰਨਾਮ ਸਿੰਘ ਭੰਡਾਲ ਤੇ ਸਾਥੀਆਂ ਨੇ ਢਾਡੀ ਵਾਰਾਂ ਰਾਹੀਂ ਭਗਤ ਜੀ ਦੀ ਮਹਿਮਾ ਅਤੇ ਇਤਿਹਾਸ ਸਰਵਣ ਕਰਵਾਇਆ।

ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਅਤੇ ਕੀਰਤਨੀ ਜਥੇ ਨੇ ਸੇਵਾ ਨਿਭਾਈ। ਜਦ ਕਿ ਵਿਸ਼ੇਸ਼ ਤੌਰ 'ਤੇ ਬੱਚਿਆਂ ਦੇ ਕੀਰਤਨ ਗਰੁਪਾਂ ਵਿਚ ਇੰਦਰਜੀਤ ਸਿੰਘ ਅਤੇ ਅਮਨ ਸਿੰਘ ਤੋਂ ਇਲਾਵਾ ਹੋਰ ਬੱਚਿਆਂ ਨੇ ਕੀਰਤਨ ਦੀ ਹਾਜ਼ਰੀ ਭਰੀ।

ਸਮਾਗਮ 'ਚ ਪਹੁੰਚੇ ਵੱਖ-ਵੱਖ ਗੁਰੂਘਰਾਂ ਦੇ ਪ੍ਰਤੀਨਿਧੀਆਂ ਦਾ ਧਾਰਮਿਕ ਅਤੇ ਭਾਈਚਾਰਕ ਸੇਵਾਵਾਂ ਬਦਲੇ ਸਨਮਾਨ ਕੀਤਾ ਗਿਆ। ਸਟੇਜ ਦੀ ਸੇਵਾ ਭਾਈ ਅਮਰਜੀਤ ਸਿੰਘ ਦਰੋਚ ਨੇ ਨਿਭਾਈ।

## ਪ੍ਰਜਾਪਤੀ ਦਾ ਪਾਸਪੋਰਟ ਜ਼ਬਤ


**ਲਖਨਊ:** ਜਬਰ ਜਨਾਹ ਦੇ ਮੁਲਜ਼ਮ ਉਤਰ ਪ੍ਰਦੇਸ਼ ਦੇ ਮੰਤਰੀ ਗਾਇਤਰੀ ਪ੍ਰਜਾਪਤੀ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ। ਉਸ ਵਿਰੁੱਧ 'ਲੁੱਕ ਆਊਟ' ਨੋਟਿਸ ਜਾਰੀ ਕੀਤਾ ਗਿਆ।

# ਅੰਤਰਰਾਸ਼ਟਰੀ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ

**ਯੂਬਾ ਸਿਟੀ (ਬਿਊਰੋ):** ਅੰਤਰਰਾਸ਼ਟਰੀ ਪੰਜਾਬੀ ਮਾਂ ਬੋਲੀ ਦਿਵਸ ਸਬੰਧੀ ਇਕ ਸਮਾਗਮ ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਵਿਚ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਵਲੋਂ ਕਰਵਾਇਆ ਗਿਆ ਜਿਸ ਦੌਰਾਨ ਪੰਜਾਬੀ ਮਾਂ ਬੋਲੀ ਸਬੰਧੀ ਪਰਚੇ ਪੜ੍ਹੇ ਗਏ।



ਸਮਾਗਮ ਵਿਚ ਮੁੱਖ ਮਹਿਮਾਨ ਸਿਆਟਲ ਨਿਵਾਸੀ ਕਵੀ ਬਲਿਹਾਰ ਸਿੰਘ ਲੈਹਲ ਸਨ। ਹਰਬੰਸ ਸਿੰਘ ਜਗਿਆਸੂ ਨੇ ਆਪਣਾ ਪਰਚਾ ਪੜ੍ਹਦਿਆਂ ਪੰਜਾਬੀ ਬੋਲੀ ਦੀ ਮਹੱਤਤਾ ਅਤੇ ਇਸ ਦੇ ਪ੍ਰਚਾਰ ਪਸਾਰ ਸਬੰਧੀ ਚਰਚਾ ਕੀਤੀ। ਸਭਾ ਦੇ ਮੈਂਬਰਾਂ ਵਲੋਂ ਪੰਜਾਬੀ ਸਕੂਲ ਦੇ ਬੱਚਿਆਂ ਨਾਲ ਰੂਬਰੂ ਦੌਰਾਨ ਸਭਾ ਦੇ ਪ੍ਰਧਾਨ ਦਿੱਲ ਨਿੱਜਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਅਜਮੇਰ ਸੰਧੂ, ਇੰਦਰਜੀਤ ਗਰੇਵਾਲ, ਮਹਿੰਦਰ ਸਿੰਘ ਘੱਗ ਅਤੇ ਹਰਬੰਸ ਸਿੰਘ ਢਿੱਲੋਂ ਨੇ ਆਪਣੇ ਵਿਚਾਰਾਂ, ਗੀਤਾਂ ਤੇ ਕਵਿਤਾਵਾਂ ਦੀ ਸਾਂਝ ਪਾਈ।



ਇਸ ਮੌਕੇ ਹੋਏ ਕਵੀ ਦਰਬਾਰ ਵਿਚ ਅਰਸ਼ਦੀਪ ਕੌਰ, ਹਰਲੀਨ ਕੌਰ, ਗੁਰਲੀਨ ਕੌਰ, ਜਗਰੂਪ ਕਿਰਨ ਕੌਰ, ਵਰਿੰਦਰ ਸਿੰਘ ਅਤੇ ਹਰਮਨਜੀਤ ਸਿੰਘ ਤੋਂ ਇਲਾਵਾ ਸਭਾ ਦੇ ਮੈਂਬਰਾਂ-ਸੁਖਦੇਵ ਸਿੰਘ ਢਿੱਲੋਂ, ਜੋਗਿੰਦਰ ਸਿੰਘ ਸ਼ੌਂਕੀ, ਗੋਗੀ ਅਜਮੇਰ ਸੰਧੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਇੰਦਰਜੀਤ ਸਿੰਘ ਗਰੇਵਾਲ, ਹਰਬੰਸ ਸਿੰਘ ਢਿੱਲੋਂ, ਮਹਿੰਦਰ ਸਿੰਘ ਘੱਗ, ਹਰਭਜਨ ਸਿੰਘ ਢੇਰੀ, ਦਿਲ ਨਿੱਜਰ, ਬਲਿਹਾਰ ਸਿੰਘ ਲੈਹਲ, ਜਸਵੰਤ ਸਿੰਘ ਬੈਂਸ, ਅਮਰਜੀਤ ਸਿੰਘ ਔਜਲਾ, ਬਲਜਿੰਦਰ ਸਿੰਘ, ਗਿਆਨ ਸਿੰਘ ਰੰਧਾਵਾ, ਕੁਲਦੀਪ ਸਿੰਘ ਔਜਲਾ, ਸੁਮਿੱਤਰ ਸਿੰਘ ਉਪਲ ਅਤੇ ਗੁਰਬਚਨ ਸਿੰਘ ਚੋਪੜਾ ਨੇ ਆਪਣਾ ਕਲਾਮ ਪੜ੍ਹਿਆ।

ਸਟੇਜ ਸਕੱਤਰ ਦੀ ਸੇਵਾ ਇੰਦਰਜੀਤ ਸਿੰਘ ਗਰੇਵਾਲ ਨੇ ਨਿਭਾਈ।

# ਫਰਿਜ਼ਨੋ ਨਿਵਾਸੀ ਅਜੀਤ ਗਿੱਲ ਦੀ ਪਾਰਕਿੰਗ ਲਾਟ 'ਚ ਖੜੀ ਕਾਰ 'ਚੋਂ ਚੋਰੀ

**ਫਰਿਜ਼ਨੋ (ਬਿਊਰੋ):** ਇਥੋਂ ਦੇ ਵਾਸੀ ਅਜੀਤ ਸਿੰਘ ਗਿੱਲ (ਮੋਗਾ ਵੀਡੀਓ) ਦੀ ਕਾਰ ਵਿਚੋਂ ਉਸ ਸਮੇਂ ਚੋਰੀ ਹੋ ਗਈ ਜਦੋਂ ਉਹ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲਖਾਨੇ ਤੋਂ ਪਾਸਪੋਰਟ ਰਿਨਿਊ ਕਰਾਉਣ ਗਏ। ਉਨ੍ਹਾਂ ਪਰਿਵਾਰ ਸਮੇਤ ਇੰਡੀਆ ਜਾਣਾ ਸੀ ਅਤੇ ਆਪਣਾ ਸਾਮਾਨ ਕਾਰ ਵਿਚ ਰੱਖਿਆ ਹੋਇਆ ਸੀ। ਜਦ ਉਹ ਆਪਣਾ ਪਾਸਪੋਰਟ ਰਿਨਿਊ ਕਰਵਾਉਣ ਉਪਰੰਤ ਵਾਪਸ ਗੱਡੀ ਕੋਲ ਆਏ ਤਾਂ ਕਾਰ ਦਾ ਸ਼ੀਸ਼ਾ ਭੰਨਿਆ ਹੋਇਆ ਸੀ ਅਤੇ ਸਾਰਾ ਸਾਮਾਨ ਚੋਰੀ ਹੋ ਚੁਕਾ ਸੀ ਜਿਸ ਬਾਰੇ ਅਜੀਤ ਗਿੱਲ ਨੇ ਉਥੋਂ ਦੀ ਪੁਲਿਸ ਨੂੰ ਰਿਪੋਰਟ ਵੀ ਦਰਜ ਕਰਵਾਈ। ਚੋਰੀ ਹੋਏ ਸਾਮਾਨ ਦੀ ਕੀਮਤ ਪੱਚੀ ਹਜ਼ਾਰ ਡਾਲਰ ਤੋਂ ਵਧੀਕ ਸੀ।

ਜ਼ਿਕਰਯੋਗ ਹੈ ਕਿ ਸੈਨ ਫਰਾਂਸਿਸਕੋ ਦੇ ਇਸ ਇਲਾਕੇ ਵਿਚ ਚੋਰੀ ਦੀਆਂ ਵਾਰਦਾਤਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਚੋਰੀ ਕਰਨ ਵਾਲੇ ਗਰੋਹ ਪੰਜਾਬੀ ਭਾਈਚਾਰੇ ਤੋਂ ਜਾਣੂ ਹਨ ਕਿ ਉਹ ਇੰਡੀਆ ਜਾਣ ਸਮੇਂ ਆਪਣੇ ਨਾਲ ਕੀਮਤੀ ਸਾਮਾਨ, ਕੱਪੜੇ, ਗਹਿਣੇ ਅਤੇ ਨਕਦੀ ਲੈ ਕੇ ਤੁਰਦੇ ਹਨ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਗੁਰਪੁਰਬ ਦਿਹਾੜਾ

## 17ਵਾਂ ਵਿਸ਼ਾਲ ਨਗਰ ਕੀਰਤਨ

## 12 ਮਾਰਚ 2017 ਨੂੰ







ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ,

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੀਫੋਰਨੀਆ) ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ 12 ਮਾਰਚ 2017, ਐਤਵਾਰ ਨੂੰ ਆਜ਼ਾਦੀ, ਬਰਾਬਰੀ, ਭਾਈਚਾਰਕ ਸਾਂਝ ਵਾਲੀ ਨਵੀਂ ਵਿਚਾਰਕ ਕ੍ਰਾਂਤੀ ਦੇ ਮੋਢੀ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ 17ਵਾਂ ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਜਾ ਰਿਹਾ ਹੈ। ਸਮੂਹ ਪ੍ਰਬੰਧਕ ਕਮੇਟੀ ਅਤੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਹੈ ਕਿ ਆਪਣੇ ਸਮੂਹ ਪਰਿਵਾਰਕ ਮੈਂਬਰਾਂ ਨਾਲ ਇਸ ਸ਼ੁਭ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਸਤਿਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

**8 ਮਾਰਚ 2017, ਬੁੱਧਵਾਰ** ਕਵੀ ਦਰਬਾਰ ਤੇ ਕੀਰਤਨ ਦੀਵਾਨ: ਸ਼ਾਮ 6 ਵਜੇ ਤੋਂ 9 ਵਜੇ ਤੱਕ

**9 ਮਾਰਚ 2017, ਵੀਰਵਾਰ** ਕੀਰਤਨ ਦੀਵਾਨ ਤੇ ਬੁਲਾਰੇ ਗੁਰੂ ਜੀ ਪ੍ਰਤੀ ਵਿਚਾਰ ਰੱਖਣਗੇ

**10 ਮਾਰਚ 2017, ਸ਼ੁੱਕਰਵਾਰ** ਢਾਡੀ ਦਰਬਾਰ ਤੇ ਕੀਰਤਨ ਦੀਵਾਨ: ਸ਼ਾਮ 6 ਵਜੇ ਤੋਂ 10 ਵਜੇ ਤੱਕ

**11 ਮਾਰਚ 2017, ਸ਼ਨਿਚਰਵਾਰ** ਨਿਸ਼ਾਨ ਸਾਹਿਬ ਦੀ ਸੇਵਾ: ਸ਼ਾਮੀਂ 3 ਵਜੇ

*(ਨਿਸ਼ਾਨ ਸਾਹਿਬ ਦੀ ਸੇਵਾ ਪਵਨ ਵਿਰਦੀ ਅਤੇ ਗੁਰਦੇਵ ਸਿੰਘ ਢਿੱਲੋਂ ਪਰਿਵਾਰ ਵੱਲੋਂ ਹੋਵੇਗੀ)*

ਰੈਣ ਸਬਾਈ ਕੀਰਤਨ ਦੀਵਾਨ: ਸ਼ਾਮ 6 ਵਜੇ ਤੋਂ 11 ਵਜੇ ਤੱਕ

**12 ਮਾਰਚ 2017, ਐਤਵਾਰ** ਭੋਗ ਅਖੰਡ ਪਾਠ ਸਾਹਿਬ: ਸਵੇਰੇ 9 ਵਜੇ

ਉਪਰੰਤ ਕੀਰਤਨ ਦੀਵਾਨ ਹੋਣਗੇ, ਜਿਸ ਵਿਚ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਢਾਡੀ ਜਥੇ ਧਾਰਮਿਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਲਗਾਤਾਰ ਨਿਰਵਿਘਨ ਚਲਦੇ ਆ ਰਹੇ 17ਵੇਂ ਵਿਸ਼ਾਲ ਨਗਰ ਕੀਰਤਨ ਦਾ ਅਰੰਭ ਸਵੇਰੇ 11 ਵਜੇ ਹੋਵੇਗਾ ਜਿਸ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ, ਜਿਸ ਦੀ ਸੇਵਾ ਸ੍ਰੀ ਹਰਦਿਆਲ ਬੰਗਾ ਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ।

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ ਜੀ:

ਜਨਰਲ ਜਾਣਕਾਰੀ- ਰਮੇਸ਼ ਬੰਗੜ (916) 821-2175, ਕੀਰਤਨ ਸੇਵਾ ਲਈ- ਮੱਖਣ ਲੁਹਾਰ (916) 613-0577

ਲੰਗਰ ਸਟਾਲ ਲਈ- ਹਰਬੰਸ ਰੱਲ੍ਹ (916) 588-4623, ਸ਼ਾਪਿੰਗ ਸਟਾਲ ਲਈ- ਅਵਤਾਰ ਸਿੱਧੂ (916) 717-4223

**Sri Guru Ravidass Temple (916) 992-1710**

**6221,16th Street, Rio Linda, CA. 95673**

# ਤੁਰੋ ਤਾਂ ਬਣਦੇ ਰਾਹ

## ਬਿਰਤਾਂਤ ਇਬਨ ਬਤੂਤਾ



### ਕਲਾ ਪਰਿਕਰਮਾ

ਦੁਨੀਆ ਵਿਚ ਇਤਿਹਾਸ ਸਿਰਜਣ ਵਾਲੇ ਵੱਖ ਵੱਖ ਤਰ੍ਹਾਂ ਦੇ ਇਨਸਾਨ ਹਨ। ਕੋਈ ਸਿਆਸਤ ਵਿਚ ਮੁਹਾਰਤ ਹਾਸਲ ਕਰ ਕੇ, ਕੋਈ ਨਵੀਂ ਕਾਢ ਕੱਢ ਕੇ ਜਾਂ ਫਿਰ ਕੋਈ ਵਿਲੱਖਣ ਕੰਮ ਕਰ ਕੇ ਇਤਿਹਾਸ ਸਿਰਜਦਾ ਹੈ। ਇਸ ਦੇ ਉਲਟ ਕੁਝ ਲੋਕ ਅਜਿਹੇ ਹੁੰਦੇ ਹਨ ਜੋ ਇਨ੍ਹਾਂ ਖੇਤਰਾਂ ਦੀ ਬਜਾਏ ਕੋਈ ਨਵਾਂ ਰਾਹ ਚੁਣਦੇ ਹਨ ਅਤੇ ਖ਼ੁਦ ਇਤਿਹਾਸ ਬਣ ਜਾਂਦੇ ਹਨ। ਇਬਨ ਬਤੂਤਾ ਅਜਿਹੇ ਮਹਾਨ ਇਨਸਾਨਾਂ ਵਿਚੋਂ ਇਕ ਸੀ। ਉਹ ਪ੍ਰਸਿਧ ਯਾਤਰੀ

**ਮੁਹੰਮਦ ਸ਼ਫੀਕ**
ਫੋਨ: +91-98149-75686

ਹੋਣ ਦੇ ਨਾਲ ਨਾਲ ਮਹਾਨ ਵਿਦਵਾਨ ਤੇ ਲੇਖਕ ਵੀ ਸੀ। ਉਸ ਦਾ ਜਨਮ ਉਤਰੀ ਅਫ਼ਰੀਕੀ ਮੁਲਕ ਮੌਰੱਕੋ ਦੇ ਮਸ਼ਹੂਰ ਸ਼ਹਿਰ ਤੰਜੀਰ ਵਿਚ 14 ਰਜਬ 703 ਹਿਜਰੀ, ਭਾਵ 24 ਫਰਵਰੀ 1304 ਨੂੰ ਹੋਇਆ। ਉਸ ਦਾ ਪੂਰਾ ਨਾਂ ਮੁਹੰਮਦ ਬਿਨ ਅਬਦੁੱਲਾ ਇਬਨ ਬਤੂਤਾ ਸੀ। ਉਸ ਦੇ ਵੱਡੇ ਵਡੇਰੇ ਕਾਜ਼ੀ ਸਨ।

ਇਬਨ ਬਤੂਤਾ ਛੋਟੀ ਉਮਰ ਤੋਂ ਹੀ ਬੜੇ ਧਾਰਮਿਕ ਵਿਚਾਰਾਂ ਵਾਲਾ ਸੀ। ਉਹਨੂੰ ਹੱਜ ਕਰਨ ਅਤੇ ਪ੍ਰਸਿਧ ਮੁਸਲਿਮਾਂ ਨੂੰ ਮਿਲਣ ਦੀ ਬੜੀ ਚਾਹ ਰਹਿੰਦੀ ਸੀ। ਇਸ ਮੰਤਵ ਦੀ ਪੂਰਤੀ ਲਈ ਉਹ 21 ਸਾਲ ਦੀ ਉਮਰ ਵਿਚ ਹੱਜ ਕਰਨ ਲਈ ਘਰੋਂ ਨਿਕਲ ਗਿਆ। ਉਸ ਨੇ ਤੁਰਨ ਵੇਲੇ ਇਹ ਨਹੀਂ ਸੀ ਸੋਚਿਆ ਕਿ ਉਸ ਨੂੰ ਕਈ ਦੇਸ਼ਾਂ ਦੀ ਇੰਨੀ ਲੰਮੀ ਸੈਰ ਕਰਨ ਦਾ ਮੌਕਾ ਮਿਲੇਗਾ। ਮੱਕੇ ਵਿਚ ਧਾਰਮਿਕ ਸਥਾਨ ਦਾ ਹੱਜ ਕਰਨਾ ਹਰ ਮੁਸਲਮਾਨ ਦਾ ਪਹਿਲਾ ਫ਼ਰਜ਼ ਕਿਹਾ ਜਾਂਦਾ ਹੈ। ਇਹ ਫ਼ਰਜ਼ ਪੂਰਾ ਕਰਨ ਲਈ ਪੂਰੀ ਦੁਨੀਆਂ ਦੇ ਵੱਖ ਵੱਖ ਹਿਸਿਆਂ ਵਿਚੋਂ ਮੁਸਲਮਾਨ ਹਰ ਸਮੇਂ ਮੱਕੇ ਆਉਂਦੇ ਰਹਿੰਦੇ ਹਨ। ਇਨ੍ਹਾਂ ਹਾਜੀਆਂ ਦੇ ਲੰਮੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਉਨ੍ਹੀਂ ਦਿਨੀਂ ਮੁਸਲਮਾਨਾਂ ਦੀਆਂ ਕਈ ਸੰਸਥਾਵਾਂ ਬਣ ਗਈਆਂ ਸਨ ਜੋ ਹਾਜੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਂਦੀਆਂ ਸਨ। ਇਹੋ ਕਾਰਨ ਹੈ ਕਿ ਦੂਰ ਦੂਰ ਦੇ ਮੁਲਕਾਂ ਦੇ ਗ਼ਰੀਬ ਤੋਂ ਗ਼ਰੀਬ ਲੋਕ ਵੀ ਬੜੀ ਆਸਾਨੀ ਨਾਲ ਹੱਜ ਕਰਨ ਜਾਂਦੇ ਸਨ। ਇਬਨ ਬਿਤੂਤਾ ਨੇ ਇਨ੍ਹਾਂ ਸੰਸਥਾਵਾਂ ਦੀ ਬੜੀ ਪ੍ਰਸ਼ੰਸਾ ਕੀਤੀ ਹੈ।

ਸਫ਼ਰ ਦੌਰਾਨ ਇਬਨ ਬਤੂਤਾ ਦਮਸ਼ਕ ਅਤੇ ਫਲਸਤੀਨ ਹੁੰਦਾ ਹੋਇਆ ਇਕ ਕਾਫ਼ਲੇ ਨਾਲ ਮੱਕੇ ਪਹੁੰਚਿਆ। ਇਨ੍ਹਾਂ ਦਿਨਾਂ ਵਿਚ ਉਸ ਨੂੰ ਦੋ ਫ਼ਕੀਰ ਮਿਲੇ। ਇਨ੍ਹਾਂ ਫ਼ਕੀਰਾਂ ਨੇ ਉਸ ਨੂੰ ਪੂਰਬੀ ਦੇਸ਼ਾਂ ਦੇ ਸਫ਼ਰ ਤੇ ਉਥੋਂ ਦੀ ਖ਼ੁਸ਼ਹਾਲੀ ਤੇ ਸੁੰਦਰਤਾ ਦਾ ਹਾਲ ਸੁਣਾਇਆ। ਉਦੋਂ ਹੀ ਇਬਨ ਬਤੂਤਾ ਇਨ੍ਹਾਂ ਵਿਚੋਂ ਕੁਝ ਥਾਂਵਾਂ 'ਤੇ ਘੁੰਮ ਕੇ 1329 ਈਸਵੀ ਵਿਚ ਫਿਰ ਮੱਕੇ ਆ ਗਿਆ। ਇਸ ਵਾਰ ਉਹ ਤਿੰਨ ਸਾਲ ਮੱਕੇ ਠਹਿਰਿਆ ਅਤੇ ਇਬਾਦਤ ਤੇ ਅਧਿਐਨ ਵਿਚ ਲੱਗਿਆ ਰਿਹਾ। ਇਸ ਤੋਂ ਪਿੱਛੋਂ ਉਹ ਫਿਰ ਯਾਤਰਾ 'ਤੇ ਚੱਲ ਪਿਆ। ਦੱਖਣੀ ਅਰਬ, ਪੂਰਬੀ ਅਫ਼ਰੀਕਾ ਅਤੇ ਫਰਾਂਸ ਦੀ ਬੰਦਰਗਾਹ ਹੁਰਮੁਜ਼ ਤੋਂ ਹੁੰਦਾ ਹੋਇਆ ਉਹ ਫਿਰ ਮੱਕੇ ਜਾ ਪਹੁੰਚਿਆ। ਉਥੋਂ ਉਹ ਕਰੀਮੀਆ, ਖੀਵਾ, ਬੁਖਾਰਾ ਹੁੰਦਾ ਹੋਇਆ ਅਫ਼ਗਾਨਿਸਤਾਨ ਰਾਹੀਂ ਹਿੰਦੋਸਤਾਨ ਪੁੱਜਿਆ। ਹਿੰਦੋਸਤਾਨ ਪੁੱਜਣ ਤਕ ਇਬਨ ਬਤੂਤਾ ਬੜਾ ਅਮੀਰ ਹੋ ਚੁੱਕਿਆ ਸੀ। ਉਹ ਕਾਬੁਲ ਦੇ ਸਿੰਧ ਦਰਿਆ ਦੇ ਪੱਛਮੀ ਕੰਢੇ ਦੇ ਨਾਲ ਨਾਲ ਤੁਰ ਕੇ ਰੋਹੜੀ ਸੱਖਰ ਤੇ ਸਿੰਧ ਦਰਿਆ ਨੂੰ ਪਾਰ ਕਰ ਕੇ ਕਰਾਚੀ ਵੱਲ ਗਿਆ। ਉਥੋਂ ਉਹ ਮੁਲਤਾਨ, ਪਾਕਪਟਨ, ਅਬੋਹਰ ਰਾਹੀਂ 1333 ਵਿਚ ਦਿੱਲੀ ਪਹੁੰਚਿਆ। ਉਸ ਸਮੇਂ ਹਿੰਦੋਸਤਾਨ ਵਿਚ ਸੁਲਤਾਨੀ ਰਾਜ ਸੀ। ਸੁਲਤਾਨ ਮੁਹੰਮਦ ਤੁਗਲਕ ਨੇ ਉਸ ਦਾ ਬੜਾ ਆਦਰ ਸਤਿਕਾਰ ਕੀਤਾ ਅਤੇ ਉਸ ਨੂੰ ਰਾਜਧਾਨੀ ਦਾ ਕਾਜ਼ੀ ਬਣਾ ਦਿੱਤਾ। ਉਹ ਅੱਠ ਸਾਲ ਇਸ ਅਹੁਦੇ 'ਤੇ ਰਿਹਾ। ਇਸ ਸਮੇਂ ਦੌਰਾਨ ਉਸ ਨੇ ਸੁਲਤਾਨ ਨੂੰ ਬੜਾ ਨੇੜਿਉਂ ਵੇਖਿਆ। ਉਸ ਨੇ ਸ਼ਾਹੀ ਦਰਬਾਰ ਵਿਚ ਹੋ ਰਹੀ ਹਰ ਘਟਨਾ ਨੂੰ ਬੜੇ ਗਹੁ ਨਾਲ ਵੇਖਿਆ ਤੇ ਸੁਣਿਆ।

1342 ਵਿਚ ਮੁਹੰਮਦ ਤੁਗਲਕ ਨੇ ਉਸ ਨੂੰ ਚੀਨ ਦੇ ਬਾਦਸ਼ਾਹ ਕੋਲ ਆਪਣਾ ਰਾਜਦੂਤ ਬਣਾ ਕੇ ਭੇਜਿਆ, ਪਰ ਦਿੱਲੀ ਤੋਂ ਰਵਾਨਾ ਹੋਣ ਤੋਂ ਥੋੜ੍ਹੇ ਦਿਨਾਂ ਮਗਰੋਂ ਹੀ ਉਹ ਕਿਸੇ ਮੁਸੀਬਤ ਵਿਚ ਫਸ ਗਿਆ। ਅੰਤ ਵਿਚ ਉਹ ਤਸੀਹੇ ਸਹਿੰਦਾ ਹੋਇਆ ਕਾਲੀਕਟ ਜਾ ਪਹੁੰਚਿਆ। ਉਸ ਨੇ ਅਜਿਹੀ ਹਾਲਤ ਵਿਚ ਸਮੁੰਦਰ ਰਸਤੇ ਚੀਨ ਜਾਣਾ ਵਿਅਰਥ ਸਮਝਿਆ ਅਤੇ ਥਲ ਰਾਹੀਂ ਸਫ਼ਰ ਕਰਨ ਦਾ ਮਨ ਬਣਾ ਲਿਆ। ਉਹ ਲੰਕਾ, ਬੰਗਾਲ ਆਦਿ ਮੁਲਕਾਂ ਵਿਚੋਂ ਹੁੰਦਾ ਹੋਇਆ ਚੀਨ ਜਾ ਪਹੁੰਚਿਆ। ਅਨੁਮਾਨ ਹੈ ਕਿ ਮੰਗੋਲ ਖ਼ਾਨ ਦੇ ਦਰਬਾਰ ਤਕ ਇਸ ਦੀ ਰਸਾਈ ਨਹੀਂ ਹੋਈ।

ਇਸ ਪਿੱਛੋਂ ਉਸ ਨੇ ਪੱਛਮੀ ਏਸ਼ੀਆ, ਉਤਰੀ ਅਫ਼ਰੀਕਾ ਅਤੇ ਸਪੇਨ ਦੀਆਂ ਪਵਿਤਰ ਇਸਲਾਮੀ ਥਾਂਵਾਂ ਦੀ ਯਾਤਰਾ ਕੀਤੀ। ਅੰਤ ਵਿਚ ਉਹ ਟਿੰਬਕਟੂ ਆਦਿ ਥਾਂਵਾਂ ਤੋਂ ਹੁੰਦਾ ਹੋਇਆ 1354 ਦੇ ਸ਼ੁਰੂ ਵਿਚ ਮੌਰੱਕੋ ਦੀ ਰਾਜਧਾਨੀ ਫੈਜ਼ ਪਹੁੰਚ ਗਿਆ।



*ਇਬਨ ਬਤੂਤਾ ਦਾ ਇਕ ਚਿਤਰ।*

ਇਬਨ ਬਤੂਤਾ ਨੂੰ ਹਿੰਦੋਸਤਾਨ ਪੁੱਜਣ ਵਾਲੇ ਵਿਦੇਸ਼ੀ ਯਾਤਰੀਆਂ ਵਿਚੋਂ ਸਭ ਤੋਂ ਮਹਾਨ ਮੰਨਿਆ ਜਾਂਦਾ ਹੈ। ਉਸ ਨੇ 75,000 ਮੀਲ ਸਫ਼ਰ ਕੀਤਾ। ਉਸ ਨੇ ਆਪਣੇ ਸ਼ਹਿਰ ਫੈਜ਼ ਵਿਚ ਵਾਪਸ ਪਹੁੰਚ ਕੇ ਆਪਣੇ ਸਫ਼ਰ ਦਾ ਸਾਰਾ ਹਾਲ ਸੁਲਤਾਨ ਨੂੰ ਸੁਣਾਇਆ। ਸੁਲਤਾਨ ਦੇ ਹੁਕਮ ਤਹਿਤ ਇਸ ਦੇ ਹਾਲ ਨੂੰ ਸੁਲਤਾਨ ਦੇ ਸਕੱਤਰ ਮੁਹੰਮਦ ਇਬਨ ਜੁਜ਼ੈ ਨੇ ਲਿਖਿਆ। ਇਬਨ ਬਤੂਤਾ ਦਾ ਬਾਕੀ ਜੀਵਨ ਆਪਣੇ ਮੁਲਕ ਵਿਚ ਹੀ ਬੀਤਿਆ। ਉਸ ਦੇ ਸਫ਼ਰਨਾਮੇ ਨੂੰ 'ਤੁਹਫਤੁਲਨਜ਼ਾਰ ਫੀ ਗਰਾਈਬਿਲ ਅਸਮਾਰ ਵਾ ਅਜਾਇਬਿਲ ਅਫਸਾਰ ਕਿਤਾਬ ਉਲ ਰਹਿਲਾ' ਦਾ ਨਾਂ ਦਿੱਤਾ ਗਿਆ।


ਇਬਨ ਬਤੂਤਾ ਦਾ ਸਫ਼ਰਨਾਮਾ ਪਹਿਲਾਂ ਅਰਬੀ ਭਾਸ਼ਾ ਵਿਚ ਲਿਖਿਆ ਗਿਆ ਜਿਸ ਨੂੰ ਬਾਅਦ ਵਿਚ ਐਚ. ਆਰ ਗਿਬ ਨੇ ਅੰਗਰੇਜ਼ੀ ਵਿਚ ਉਲਥਾਇਆ। ਉਸ ਦੇ ਸਫ਼ਰਨਾਮੇ ਦੀ ਇਕ ਨਕਲ ਪੈਰਿਸ ਦੀ ਕੌਮੀ ਲਾਇਬ੍ਰੇਰੀ ਵਿਚ ਪਈ ਹੈ। ਉਸ ਦੇ ਸਫ਼ਰਨਾਮੇ ਵਿਚ ਭਾਰਤੀ ਇਤਿਹਾਸ ਬਾਰੇ ਬਹੁਤ ਲੋੜੀਂਦੀ ਜਾਣਕਾਰੀ ਮਿਲਦੀ ਹੈ। ਉਸ ਨੇ ਸੁਲਤਾਨ ਮੁਹੰਮਦ ਤੁਗਲਕ ਦੀਆਂ ਬਹੁਤ ਸਾਰੀਆਂ ਘਟਨਾਵਾਂ ਨੂੰ ਅੱਖੀਂ ਵੇਖਿਆ ਅਤੇ ਆਪਣੇ ਖਰੜੇ ਵਿਚ ਦਰਜ ਕੀਤਾ ਸੀ। ਉਹ ਉਸ ਸਮੇਂ ਦੇ ਇਤਿਹਾਸ ਦਾ ਮੁੱਢਲਾ ਸਰੋਤ ਹੈ। ਉਸ ਵੱਲੋਂ ਦਰਜ ਵੇਰਵੇ ਇਤਿਹਾਸ ਦੇ ਪਾਠਕਾਂ ਲਈ ਬਹੁਤ ਲਾਹੇਵੰਦ ਹਨ। ਉਸ ਦੀਆਂ ਲਿਖਤਾਂ ਵਿਚੋਂ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਹਾਲਤ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਬਨ ਬਤੂਤਾ ਦਿੱਲੀ ਦੇ ਸੁਲਤਾਨਾਂ ਦੀਆਂ ਦੂਜੇ ਮੁਲਕਾਂ ਨਾਲ ਸਬੰਧਾਂ ਅਤੇ ਨੀਤੀਆਂ ਬਾਰੇ ਚਾਨਣਾ ਪਾਉਂਦਾ ਹੈ। ਇਬਨ ਬਤੂਤਾ ਤੋਂ ਬਾਅਦ ਕਈ ਯਾਤਰੀ ਜਿਵੇਂ ਅਬਦੁਰ ਰਜ਼ਾਕ, ਯੂਰਪੀ ਯਾਤਰੀ ਮਾਰਕੋ ਪੋਲੋ, ਨਿਕੋਲੋ ਕਾਉਂਟੀ, ਪੇਜ਼ ਆਦਿ ਹਿੰਦੋਸਤਾਨ ਆਏ। ਉਨ੍ਹਾਂ ਨੇ ਵੀ ਆਪੋ ਆਪਣੇ ਸਫ਼ਰਨਾਮੇ ਵੱਖ ਵੱਖ ਭਾਸ਼ਾਵਾਂ ਵਿਚ ਲਿਖੇ, ਪਰ ਇਬਨ ਬਤੂਤਾ ਵੱਲੋਂ ਸੁਲਤਾਨਾਂ ਦੇ ਰਾਜ ਪ੍ਰਬੰਧ ਖ਼ਾਸਕਰ ਮੁਹੰਮਦ ਬਿਨ ਤੁਗਲਕ ਬਾਰੇ ਦਿੱਤੀ ਗਈ ਜਾਣਕਾਰੀ ਬਹੁਤ ਹੀ ਮਹਤੱਵਪੂਰਨ ਹੈ। ਉਸ ਸਮੇਂ ਦੀ ਭਾਰਤ ਦੀ ਸਮਾਜਿਕ ਵਿਵਸਥਾ ਬਾਰੇ ਉਹ ਦੱਸਦਾ ਹੈ ਕਿ ਹਿੰਦੂ ਅਤੇ ਮੁਸਲਮਾਨ ਆਪਸ ਵਿਚ ਮਿਲ ਕੇ ਰਹਿ ਰਹੇ ਸਨ, ਪਰ ਸੁਲਤਾਨ ਬਹੁਤ ਹੀ ਅਤਿਆਚਾਰੀ ਸੀ ਜਿਸ ਦੇ ਜ਼ੁਲਮਾਂ ਦੀ ਲਪੇਟ ਵਿਚ ਇਬਨ ਬਤੂਤਾ ਖ਼ੁਦ ਵੀ ਆ ਗਿਆ ਸੀ।

1353 ਦੇ ਲਗਪਗ ਉਹ ਆਪਣੇ ਦੇਸ਼ ਮੌਰੱਕੋ ਵਿਚ ਪਹੁੰਚ ਗਿਆ। ਉਥੇ ਉਹ ਫਿਰ ਕਾਜ਼ੀ ਦੇ ਅਹੁਦੇ 'ਤੇ ਨਾਮਜ਼ਦ ਹੋ ਗਿਆ। ਕਈ ਇਤਿਹਾਸਕਾਰਾਂ ਨੇ ਇਬਨ ਬਤੂਤਾ ਦੀ ਮੌਤ (769 ਹਿਜਰੀ) 1368-69 ਨੂੰ ਹੋਈ ਦੱਸੀ ਹੈ। ਉਸ ਨੂੰ ਉਸ ਦੇ ਪਿੱਤਰੀ ਸ਼ਹਿਰ ਤੰਜੀਰ ਵਿਚ ਦਫ਼ਨਾਇਆ ਗਿਆ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਮਾਰਚ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-264




**ਚੱਲ ਮਿੱਤਰਾ ਕਿਸੇ ਬਾਜ਼ਾਰ ਵਿਚ, ਡਗਾ ਢੋਲ 'ਤੇ ਲਾਈਏ।**
**ਸਰਕਾਰ ਭਾਵੇਂ ਬਣੇ ਕਿਸੇ ਦੀ, ਆਪਾਂ ਤਾਂ ਦਿਹਾੜੀ ਪਾਈਏ!**

## ਕੈਪਸ਼ਨ ਮੁਕਾਬਲਾ-262



ਸਮਾਜ ਵਿਚੋਂ ਗੰਦ ਹੂੰਝਣ ਲਈ
ਨਵੀਂ ਪੀੜ੍ਹੀ ਨੇ ਝਾੜੂ ਫੜ੍ਹਿਆ।
ਹੱਥ ਦੂਜੇ ਵਿਚ ਕਾਨੀ ਫੜ੍ਹ ਕੇ
ਇਤਿਹਾਸ ਨਵੇਂ ਦਾ ਇਰਾਦਾ ਧਰਿਆ।
ਸਿਰ ਦੇ ਉਤੇ ਰੰਗ ਕੇਸਰੀ
ਕਦਮਾਂ ਵਿਚ ਭਰੋਸਾ ਭਰਿਆ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98183-37222*

---

ਕੇਸਰੀ ਪੱਗ, ਹੱਥ ਵਿਚ ਝਾੜੂ
ਨਾਅਰਾ ਇਨਕਲਾਬ ਦਾ।
ਇਹ ਪਨੀਰੀ ਜਰੂਰ ਬਦਲ ਦਊ
ਨਕਸ਼ਾ ਹੁਣ ਪੰਜਾਬ ਦਾ।
*-ਦਵਿੰਦਰ ਕੌਰ*

---

ਚੜ੍ਹ ਗਿਆ ਚੋਣ ਬੁਖਾਰ ਪੰਜਾਬ ਨੂੰ
ਸਭ ਝਾੜੂ ਝਾੜੂ ਨੇ ਕਰਦੇ।
ਗੱਭਰੂ ਨਿੱਤ ਪਏ ਮਾਰਨ ਲਲਕਾਰੇ
ਪਰ ਬੁੱਢੇ ਨੇਤਾ ਨੇ ਅੰਦਰੋਂ ਡਰਦੇ।
ਕਹਿੰਦੇ, ਲੋਕਾਂ ਨੂੰ ਸੀ ਰੋਜ਼ ਡਾਂਗ ਫੇਰਦੇ
ਭਲੀ ਚੱਲਦੀ ਸੀ ਵਾਰੋ ਵਾਰੀ।
ਆਹ ਕਿੱਥੋਂ 'ਕੇਜਰੀਵਾਲ' ਆ ਗਿਆ
ਜਿਨ੍ਹੇ ਵਖਤ ਪਾਇਆ ਅੱਜ ਭਾਰੀ।
ਜਨਤਾ 'ਆਪ' 'ਆਪ' ਪਈ ਕੂਕੇ
ਕੀ ਬੁੱਢੜਾ ਤੇ ਕੀ ਠੇਰਾ।
ਦੇਖੋ ਬੱਚੇ ਨੇ ਭੀ ਚੁੱਕ ਲਿਆ ਝਾੜੂ
ਜਾਪਦੈ ਕਰਨਾ ਪਊ ਐਤਕੀਂ ਜੇਰਾ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

---

ਹਰ ਮਾਪੇ ਦੀ ਸੱਧਰ ਹੋਵੇ
ਬੱਚੇ ਨੂੰ ਹੀਰਾ ਬਣਾਉਣ ਦੀ।
ਕਸਰ ਕੋਈ ਨਾ ਰਹਿ ਜਾਵੇ
ਚੰਗੇ ਸੰਸਕਾਰ ਅਪਨਾਉਣ ਦੀ।
ਦਸਤਾਰ ਸਜਾਈ ਖਾਲਸੇ ਵਾਲੀ
ਹੱਥ ਫੜਾਇਆ ਘੁੱਟ ਕੇ ਝਾੜੂ।
ਚੜ੍ਹਦੀ ਕਲਾ ਵਾਲਾ ਫੜੂ ਰਸਤਾ
ਆਪ ਸੁਧਾਰੂ ਤੇ ਸਮਾਜ ਨੂੰ ਸੁਧਾਰੂ।
*-ਅਮਰਜੀਤ ਸਿੰਘ ਤੂਰ, ਚੰਡੀਗੜ੍ਹ*
*ਫੋਨ: 91-98784-69639*

---

ਝਾੜੂ ਨਾਂ ਹੈ ਕਿਰਤੀ ਜਮਾਤ ਦਾ
ਵੋਟਾਂ ਲੈਣ ਦਾ ਚਿੰਨ 'ਆਪ' ਦਾ।
ਹੂੰਝ ਦੇਣੇ ਗੰਦ ਦੇ ਢੇਰ
ਜੇ ਕਿਤੇ ਫਿਰ ਗਿਆ ਹਰ ਤੀਲਾ।
ਕੋਈ ਨਹੀਂ ਨੇੜੇ ਖੜ੍ਹਦਾ
ਜਦ ਫਿਰਦਾ ਝਾੜੂ।
ਸੁਥਰੀ ਨਜ਼ਰ ਆਵੇ ਧਰਤ ਸੱਜਰੀ
ਜਿਵੇਂ ਰਾਤ ਪਿਛੋਂ ਆਉਂਦੀ ਸਵੇਰ।
ਘੁੱਟ ਕੇ ਫੜ੍ਹੀਂ ਦੱਥਾ, ਕਿਤੇ
ਗੰਦ ਘੁੰਮ ਕੇ ਉਤੇ ਹੀ ਪੈ ਜਾਵੇ!
*-ਦਰਸ਼ਨਪਾਲ ਦੋਸਾਂਝ*

# ਮੋਹ-ਮੁਹੱਬਤਾਂ ਅਤੇ ਸਾਂਝਾਂ ਦਾ ਤਿਉਹਾਰ-ਹੋਲੀ

ਹੋਲੀ ਦਾ ਨਾਂ ਸੁਣਦਿਆਂ ਹੀ ਸਰੀਰ ਵਿਚ ਮਧੁਰ ਝਰਨਾਹਟ ਛਿੜ ਪੈਂਦੀ ਹੈ-ਖੁਸ਼ੀਆਂ, ਸੁਗੰਧੀਆਂ ਅਤੇ ਰੰਗੀਨੀਆਂ ਦਾ ਢੋਆ ਲੈ ਕੇ ਆਉਂਦਾ ਹੈ, ਹੋਲੀ ਦਾ ਤਿਉਹਾਰ। ਇਹ ਤਿਓਹਾਰ ਸਾਰੇ ਭਾਰਤ, ਵਿਸ਼ੇਸ਼ ਕਰਕੇ ਉਤਰੀ ਭਾਰਤ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਕਿਸੇ ਜਾਤੀ ਨਾਲ ਜੁੜਿਆ ਤਿਉਹਾਰ ਨਹੀਂ ਬਲਕਿ ਸਭ ਜਾਤਾਂ-ਗੋਤਾਂ ਦੇ ਲੋਕ ਇਸ



**ਸੁਖਦੇਵ ਮਾਦਪੁਰੀ**
ਫੋਨ: 91-94630-34472

ਨੂੰ ਬਿਨਾ ਕਿਸੇ ਭੇਦ-ਭਾਵ ਦੇ ਬੜੇ ਚਾਵਾਂ ਨਾਲ ਰਲ ਕੇ ਮਨਾਉਂਦੇ ਹਨ। ਉਤਰ ਪ੍ਰਦੇਸ਼ ਵਿਚ ਇਸ ਦਾ ਨਾਂ ਫਾਗ ਜਾਂ ਫਾਗੂ ਪੂਰਨਿਮਾ ਹੈ, ਹਰਿਆਣੇ ਵਿਚ ਧੂਲੇਂਡੀ, ਮਹਾਰਾਸ਼ਟਰ ਵਿਚ ਰੰਗ ਪੰਚਮੀ, ਕੋਂਕਣ 'ਚ ਸ਼ਮੀਗੋ, ਬੰਗਾਲ ਵਿਚ ਬਸੰਤੋਸਤਵ ਤੇ ਤਾਮਿਲਨਾਡੂ 'ਚ ਕਮਨ ਪੋਂਡੀਗਈ ਦੇ ਨਾਂਵਾਂ ਹੇਠ ਹੋਲੀ ਮਨਾਈ ਜਾਂਦੀ ਹੈ। ਇਹ ਸਾਂਝੀਵਾਲਤਾ, ਆਪਸੀ ਸਨੇਹ-ਮੁਹੱਬਤ ਤੇ ਭਾਈਚਾਰਕ ਏਕਤਾ ਦਾ ਪ੍ਰਤੀਕ ਹੈ।

ਹੋਲੀ ਬਸੰਤ ਰੁੱਤ ਦਾ ਮੌਸਮੀ ਤਿਉਹਾਰ ਹੈ, ਉਦੋਂ ਧਰਤੀ ਮੌਲਦੀ ਹੈ, ਸਾਰੇ ਵਾਤਾਵਰਣ ਵਿਚ ਸੁਗੰਧੀਆਂ ਵਿਖਰਦੀਆਂ ਹਨ, ਪੌਦਿਆਂ, ਦਰੱਖਤਾਂ ਅਤੇ ਫਸਲਾਂ 'ਤੇ ਨਵਾਂ ਨਿਖਾਰ ਆਉਂਦਾ ਹੈ, ਸ਼ਗੂਫੇ ਫੁਟਦੇ ਹਨ ਤੇ ਮਹਿਕਾਂ ਵੰਡਦੇ ਫੁੱਲ ਬੂਟੇ ਸਾਰੀ ਕਾਇਨਾਤ ਨੂੰ ਨਸ਼ਿਆ ਦਿੰਦੇ ਹਨ। ਮਨੁੱਖੀ ਮਨ ਨੱਚ ਉਠਦਾ ਹੈ, ਖੁਸ਼ੀਆਂ ਤੇ ਖੇੜੇ ਝੂਮ-ਝੂਮ ਜਾਂਦੇ ਹਨ ਅਤੇ ਹੋਲੀ ਦੇ ਰੰਗ ਚੌਹਾਂ ਕੂੰਟਾਂ ਵਿਚ ਵਿਖਰ ਜਾਂਦੇ ਹਨ। ਇਸ ਮਦ ਮੱਤੇ ਤੇ ਸੁਹਾਵਣੇ ਮਾਹੌਲ ਵਿਚ ਲੋਕ ਮਨ ਕੁਦਰਤ ਨੂੰ ਸਿਜਦਾ ਕਰਦਾ ਹੈ ਤੇ 'ਵਾਹ ਦਾਤਾ ਤੇਰੀ ਕੁਦਰਤ' ਦਾ ਗੁਣ ਗਾਣ ਅਲਾਪਦਾ ਹੈ।

ਖੁਸ਼ੀਆਂ ਤੇ ਮਹਿਕਾਂ ਵੰਡਦਾ ਇਹ ਤਿਉਹਾਰ ਫੱਗਣ ਮਹੀਨੇ ਦੀ ਪੁੰਨਿਆਂ ਨੂੰ ਮਨਾਇਆ ਜਾਂਦਾ ਹੈ। ਹੋਲੀ ਦਾ ਤਿਉਹਾਰ ਇਕ ਪ੍ਰਾਚੀਨ ਤਿਉਹਾਰ ਹੈ ਜੋ ਪੁਰਾਤਨ ਕਾਲ ਤੋਂ ਹੀ ਮਨਾਇਆ ਜਾਂਦਾ ਰਿਹਾ ਹੈ ਜਿਸ ਦਾ ਜ਼ਿਕਰ ਸਾਡੇ ਅਨੇਕਾਂ ਪੁਰਾਣੇ ਗ੍ਰੰਥਾਂ ਵਿਚ ਆਇਆ ਹੈ। ਮਹਾਂਭਾਰਤ ਅਤੇ ਹੋਰ ਪੁਰਾਤਨ ਗ੍ਰੰਥਾਂ ਵਿਚ ਵੀ ਇਸ ਦਾ ਜ਼ਿਕਰ ਹੈ। ਮਹਾਂਕਵੀ ਕਾਲੀਦਾਸ ਨੇ ਆਪਣੀ ਰਚਨਾ 'ਰਘੂਬੰਸ' ਵਿਚ ਇਸ ਉਤਸਵ ਨੂੰ ਰਿਤੂ-ਉਤਸਵ ਵਜੋਂ ਪੇਸ਼ ਕੀਤਾ ਹੈ। ਜੈਮਿਨੀ ਰਚਿਤ ਗ੍ਰੰਥਾਂ ਮੀਮਾਂਸਾ ਸੂਤਰ ਅਤੇ ਕਥਾ ਗਾਹਰਿਆ ਸੂਤਰ ਵਿਚ ਹੋਲੀ ਮਨਾਏ ਜਾਣ ਦਾ ਵਰਣਨ ਆਉਂਦਾ ਹੈ। ਇਸ ਤੋਂ ਇਲਾਵਾ ਨਾਰਦ ਪੁਰਾਣ ਅਤੇ ਭਵਿਸ਼ਯ ਪੁਰਾਣ ਵਰਗੇ ਗ੍ਰੰਥਾਂ ਵਿਚ ਵੀ ਇਸ ਦਾ ਜ਼ਿਕਰ ਹੈ। ਸੱਤਵੀਂ ਸਦੀ ਵਿਚ ਦਾਨੇਸ਼ਵਰ, ਹਰਿਆਣਾ ਵਿਚ ਹੋਲੀ ਦਾ ਉਤਸਵ ਮਨਾਇਆ ਜਾਂਦਾ ਸੀ। ਇਸ ਵਿਚ ਸਾਰੇ ਸ਼ਹਿਰ ਦੇ ਵਾਸੀ ਇਕੱਠੇ ਹੋ ਕੇ ਨੱਚਦੇ, ਗਾਉਂਦੇ ਸੰਗੀਤ ਦਾ ਰਸ ਮਾਣਦੇ ਖੁਸ਼ੀਆਂ ਵਿਚ ਖੀਵੇ ਹੋ ਜਾਂਦੇ ਅਤੇ ਉਥੋਂ ਦਾ ਸਮਰਾਟ ਹਾਥੀ 'ਤੇ ਸਵਾਰ ਹੋ ਕੇ ਇਸ ਉਤਸਵ ਵਿਚ ਸ਼ਾਮਿਲ ਹੁੰਦਾ ਸੀ।

ਬ੍ਰਿਜ ਦੀ ਹੋਲੀ ਬਹੁਤ ਮਸ਼ਹੂਰ ਹੈ। ਕ੍ਰਿਸ਼ਨ ਭਗਵਾਨ ਆਪਣੀਆਂ ਗੋਪੀਆਂ ਨਾਲ ਰਲ ਕੇ ਹੋਲੀ ਖੇਡਦੇ। ਰਾਧਾ-ਕ੍ਰਿਸ਼ਨ ਦੇ ਜੀਵਨ ਕਾਲ ਸਮੇਂ ਹੀ ਬ੍ਰਿਜ ਦੇ ਲੋਕਾਂ ਦੇ ਘਰਾਂ ਵਿਚ ਹੋਲੀ ਮਨਾਉਣ ਦਾ ਰਿਵਾਜ਼ ਪ੍ਰਚਲਿਤ ਹੋ ਗਿਆ ਸੀ। ਅੱਜ ਵੀ ਬ੍ਰਿਜ ਵਿਚ ਹੋਲੀ ਪਰੰਪਰਾਗਤ ਰੂਪ ਵਿਚ ਬੜੇ ਹਾਸ-ਹੁਲਾਸ ਨਾਲ ਮਨਾਈ ਜਾਂਦੀ ਹੈ। ਪੰਜਾਬ, ਹਰਿਆਣਾ, ਹਿਮਾਚਲ, ਉਤਰ ਪ੍ਰਦੇਸ਼, ਉਤਰਾਖੰਡ ਅਤੇ ਉਤਰੀ ਭਾਰਤ ਦੇ ਹੋਰਨਾਂ ਇਲਾਕਿਆਂ ਵਿਚ ਹੋਲੀ ਦਾ ਤਿਉਹਾਰ ਬੜੀ ਗਰਮਜੋਸ਼ੀ ਨਾਲ ਮਨਾਇਆ ਜਾਂਦਾ ਹੈ। ਉਤਰੀ ਭਾਰਤ ਦਾ ਲੋਕ ਨਾਚ 'ਫਾਗ' ਹੋਲੀ ਦੇ ਤਿਉਹਾਰ ਦੀ ਹੀ ਦੇਣ ਹੈ।



***ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਹੋਲੀ ਦੇ ਤਿਉਹਾਰ ਮੌਕੇ ਬੱਚੇ, ਗੱਭਰੂ ਅਤੇ ਮੁਟਿਆਰਾਂ ਹੱਥਾਂ ਵਿਚ ਗੁਲਾਲ ਦੀਆਂ ਪਚਕਾਰੀਆਂ ਭਰਕੇ ਇਕ ਦੂਜੇ 'ਤੇ ਰੰਗਾਂ ਦੀ ਵਰਖਾ ਕਰਦੇ ਹਨ। ਸੁੱਕੇ ਰੰਗਾਂ ਨਾਲ ਵੀ ਇਕ-ਦੂਜੇ ਦੇ ਚਿਹਰੇ ਰੰਗਦੇ ਹਨ। ਬੱਚਿਆਂ ਅਤੇ ਗੱਭਰੂਆਂ ਦੇ ਟੋਲਿਆਂ ਦੇ ਟੋਲੇ ਗਲੀਆਂ, ਬਾਜ਼ਾਰਾਂ ਵਿਚ ਰੰਗ-ਗੁਲਾਲ ਦੀ ਵਰਖਾ ਕਰਦੇ, ਖੜਦੁੰਮ ਮਚਾਉਂਦੇ ਆਮ ਨਜ਼ਰੀ ਪੈਂਦੇ ਹਨ।***

ਹੋਲੀ ਦੇ ਤਿਉਹਾਰ ਨਾਲ ਕਈ ਇਕ ਮਿਥਿਹਾਸਕ ਕਥਾਵਾਂ ਜੁੜੀਆਂ ਹੋਈਆਂ ਹਨ। ਇਕ ਪੁਰਾਣ ਕਥਾ ਅਨੁਸਾਰ ਹਰਨਾਕਸ਼ ਨਾਂ ਦਾ ਰਾਜਾ ਆਪਣੀ ਪਰਜਾ ਪਾਸੋਂ ਆਪਣੀ ਪੂਜਾ ਕਰਵਾਉਂਦਾ ਸੀ ਪਰੰਤੂ ਉਸ ਦਾ ਬੇਟਾ ਪ੍ਰਹਲਾਦ ਭਗਵਾਨ ਵਿਸ਼ਨੂੰ ਦਾ ਭਗਤ ਸੀ। ਉਹ ਆਪਣੇ ਪਿਤਾ ਨੂੰ ਭਗਵਾਨ ਦਾ ਰੂਪ ਨਹੀਂ ਸੀ ਮੰਨਦਾ ਜਿਸ ਕਰਕੇ ਹਰਨਾਕਸ਼ ਉਸ ਨੂੰ ਘ੍ਰਿਣਾ ਕਰਦਾ ਸੀ ਅਤੇ ਉਸ ਨੂੰ ਮਰਵਾਉਣਾ ਚਾਹੁੰਦਾ ਸੀ। ਉਸ ਨੇ ਪ੍ਰਹਲਾਦ ਨੂੰ ਮਾਰਨ ਲਈ ਕਈ ਯਤਨ ਕੀਤੇ ਪਰ ਸਫਲਤਾ ਨਾ ਮਿਲੀ। ਆਖਰ ਉਸ ਨੇ ਆਪਣੀ ਭੈਣ ਹੋਲਿਕਾ ਨੂੰ ਆਖਿਆ ਕਿ ਉਹ ਪ੍ਰਹਲਾਦ ਨੂੰ ਆਪਣੀ ਗੋਦ

## ਸਾਡੇ ਦਿਨ ਦਿਹਾਰ

ਵਿਚ ਬਿਠਾ ਕੇ ਜਲਦੀ ਚਿਖਾ ਵਿਚ ਬੈਠ ਜਾਵੇ। ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਅਗਨੀ ਉਸ ਨੂੰ ਸਾੜ ਨਹੀਂ ਸੀ ਸਕਦੀ। ਇਸ ਤਰ੍ਹਾਂ ਪ੍ਰਹਲਾਦ ਸੜ ਜਾਵੇਗਾ ਤੇ ਉਹ ਬਚ ਜਾਵੇਗੀ। ਕਰਨੀ ਕੁਦਰਤ ਦੀ ਜਦੋਂ ਹੋਲਿਕਾ ਪ੍ਰਹਲਾਦ ਨੂੰ ਜਲਦੀ ਚਿਖਾ ਵਿਚ ਲੈ ਕੇ ਬੈਠੀ ਤਾਂ ਭਾਣਾ ਇਹ ਵਰਤਿਆ ਕਿ ਹੋਲਿਕਾ ਸੜ ਕੇ ਸੁਆਹ ਹੋ ਗਈ ਪਰੰਤੂ ਪ੍ਰਹਲਾਦ ਦਾ ਵਾਲ ਵੀ ਵਿੰਗਾ ਨਾ ਹੋਇਆ। ਇਸ ਤਰ੍ਹਾਂ ਸਤਿ ਦੀ ਫਤਿਹ ਹੋਈ ਤੇ ਝੂਠ ਹਾਰ ਗਿਆ।

ਕਹਿੰਦੇ ਹਨ, ਉਸੇ ਦਿਨ ਤੋਂ ਹੋਲੀ ਦਾ ਤਿਉਹਾਰ ਮਨਾਇਆ ਜਾਣ ਲੱਗਾ। ਹੁਣ ਵੀ ਉਤਰਾਖੰਡ ਵਿਚ ਹੋਲੀ ਸਮੇਂ ਹੋਲਿਕਾ ਨੂੰ ਸਾੜੇ ਜਾਣ ਦਾ ਰਿਵਾਜ ਪ੍ਰਚਲਿਤ ਹੈ। ਹੋਲਿਕਾ ਨੂੰ ਸਾੜਨਾ ਬਦੀ ਨੂੰ ਸਾੜਨ ਦਾ ਪ੍ਰਤੀਕ ਹੈ। ਇਹ ਵੀ ਕਥਾ ਪ੍ਰਚਲਿਤ ਹੈ ਕਿ ਇਸ ਦਿਨ ਭਗਵਾਨ ਸ਼ਿਵ ਨੇ ਕ੍ਰੋਧ ਵਿਚ ਆ ਕੇ ਕਾਮਦੇਵ ਨੂੰ ਜਲਾ ਕੇ ਰਾਖ ਕਰ ਦਿੱਤਾ ਸੀ। ਸ਼ਿਵ ਦੇ ਸ਼ਰਧਾਲੂ ਹੋਲੀ ਵਾਲੇ ਦਿਨ ਭੰਗ ਦੇ ਪਕੌੜੇ ਅਤੇ ਭੰਗ ਦੀ ਠੰਡਿਆਈ ਦਾ ਸੇਵਨ ਕਰਕੇ ਭਗਵਾਨ ਸ਼ਿਵ ਦੀ ਅਰਾਧਨਾ ਕਰਦੇ ਹਨ।

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਹੋਲੀ ਦੇ ਤਿਉਹਾਰ ਮੌਕੇ ਬੱਚੇ, ਗੱਭਰੂ ਅਤੇ ਮੁਟਿਆਰਾਂ ਹੱਥਾਂ ਵਿਚ ਗੁਲਾਲ ਦੀਆਂ ਪਚਕਾਰੀਆਂ ਭਰਕੇ ਇਕ ਦੂਜੇ 'ਤੇ ਰੰਗਾਂ ਦੀ ਵਰਖਾ ਕਰਦੇ ਹਨ। ਸੁੱਕੇ ਰੰਗਾਂ ਨਾਲ ਵੀ ਇਕ-ਦੂਜੇ ਦੇ ਚਿਹਰੇ ਰੰਗਦੇ ਹਨ। ਬੱਚਿਆਂ ਅਤੇ ਗੱਭਰੂਆਂ ਦੇ ਟੋਲਿਆਂ ਦੇ ਟੋਲੇ ਗਲੀਆਂ, ਬਾਜ਼ਾਰਾਂ ਵਿਚ ਰੰਗ-ਗੁਲਾਲ ਦੀ ਵਰਖਾ ਕਰਦੇ, ਖੜਦੁੰਮ ਮਚਾਉਂਦੇ ਆਮ ਨਜ਼ਰੀ ਪੈਂਦੇ ਹਨ। ਭਾਬੀ-ਦਿਓਰ ਇਕ ਦੂਜੇ ਨੂੰ ਰੰਗ ਕੇ ਅਤੇ ਛੇੜ-ਛਾੜ ਕਰਕੇ ਖੁਸ਼ੀਆਂ ਵਿਚ ਮੁਗਧ ਹੋ ਜਾਂਦੇ ਹਨ। ਸਾਰੇ ਵਾਤਾਵਰਣ ਵਿਚ ਖੁਸ਼ੀਆਂ, ਹਾਸੇ ਮਖੌਲ ਅਤੇ ਬੱਚਿਆਂ ਦੀਆਂ ਕਲਕਾਰੀਆਂ ਇਕ ਸਮਾਂ ਬੰਨ੍ਹ ਦਿੰਦੀਆਂ ਹਨ। ਮੋਹ-ਮੁਹੱਬਤਾਂ ਦਾ ਸਾਗਰ ਵਹਿ ਤੁਰਦਾ ਹੈ। ਸਾਰੇ ਗਿਲੇ-ਸ਼ਿਕਵੇ, ਉਲਾਂਭੇ ਕਾਫੂਰ ਹੋ ਜਾਂਦੇ ਹਨ।

**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# ਸਰਕਾਰੀ ਦਾਅਵਿਆਂ ਦੀ ਖੁੱਲ੍ਹੀ ਪੋਲ: ਕੁਪੋਸ਼ਣ ਦੀ ਮਾਰ ਹੇਠ ਭਾਰਤ

**ਚੰਡੀਗੜ੍ਹ:** ਮੁਲਕ ਵਿਚ ਪੰਜ ਸਾਲ ਤੋਂ ਛੋਟੀ ਉਮਰ ਦੇ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕੌਮੀ ਪਰਿਵਾਰਕ ਸਿਹਤ ਸਰਵੇ-4 (2015-16) ਦੀ ਹਾਲ ਹੀ ਵਿਚ ਜਾਰੀ ਰਿਪੋਰਟ ਅਨੁਸਾਰ ਕੁਪੋਸ਼ਣ ਕਾਰਨ ਦੇਸ਼ ਵਿਚ 21 ਫੀਸਦੀ ਬੱਚਿਆਂ ਦਾ ਆਪਣੇ ਕੱਦ ਦੇ ਮੁਕਾਬਲੇ ਘੱਟ ਭਾਰ ਪਾਇਆ ਗਿਆ ਹੈ ਜਦੋਂਕਿ 2005-06 ਵਿਚ ਇਹ ਅੰਕੜਾ 19.8 ਫੀਸਦੀ ਸੀ। ਇੰਨਾ ਹੀ ਨਹੀਂ, ਸਰਵੇ ਅਧੀਨ ਦਹਾਕੇ ਦੌਰਾਨ ਇਸ ਉਮਰ ਗਰੁੱਪ ਵਿਚ ਕੱਦ ਦੇ ਮੁਕਾਬਲੇ ਚਿੰਤਾਜਨਕ ਹੱਦ ਤੱਕ ਘੱਟ ਭਾਰ ਵਾਲੇ ਬੱਚਿਆਂ ਦੀ ਗਿਣਤੀ ਵੀ ਇਕ ਫੀਸਦੀ ਦੇ ਕਰੀਬ ਵਧੀ ਹੈ। ਨਾ ਸਿਰਫ ਕੌਮੀ ਪੱਧਰ 'ਤੇ, ਸਗੋਂ ਪੰਜਾਬ ਵਿਚ ਇਹ ਦਰ 2005-06 ਦੇ ਮੁਕਾਬਲੇ 2015-16 ਦੌਰਾਨ ਕ੍ਰਮਵਾਰ 9.2 ਫੀਸਦੀ ਤੋਂ ਵਧ ਕੇ 15.6 ਫੀਸਦੀ ਅਤੇ 2.1 ਫੀਸਦੀ ਤੋਂ ਵਧ ਕੇ 5.6 ਫੀਸਦੀ ਤਕ ਚਲੀ ਗਈ ਹੈ।

### 21 ਫੀਸਦੀ ਬੱਚਿਆਂ ਦੇ ਕੱਦ ਮੁਕਾਬਲੇ ਭਾਰ ਘੱਟ



ਮਾਸੂਮਾਂ ਉਪਰ ਕੁਪੋਸ਼ਣ ਦੇ ਪੈ ਰਹੇ ਦੁਰਪ੍ਰਭਾਵਾਂ ਸਬੰਧੀ ਸਰਵੇ ਦੇ ਇਨ੍ਹਾਂ ਅੰਕੜਿਆਂ ਨੇ ਸਰਕਾਰਾਂ ਵੱਲੋਂ ਗਰਭਵਤੀ ਮਾਵਾਂ ਅਤੇ ਬੱਚਿਆਂ ਨੂੰ ਸੰਤੁਲਿਤ ਭੋਜਨ ਮੁਹੱਈਆ ਕਰਵਾਏ ਜਾਣ ਦੇ ਦਾਅਵਿਆਂ ਅਤੇ ਵਾਅਦਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਕੁਪੋਸ਼ਣ ਦਾ ਸ਼ਿਕਾਰ ਹੋਣਾ ਇਸ ਗੱਲ ਦਾ ਸਪਸ਼ਟ ਸਬੂਤ ਹੈ ਕਿ ਉਨ੍ਹਾਂ ਨੂੰ ਨਾ ਤਾਂ ਮਾਂ ਦੇ ਪੇਟ ਵਿਚ ਲੋੜੀਂਦੀ ਖੁਰਾਕ ਪ੍ਰਾਪਤ ਹੋ ਰਹੀ ਹੈ ਅਤੇ ਨਾ ਹੀ ਜਨਮ ਤੋਂ ਬਾਅਦ ਦੇ ਮੁਢਲੇ ਸਾਲਾਂ ਦੌਰਾਨ ਭਰ ਪੇਟ ਸੰਤੁਲਿਤ ਖਾਣਾ ਨਸੀਬ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਮੁਲਕ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਪੰਜ ਬੱਚਿਆਂ ਵਿਚੋਂ ਇਕ ਕੁਪੋਸ਼ਣ ਦਾ ਸ਼ਿਕਾਰ ਹੈ।

ਲੋੜੀਂਦੀ ਖੁਰਾਕ ਨਾ ਮਿਲਣ ਕਰ ਕੇ ਇਨ੍ਹਾਂ ਬੱਚਿਆਂ ਦਾ ਨਾ ਸਿਰਫ ਆਪਣੇ ਕੱਦ ਮੁਤਾਬਕ ਭਾਰ ਹੀ ਘੱਟ ਹੈ, ਸਗੋਂ ਇਨ੍ਹਾਂ ਵਿਚ ਖਸਰਾ, ਹੈਜ਼ਾ ਅਤੇ ਨਮੂਨੀਏ ਜਿਹੇ ਬਾਲ ਉਮਰ ਵਿਚ ਹੋਣ ਵਾਲੇ ਰੋਗਾਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਵੀ ਘਟ ਜਾਂਦੀ ਹੈ। ਸਿੱਟੇ ਵਜੋਂ ਸਾਡੇ ਮੁਲਕ ਵਿਚ ਪੰਜ ਸਾਲ ਦੀ ਉਮਰ ਤੱਕ ਦੇ ਮਾਸੂਮ ਬੱਚਿਆਂ ਦੀ ਮੌਤ ਦਰ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਬਹੁਤ ਉਚੀ ਹੈ। ਮੋਦੀ ਸਰਕਾਰ ਨੇ ਬਜਟ ਤੋਂ ਪਹਿਲਾਂ ਗਰਭਵਤੀ ਮਾਵਾਂ ਨੂੰ ਜਣੇਪੇ ਮੌਕੇ 5000 ਰੁਪਏ ਦੇਣ ਦਾ ਐਲਾਨ ਕੀਤਾ ਸੀ, ਪਰ ਬਜਟ ਵਿਚ ਇਹ ਸਹੂਲਤ ਸਿਰਫ ਪਹਿਲੇ ਬੱਚੇ ਦੇ ਜਨਮ ਸਮੇਂ ਹੀ ਦੇਣ ਦਾ ਉਪਬੰਧ ਕੀਤਾ।

## ਖੁੱਲ੍ਹਾ ਖਾਣ-ਪੀਣ ਵਾਲੇ ਰੁਝਾਨ ਤੋਂ ਪਿੱਛੇ ਹਟੇ ਪੰਜਾਬੀ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਦਾ ਖੁੱਲ੍ਹੇ ਖਾਣ-ਪੀਣ ਵੱਲ ਰੁਝਾਨ ਕਿਸੇ ਤੋਂ ਲੁਕਿਆ ਨਹੀਂ ਹੈ, ਪਰ ਹਾਲ ਵਿਚ ਜਾਰੀ ਹੋਏ ਅੰਕੜੇ ਇਸ ਕਥਨ ਦੀ ਪੁਸ਼ਟੀ ਕਰਦੇ ਪ੍ਰਤੀਤ ਹੁੰਦੇ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਵੱਲੋਂ ਜਾਰੀ 2015-16 ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ 31.3 ਫੀਸਦੀ ਔਰਤਾਂ ਅਤੇ 27.8 ਫੀਸਦੀ ਮਰਦ ਮੋਟਾਪੇ ਤੋਂ ਪੀੜਤ ਹਨ, ਜਦੋਂ ਕਿ ਸਾਲ 2005-06 ਦੇ ਅੰਕੜਿਆਂ ਮੁਤਾਬਕ 29.9 ਫੀਸਦੀ ਔਰਤਾਂ ਅਤੇ 22.2 ਫੀਸਦੀ ਮਰਦ ਮੋਟਾਪੇ ਦੇ ਸ਼ਿਕਾਰ ਸਨ। ਇਸ ਦੇ ਨਾਲ ਹੀ ਸਰਵੇਖਣ 'ਚ ਘੱਟ ਖੂਨ ਭਾਵ ਅਨੀਮੀਆ, ਹਾਈਪਰਟੈਂਸ਼ਨ ਅਤੇ ਸ਼ੂਗਰ ਜਿਹੀਆਂ ਬਿਮਾਰੀਆਂ ਦੇ ਵਧ ਰਹੇ ਰੁਝਾਨ ਸਬੰਧੀ ਤੱਥ ਵੀ ਸਾਹਮਣੇ ਆਏ ਹਨ। 15 ਤੋਂ 49 ਸਾਲ ਦੀਆਂ 53.5 ਫੀਸਦੀ ਔਰਤਾਂ ਅਨੀਮੀਆ ਦੀਆਂ ਸ਼ਿਕਾਰ ਹਨ, ਜਦੋਂ ਕਿ ਸਾਲ 2005-06 ਦੇ ਅੰਕੜਿਆਂ ਮੁਤਾਬਕ ਇਹ ਗਿਣਤੀ ਸਿਰਫ 38 ਫੀਸਦੀ ਸੀ। ਇਸੇ ਉਮਰ ਦੀਆਂ ਗਰਭਵਤੀ ਔਰਤਾਂ ਵਿਚੋਂ 42 ਫੀਸਦੀ ਅਨੀਮੀਆ ਤੋਂ ਪੀੜਤ ਹਨ, ਹਾਲਾਂਕਿ ਪਿਛਲੇ ਸਰਵੇਖਣ 'ਚ ਵੀ ਇਨ੍ਹਾਂ ਦੀ ਗਿਣਤੀ 41.6 ਫੀਸਦੀ ਹੀ ਸੀ। 15 ਤੋਂ 49 ਸਾਲ ਦੇ ਮਰਦਾਂ ਵਿਚ ਵੀ ਅਨੀਮਿਆ ਦੇ ਰੋਗੀਆਂ ਦੀ ਗਿਣਤੀ 'ਚ ਤਕਰੀਬਨ ਦੁੱਗਣਾ ਵਾਧਾ ਹੋਇਆ ਹੈ। 2005-06 ਵਿਚ 13.6 ਫੀਸਦੀ ਮਰਦ ਅਨੀਮੀਆ ਦਾ ਸ਼ਿਕਾਰ ਸਨ, ਜਦਕਿ ਸਾਲ 2015-16 ਵਿਚ ਇਹ ਗਿਣਤੀ ਵਧ ਕੇ 25.9 ਫੀਸਦੀ ਹੋ ਗਈ ਹੈ। 2015-16 ਦੇ ਸਰਵੇਖਣ ਦੇ ਅੰਕੜਿਆਂ ਮੁਤਾਬਕ 6.1 ਫੀਸਦੀ ਔਰਤਾਂ, ਜਦੋਂ ਕਿ 6.8 ਫੀਸਦੀ ਮਰਦ ਸ਼ੂਗਰ ਨਾਲ ਪੀੜਤ ਹਨ। ਆਧੁਨਿਕ ਤੇਜ਼ ਰਫਤਾਰ ਜੀਵਨ ਪੱਧਰ ਦੇ ਨਤੀਜੇ ਵਜੋਂ ਵਧ ਰਹੀ ਹਾਈਪਰਟੈਂਸ਼ਨ ਦੀ ਬਿਮਾਰੀ ਦੀਆਂ ਤਕਰੀਬਨ 13 ਫੀਸਦੀ ਔਰਤਾਂ ਸ਼ਿਕਾਰ ਹਨ। ਤਕਰੀਬਨ 22 ਫੀਸਦੀ ਮਰਦ ਹਾਈਪਰਟੈਂਸ਼ਨ ਦੇ ਸ਼ਿਕਾਰ ਹਨ।

## ਮੁਲਕ ਦੇ 77 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ

**ਨਵੀਂ ਦਿੱਲੀ:** ਪਿਛਲੇ ਇਕ ਦਹਾਕੇ ਦੌਰਾਨ ਹੋਏ ਵੱਖ-ਵੱਖ ਸਰਵੇਖਣਾਂ ਅਨੁਸਾਰ ਮੁਲਕ ਵਿਚ ਗਰੀਬੀ ਲਗਾਤਾਰ ਵਧਦੀ ਜਾ ਰਹੀ ਹੈ। ਅਰਜਨ ਸੇਨ ਗੁਪਤਾ ਦੀ ਰਿਪੋਰਟ ਅਨੁਸਾਰ ਮੁਲਕ ਦੇ 77 ਫੀਸਦੀ ਲੋਕ ਗਰੀਬੀ ਰੇਖਾ ਤੋਂ ਵੀ ਹੇਠਾਂ ਰਹਿ ਰਹੇ ਹਨ। ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਆਕਸਫੈਮ ਦੀ ਇਸੇ ਸਾਲ ਜਨਵਰੀ ਮਹੀਨੇ ਜਾਰੀ ਹੋਈ ਰਿਪੋਰਟ ਅਨੁਸਾਰ ਭਾਰਤ ਦੇ 57 ਵਿਅਕਤੀਆਂ ਕੋਲ ਮੁਲਕ ਦੀ 70 ਫੀਸਦੀ ਆਬਾਦੀ ਦੇ ਬਰਾਬਰ ਦੌਲਤ ਹੈ। ਪੂੰਜੀ ਦੀ ਇਸ ਅਸਾਵੀਂ ਵੰਡ ਕਰ ਕੇ ਹੀ ਗਰੀਬੀ ਅਤੇ ਕੁਪੋਸ਼ਣ ਜਿਹੀਆਂ ਅਲਾਮਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਰਕਾਰ ਸਿਹਤ ਸੇਵਾਵਾਂ ਉਤੇ ਮੁਲਕ ਦੀ ਕੁਲ ਘਰੇਲੂ ਉਤਪਾਦ (ਜੀਡੀਪੀ) ਦਾ ਸਿਰਫ ਇਕ ਫੀਸਦੀ ਹੀ ਖਰਚ ਕਰ ਰਹੀ ਹੈ। ਮੁਲਕ ਦੇ 21 ਕਰੋੜ ਲੋਕ ਅਜਿਹੇ ਹਨ ਜਿਨ੍ਹਾਂ ਕੋਲ ਜ਼ਿੰਦਗੀ ਜਿਉਣ ਦਾ ਕੋਈ ਵੀ ਵਸੀਲਾ ਨਹੀਂ ਹੈ।

# ਸਰੀਰਕ ਸ਼ੋਸ਼ਣ ਦਾ ਸ਼ਿਕਾਰ ਪਾਕਿ ਐਂਕਰ ਨੇ ਦਿੱਤਾ ਅਸਤੀਫਾ

**ਇਸਲਾਮਾਬਾਦ:** ਪਾਕਿਸਤਾਨ ਦੇ ਸਰਕਾਰੀ ਚੈਨਲ ਦੀ ਇਕ ਐਂਕਰ ਨੇ ਅਸਤੀਫਾ ਦੇ ਦਿੱਤਾ ਹੈ। ਐਂਕਰ ਦਾ ਦੋਸ਼ ਹੈ ਕਿ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਗਿਆ ਹੈ ਅਤੇ ਸ਼ਿਕਾਇਤ ਕਰਨ ਦੇ ਬਾਵਜੂਦ ਵੀ ਚੈਨਲ ਦੇ ਸਬੰਧਤ ਅਧਿਕਾਰੀ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਹੈ। ਮਾਮਲਾ ਪਾਕਿਸਤਾਨ ਦੇ ਸਰਕਾਰੀ ਚੈਨਲ ਪੀ.ਟੀ.ਵੀ. ਨਾਲ ਜੁੜਿਆ ਹੋਇਆ ਹੈ। ਚੈਨਲ ਦੀ ਐਂਕਰ ਤੰਜ਼ੀਲਾ ਮਜ਼ਹਰ ਨੇ ਇਸ ਸਾਲ ਦੀ ਸ਼ੁਰੂਆਤ ਵਿਚ ਚੈਨਲ ਦੇ ਸੀਨੀਅਰ ਅਧਿਕਾਰੀ ਖਿਲਾਫ਼ ਸਰੀਰਕ ਸ਼ੋਸ਼ਣ ਦਾ ਦੋਸ਼ ਲਾਇਆ ਸੀ। ਤੰਜ਼ੀਲ ਅਨੁਸਾਰ ਵਾਰ-ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਚੈਨਲ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਕਰ ਕੇ ਉਨ੍ਹਾਂ ਹੁਣ ਅਸਤੀਫਾ ਦੇ ਦਿੱਤਾ ਹੈ।

ਤੰਜ਼ੀਲ ਅਨੁਸਾਰ ਉਸ ਲਈ ਸਥਿਤੀ ਦਾ ਸਾਹਮਣਾ ਕਰਨਾ ਔਖਾ ਹੋ ਗਿਆ ਹੈ ਕਿਉਂਕਿ ਉਸ ਨੂੰ ਮਾਨਸਿਕ ਤੌਰ ਉਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪੀ.ਟੀ.ਵੀ. ਨੇ ਸੋਸ਼ਲ ਮੀਡੀਆ ਉਤੇ ਚੈਨਲ ਨੂੰ ਬਦਨਾਮ ਕਰਨ ਦੇ ਦੋਸ਼ ਵਿਚ ਦੋ ਐਂਕਰਾਂ ਦੇ ਨਿਊਜ਼ ਪੜ੍ਹਨ ਉਤੇ



ਪਾਬੰਦੀ ਲਗਾ ਦਿੱਤੀ ਸੀ। ਸੋਸ਼ਲ ਮੀਡੀਆ ਉਤੇ ਤੰਜ਼ੀਲਾ ਮਜ਼ਹਰ ਅਤੇ ਯਸ਼ਫ਼ੀਨ ਯਮਾਨ ਨੇ ਪੀ.ਟੀ.ਵੀ. ਦੇ ਡਾਇਰੈਕਟਰ ਆਗਾ ਮਸੂਦ ਖਿਲਾਫ਼ ਮੈਨੇਜਮੈਂਟ ਵਿਚ ਸਰੀਰਕ ਸ਼ੋਸ਼ਣ ਕਰਨ ਦੀ ਸ਼ਿਕਾਇਤ ਕੀਤੀ ਸੀ। ਚੈਨਲ ਦੇ ਪ੍ਰਬੰਧਕਾਂ ਨੇ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਦੋਵਾਂ ਉਤੇ ਪਾਬੰਦੀ ਲੱਗਾ ਦਿੱਤੀ ਸੀ।

## ਸ਼ਾਹਪੁਰ ਕੰਢੀ ਵਾਲਾ ਪ੍ਰਾਜੈਕਟ ਸਿਰੇ ਚੜ੍ਹਨ ਦੀ ਆਸ ਬੱਝੀ


**ਨਵੀਂ ਦਿੱਲੀ:** ਵਿਵਾਦਾਂ ਕਾਰਨ ਪਿਛਲੇ ਢਾਈ ਸਾਲ ਤੋਂ ਪੰਜਾਬ ਅਤੇ ਜੰਮੂ-ਕਸ਼ਮੀਰ ਦਰਮਿਆਨ ਰੁਕੇ ਹੋਏ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਨੂੰ ਮੁੜ ਸ਼ੁਰੂ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਤਹਿਤ ਚੰਡੀਗੜ੍ਹ ਵਿਚ ਸਕੱਤਰ ਪੱਧਰ ਦੀ ਮੀਟਿੰਗ 'ਚ ਇਕ ਸਮਝੌਤੇ ਉਤੇ ਦਸਤਖ਼ਤ ਕੀਤੇ ਗਏ ਹਨ। ਤਕਰੀਬਨ 2.286 ਕਰੋੜ ਦੀ ਲਾਗਤ ਨਾਲ 55 ਮੀਟਰ ਉਚਾ ਡੈਮ ਬਣਾਇਆ ਜਾਵੇਗਾ।

ਇਸ ਡੈਮ ਦੇ ਬਣਨ ਨਾਲ 206 ਮੈਗਾਵਾਟ ਬਿਜਲੀ ਬਣਾਈ ਜਾ ਸਕੇਗੀ ਅਤੇ ਪੰਜਾਬ ਦੀ 5000 ਹੈਕਟੇਅਰ ਅਤੇ ਜੰਮੂ-ਕਸ਼ਮੀਰ ਦੀ 32173 ਹੈਕਟੇਅਰ ਜ਼ਮੀਨ ਦੀਆਂ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇਗਾ। ਇਸ ਪ੍ਰਾਜੈਕਟ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ, ਹਾਲਾਂਕਿ ਇਸ ਲਈ ਤਿੰਨ-ਧਿਰੀ ਟੀਮ ਦਾ ਗਠਨ ਵੀ ਕੀਤਾ ਜਾਵੇਗਾ, ਜਿਸ 'ਚ ਦੋਵਾਂ ਰਾਜਾਂ ਦੇ ਮੁੱਖ ਇੰਜੀਨੀਅਰਾਂ ਤੋਂ ਇਲਾਵਾ ਕੇਂਦਰ ਦੇ ਮੈਂਬਰ ਵੀ ਮੌਜੂਦ ਹੋਣਗੇ।

# ਇਸ ਵਾਰ ਝੱਲਣੇ ਪੈਣਗੇ ਲੂ ਦੇ ਥਪੇੜੇ

**ਨਵੀਂ ਦਿੱਲੀ:** ਇਸ ਵਰ੍ਹੇ ਫਰਵਰੀ ਵਿਚ ਹੀ ਜਿਥੇ ਗਰਮੀ ਨੇ ਆਪਣੀ ਹਲਕੀ ਆਹਟ ਵਿਖਾ ਦਿੱਤੀ ਸੀ, ਉਥੇ ਆਉਣ ਵਾਲੇ ਮਹੀਨੇ ਵਿਚ ਭਿਆਨਕ ਗਰਮੀ ਪੈਣ ਦੇ ਆਸਾਰ ਹਨ। ਮੌਸਮ ਵਿਭਾਗ ਨੇ ਪੂਰੇ ਦੇਸ਼ ਵਿਚ ਔਸਤ ਤੋਂ ਵੱਧ ਤਾਪਮਾਨ ਰਹਿਣ ਦੀ ਸੰਭਾਵਨਾ ਜਤਾਈ ਹੈ। ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਮੁਤਾਬਕ ਮਾਰਚ ਤੋਂ ਮਈ ਦੇ ਵਿਚਾਲੇ ਕਈ ਸੂਬਿਆਂ ਵਿਚ ਲੋਕਾਂ ਨੂੰ ਲੂ ਦੇ ਥਪੇੜੇ ਝੱਲਣੇ ਪੈਣਗੇ। ਆਈ.ਐਮ. ਡੀ. ਨੇ ਕਿਹਾ ਕਿ ਦੇਸ਼ ਦੇ ਉਤਰ ਪੱਛਮੀ ਇਲਾਕੇ ਵਿਚ ਗਰਮੀ ਦਾ ਅਸਰ ਸਭ ਤੋਂ ਜ਼ਿਆਦਾ ਰਹੇਗਾ, ਜਿਥੇ ਤਾਪਮਾਨ ਆਮ ਨਾਲੋਂ ਕੁਝ ਡਿਗਰੀ ਵੱਧ ਰਹੇਗਾ। ਦੇਸ਼ ਦੇ ਬਾਕੀ ਹਿੱਸਿਆਂ ਵਿਚ ਤਾਪਮਾਨ ਆਮ ਤੋਂ ਇਕ ਡਿਗਰੀ ਰਹਿਣ ਦੇ ਆਸਾਰ ਹਨ। ਮੌਸਮ ਵਿਭਾਗ ਮੁਤਾਬਕ, ਜਿਨ੍ਹਾਂ ਖੇਤਰਾਂ ਵਿਚ ਆਮ ਤੋਂ ਵੱਧ ਤਾਪਮਾਨ ਰਹਿੰਦਾ ਹੈ, ਉਹ 'ਕੋਰ ਹੀਟਵੇਵ ਜ਼ੋਨ' ਵਿਚ ਆਉਂਦਾ ਹੈ ਭਾਵ ਉਥੇ ਗਰਮ ਹਵਾਵਾਂ ਚੱਲਦੀਆਂ ਹਨ।

'ਕੋਰ ਹੀਟਵੇਵ ਜ਼ੋਨ' ਵਿਚ ਪੰਜਾਬ, ਹਿਮਾਚਲ ਪ੍ਰਦੇਸ਼, ਉਤਰਾਖੰਡ, ਦਿੱਲੀ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼ ਸਮੇਤ ਕਈ ਸੂਬਿਆਂ ਦੇ ਇਲਾਕੇ ਆਉਂਦੇ ਹਨ। ਮੌਸਮ ਵਿਭਾਗ



ਮੁਤਾਬਕ 1901 ਦੇ ਬਾਅਦ 2016 ਸਭ ਤੋਂ ਜ਼ਿਆਦਾ ਗਰਮ ਸਾਲ ਰਿਹਾ ਅਤੇ 1901 ਦੇ ਬਾਅਦ ਜਨਵਰੀ 2017 ਅੱਠਵਾਂ ਸਭ ਤੋਂ ਗਰਮ ਮਹੀਨਾ ਰਿਹਾ ਹੈ।

## ਹਿੰਦ-ਪਾਕਿਸਤਾਨ ਸਰਹੱਦ 'ਤੇ ਲਹਿਰਾਇਆ ਮੁਲਕ ਦਾ ਸਭ ਤੋਂ ਉਚਾ ਝੰਡਾ



**ਅੰਮ੍ਰਿਤਸਰ:** ਭਾਰਤ-ਪਾਕਿਸਤਾਨ ਦੀ ਅਟਾਰੀ ਸਰਹੱਦ 'ਤੇ ਪਰੇਡ ਦੇਖਣ ਆਏ ਸੈਲਾਨੀਆਂ ਨੂੰ ਹੁਣ ਉਥੇ ਦੇਸ਼ ਦਾ ਸਭ ਤੋਂ ਉਚਾ ਤਿਰੰਗਾ ਵੀ ਲਹਿਰਾਉਂਦਾ ਨਜ਼ਰ ਆਵੇਗਾ।

ਇਹ ਤਿਰੰਗਾ ਪਾਕਿਸਤਾਨ ਦੇ ਲਾਹੌਰ ਤੋਂ ਵੀ ਵਿਖਾਈ ਦੇਵੇਗਾ। ਝੰਡੇ ਦੀ ਉਚਾਈ 360 ਫੁੱਟ ਦੱਸੀ ਜਾ ਰਹੀ ਹੈ। ਤਿਰੰਗੇ ਝੰਡੇ ਵਾਲੇ ਪੋਲ ਦੀ ਉਚਾਈ 360 ਫੁੱਟ ਹੈ। ਇਸ ਦਾ ਕੁੱਲ ਵਜ਼ਨ 55 ਟਨ ਹੈ। ਇਸ ਪੋਲ 'ਤੇ ਲਹਿਰਾਏ ਜਾਣ ਵਾਲਾ ਤਿਰੰਗਾ 120.80 ਫੁੱਟ ਦਾ ਹੋਵੇਗਾ। ਇਸ ਝੰਡੇ ਨੂੰ ਅਟਾਰੀ ਸਰਹੱਦ ਵਿਖੇ ਸਥਾਪਤ ਕਰਨ 'ਤੇ ਕੁੱਲ 3.50 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਇਕ ਨਿੱਜੀ ਕੰਪਨੀ ਨੂੰ ਦਿੱਤੀ ਗਈ ਹੈ।

# ਇਤਿਹਾਸ ਦੇ ਪੰਨਿਆਂ 'ਚੋਂ ਨਿਕਲੀ ਅਣਗੌਲੇ ਸਿੱਖ ਪਾਇਲਟ ਦੀ ਦਾਸਤਾਨ

**ਮੈਲਬਰਨ:** ਆਸਟਰੇਲੀਆ ਦੀ ਧਰਤੀ ਸੰਸਾਰ ਦੇ ਪਹਿਲੇ ਸਿੱਖ ਪਾਇਲਟ ਮਨਮੋਹਣ ਸਿੰਘ ਦੀ ਸ਼ਹਾਦਤ ਦੀ ਉਸ ਵੇਲੇ ਗਵਾਹ ਬਣੀ, ਜਦੋਂ ਆਸਟਰੇਲੀਆ ਦੇ ਬਰੂਮੀ ਖੇਤਰ 'ਚ ਦੂਜੀ ਸੰਸਾਰ ਜੰਗ ਦੌਰਾਨ ਜਪਾਨੀਆਂ ਦੇ ਹਮਲੇ ਵਿਚ 3 ਮਾਰਚ 1942 ਨੂੰ ਉਹ ਸ਼ਹਾਦਤ ਦਾ ਜਾਮ ਪੀ ਗਿਆ। ਜਾਪਾਨੀ ਫੌਜਾਂ ਵੱਲੋਂ ਕੀਤੇ ਹਵਾਈ ਹਮਲਿਆਂ ਦਾ ਵੀ ਇਕ ਆਪਣਾ ਇਤਿਹਾਸ ਹੈ, ਜਿਸ 'ਚ ਅਣਗਿਣਤ ਮੌਤਾਂ ਹੋਈਆਂ। ਇਸ ਸਿੱਖ ਪਾਇਲਟ ਦੇ ਮਾਮਲੇ 'ਚ ਤ੍ਰਾਸਦੀ ਇਹ ਵੀ ਰਹੀ ਕਿ ਉਹ ਅੱਜ ਤੱਕ ਹੋਰ ਹਜ਼ਾਰਾਂ ਸਿੱਖ ਸ਼ਹੀਦਾਂ ਵਾਂਗ ਅਣਗੌਲਿਆ ਰਿਹਾ, ਜਿਨ੍ਹਾਂ ਨੇ ਪਹਿਲੀ ਅਤੇ ਦੂਜੀ ਸੰਸਾਰ ਜੰਗ ਦੌਰਾਨ ਸ਼ਹਾਦਤ ਪ੍ਰਾਪਤ ਕੀਤੀ ਸੀ। ਇਨ੍ਹਾਂ 'ਚੋਂ ਬਹੁਤੇ ਸ਼ਹੀਦਾਂ ਨੂੰ ਉਨ੍ਹਾਂ ਦੇ ਦੇਸ਼ ਵਾਸੀ ਵੀ ਯਾਦ ਕਰਨਾ ਭੁੱਲ ਗਏ ਹਨ। ਇਕ ਅੰਦਾਜ਼ੇ ਮੁਤਾਬਕ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਦੌਰਾਨ 83,005 ਸਿੱਖ ਸ਼ਹੀਦ ਹੋਏ ਸਨ। ਉਥੇ ਹੀ ਇਨ੍ਹਾਂ ਦੋਹਾਂ ਸੰਸਾਰ ਜੰਗਾਂ ਦੌਰਾਨ 109,045 ਸਿੱਖ ਜ਼ਖ਼ਮੀ ਹੋਏ ਸਨ।

ਦੁਨੀਆਂ ਦੇ ਪਹਿਲੇ ਸਿੱਖ ਪਾਇਲਟ ਸਰਦਾਰ ਮਨਮੋਹਣ ਦੀ ਜ਼ਿੰਦਗੀ ਬਾਰੇ ਜੇਕਰ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦਾ ਜਨਮ ਸਾਂਝੇ ਪੰਜਾਬ



ਦੇ ਜ਼ਿਲ੍ਹੇ ਰਾਵਲਪਿੰਡੀ ਵਿਚ ਸਤੰਬਰ 1906 'ਚ ਹੋਇਆ ਸੀ। ਮੁਢਲੀ ਸਿੱਖਿਆ ਪੰਜਾਬ 'ਚ ਪ੍ਰਾਪਤ ਕਰਨ ਤੋਂ ਬਾਅਦ 17 ਸਾਲ ਦੀ ਉਮਰ 'ਚ ਉਹ ਸਿਵਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਚਲੇ ਗਏ। ਇਥੇ ਹੀ ਉਨ੍ਹਾਂ ਨੇ ਉਡਾਣ ਅਤੇ ਏਅਰੋਨਾਟੀਕਲ ਇੰਜੀਨੀਅਰਿੰਗ ਦਾ ਦੋ ਸਾਲ ਦਾ ਕੋਰਸ ਕੀਤਾ ਅਤੇ ਇਸ ਦੇ ਆਧਾਰ 'ਤੇ ਪਾਇਲਟ ਚੁਣੇ ਗਏ। ਸਰਦਾਰ ਮਨਮੋਹਣ ਇਕ ਮਜ਼ਬੂਤ ਇਰਾਦਿਆਂ ਵਾਲੇ ਇਨਸਾਨ ਸਨ। ਉਨ੍ਹਾਂ ਨੂੰ ਹਵਾਬਾਜ਼ੀ ਦਾ ਕੰਮ ਕਾਫੀ ਪਸੰਦ ਸੀ। ਦੂਜੇ ਵਿਸ਼ਵ ਯੁੱਧ ਦੇ ਆਰੰਭ 'ਚ ਉਹ ਬ੍ਰਿਟਿਸ਼ ਭਾਰਤੀ ਹਵਾਈ ਫੌਜ 'ਚ ਭਰਤੀ ਹੋਏ। ਆਪਣੀ ਮਿਹਨਤ ਅਤੇ ਲਗਨ ਨਾਲ ਛੇਤੀ ਉਨ੍ਹਾਂ ਨੇ ਉਡਾਣ ਅਧਿਕਾਰੀ ਦਾ ਅਹੁਦਾ ਹਾਸਲ ਕਰ ਲਿਆ। ਯੁੱਧ ਦੌਰਾਨ ਉਨ੍ਹਾਂ ਨੂੰ ਕਾਟਾਲੀਨਾ ਨਾਮੀ ਲੜਾਕੂ ਜਹਾਜ਼ ਦੀ ਕਮਾਂਡ ਸੌਂਪੀ ਗਈ, ਜਿਹੜਾ ਕਿ ਸਕੂਐਡਰਨ ਨੰਬਰ 205 'ਚ ਸ਼ਾਮਲ ਸੀ, ਜਿਸ ਨੂੰ ਫਿਲੀਪੀਨਜ਼ ਅਤੇ ਇੰਡੋਨੇਸ਼ੀਆ ਦੇ ਆਪਰੇਸ਼ਨ ਦੀ ਜ਼ਿੰਮੇਵਾਰੀ ਸੰਭਾਲੀ ਗਈ ਸੀ।

ਜਾਪਾਨ ਦੇ ਹਮਲਾਵਰ ਦਸਤੇ ਨੂੰ ਲੱਭਣ ਵਾਲੇ ਆਪਰੇਸ਼ਨ 'ਚ ਜਦੋਂ ਬ੍ਰਿਟਿਸ਼ ਫੌਜ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਤਾਂ ਸਕੂਐਡਰਨ ਨੂੰ ਸਿੰਗਾਪੁਰ ਤੋਂ ਵਾਪਸ ਬੁਲਾ ਕੇ ਜਾਵਾ 'ਚ ਨਿਯੁਕਤ ਕਰ ਦਿੱਤਾ ਗਿਆ। ਜਦੋਂ ਜਾਪਾਨ ਨੇ ਜਾਵਾ ਵਿਚ ਹਮਲੇ ਤੇਜ਼ ਕਰ ਦਿੱਤੇ ਤਾਂ ਉਥੋਂ ਸਰਦਾਰ ਮਨਮੋਹਣ ਸਿੰਘ ਦਾ ਹਵਾਈ ਦਸਤਾ ਟਾਪੂ ਦੇ ਦੱਖਣ ਵੱਲ ਚਲਾ ਗਿਆ। ਇਥੋਂ ਇਹ ਅਖੀਰ ਆਸਟਰੇਲੀਆ ਪਹੁੰਚਿਆ।

ਇਹ ਦਸਤਾ ਬਰੂਮੀ 'ਚ 3 ਮਾਰਚ 1942 ਦੀ ਸਵੇਰ ਨੂੰ 9.50 ਵਜੇ ਪਹੁੰਚਿਆ। ਇਸ ਦੌਰਾਨ ਜਾਪਾਨ ਵੱਲੋਂ ਜ਼ੋਰਦਾਰ ਹਮਲਾ ਕੀਤਾ ਗਿਆ, ਜਿਸ 'ਚ ਸਿੱਖ ਪਾਇਲਟ ਮਨਮੋਹਣ ਸਿੰਘ ਦੇ ਨਾਲ ਹੋਰ ਬਹੁਤ ਸਾਰੇ ਲੜਾਕੇ ਵੀ ਮਾਰੇ ਗਏ। ਇਸ ਸ਼ਹਾਦਤ ਨਾਲ ਮਨਮੋਹਣ ਸਿੰਘ ਇਕ ਮਿਸਾਲ ਕਾਇਮ ਕਰ ਗਏ, ਜਿਸ ਨੂੰ ਰਹਿੰਦੀ ਦੁਨੀਆਂ ਤੱਕ ਭੁਲਾਇਆ ਨਹੀਂ ਜਾ ਸਕਦਾ।

# ਕਵਾਫ਼ੀ ਦੀ ਕਵਿਤਾ ਤੇ ਇੰਦੇ ਦਾ ਅਨੁਵਾਦ ਇਲਾਕਾ

ਸਿਰੇ ਦੇ ਬੰਦਿਆਂ ਦਾ ਕੰਮ ਸਿਰੇ ਦਾ ਹੀ ਹੁੰਦਾ। ਪ੍ਰੋਫੈਸਰ ਇੰਦੇ ਨੇ ਮਿਸਰ ਵਿਚ ਜੰਮੇ ਯੂਨਾਨੀ ਸ਼ਾਇਰ ਸੀ ਪੀ ਕਵਾਫ਼ੀ ਦੀ ਕਵਿਤਾ ਦਾ ਜਿਹੜਾ ਅਨੁਵਾਦ 'ਕਵਾਫ਼ੀ ਦੀ ਕਵਿਤਾ' ਉਨਵਾਨ ਤਹਿਤ ਕੀਤਾ ਹੈ, ਉਸ ਦੀ ਇਕ ਕਵਿਤਾ 'ਇਹ ਜੇ ਬੰਦਾ ਸਿਰੇ ਦਾ' ਵਿਚ ਯੂਨਾਨੀ ਲਿਖਾਰੀ ਲੂਸੀਅਨ ਦਾ ਜ਼ਿਕਰ-ਏ-ਖ਼ੈਰ ਹੈ। ਕਵਿਤਾ ਵਿਚ ਸਿਰਜਣਾ ਦੇ ਸਫ਼ਰ ਵਿਚੋਂ ਲੰਘੇ ਸਿਰਜਕ ਦਾ ਅੰਗ ਅੰਗ ਹੰਭਿਆ ਪਿਆ ਹੈ। ਕੋਈ ਤੌਖ਼ਲਾ, ਖ਼ੌਫ਼ ਦੀ ਸ਼ਕਲ ਅਖ਼ਤਿਆਰ ਕਰ ਕੇ ਆਲੇ-ਦੁਆਲੇ ਮੰਡਰਾ ਰਿਹਾ ਹੈ। ਕਵਿਤਾ ਦੀਆਂ ਅਗਲੀਆਂ ਸਤਰਾਂ ਇਉਂ ਹਨ:

ਇਕ ਸੋਚ ਅਚੇਤੇ
ਉਹਨੂੰ ਉਹਦੀ ਉਦਾਸੀ 'ਚੋਂ
ਕੱਢ ਲਿਆਉਂਦੀ ਹੈ
"ਇਹ ਜੇ ਬੰਦਾ ਸਿਰੇ ਦਾ"-
ਲੂਸੀਅਨ ਨੇ ਇਕ ਵਾਰ ਸੁੱਤਿਆਂ
ਇਹ ਬੋਲ ਸੁਣੇ ਸਨ।

'ਕਵਾਫ਼ੀ ਦੀ ਕਵਿਤਾ' ਪੜ੍ਹਦਿਆਂ ਦੂਜੀ ਸਦੀ ਦੌਰਾਨ ਹੋਏ ਇਸ ਯੂਨਾਨੀ ਲਿਖਾਰੀ ਲੂਸੀਅਨ (117-180 ਈਸਵੀ) ਦੇ ਚੇਤੇ ਵਾਲੀ ਕਵਿਤਾ 'ਇਹ ਜੇ ਬੰਦਾ ਸਿਰੇ ਦਾ' ਦੀਆਂ ਇਹ ਸਤਰਾਂ ਵਾਰ-ਵਾਰ ਜ਼ਿਹਨ ਅੰਦਰ ਟੁਣਕਦੀਆਂ ਹਨ। ਕਵਾਫ਼ੀ ਵਰਗਾ ਕੋਈ 'ਸਿਰੇ ਦਾ ਬੰਦਾ' ਹੀ ਆਪਣੀਆਂ ਕਵਿਤਾਵਾਂ ਰਾਹੀਂ ਬੰਦੇ ਨੂੰ ਇਉਂ ਇਤਿਹਾਸ ਦੇ ਸਫ਼ਰ 'ਤੇ ਲਿਜਾ ਸਕਦਾ ਹੈ। ਇਹ

**ਜਸਵੀਰ ਸਮਰ**

ਸਫ਼ਰ ਸਹਿਜ ਨਹੀਂ। ਇਸ ਵਿਚ ਵੱਢੇ-ਟੁੱਕੇ ਵਕਤ ਦੀਆਂ ਛਿਲਤਾਂ ਪੁੜੀਆਂ ਹੋਈਆਂ ਹਨ ਅਤੇ ਢੱਠੇ ਹੋਏ ਮਹਿਲਾਂ ਦੇ ਕਿੰਗਰੇ ਬੰਦੇ ਦੀ ਮਨਫ਼ੀ ਹੋ ਚੁੱਕੀ ਹਸਤੀ ਤੇ ਹੋਣੀ ਦੀ ਕਹਾਣੀ ਬਿਆਨ ਕਰ ਰਹੇ ਹਨ। ਹਰ ਮੋੜ 'ਤੇ ਸਿਆਸਤ ਦੀਆਂ ਤਣੀਆਂ ਇੰਨੀਆਂ ਕੱਸੀਆਂ ਕੱਸੀਆਂ ਨਜ਼ਰੀਂ ਚੜ੍ਹਦੀਆਂ ਹਨ, ਜਾਪਦਾ ਹੈ ਕਿ ਹੁਣ ਟੁੱਟੀਆਂ ਕਿ ਹੁਣ! ਇਸ ਸਫ਼ਰ ਦੀ ਸਿਖ਼ਰ ਮਹਿਜ਼ ਦੋ ਸਫ਼ਿਆਂ 'ਤੇ ਸਿਮਟੀ ਸ਼ਾਹਕਾਰ ਕਵਿਤਾ 'ਇਥਾਕਾ' ਹੈ। ਇਹ ਕਵਿਤਾ ਜ਼ਿੰਦਗੀ ਦੀ ਮਹਾਂ ਯਾਤਰਾ ਦਾ ਕੋਈ ਤਸੱਵੁਰ ਹੈ ਜਿਸ ਦੀਆਂ ਮੌਲਦੀਆਂ ਲਗਰਾਂ ਦਾ ਕੋਈ ਅੰਤ ਸਿਰਾ ਨਹੀਂ ਹੈ। ਕਵਿਤਾ ਦਾ ਪ੍ਰਸੰਗ ਹੋਮਰ ਦਾ ਮਹਾਂ-ਕਾਵਿ 'ਓਡੀਸੀ' ਹੈ। ਓਡੀਸੀਅਸ ਵੀਹ ਵਰ੍ਹਿਆਂ ਬਾਅਦ ਆਪਣੇ ਇਥਾਕਾ ਵੱਲ ਪਰਤ ਰਿਹਾ ਹੈ। ਉਹ ਯੂਨਾਨੀ ਮਰਿਆਦਾ ਦੀ ਸਲਾਮਤੀ ਖ਼ਾਤਰ ਦਸ ਸਾਲ ਲੜਾਈਆਂ ਲੜਦਾ ਅਗਾਂਹ ਤੋਂ ਅਗਾਂਹ ਸਫ਼ਰ ਵਿਚ ਰਿਹਾ ਹੈ ਅਤੇ ਹੁਣ ਵਾਪਸੀ ਮੌਕੇ ਟਰੌਏ ਤੋਂ ਇਥਾਕਾ ਤੱਕ ਪੁੱਜਣ ਲਈ ਉਸ ਨੂੰ ਅਜੇ ਦਸ ਸਾਲ ਹੋਰ ਲੱਗਣੇ ਹਨ। ਇਥਾਕਾ ਵਿਚ ਬੇਗਮ ਪੈਨਲਪ ਉਸ ਨੂੰ ਉਡੀਕ ਰਹੀ ਹੈ। ਇਹ ਹੈ ਇਥਾਕਾ ਲਈ ਵੀਹਾਂ ਵਰ੍ਹਿਆਂ ਦਾ ਸਫ਼ਰ ਅਤੇ ਇੰਨੀ ਹੀ ਲੰਮੀ ਉਡੀਕ! ਪਤਾ ਹੈ ਕਿ ਯਾਤਰਾ ਲੰਮੀ ਹੋਵੇਗੀ, ਜ਼ਿੰਦਗੀ ਵਾਂਗ ਹੀ ਮੂੰਹਜ਼ੋਰ ਅਤੇ ਮੋਹਖੋਰੀਆਂ ਸੰਭਾਵਨਾਵਾਂ ਵਿਚ ਗੜੁੱਚ; ਪਰ ਸੋਚਾਂ ਵਿਚ ਉਥਲ-ਪੁਥਲ ਮਚਾ ਰਿਹਾ ਸੰਗਰਾਮ ਹਰ ਅੜਿੱਕਾ ਤਾਰ ਕਰਨ ਲਈ ਕਾਹਲਾ ਹੈ। ਇਸ ਕਵਿਤਾ ਦੇ ਅਰਥ ਬਹੁਤ ਮੋਕਲੇ ਅਤੇ ਮਹਿਤਾਬੀ ਹਨ। ਇਹ ਜ਼ਿੰਦਗੀ ਦੀ ਹਰ ਧੜਕਣ ਨਾਲ ਸੁਰ ਹੋਣ ਵਾਲੀ ਕਵਿਤਾ ਹੈ। ਖ਼ੌਰੇ ਇਸੇ ਕਰ ਕੇ ਜਦੋਂ ਜੇ ਐੱਫ ਕੈਨੇਡੀ ਦੀ ਲਿਖਾਰੀ ਧੀ ਕੈਰੋਲੀਨ ਕੈਨੇਡੀ ਨੇ ਔਰਤਾਂ ਦੇ ਇਜ਼ਹਾਰ ਬਾਰੇ ਕਿਤਾਬ 'ਸ਼ੀ ਵਾਕਸ ਇਨ ਬਿਊਟੀ- ਏ ਵਿਮੈੱਨ'ਜ਼ ਜਰਨੀ ਥਰੂ ਪੋਇਮਜ਼' ਦੇ ਸੰਪਾਦਨ ਬਾਬਤ ਸੋਚਿਆ ਹੋਵੇਗਾ ਤਾਂ ਜ਼ਰੂਰ ਆਪਣੀ ਮਾਂ ਜੈਕਲੀਨ ਕੈਨੇਡੀ ਓਨੈਸਿਸ ਦੀ ਇਹ ਪਸੰਦੀਦਾ ਕਵਿਤਾ 'ਇਥਾਕਾ' ਜ਼ਿਹਨ ਵਿਚ ਥਿਰਕੀ ਹੋਵੇਗੀ। ਇਹ ਕਵਿਤਾ ਜੈਕਲੀਨ ਕੈਨੇਡੀ ਓਨੈਸਿਸ ਨੂੰ ਇਸ ਦੁਨੀਆ ਤੋਂ ਸਦਾ ਸਦਾ ਲਈ ਰੁਖ਼ਸਤ ਕਰਨ ਵੇਲੇ (23 ਮਈ 1994) ਵੀ ਪੜ੍ਹੀ ਗਈ ਸੀ।


ਦਰਅਸਲ, ਕਵਾਫ਼ੀ ਦੀ ਕਵਿਤਾ ਉਨ੍ਹਾਂ



ਸ਼ਾਇਰ ਸੀ ਪੀ ਕਵਾਫ਼ੀ

ਵਕਤਾਂ/ਕਹਿਰਾਂ ਦੀ ਕਵਿਤਾ ਹੈ ਜਿਸ ਤਹਿਤ ਜ਼ਿੰਦਗੀ ਨਾਲ ਜੁੜਦੀਆਂ ਲੜੀਆਂ ਅਗਾਂਹ ਤਾਣਾ ਤਣਦੀਆਂ ਹਨ। ਕੁਦਰਤ ਜਿਵੇਂ ਰਾਤ-ਬਰਾਤੇ ਖ਼ਰਬੂਜ਼ੇ ਦੀਆਂ ਕਤਲੀਆਂ ਦੀ ਸਿਰਜਣਾ ਕਰਦੀ ਹੈ, ਐਨ ਖ਼ਾਮੋਸ਼; ਇਵੇਂ ਕਵਾਫ਼ੀ ਕਵਿਤਾ ਅੰਦਰ ਕਾਵਿ-ਕਤਲੀਆਂ ਸਿਰਜਦਾ ਹੈ ਅਤੇ ਇਨ੍ਹਾਂ ਕਾਵਿ-ਕਤਲੀਆਂ ਦੇ ਕਿਨਾਰੇ ਜ਼ਿੰਦਗੀ ਤੇ ਸੋਚ ਨਾਲ ਖ਼ੂਬ ਖਹਿਸਰਦੇ ਹਨ। ਇਨ੍ਹਾਂ ਕਵਿਤਾਵਾਂ ਵਿਚ ਕਵੀ ਭਵਿੱਖ ਨਾਲ ਅੱਖ ਲੜਾਉਂਦਾ, ਸਰੀਰਕ ਸੁਆਦਾਂ ਦੀ ਗੱਲ ਕਰਦਾ ਅਤੇ ਬੀਤ ਚੁੱਕੇ ਵਕਤ ਦੇ ਹੇਰਵੇ ਹੜੱਪਦਾ ਹੈ। ਕਵਾਫ਼ੀ ਦੀ ਕਾਵਿ-ਉਡਾਰੀ ਵਿਚ ਇਤਿਹਾਸ ਦੀ ਸਿਰਜਣਾ ਤੇ ਪਤਨ ਅਤੇ ਕਾਮ-ਹੁਲਾਸ ਇਕੋ ਵੇਗ ਤੇ ਵੱਤਰ ਨਾਲ ਬੀੜੇ ਹੋਏ ਮਿਲਦੇ ਹਨ। ਇਹ ਕਾਵਿ-ਉਡਾਰੀਆਂ ਭਾਵੇਂ ਇਕ-ਦੂਜੀ ਤੋਂ ਐਨ ਵੱਖਰੀਆਂ ਹਨ, ਪਰ ਇਨ੍ਹਾਂ ਨੂੰ ਇਕ-ਦੂਜੀ ਨਾਲੋਂ ਤੋੜ ਕੇ ਚਿਤਵਣਾ ਮੁਸ਼ਕਿਲ ਹੈ। ਇਨ੍ਹਾਂ ਦਾ ਨਾੜੂਆ ਇਕ-ਦੂਜੀ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਨੂੰ ਅਲਹਿਦਾ ਕਰ ਕੇ ਦੇਖੋਗੇ/ਪੜ੍ਹੋਗੇ, ਤਾਂ ਕਵੀ ਨੂੰ ਸਵੀਕਾਰਨ ਜਾਂ ਰੱਦ ਕਰਨ ਦੇ ਰਾਹ ਵਗ ਤੁਰੋਗੇ। ਕਵਾਫ਼ੀ ਦਰਅਸਲ ਅਜਿਹਾ ਕਵੀ ਹੈ ਜਿਸ ਦੀ ਇਕ ਕਵਿਤਾ ਜੇ ਕਿਸੇ ਕਮਰੇ ਜਾਂ ਕਮਰੇ ਅੰਦਰ ਪਈਆਂ ਵਸਤਾਂ ਤੇ ਸਰੀਰਾਂ ਦਾ ਜੁਗਰਾਫ਼ੀਆ ਮਿਣਦੀ ਹੈ ਤਾਂ ਦੂਜੀ, ਅੰਬਰ ਤੱਕ ਪੈਰ ਪਸਾਰਦੀ ਹੈ। ਇਹ ਕਵਿਤਾ ਪਾਠਕ ਨੂੰ ਵਕਤ ਦੀ ਤੋਰ ਅੰਦਰ ਠੇਲ੍ਹ ਕੇ ਮੋਕਲੇ ਰਾਹੀਂ ਪਾ ਦਿੰਦੀ ਹੈ।

ਅਨੁਵਾਦ, ਖ਼ਾਸ ਕਰ ਕੇ ਕਵਿਤਾ ਦੇ ਅਨੁਵਾਦ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਕਵਿਤਾ ਦੀ ਅਸਲ ਨੁਹਾਰ ਮਾਰੀ ਜਾਂਦੀ ਹੈ, ਪਰ ਸ਼ਾਇਰ ਡਬਲਿਊ ਐੱਚ ਔਡਨ, ਕਵਾਫ਼ੀ ਦੀ ਕਵਿਤਾ ਦਾ ਜ਼ੋਰ ਤਸਲੀਮ ਕਰਦਿਆਂ ਆਖਦਾ ਹੈ ਕਿ ਕਵਾਫ਼ੀ ਦੀ ਨੁਹਾਰ ਅਨੁਵਾਦ ਵਿਚ ਵੀ ਕਾਇਮ ਰਹਿੰਦੀ ਹੈ। ਪ੍ਰੋ. ਇੰਦੇ ਨੇ ਇਨ੍ਹਾਂ ਕਵਿਤਾਵਾਂ ਦਾ ਅਨੁਵਾਦ ਅੰਗਰੇਜ਼ੀ ਤੋਂ ਕੀਤਾ ਹੈ, ਭਾਵ ਸਾਡੇ ਕੋਲ ਕਵਾਫ਼ੀ ਦੀ ਕਵਿਤਾ ਤੀਜੇ ਥਾਉਂ ਘੁੰਮ ਕੇ ਪੁੱਜੀ ਹੈ, ਪਰ ਇਹ ਅਨੁਵਾਦ ਪੜ੍ਹਦਿਆਂ ਜਦੋਂ ਅੰਗਰੇਜ਼ੀ ਅਨੁਵਾਦ ਉਤੇ ਝਾਤੀ ਮਾਰਦੇ ਹਾਂ ਤਾਂ ਦਿਲ ਤਸੱਲੀ ਵਿਚ ਲੁੱਡੀਆਂ ਪਾਉਂਦਾ ਹੈ। ਪੰਜਾਬੀ ਵਿਚ ਅਨੁਵਾਦ ਹੋਈ ਕਵਿਤਾ ਦੀ ਲੈਅ ਸਿਰ ਚੜ੍ਹ ਬੋਲਦੀ ਹੈ। ਖ਼ਬਰ ਨਹੀਂ ਕਿ ਕਵਾਫ਼ੀ ਦੀਆਂ ਕਵਿਤਾਵਾਂ ਦਾ ਯੂਨਾਨੀ ਰੰਗ ਕਿੱਦਾਂ ਦਾ ਹੋਵੇਗਾ, ਪਰ ਅੰਗਰੇਜ਼ੀ ਦੇ ਮੁਕਾਬਲੇ ਇੰਦੇ ਦਾ ਅਨੁਵਾਦ ਦੋ ਰੱਤੀਆਂ ਉਤਾਂਹ ਹੈ। ਉਹਨੇ ਕਵਿਤਾਵਾਂ ਦੀਆਂ ਤਗਦੀਆਂ ਤਣੀਆਂ ਫੜੀਆਂ ਹਨ ਅਤੇ ਕਵਾਫ਼ੀ





ਕਿਤਾਬ ਦਾ ਮੁਖੜਾ।

ਦੀ ਨਿਰੋਲ ਆਪਣੀ, ਨਿਆਰੀ ਤਰਜ਼ ਉਤੇ 'ਕੱਲੇ 'ਕੱਲੇ ਸ਼ਬਦ ਨੂੰ ਸਹਿਜ ਅਤੇ ਸੂਹਜ ਨਾਲ ਕਵਿਤਾ ਅੰਦਰ ਜੜਿਆ ਹੈ।

ਹੁਣ ਤੱਕ ਪੰਦਰਾਂ-ਵੀਹ ਅਨੁਵਾਦਕਾਂ ਨੇ ਕਵਾਫ਼ੀ ਦੀ ਕਵਿਤਾ ਨਾਲ ਘੋਲ ਕੀਤਾ ਹੈ। ਹਰ ਅਨੁਵਾਦ ਦਾ ਆਪਣਾ ਰੰਗ ਹੈ। ਬਹੁਤੀ ਥਾਈਂ ਅਰਥ ਵੀ ਕੁਝ ਕੁ ਵੱਖਰੇ ਉਭਰਦੇ ਹਨ। ਇਨ੍ਹਾਂ ਕੁੱਲ ਅਨੁਵਾਦਕਾਂ ਵਿਚੋਂ ਇਕ ਡੇਨੀਅਲ ਮੈਂਡਲਸਨ ਹੈ। ਉਸ ਨੇ ਕਵਾਫ਼ੀ ਦੀਆਂ ਅਧੂਰੀਆਂ ਰਹਿ ਗਈ ਤੀਹ ਕਵਿਤਾਵਾਂ ਅਤੇ 4 ਹੋਰ ਖਿੱਲਰੇ ਵਰਕੇ ਵੀ ਪਾਠਕਾਂ ਨਾਲ ਸਾਂਝੇ ਕੀਤੇ ਹਨ, ਉਹਦਾ ਮੰਨਣਾ ਹੈ ਕਿ ਯੂਨਾਨੀ 'ਚ ਲਿਖੀਆਂ ਅਸਲ ਕਵਿਤਾਵਾਂ ਵਧੇਰੇ ਸਰੋਦੀ ਹਨ। ਇਸ ਹਿਸਾਬ ਆਪਣਾ ਬਾਬਾ ਇੰਦੇ, ਕਵਾਫ਼ੀ ਦੇ ਬਰਾਬਰ ਤੁਲਦਾ ਜਾਪਦਾ ਹੈ।

ਕਵਾਫ਼ੀ ਦੀ ਜੀਵਨ ਕਹਾਣੀ ਉਤੇ ਭਾਵੇਂ ਤਰਦੀ ਜਿਹੀ ਨਿਗ੍ਹਾ ਮਾਰੋ, ਇਹ ਵੀ ਇਹੀ ਭਾਅ ਮਾਰਦੀ ਹੈ। ਸਰੋਦ, ਸਹਿਜ ਅਤੇ ਸੂਹਜ ਨਾਲ ਭਰਪੂਰ। ਸਬਰ ਦਾ ਪਿਆਲਾ ਉਛਲੀ ਜਾਂਦਾ ਹੈ- ਤਾਉਮਰ ਕਵਾਫ਼ੀ ਦੀ ਕੋਈ ਕਿਤਾਬ ਨਾ ਛਪੀ। ਉਹਦੇ ਫ਼ੌਤ ਹੋਣ ਤੋਂ ਦੋ ਵਰ੍ਹਿਆਂ ਬਾਅਦ ਉਹਦੀਆਂ ਕਵਿਤਾਵਾਂ ਕਿਤਾਬ ਦੀ ਜੂਨੇ ਪਈਆਂ। ਕਿਤਾਬ ਛਪਣ-ਛਪਾਉਣ ਦਾ ਕੋਈ ਮਸਲਾ ਦਰਪੇਸ਼ ਨਹੀਂ ਸੀ, ਪਰ ਕਵਾਫ਼ੀ ਕਾਹਲਾ ਨਹੀਂ ਸੀ। ਉਹਦੀਆਂ ਕਵਿਤਾਵਾਂ ਵੀ ਇਸੇ ਰਸ ਨਾਲ ਰਸੀਆਂ ਪਈਆਂ ਹਨ। ਉਹਦੀਆਂ ਢਾਈ ਸੌ ਦੇ ਕਰੀਬ ਕਵਿਤਾਵਾਂ ਹਨ। ਸਾਹਿਤ ਦੇ ਪੰਡਿਤ ਇਨ੍ਹਾਂ ਕਵਿਤਾਵਾਂ ਨੂੰ ਤਿੰਨ ਖ਼ਾਨਿਆਂ- ਇਤਿਹਾਸਕ, ਦਾਰਸ਼ਨਿਕ ਅਤੇ ਕਾਮੁਕ, ਵਿਚ ਵੰਡ ਕੇ ਦੇਖਦੇ ਹਨ, ਪਰ ਉਹਦੀਆਂ ਕਈ ਕਵਿਤਾਵਾਂ ਵਿਚ ਇਹ ਤਿੰਨੇ ਰੰਗ ਇਕੋ ਵਾਰ ਆਣ ਦਸਤਕ ਦਿੰਦੇ ਹਨ, ਕਿਉਂਕਿ ਇਹ ਕਵਿਤਾਵਾਂ ਮਨੁੱਖ ਦੁਆਲੇ ਗਿੜਦੀਆਂ ਹਨ; ਬੱਸ ਪ੍ਰਸੰਗ ਹੀ ਵੱਖ ਵੱਖ ਹਨ।

ਕਵਾਫ਼ੀ ਦੇ ਵਿਹੜੇ ਕਵਿਤਾ ਉਦੋਂ ਉਤਰੀ ਸੀ ਜਦੋਂ ਉਹ 19-20 ਵਰ੍ਹਿਆਂ ਥਾਣੀਂ ਲੰਘ ਰਿਹਾ ਸੀ। ਉਸ ਵੇਲੇ ਉਹ ਇਕ ਲਿਹਾਜ਼ ਉਜੜਿਆ ਹੋਇਆ ਸੀ। ਪਿਤਾ ਦੀ ਮੌਤ ਤੋਂ ਬਾਅਦ ਪਰਿਵਾਰ ਦੀ ਆਰਥਿਕਤਾ ਡੋਲ ਚੁੱਕੀ ਸੀ। ਇਹ ਉਸ ਪੀਟਰ ਕਵਾਫ਼ੀ ਦਾ ਪਰਿਵਾਰ ਸੀ ਜਿਹੜਾ ਅਨਾਜ ਅਤੇ ਕਪਾਹ ਦਾ ਉਘਾ ਵਪਾਰੀ ਸੀ। ਸਾਲ 1869 ਵਿਚ ਜਦੋਂ ਸੁਏਜ਼ ਨਹਿਰ ਚਾਲੂ ਹੋਈ ਸੀ ਤਾਂ ਉਸ ਦਾ ਉਚੇਚਾ ਮਾਣ-ਤਾਣ ਕੀਤਾ ਗਿਆ ਸੀ। ਅਗਲੇ ਹੀ ਸਾਲ ਪੀਟਰ ਕਵਾਫ਼ੀ ਦੀ ਮੌਤ ਨੇ ਪਰਿਵਾਰ ਅਤੇ ਕਾਰੋਬਾਰ ਦੀਆਂ ਚੂਲਾਂ ਹਿਲਾ ਦਿੱਤੀਆਂ। ਕਵਾਫ਼ੀ ਦੀ ਮਾਂ ਆਪਣੇ ਬੱਚਿਆਂ ਨੂੰ ਲੈ ਕੇ ਇੰਗਲੈਂਡ ਚਲੇ ਗਈ ਜਿਥੇ ਉਨ੍ਹਾਂ ਦਾ ਕਾਰੋਬਾਰ ਸੀ। ਇਥੇ ਹੀ ਕਵਾਫ਼ੀ ਦਾ ਵਾਹ ਅੰਗਰੇਜ਼ੀ ਨਾਲ ਪਿਆ। 1873 ਵਾਲੀ ਮੰਦੀ ਨੇ ਪਰਿਵਾਰ ਦੇ ਹੋਰ ਵੀ ਮੰਦੜੇ ਹਾਲ ਕਰ ਦਿੱਤੇ ਅਤੇ ਇਨ੍ਹਾਂ ਨੂੰ ਇੰਗਲੈਂਡ ਛੱਡ ਕੇ ਸਿਕੰਦਰੀਆ (ਮਿਸਰ) ਪਰਤਣਾ ਪੈ ਗਿਆ। ਇਹ ਕੋਈ 1877 ਦੀਆਂ ਗੱਲਾਂ-ਬਾਤਾਂ ਹਨ। ਉਂਜ, ਮਾਰੂ ਹੋਲਿਆਂ ਦਾ ਹੜ੍ਹ ਅਜੇ ਥੰਮ੍ਹਿਆ ਨਹੀਂ ਸੀ- 1882 ਵਿਚ ਜਦੋਂ ਅੰਗਰੇਜ਼ਾਂ ਨੇ ਸਿਕੰਦਰੀਆ ਉਤੇ ਬੰਬਾਰੀ ਕਰ ਦਿੱਤੀ। ਪਰਿਵਾਰ ਪਹਿਲਾਂ ਪਹਿਲਾਂ ਉਥੋਂ ਨਿਕਲ ਤਾਂ ਗਿਆ, ਪਰ ਘਰ ਮਿੱਟੀ ਵਿਚ ਮਿਲ ਗਿਆ। ਤਿੰਨ ਵਰ੍ਹਿਆਂ ਬਾਅਦ ਪਰਿਵਾਰ ਦੇ ਪੈਰ ਮੁੜ ਸਿਕੰਦਰੀਆ ਵਿਚ ਪਏ। ਇਨ੍ਹਾਂ ਤਿੰਨ ਸਾਲਾਂ ਦੌਰਾਨ ਕਵਾਫ਼ੀ ਆਪਣੀ ਕਵਿਤਾ ਨੂੰ ਮਿਲ ਚੁੱਕਾ ਸੀ ਅਤੇ ਉਹਨੇ ਸਰੀਰਕ ਸੁਮੇਲ ਵਾਲੇ ਰਾਹ ਵੀ



ਪ੍ਰੋਫੈਸਰ ਇੰਦੇ

ਗਾਹ ਲਏ ਸਨ। ਇਸ ਤੋਂ ਬਾਅਦ ਤਾਂ ਫਿਰ ਕਵਾਫ਼ੀ ਅਤੇ ਸਿਕੰਦਰੀਆ ਸਦਾ ਲਈ ਗਲਵੱਕੜੀ ਪਾ ਕੇ ਬੈਠੇ ਰਹੇ। ਉਹ ਸੱਤ ਵਰ੍ਹਿਆਂ ਦਾ ਸੀ ਜਦੋਂ ਪਹਿਲੀ ਵਾਰ ਸਿਕੰਦਰੀਆ ਛੱਡਿਆ ਸੀ, ਜਵਾਨ ਹੋ ਕੇ ਪਰਤਿਆ ਤਾਂ ਇਥੇ ਹੀ ਉਹਨੇ ਇਤਿਹਾਸ-ਉਡਾਰੀ ਭਰੀ ਅਤੇ ਯਾਦਗਾਰੀ ਕਵਿਤਾਵਾਂ ਰਚੀਆਂ। ਇਹਦੀ ਸ਼ਾਹਕਾਰ ਕਵਿਤਾ 'ਇਥਾਕਾ' ਵਿਚੋਂ ਇਸ ਦੀ ਜੀਵਨ-ਯਾਤਰਾ ਦੀ ਧੁਨ ਮਹਿਸੂਸ ਕੀਤੀ ਜਾ ਸਕਦੀ ਹੈ। ਉਹ ਜਦੋਂ ਜਦੋਂ ਸਮੇਂ ਦੇ ਸਫ਼ਰ ਉਤੇ ਨਿਕਲਦਾ ਹੈ, ਕਵਿਤਾਂ ਦੀਆਂ ਸਤਰਾਂ ਵਿਚ ਇਸ ਸਮੇਂ ਦੀਆਂ ਬਰਕਤਾਂ ਜੁੜਦੀਆਂ ਜਾਂਦੀਆਂ ਹਨ। ਇਸ ਚਿਤਰਨ ਵਿਚ ਸਿਆਸੀ ਸਾਜ਼ਿਸ਼ਾਂ ਦੀਆਂ ਗੱਲਾਂ ਇਉਂ ਆਣ ਟਿਕਦੀਆਂ ਹਨ ਜਿਵੇਂ ਪਿਆਸੀ ਧਰਤੀ ਅਸਮਾਨੀ ਛਿੱਟਾਂ ਜ਼ੀਰਦੀ ਹੈ। ਉਤਾਵਲਾਪਣ ਵੀ ਝਾਤੀਆਂ ਮਾਰਦਾ ਹੈ, ਪਰ ਸਿਰੇ ਦਾ ਜ਼ਬਤ ਰੱਤੀ ਰੱਤੀ ਪਿਆਸ ਬੁਝਾ ਰਹੀ ਧਰਤੀ ਦਾ ਚੇਤਾ ਕਰਵਾਉਂਦਾ ਹੈ।

ਕਵਾਫ਼ੀ ਨੇ ਆਪਣੀਆਂ ਰਚਨਾਵਾਂ ਵਿਚ ਲਿਖੀ ਅਤੇ ਬੋਲੀ ਜਾਂਦੀ ਭਾਸ਼ਾ ਦੀ ਪੀਡੀ ਗਲਵੱਕੜੀ ਪੁਆਈ। ਇਹ ਨੁਕਤਾ ਆਪਣੇ ਪੰਜਾਬੀ ਵਿਦਵਾਨਾਂ ਅਤੇ ਲਿਖਾਰੀਆਂ ਲਈ ਕੰਮ ਦਾ ਸਾਬਤ ਹੋ ਸਕਦਾ ਹੈ। ਅੱਜ ਹਰ ਕੋਈ 'ਮੈਂ ਤਾਂ ਇੰਦਾਂ ਹੀ ਲਿਖਦਾਂ' ਕਹਿ ਕੇ 'ਆਪਣੀ ਆਪਣੀ ਪੰਜਾਬੀ' ਲਿਖ ਰਿਹਾ ਹੈ। ਪੰਜਾਬ ਵਿਚ ਵੱਸਣ ਵਾਲੇ ਪੰਜਾਬੀਆਂ, ਪੰਜਾਬ ਤੋਂ ਬਾਹਰ ਵੱਸਣ ਵਾਲੇ ਪੰਜਾਬੀਆਂ, ਪਰਵਾਸੀ ਹੋਏ ਪੰਜਾਬੀਆਂ ਅਤੇ ਲਹਿੰਦੇ ਪੰਜਾਬ ਵਾਲਿਆਂ ਦੀ ਪੰਜਾਬੀ ਹੁਣ ਆਪਣੀ ਆਪਣੀ ਹੈ। ਇਹ ਮਾਰੂ ਵਕਤ ਅਤੇ ਸਿਆਸਤ ਦੀਆਂ ਮਾਰਾਂ ਦਾ ਹੀ ਅਸਰ ਹੈ, ਪਰ ਇਸ ਮਾਮਲੇ 'ਤੇ ਥੋੜ੍ਹੀ ਜਿਹੀ ਤਬਦੀਲੀ ਨਾਲ ਕਵਾਫ਼ੀ ਨੂੰ ਗੁਰੂ ਧਾਰਿਆ ਜਾ ਸਕਦਾ ਹੈ। ਕੰਮ ਔਖਾ ਹੈ, ਪਰ ਇੰਨਾ ਵੀ ਔਖਾ ਨਹੀਂ ਕਿ ਕੀਤਾ ਨਾ ਜਾ ਸਕੇ! ਕੋਈ ਕਵਿਤਾ ਕਹਿੰਦੀ ਕੀ ਹੈ, ਇਹ ਸਭ ਤਾਂ ਅਨੁਵਾਦ ਦਾ ਹਿੱਸਾ ਬਣਦਾ ਹੀ ਹੈ, ਪਰ ਕਵਿਤਾ ਵਿਚ ਚਿਣੇ ਸ਼ਬਦ ਕਿਸ ਤਰ੍ਹਾਂ ਮੜ੍ਹਕ ਕਾਇਮ ਰੱਖ ਸਕਦੇ ਹਨ, ਇਹ ਇੰਦੇ ਨੇ ਦੱਸਿਆ ਹੈ। ਇਸੇ ਕਰ ਕੇ ਇਹ ਅਨੁਵਾਦ ਨਹੀਂ, ਸਿਰਜਣਾ ਵਧੇਰੇ ਹੈ। ਇੰਦੇ ਆਪਣੀ ਸ਼ਬਦ-ਜੜਤ ਦੇ ਇਤਬਾਰ ਨੂੰ ਕਵਾਫ਼ੀ ਦੇ ਕਾਵਿ-ਕੱਦ ਜਿੱਡਾ ਖਿੱਚਦਾ ਹੈ। ਇਹ ਜ਼ਬਤ ਅਨੁਵਾਦ ਦਾ ਰੰਗ ਹੋਰ ਨਿਖਾਰੀ ਜਾਂਦਾ ਹੈ। ਅਨੁਵਾਦਕ ਦੀ ਲਿਖੀ ਭੂਮਿਕਾ ਵਿਚ ਵੀ ਇਸੇ ਤਰ੍ਹਾਂ ਦਾ ਜ਼ਬਤ ਹੈ। ਕਿਹੜੇ ਸਾਹਿਤਕਾਰਾਂ ਨੇ ਕਵਾਫ਼ੀ ਦਾ ਅਸਰ ਕਬੂਲਿਆ ਅਤੇ ਕਿਨ੍ਹਾਂ ਦਾ ਅਸਰ ਕਵਾਫ਼ੀ ਉਤੇ ਪਿਆ, ਪ੍ਰੋ. ਇੰਦੇ ਨੇ ਭੂਮਿਕਾ ਵਿਚ ਇਸ ਬਾਰੇ ਖ਼ੂਬ ਸਿਹਰਾ ਸਜਾਇਆ ਹੈ। ਭੂਮਿਕਾ ਵਿਚ 'ਮੈਨੂੰ ਜਾਣਨਾ ਚਾਹੁੰਦੇ ਹੋ' ਕਵਿਤਾ ਦੀ ਚਰਚਾ ਵੀ ਹੈ। ਕਵੀ ਲਿਖਦਾ ਹੈ-

ਸਮਾਂ ਆਵੇਗਾ
ਕਿਸੇ ਸਹਿਜ ਸਮਾਜ 'ਚ
ਮੇਰੇ ਜਿਹਾ ਕੋਈ ਪ੍ਰਗਟ ਹੋਵੇਗਾ
ਤੇ ਬਿਨਾਂ ਰੋਕ-ਟੋਕ ਦੇ ਵਿਚਰੇਗਾ।

ਕਵਾਫ਼ੀ ਦੀ ਮੌਤ ਤੋਂ ਅੱਠ ਦਹਾਕਿਆਂ ਬਾਅਦ ਪ੍ਰੋ. ਇੰਦੇ ਨੇ ਇਹ ਯੂਨਾਨੀ ਕਵਿਤਾਵਾਂ, ਬਰਾਸਤਾ ਅੰਗਰੇਜ਼ੀ ਪੰਜਾਬੀ ਵਿਚ ਸਿਰਜੀਆਂ ਹਨ। ਅੱਜ ਦੀ ਤਾਰੀਖ਼ ਵਿਚ ਕੋਈ ਸਹਿਜ ਸਮਾਜ, ਅਜਿਹੀਆਂ ਕਵਿਤਾਵਾਂ ਪੜ੍ਹਨ ਜੋਗਾ ਹੋਇਆ ਹੀ ਹੈ। ਸਮਾਜ ਤੋਂ ਖ਼ੌਫ਼ ਖਾਂਦਿਆਂ ਕਦੀ ਕਵਾਫ਼ੀ ਆਪਣੀ ਕਵਿਤਾ ਨੂੰ ਆਪਣੇ ਕੋਲ ਰੱਖਦਾ ਰਿਹਾ ਸੀ ਜਿਸ ਵਿਚ ਸਮਲਿੰਗੀ ਸਵਾਦਾਂ ਦਾ ਜ਼ਿਕਰ ਹੈ। ਇਹ ਵੱਖਰੀ ਗੱਲ ਹੈ ਕਿ ਸਦਾ ਅਗਾਂਹ ਦੇ ਦਾਅਵੇ ਕਰਨ ਵਾਲਾ ਪੰਜਾਬੀ ਸਮਾਜ ਅਜੇ ਵੀ ਇੱਡਾ ਸਹਿਜ ਨਹੀਂ, ਇਹ ਅਜੇ ਵੀ 'ਅਣਖ ਖ਼ਾਤਿਰ ਕਤਲ' ਵਾਲੀਆਂ ਅੰਨ੍ਹੀਆਂ ਗਲੀਆਂ ਅੰਦਰ ਭੌਂ ਰਿਹਾ ਹੈ। ਉਧਰ, ਕਵਾਫ਼ੀ ਹੈ ਕਿ ਆਪਣੇ ਮੱਸ-ਫੁੱਟ ਵਰ੍ਹਿਆਂ ਨੂੰ ਵੀ ਜੁੱਗਾਂ ਪੁਰਾਣੀ ਗੱਲ ਦੱਸਦਾ ਹੈ। ਇਹ ਜੁੱਗਾਂ ਪੁਰਾਣੀ ਗੱਲ 'ਕਾਇਆ ਸੀ, ਹੋਵੇ ਜਿਵੇਂ ਮੋਤੀਏ ਜਿਹੀ' ਦਾ ਪ੍ਰਸੰਗ ਬੰਨ੍ਹਦੀ ਆਥਣ ਦੇ ਚੇਤੇ ਉਘਾੜਦੀ ਹੈ। ਇਸ ਅੰਗ-ਰਸ ਦੇ ਬਰਾਬਰ ਸਿਆਸੀ ਬਾਣਾਂ ਨਾਲ ਲੈਸ ਕਵਿਤਾ 'ਬਰਬਰਾਂ ਨੂੰ ਉਡੀਕਦੇ' ਹੈ। ਇਹ ਉਹ ਇਤਿਹਾਸਕ ਕਵਿਤਾਵਾਂ ਹਨ ਜਿਹੜੀਆਂ ਜ਼ਿਹਨ ਦਾ ਕੁੰਡਾ ਵਾਰ ਵਾਰ ਠਕੋਰਦੀਆਂ, ਸੜ ਰਹੇ ਪਾਣੀ ਵਿਚ ਢੀਮਾਂ ਵਾਂਗ ਡਿਗਦੀਆਂ ਹਨ। 'ਬਰਬਰਾਂ ਨੂੰ ਉਡੀਕਦੇ' ਵਿਚ ਸੌ ਸਵਾਲਾਂ ਦਾ ਇਕ ਸਵਾਲ ਹੈ- ਸੈਨਿਟ 'ਚ ਕੁਝ ਵਾਪਰ ਕਿਉਂ ਨਹੀਂ ਰਿਹਾ?... ਤੇ ਕਵੀ ਕਵਿਤਾ ਇਉਂ ਸਮੇਟਦਾ ਹੈ-

ਹੁਣ ਬਰਬਰਾਂ ਤੋਂ ਬਿਨਾਂ ਸਾਡਾ ਕੀ ਬਣੇਗਾ?
ਇਨ੍ਹਾਂ ਹੀ ਲੋਕਾਂ ਨੇ
ਕੋਈ ਦੁੱਖ-ਦਾਰੂ ਦੱਸਣਾ ਸੀ।

ਅਸਲ ਵਿਚ ਇਹੀ ਉਹ ਕਵਿਤਾਵਾਂ ਹਨ ਜਿਹੜੀਆਂ ਕਵਾਫ਼ੀ-ਕਾਵਿ ਦਾ ਸਿਖ਼ਰ ਸਿਰਜਦੀਆਂ ਹਨ। ਉਹਨੇ ਇਨ੍ਹਾਂ ਕਵਿਤਾਵਾਂ ਨੂੰ ਇਤਿਹਾਸ-ਕਵਿਤਾਵਾਂ ਆਖਿਆ ਹੈ। ਉਂਜ ਤਾਂ ਹਰ ਬੀਤਿਆ ਪਲ, ਇਤਿਹਾਸ ਅੰਦਰ ਸਮਾ ਜਾਂਦਾ ਹੈ, ਪਰ ਜਦੋਂ ਇਤਿਹਾਸ ਕਵਿਤਾ ਅੰਦਰ ਉਤਰਦਾ ਹੈ ਤਾਂ ਇਸ ਅੰਦਰੋਂ ਭਵਿੱਖ ਝਾਤੀਆਂ ਮਾਰਨ ਲੱਗਦਾ ਹੈ। ਇਤਿਹਾਸ ਹੋ ਚੁੱਕਿਆ ਹੈ, ਕਵਿਤਾ ਨੇ ਅਜੇ ਹੋਣਾ ਹੈ। 'ਮੈਗਨੇਸੀਆ ਦੀ ਲੜਾਈ' ਕਵਿਤਾ ਪੜ੍ਹ ਕੇ ਇਤਿਹਾਸ ਅਤੇ ਕਵਿਤਾ ਵਾਲਾ ਫ਼ਰਕ ਸਮਝ ਪੈਣ ਲੱਗਦਾ ਹੈ।

ਅਮਰੀਕੀ ਸ਼ਾਇਰ ਤੇ ਅਨੁਵਾਦਕ ਰੌਬਰਟ ਪਿੰਸਕੀ ਆਖਦਾ ਹੈ ਕਿ ਕਵਿਤਾ ਸਮਝਣ ਜਾਂ ਸਮਝਾਉਣ ਨਾਲ ਨਹੀਂ, ਸਗੋਂ ਕਿਸੇ ਖ਼ਾਸ ਖਿੱਚ ਜਾਂ ਪਿਆਰ-ਮੁਹੱਬਤ ਜਾਂ ਤਲਬ ਨਾਲ ਸ਼ੁਰੂ ਹੁੰਦੀ ਹੈ। ਇਸ ਪੱਖੋਂ ਕਵਾਫ਼ੀ ਅਤੇ ਇੰਦੇ ਦੀ ਝੰਡੀ ਹੈ। ਇੰਦੇ ਨੇ ਕਵਾਫ਼ੀ ਤੋਂ ਇਲਾਵਾ ਯੂਰਪੀ ਕਵੀਆਂ ਲੋਰਕਾ, ਬੈਸ਼ੋ ਤੇ ਪੋਪਾ, ਚੀਨੀ ਕਵੀਆਂ ਲੋ ਪੋ, ਤੂ ਫੂ ਤੇ ਹੈਨ-ਸ਼ੈਨ, ਜਪਾਨੀ ਸ਼ਾਇਰਾ ਮਾਚੀ ਤਵਾਰਾ, ਫਰਾਂਸੀਸੀ ਕਵੀ ਗਿਲਵਿਕ ਅਤੇ ਪੁਰਤਗਾਲ ਦੇ ਦੋ ਅਹਿਮ ਕਵੀਆਂ ਫਰਨਾਂਦੋ ਪੇਸੋਆ ਤੇ ਏ. ਆਂਦਰਾਦ ਦੀਆਂ ਕਵਿਤਾਵਾਂ ਪੰਜਾਬੀ ਵਿਚ ਅਨੁਵਾਦ ਕੀਤੀਆਂ ਹਨ। ਇਨ੍ਹਾਂ ਕਵਿਤਾਵਾਂ ਦਾ ਰੰਗ ਦੇਖਣ ਹੀ ਵਾਲਾ ਹੈ। ਇਸ ਪੱਖੋਂ ਬਾਬਾ ਇੰਦੇ ਵੀ ਕਿਸੇ ਸਿਰੇ ਦੇ ਬੰਦੇ ਤੋਂ ਘੱਟ ਨਹੀਂ।

*(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)*



ਇਕ ਚਿਤਰਕਾਰ ਵੱਲੋਂ ਬਣਾਇਆ ਸ਼ਾਇਰ ਸੀ ਪੀ ਕਵਾਫ਼ੀ ਦਾ ਚਿਤਰ।

# ਪੰਜਾਬ ਦੀਆਂ ਘਟਨਾਵਾਂ ਅਤੇ ਅੱਜ ਦੀ ਸਿਆਸਤ



ਜਗਤਾਰ ਸਿੰਘ
ਫੋਨ: +91-97797-11201

ਵੱਖ ਵੱਖ ਵਿਵਾਦਾਂ ਵਿਚ ਘਿਰੇ ਹੋਏ ਡੇਰਾ ਸਿਰਸਾ ਦੇ ਦੋ ਪੈਰੋਕਾਰਾਂ ਨੂੰ ਪਿਛਲੇ ਦਿਨੀਂ ਅਹਿਮਦਗੜ੍ਹ ਮੰਡੀ ਨੇੜੇ ਗੋਲੀਆਂ ਮਾਰ ਕੇ ਮਾਰ ਦੇਣ ਦੀ ਘਟਨਾ ਨਾਲ ਉਹ ਸਾਰਾ ਘਟਨਾਕ੍ਰਮ ਮੁੜ ਚੇਤੇ ਆ ਗਿਆ ਹੈ ਜਿਸ ਨੇ 13 ਅਪਰੈਲ 1978 ਵਿਚ ਅੰਮ੍ਰਿਤਸਰ ਵਿਖੇ ਹੋਏ ਸਿੱਖਾਂ ਤੇ ਨਿਰੰਕਾਰੀਆਂ ਵਿਚ ਹੋਏ ਹਿੰਸਕ ਟਕਰਾਅ ਨੂੰ ਜਨਮ ਦਿੱਤਾ ਸੀ। ਇਸ ਟਕਰਾਅ ਵਿਚ ਰੋਸ ਪ੍ਰਗਟ ਕਰਨ ਗਏ 13 ਸਿੱਖਾਂ ਸਮੇਤ ਕੁੱਲ 18 ਜਣੇ ਮਾਰੇ ਗਏ ਸਨ। ਇਹ ਦੁਖਦਾਈ ਘਟਨਾ ਹੀ ਪੰਜਾਬ ਵਿਚ ਪੈਦਾ ਹੋਏ ਖਾੜਕੂਵਾਦ ਦਾ ਮੁੱਢ ਸਮਝੀ ਜਾਂਦੀ ਹੈ ਜਿਸ ਦਾ ਖ਼ਮਿਆਜ਼ਾ ਪੂਰੇ ਮੁਲਕ ਨੂੰ ਭੁਗਤਣਾ ਪਿਆ ਸੀ। ਉਸ ਵੇਲੇ ਮਾੜੇ ਹਾਲਾਤ ਦੀ ਸ਼ੁਰੂਆਤ ਬੈਂਕ ਤੇ ਪੈਟਰੋਲ ਪੰਪਾਂ ਤੋਂ ਨਕਦੀ ਲੁੱਟਣ ਅਤੇ ਨਿਰੰਕਾਰੀਆਂ ਤੇ ਹਿੰਦੂ ਆਗੂਆਂ ਨੂੰ ਮੋਟਰਸਾਈਕਲ ਸਵਾਰਾਂ ਵੱਲੋਂ ਮਾਰਨ ਦੀਆਂ ਇੱਕਾ ਦੁੱਕਾ ਘਟਨਾਵਾਂ ਨਾਲ ਹੀ ਹੋਈ ਸੀ। ਇਹ ਸਿਲਸਲਾ ਹਿੰਦ ਸਮਾਚਾਰ ਦੇ ਸੰਪਾਦਕ ਲਾਲਾ ਜਗਤ ਨਰਾਇਣ ਦੇ ਕਤਲ ਨਾਲ ਸਿਖਰ ਉਤੇ ਪਹੁੰਚਿਆ ਸੀ।

ਪਿਛਲੇ ਸਾਲ 24 ਅਪਰੈਲ ਨੂੰ ਲੁਧਿਆਣਾ ਵਿਚ ਸ਼ਿਵ ਸੈਨਾ ਦੀ ਸਥਾਨਕ ਇਕਾਈ ਦੇ ਪ੍ਰਧਾਨ ਦੁਰਗਾ ਗੁਪਤਾ ਨੂੰ ਦੋ ਮੋਟਰਸਾਈਕਲ ਸਵਾਰਾਂ ਨੇ ਦਿਨ ਦਿਹਾੜੇ ਮਾਰ ਦਿੱਤਾ ਸੀ। ਇਸ ਤੋਂ ਤਿੰਨ ਮਹੀਨੇ ਬਾਅਦ 27 ਜੁਲਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੇਸ ਵਿਚੋਂ ਜ਼ਮਾਨਤ ਉਤੇ ਆਈ ਬਲਵਿੰਦਰ ਕੌਰ ਨੂੰ ਗੁਰਦੁਆਰਾ ਆਲਮਗੀਰ ਨੇੜੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਕੁਝ ਦਿਨ ਬਾਅਦ 6 ਅਗਸਤ ਨੂੰ ਜਲੰਧਰ ਸ਼ਹਿਰ ਵਿਚ ਕੱਟੜ ਹਿੰਦੂ ਜਥੇਬੰਦੀ ਰਾਸ਼ਟਰੀਆ ਸੇਵਕ ਸੰਘ ਦੇ ਸੀਨੀਅਰ ਆਗੂ ਤੇ ਫ਼ੌਜ ਦੇ ਸੇਵਾਮੁਕਤ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਨੂੰ ਗੋਲੀਆਂ ਮਾਰ ਦਿੱਤੀਆਂ ਸਨ ਜਿਹੜੇ ਕੁਝ ਦਿਨ ਬਾਅਦ ਲੁਧਿਆਣਾ ਦੇ ਇਕ ਹਸਪਤਾਲ ਵਿਚ ਦਮ ਤੋੜ ਗਏ ਸਨ। ਇਕ ਨਾਮਨਿਹਾਦ ਹਿੰਦੂ ਤਖਤ ਦੇ ਮੁਖੀ ਅਮਿਤ ਸ਼ਰਮਾ ਨੂੰ ਇਸ ਸਾਲ 14 ਜਨਵਰੀ ਨੂੰ ਲਧਿਆਣਾ ਦੇ ਭੀੜ ਭੜੱਕੇ ਵਾਲੇ ਜਗਰਾਉਂ ਪੁਲ ਨੇੜੇ ਦੋ ਮੋਟਰਸਾਈਕਲ ਸਵਾਰਾਂ ਨੇ ਚਿੱਟੇ ਦਿਨ ਗੋਲੀਆਂ ਮਾਰ ਦਿੱਤੀਆਂ ਸਨ। ਪੰਜਾਬ ਵਿਧਾਨ ਸਭਾ ਦੀਆਂ ਹੁਣੇ ਹੋ ਕੇ ਹਟੀਆਂ ਚੋਣਾਂ ਤੋਂ ਸਿਰਫ਼ ਪੰਜ ਦਿਨ ਪਹਿਲਾਂ 31 ਜਨਵਰੀ ਨੂੰ ਬਠਿੰਡਾ ਜ਼ਿਲ੍ਹੇ ਦੀ ਮੌੜ ਮੰਡੀ ਵਿਚ ਸ਼ਾਮ ਨੂੰ ਕਾਂਗਰਸ ਦੇ ਉਮੀਦਵਾਰ ਹਰਮਿੰਦਰ ਜੱਸੀ ਵੱਲੋਂ ਕੀਤੀ ਜਾ ਰਹੀ ਚੋਣ ਰੈਲੀ ਨੇੜੇ ਹੋਏ ਜ਼ਬਰਦਸਤ ਬੰਬ ਧਮਾਕੇ ਵਿਚ ਤਿੰਨ ਜਣੇ ਮਾਰੇ ਗਏ ਸਨ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਇਸ ਕਾਂਗਰਸੀ ਆਗੂ ਦੀ ਲੜਕੀ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਪੁੱਤਰ ਨੂੰ ਵਿਆਹੀ ਹੋਈ ਹੈ।

ਦੋ ਡੇਰਾ ਪ੍ਰੇਮੀਆਂ ਦੀ ਕੁਝ ਦਿਨ ਪਹਿਲਾਂ ਗੋਲੀਆਂ ਮਾਰ ਕੇ ਕੀਤੀ ਗਈ ਹੱਤਿਆ ਸਮੇਤ ਇਨ੍ਹਾਂ ਸਾਰੀਆਂ ਹਿੰਸਕ ਘਟਨਾਵਾਂ ਦੇ ਤਰੀਕਾਕਾਰ ਉਹੀ ਹੈ ਜੋ 1978 ਜਾਂ ਉਸ ਤੋਂ ਪਹਿਲਾਂ ਵਾਪਰੀਆਂ ਘਟਨਾਵਾਂ ਦਾ ਸੀ। ਸੂਬੇ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਹਾਲਾਤ ਵੀ ਉਹੋ ਜਿਹੇ ਹੀ ਹਨ। ਪੰਜਾਬ ਵਿਚ ਸਮਾਜਿਕ-ਆਰਥਿਕ ਤਣਾਅ ਵੀ 1978 ਦੇ ਵਰ੍ਹੇ ਜਿਹਾ ਹੀ ਹੈ। ਸਤਲੁਜ-ਯਮਨਾ ਲਿੰਕ ਨਹਿਰ ਦਾ ਮੁੱਦਾ ਵੀ ਉਸੇ ਤਰ੍ਹਾਂ ਹੀ ਭਖਿਆ ਹੋਇਆ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਦੀ ਭਰੋਸੇਯੋਗਤਾ ਦਾ ਗ੍ਰਾਫ ਹੁਣ ਪਹਿਲਾਂ ਨਾਲੋਂ ਵੀ ਥੱਲੇ ਹੈ। ਇਨ੍ਹਾਂ ਤੋਂ ਬਿਨਾਂ ਕਈ ਹੋਰ ਮਹੱਤਵਪੂਰਨ ਸਮਾਨਤਾਵਾਂ ਵੀ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਨਿਰੰਕਾਰੀਆਂ ਵਿਰੁਧ 1973 ਵਿਚ ਪਾਸ ਕੀਤੇ ਗਏ ਮਤੇ ਤੋਂ ਬਾਅਦ ਇਸ ਡੇਰੇ ਨੂੰ ਚੈਲਿੰਜ ਕਰਨ ਅਤੇ ਐਮਰਜੈਂਸੀ ਸਮੇਂ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਟੱਕਰ ਲੈਣ ਵਾਲੇ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦੀ ਸੜਕ ਹਾਦਸੇ ਵਿਚ ਹੋਈ ਮੌਤ ਤੋਂ ਬਾਅਦ ਸੰਤ ਜਰਨੈਲ ਸਿੰਘ ਨੂੰ 34 ਸਾਲ ਦੀ ਉਮਰ ਵਿਚ ਅਗਸਤ 1977 ਵਿਚ ਦਮਦਮੀ ਟਕਸਾਲ ਦਾ ਮੁਖੀ ਬਣਾਇਆ ਗਿਆ ਸੀ। ਇਸ ਤੋਂ ਪਹਿਲਾਂ ਹੀ ਕੇਂਦਰ ਅਤੇ ਪੰਜਾਬ ਵਿਚ ਕਾਂਗਰਸ ਦੀ ਥਾਂ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲੀ ਵਾਲੀਆਂ ਸਰਕਾਰਾਂ ਬਣ ਚੁੱਕੀਆਂ ਸਨ। ਮਾਰਚ 1977 ਵਿਚ ਕਾਂਗਰਸ ਦੀ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਇੰਦਰਾ ਗਾਂਧੀ ਦੀ ਥਾਂ ਮੋਰਾਰਜੀ ਦੇਸਾਈ ਮੁਲਕ ਦੇ ਪ੍ਰਧਾਨ ਮੰਤਰੀ ਬਣ ਚੁੱਕੇ ਸਨ। ਕੇਂਦਰ ਦੀ ਇਸ ਕੁਲੀਸ਼ਨ ਸਰਕਾਰ ਵਿਚ ਸ਼੍ਰੋਮਣੀ ਅਕਾਲੀ ਦਲ ਵੀ ਭਾਈਵਾਲ ਸੀ ਅਤੇ ਕੇਂਦਰੀ ਵਜ਼ਾਰਤ ਵਿਚ ਇਸ ਦੇ ਦੋ ਮੰਤਰੀ ਸਨ। ਪੰਜਾਬ ਵਿਚ ਵੀ 20 ਜੂਨ 1977 ਨੂੰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣ ਚੁੱਕੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਸਤ 1977 ਨੂੰ ਹੋਈ ਗੱਦੀਨਸ਼ੀਨੀ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ। ਉਸ ਸਮੇਂ ਇੰਦਰਾ ਗਾਂਧੀ ਅਤੇ ਉਸ ਦੀ ਪਾਰਟੀ ਕਾਂਗਰਸ ਤਾਂ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਹੀ ਸੀ।

13 ਅਪਰੈਲ 1978 ਨੂੰ ਸਿੱਖਾਂ ਤੇ ਨਿਰੰਕਾਰੀਆਂ ਦਰਮਿਆਨ ਹੋਏ ਖ਼ੂਨੀ ਟਕਰਾਅ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪਹਿਲੀ ਵਾਰੀ ਉਭਰ ਕੇ ਸਾਹਮਣੇ ਆਏ। ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਉਤੇ ਕਈ ਸ਼ੰਕੇ ਉਠੇ ਸਨ। ਜ਼ਿਲ੍ਹਾ ਪ੍ਰਸ਼ਾਸਨ, ਖ਼ਾਸ ਕਰ ਕੇ ਪੁਲਿਸ ਪ੍ਰਸ਼ਾਸਨ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿਚ ਆਈ ਸੀ। ਉਸ ਖ਼ੂਨੀ ਟਕਰਾਅ ਦੀ ਮੰਦਭਾਗੀ ਘਟਨਾ ਦੇ ਕਈ ਰਹੱਸ ਅੱਜ ਤਕ ਵੀ ਪ੍ਰਗਟ ਨਹੀਂ ਹੋਏ। ਇਸ ਘਟਨਾ ਨਾਲ ਜੁੜੇ ਕਈ ਅਹਿਮ ਸਵਾਲ ਅਜੇ ਵੀ ਇਸ ਘਟਨਾ ਦੇ ਪੀੜਤਾਂ ਨੂੰ ਤੰਗ ਕਰ ਰਹੇ ਹਨ। ਸਭ ਤੋਂ ਪਹਿਲਾ ਸਵਾਲ ਇਹ ਹੈ ਕਿ ਇਸ ਖ਼ੂਨੀ ਟਕਰਾਅ ਵਿਚ 18 ਜਣਿਆਂ ਦੇ ਮਾਰੇ ਜਾਣ ਤੋਂ ਬਾਅਦ ਵੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਸਮਾਗਮ ਪੁਲਿਸ ਦੇ ਪਹਿਰੇ ਹੇਠ ਪੂਰਾ ਕਰਵਾਇਆ ਗਿਆ ਅਤੇ ਬਾਅਦ ਵਿਚ ਉਸ ਨੂੰ ਪੰਜਾਬ ਪੁਲਿਸ ਦੀ ਸੁਰੱਖਿਆ ਹੇਠ ਪੰਜਾਬ ਤੋਂ ਬਾਹਰ ਤਕ ਛੱਡਿਆ ਗਿਆ। ਮੌਕੇ ਉਤੇ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਐਡੇ ਵੱਡੇ ਫ਼ੈਸਲੇ ਹੇਠਲੇ ਪੱਧਰ ਦੇ ਸਿਵਿਲ ਜਾਂ ਪੁਲਿਸ ਅਧਿਕਾਰੀ ਨਹੀਂ ਲੈ ਸਕਦੇ ਸਨ।



ਇਸ ਸਾਰੇ ਘਟਨਾਕ੍ਰਮ ਦੌਰਾਨ ਕਾਂਗਰਸ ਪਾਰਟੀ ਨਾ ਤਾਂ ਪੰਜਾਬ ਵਿਚ ਅਤੇ ਨਾ ਹੀ ਕੇਂਦਰ ਅੰਦਰ ਸੱਤਾ ਵਿਚ ਸੀ, ਪਰ ਇਹ ਗੱਲ ਵਾਰ ਵਾਰ ਕੀਤੀ ਜਾਂਦੀ ਹੈ ਕਿ ਸੰਤ ਭਿੰਡਰਾਂਵਾਲਾ ਕਾਂਗਰਸ ਦੀ ਹੀ ਪੈਦਾਇਸ਼ ਸੀ। ਜੇ ਇਹ ਮੰਨ ਲਿਆ ਜਾਵੇ ਕਿ ਨਮੋਸ਼ੀਜਨਕ ਹਾਰ ਤੋਂ ਬਾਅਦ ਸੱਤਾ ਵਿਚੋਂ ਬਾਹਰ ਹੋਏ ਇੰਦਰਾ ਗਾਂਧੀ ਅਤੇ ਉਸ ਦੇ ਬੇਟੇ ਸੰਜੇ ਗਾਂਧੀ ਦੀ ਉਸ ਸਮੇਂ ਪਹਿਲੀ ਤਰਜੀਹ ਪੰਜਾਬ ਵਿਚ ਅਕਾਲੀਆਂ ਨਾਲ ਟਕਰਾਅ ਵਿੱਢਣ ਅਤੇ ਸੰਤ ਜਰਨੈਲ ਸਿੰਘ ਨੂੰ ਅਕਾਲੀਆਂ ਵਿਰੁੱਧ ਖੜ੍ਹਾ ਕਰਨਾ ਸੀ ਤਾਂ ਫਿਰ ਉਨ੍ਹਾਂ ਦੀ ਤਰੀਫ਼ ਹੀ ਕਰਨੀ ਬਣਦੀ ਹੈ ਕਿ ਉਹ ਆਪਣੀ ਇਹ ਚਾਲ ਜਨਤਾ ਪਾਰਟੀ-ਅਕਾਲੀ ਦਲ ਦੀਆਂ ਸਰਕਾਰਾਂ ਦੇ ਸਮੇਂ ਵੀ ਕਾਮਯਾਬੀ ਨਾਲ ਚੱਲ ਗਏ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨਿਰੰਕਾਰੀ ਕੇਸ ਮਾਮਲੇ ਵਿਚ ਨਰਮੀ ਵਰਤਣ ਦੇ ਦੋਸ਼ ਕਿਸੇ ਹੋਰ ਨੇ ਨਹੀਂ, ਸਗੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 1979 ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਲਿਖੀ ਗਈ ਆਪਣੇ ਅਸਤੀਫ਼ਿਆਂ ਵਾਲੀ ਸਾਂਝੀ ਚਿੱਠੀ ਵਿਚ ਲਾਏ ਸਨ। ਇਸ ਚਿੱਠੀ ਵਿਚ ਦੋਹਾਂ ਆਗੂਆਂ ਨੇ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਨਿਰੰਕਾਰੀ ਕੇਸ ਦੇ ਮਾਮਲੇ ਤੋਂ ਬਿਨਾਂ ਕਈ ਹੋਰ ਗੰਭੀਰ ਦੋਸ਼ ਵੀ ਲਾਏ ਸਨ।

ਪੰਜਾਬ ਵਿਚ ਮੁੜ ਵਾਪਰਨੀਆਂ ਸ਼ੁਰੂ ਹੋਈਆਂ ਹਿੰਸਕ ਘਟਨਾਵਾਂ ਮੌਕੇ ਪ੍ਰਕਾਸ਼ ਸਿੰਘ ਬਾਦਲ ਹੀ ਫਿਰ ਮੁੱਖ ਮੰਤਰੀ ਹਨ। ਕੇਂਦਰ ਵਿਚ ਵੀ ਜਨਸੰਘ ਦੇ ਹੀ ਨਵੇਂ ਰੂਪ ਵਾਲੀ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਹੈ ਅਤੇ ਇਸ ਸਰਕਾਰ ਵਿਚ ਸ਼੍ਰੋਮਣੀ ਅਕਾਲੀ ਦਲ ਵੀ ਉਸੇ ਤਰ੍ਹਾਂ ਹੀ ਭਾਈਵਾਲ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਇਸ ਵਿਚ ਕੈਬਨਿਟ ਵਜ਼ੀਰ ਹੈ।

1978 ਵਿਚ ਨਿਰੰਕਾਰੀਆਂ ਵਿਰੁਧ ਹੁਕਮਨਾਮਨਾ ਜਾਰੀ ਕਰਨ ਵਾਂਗ ਹੀ ਸ੍ਰੀ ਅਕਾਲ ਤਖਤ ਸਾਹਿਬ ਨੇ ਡੇਰਾ ਸੱਚਾ ਸੌਦਾ ਵਿਰੁਧ ਵੀ ਹੁਕਮਨਾਮਾ ਜਾਰੀ ਕਰ ਕੇ ਸਿੱਖਾਂ ਨੂੰ ਇਸ ਦਾ ਬਾਈਕਾਟ ਕਰਨ ਅਤੇ ਪੰਜਾਬ ਵਿਚ ਇਸ ਵੱਲੋਂ ਕੀਤੀ ਜਾਣ ਵਾਲੀ ਨਾਮ ਚਰਚਾ ਸਮਾਗਮ ਨਾ ਕਰਨ ਦੇਣ ਦੇ ਆਦੇਸ਼ ਦਿੱਤੇ ਗਏ ਹਨ, ਪਰ ਬਾਦਲ ਪਰਿਵਾਰ ਨੇ 2009 ਦੀ ਲੋਕ ਸਭਾ ਚੋਣ ਮੌਕੇ ਇਸ ਡੇਰੇ ਨਾਲ ਅੰਦਰਖਾਤੇ ਰਾਬਤਾ ਸਾਧ ਲਿਆ ਸੀ ਜਦੋਂ ਹਰਸਿਮਰਤ ਕੌਰ ਬਾਦਲ ਪਹਿਲੀ ਵਾਰੀ ਬਠਿੰਡਾ ਹਲਕੇ ਤੋਂ ਲੋਕ ਸਭਾ ਚੋਣ ਲੜ ਰਹੀ ਸੀ। ਮਾਲਵੇ ਵਿਚ ਬਠਿੰਡਾ ਹੀ ਇਸ ਡੇਰੇ ਦਾ ਸਭ ਤੋਂ ਵੱਧ ਪ੍ਰਭਾਵ ਵਾਲਾ ਇਲਾਕਾ ਮੰਨਿਆ ਜਾਂਦਾ ਹੈ।

ਹੁਣੇ ਹੁਣੇ ਹੋ ਕੇ ਹਟੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਈ ਅਕਾਲੀ ਉਮੀਦਵਾਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰ ਕੇ ਡੇਰਾ ਸੱਚਾ ਸੌਦਾ ਤੋਂ ਹਿਮਾਇਤ ਲੈਣ ਡੇਰੇ ਦੀ ਸ਼ਰਨ ਵਿਚ ਗਏ। ਡੇਰੇ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਹਮਾਇਤ ਦਾ ਐਲਾਨ ਬਠਿੰਡਾ ਵਿਖੇ ਹੋਏ ਸਮਾਗਮ ਦੌਰਾਨ ਕੀਤਾ ਗਿਆ ਜਿਸ ਵਿਚ ਸਿਕੰਦਰ ਸਿੰਘ ਮਲੂਕਾ ਅਤੇ ਜਨਮੇਜਾ ਸਿੰਘ ਸੇਖੋਂ ਸਮੇਤ ਤਕਰੀਬਨ ਇਕ ਦਰਜਨ ਅਕਾਲੀ ਉਮੀਦਵਾਰ ਮੌਜੂਦ ਸਨ। ਇਨ੍ਹਾਂ ਅਕਾਲੀ ਆਗੂਆਂ ਨੇ ਡੇਰਾ ਪੈਰੋਕਾਰਾਂ ਨੂੰ ਪੰਜਾਬ ਵਿਚ ਉਨ੍ਹਾਂ ਦੇ ਨਾਮ ਚਰਚਾ ਸਮਾਗਮ ਕਰਾਉਣ ਦਾ ਭਰੋਸਾ ਵੀ ਦਿਵਾਇਆ।

ਪ੍ਰਕਾਸ਼ ਸਿੰਘ ਬਾਦਲ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਇਹ ਕਹਿੰਦੇ ਆ ਰਹੇ ਹਨ ਅਤੇ ਇਸ ਚੋਣ ਵਿਚ ਵੀ ਉਨ੍ਹਾਂ ਨੇ ਵਾਰ ਵਾਰ ਇਹ ਕਿਹਾ ਕਿ ਕਾਂਗਰਸ ਨੇ ਹੀ ਪੰਜਾਬ ਵਿਚ ਅਤਿਵਾਦ ਪੈਦਾ ਕੀਤਾ ਸੀ, ਪਰ ਹੁਣ ਵਾਂਗ 1978 ਵਿਚ ਅਤਿਵਾਦ ਸ਼ੁਰੂ ਹੋਣ ਵੇਲੇ ਵੀ ਕਾਂਗਰਸ ਦਾ ਰਾਜਨੀਤਕ ਦ੍ਰਿਸ਼ ਉਤੇ ਕਿਧਰੇ ਨਾਮ ਨਿਸ਼ਾਨ ਹੀ ਨਹੀਂ ਸੀ। ਹਾਂ, ਇਹ ਠੀਕ ਹੋ ਸਕਦਾ ਹੈ ਕਿ 1980 ਵਿਚ ਮੁੜ ਕੇਂਦਰ ਅਤੇ ਪੰਜਾਬ ਦੀ ਸੱਤਾ ਉਤੇ ਕਾਬਜ਼ ਹੋਣ ਤੋਂ ਬਾਅਦ ਕਾਂਗਰਸ ਨੇ ਕੁਝ ਅਜਿਹੀਆਂ ਸਾਜ਼ਿਸ਼ਾਂ ਰਚੀਆਂ ਹੋਣ ਜਿਨ੍ਹਾਂ ਨਾਲ ਅਤਿਵਾਦ ਨੂੰ ਸ਼ਹਿ ਮਿਲੀ ਹੋਵੇ, ਪਰ ਇਸ ਦੌਰ ਵਿਚ ਕਿਸ ਨੂੰ ਕਿਸੇ ਨੇ ਕਿੰਨਾ ਵਰਤਿਆ ਇਹ ਵੱਖਰੀ ਕਹਾਣੀ ਹੈ।

ਇਸ ਵੇਲੇ ਸਾਡੇ ਲਈ ਚਿੰਤਾ ਦਾ ਵਿਸ਼ਾ ਇਹ ਹੈ ਕਿ ਪੰਜਾਬ ਵਿਚ ਮੁੜ ਉਹੋ ਜਿਹੀਆਂ ਹੀ ਘਟਨਾਵਾਂ ਵਾਪਰਨੀਆਂ ਸ਼ੁਰੂ ਹੋ ਗਈਆਂ ਹਨ ਜਿਹੜੀਆਂ ਅਤਿਵਾਦ ਦੇ ਸ਼ੁਰੂਆਤੀ ਦੌਰ ਵਿਚ ਵਾਪਰਦੀਆਂ ਸਨ। ਕੇਂਦਰ ਅਤੇ ਪੰਜਾਬ ਵਿਚ ਉਹੀ ਪਾਰਟੀਆਂ ਰਾਜ ਕਰ ਰਹੀਆਂ ਹਨ ਅਤੇ ਹਿੰਸਕ ਘਟਨਾਵਾਂ ਵੀ ਉਸੇ ਹੀ ਤਰੀਕੇ ਨਾਲ ਵਾਪਰ ਰਹੀਆਂ ਹਨ। ਸਿੱਖਾਂ ਅਤੇ ਡੇਰਾ ਪ੍ਰੇਮੀਆਂ ਵਿਚ ਤਣਾਅ ਵੀ ਉਸੇ ਪੱਧਰ ਦਾ ਹੈ ਜਿਹੜਾ ਨਿਰੰਕਾਰੀਆਂ ਨਾਲ ਟਕਰਾਅ ਵੇਲੇ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਨ੍ਹਾਂ ਦੋਹਾਂ ਦੌਰਾਂ ਵਿਚ ਸਾਂਝੀ ਕੜੀ ਹੈ। ਇਹ ਇਤਫ਼ਾਕ ਵੀ ਹੋ ਸਕਦਾ ਹੈ, ਪਰ ਜੋ ਕੁਝ ਵਾਪਰ ਰਿਹਾ ਹੈ, ਉਸ ਤੋਂ ਇਹ ਅੰਦੇਸ਼ਾ ਪੈਦਾ ਹੋਣਾ ਸੁਭਾਵਿਕ ਹੈ ਕਿ ਅਤੀਤ ਆਪਣੇ ਆਪ ਨੂੰ ਦੁਹਰਾਉਣ ਦੇ ਰਾਹ ਤਾਂ ਨਹੀਂ ਤੁਰ ਪਿਆ। ਜੇ ਬੀਤੇ ਤੋਂ ਕੋਈ ਸਬਕ ਨਾ ਸਿੱਖਿਆ ਗਿਆ ਤਾਂ ਪੰਜਾਬ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਵਾਪਰ ਰਹੀਆਂ ਹਿੰਸਕ ਘਟਨਾਵਾਂ ਸੂਬੇ ਨੂੰ ਮੁੜ ਅਤਿਵਾਦ ਵੱਲ ਧਕੇਲ ਸਕਦੀਆਂ ਹਨ।

# ਪੰਜਾਬੀ ਵਿਚ ਸਮੋਅ ਜਾਣ ਵਾਲੀ ਬੋਲੀ ਸਰਾਇਕੀ

ਮੁਨੀਜਾ ਬਲੋਚ

ਦੁਨੀਆ ਵਿਚ ਵੱਖ ਵੱਖ ਬੋਲੀ ਬੋਲਣ ਵਾਲੇ ਲੋਕ ਰਹਿੰਦੇ ਹਨ। ਬੋਲੀ ਅਜਿਹੇ ਸ਼ਬਦਾਂ ਦਾ ਸੰਗ੍ਰਹਿ ਹੁੰਦਾ ਹੈ ਜੋ ਹਰ ਖਿੱਤੇ ਅਤੇ ਕਬੀਲੇ ਦਾ ਆਪਣਾ ਹੁੰਦਾ ਹੈ, ਜਿਸ ਰਾਹੀਂ ਉਸ ਖਿੱਤੇ ਵਿਚ ਰਹਿੰਦੇ ਮਨੁੱਖ ਆਪੋ-ਆਪਣੀ ਭਾਸ਼ਾ ਨਾਲ ਇਕ ਦੂਸਰੇ ਤੱਕ ਪਹੁੰਚਦੇ ਹਨ। ਪੰਜਾਬ ਅਜਿਹਾ ਸੂਬਾ ਹੈ ਜਿਸ ਵਿਚ ਵੱਖ ਵੱਖ ਬੋਲੀ ਬੋਲਣ ਵਾਲੇ ਲੋਕ ਰਹਿੰਦੇ ਹਨ। ਇਸ ਦੀ ਆਪਣੀ ਬੋਲੀ ਵੀ ਕਈ ਬੋਲੀਆਂ ਦਾ ਮਿਸ਼ਰਣ ਹੈ ਜਿਨ੍ਹਾਂ ਵਿਚ ਸਰਾਇਕੀ ਜ਼ੁਬਾਨ ਵੀ ਇਕ ਹੈ। ਸਰਾਇਕੀ ਵੀ ਦੂਸਰੀਆਂ ਭਾਸ਼ਾਵਾਂ ਦੀ ਤਰ੍ਹਾਂ ਪਾਕਿਸਤਾਨੀ ਪੰਜਾਬ ਅਤੇ ਹੋਰ ਸੂਬਿਆਂ ਵਿਚ ਬੋਲੀ ਜਾਣ ਵਾਲੀ ਭਾਸ਼ਾ ਹੈ। ਇਹ ਸਿੰਧੂ ਘਾਟੀ ਦੀ ਸਭਿਅਤਾ ਸਮੇਂ ਦੀ ਬੋਲੀ ਨੂੰ ਕੁਝ ਹੱਦ ਤੱਕ ਦਰਸਾਉਂਦੀ ਹੈ।

ਪਾਕਿਸਤਾਨੀ ਲਿਖਾਰੀ ਇਆਜ਼-ਉਲ ਹੱਕ ਕਾਦੂਸੀ ਜਿਸ ਨੇ 1985 ਵਿਚ ਆਪਣੀ ਪੁਸਤਕ 'ਤਾਰੀਖ-ਏ-ਸਿੰਧ' ਵਿਚ ਦਰਸਾਏ ਸਰੋਤਾਂ ਦੇ ਹਵਾਲੇ ਨਾਲ ਲਿਖਿਆ ਕਿ ਸਰਾਇਕੀ ਪ੍ਰਾਚੀਨ ਭਾਸ਼ਾ ਹੈ। ਅਸੀਂ ਭਾਵੇਂ ਇਸ ਦੇ ਪ੍ਰਾਚੀਨ ਸਮੇਂ ਦੇ ਨਾਮ ਨੂੰ ਸਹੀ ਰੂਪ ਵਿਚ ਨਹੀਂ ਜਾਣਦੇ, ਪਰ ਆਰੀਅਨਾਂ ਦੇ ਆਉਣ ਨਾਲ ਇਸ ਨੂੰ ਵੱਖਰੇ ਨਾਮ 'ਸ਼ੀਨ ਡਬ', 'ਵਰਚਡਾ' ਅਤੇ 'ਅਧ ਨਾਗਰੀ' ਦੇ ਨਾਵਾਂ ਨਾਲ ਜਾਣਿਆ ਜਾਣ ਲੱਗਾ। ਸਯਦ ਸੁਲੇਮਾਨ ਨਦਵੀ ਆਪਣੇ ਪੇਪਰ ਵਿਚ ਲਿਖਦਾ ਹੈ ਕਿ ਪਹਿਲੀਆਂ ਦੋ ਭਾਸ਼ਾਵਾਂ ਅਰਬੀ ਅਤੇ ਫਾਰਸੀ ਦੇ ਸੁਮੇਲ ਵਾਲੀਆਂ ਸਨ। ਸਿੰਧੀ, ਮੁਲਤਾਨੀ ਪੰਜਾਬੀ ਅਤੇ ਦਹਿਲਵੀ ਬਾਅਦ ਵਿਚ ਆਈਆਂ ਹਨ। ਇਸੇ ਕਰ ਕੇ ਇਨ੍ਹਾਂ ਦਾ ਸੁਮੇਲ ਪੰਜਾਬੀ ਵਿਚ ਮਿਲਦਾ ਹੈ। ਅਹਿਸਾਨ ਵਾਗਡਦਾ ਨੇ 1990 ਵਿਚ ਆਪਣੀ ਕਿਤਾਬ 'ਦਿ ਸਰਾਇਕੀ ਲੈਂਗੂਏਜ ਐਂਡ ਇਟਸ ਗਰੋਥ' ਵਿਚ ਲਿਖਿਆ ਹੈ ਕਿ ਸਿੰਧੀਆ ਨੇ ਸਰਾਇਕੀ ਭਾਸ਼ਾ ਨੂੰ ਮਸ਼ਹੂਰ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਸਰਾਇਕੀ ਭਾਸ਼ਾ ਦੇ ਕੁਝ ਸ਼ਬਦ ਅਰਬੀ ਅਤੇ ਫਾਰਸੀ ਤੋਂ ਉਧਾਰੇ ਲਏ ਗਏ ਹਨ।



ਸੌਕਤ ਮੁਗਲ ਨੇ ਆਪਣੀ ਪੁਸਤਕ 'ਆਉ ਸਰਾਇਕੀ ਪੜ੍ਹੋ ਤੇ ਸਰਾਇਕੀ ਲਿਖੋ' ਵਿਚ ਲਿਖਿਆ ਹੈ ਕਿ ਪੁਰਾਤਨ ਕਿਤਾਬਾਂ ਵਿਚ ਜ਼ਿਆਦਾਤਰ ਲਿਖਾਰੀਆਂ ਨੇ ਸਰਾਇਕੀ ਨੂੰ ਅਲੱਗ-ਅਲੱਗ ਨਾਮ ਦਿੱਤੇ ਹਨ। ਉਹ ਅਗਾਂਹ ਲਿਖਦਾ ਸਾਨੂੰ ਦੱਸਦਾ ਹੈ ਕਿ 'ਸਰਾਇਕੀ' ਨਾਮ ਸ਼ਬਦ 'ਸਾਰਾਸੀਨ' ਤੋਂ ਮਿਲਿਆ ਹੈ ਜੋ ਅਰਬਾਂ ਦੁਆਰਾ ਹੱਦਾਂ ਦੇ ਰਹਿਣ ਵਾਲੇ ਕਬੀਲੇ 'ਅਬਾਦਾਨ' ਲਈ ਵਰਤਿਆ ਜਾਂਦਾ ਸੀ। ਉਥੇ ਇਕ ਜ਼ਿਲ੍ਹਾ ਸੀ ਜਿਸ ਦਾ ਨਾਮ 'ਸਾਰਾਦੀਨ' ਸੀ।

ਹਕੀਮ ਇਲਾਹੀ ਬਖਸ਼ ਸਰਾਇ ਦੇ ਅਨੁਸਾਰ ਸਰਾਇਕੀ ਦੇ ਜ਼ਿਆਦਾ ਲੋਕ ਸਿਰਾ ਵਿਚ ਆ ਕੇ ਰਹਿਣ ਲੱਗੇ। ਸਿਰਾ ਜੋ ਭੱਖਰ ਅਤੇ ਮੁਲਤਾਨ ਦੇ ਵਿਚਕਾਰ ਦਾ ਹਿੱਸਾ ਹੈ। ਇਸ ਕਰ ਕੇ ਇਸ ਨੂੰ ਸਰਾਏ ਵੀ ਕਹਿੰਦੇ ਹਨ। ਇਸ ਸਰਾਈ ਇਲਾਕੇ ਦੀ ਮਾਂ-ਬੋਲੀ ਸਰਾਇਕੀ ਹੈ ਹੁਣ ਵੀ ਹਜ਼ਾਰਾਂ ਪਰਿਵਾਰ ਸਰਾਇ ਤੇ ਮੁਲਤਾਨ ਵਿਚ ਰਹਿੰਦੇ ਹਨ। ਇਸ ਕਰ ਕੇ ਮੁਲਤਾਨੀ ਭਾਸ਼ਾ ਨੂੰ ਵੀ ਸਰਾਇਕੀ ਬੋਲੀ ਦਾ ਨਾਮ ਦਿੱਤਾ ਜਾ ਸਕਦਾ ਹੈ।

ਸਰਾਇਕੀ ਜ਼ੁਬਾਨ ਨੂੰ ਸ਼ਾਹਮੁਖੀ ਲਿਪੀ ਵਿਚ ਹੀ ਲਿਖਿਆ ਜਾਦਾ ਹੈ। ਸਰਾਇਕੀ ਨੂੰ ਤਿੰਨ ਕਿਸਮ ਦੀ ਤਹਿਰੀਰਾਂ ਵਿਚ ਲਿਖਿਆ ਜਾਂਦਾ ਹੈ। ਦੇਵਨਾਗਰੀ ਅਤੇ ਗੁਰਮੁਖੀ ਲਿਪੀ ਨੂੰ ਖੱਬੇ ਤੋਂ ਸੱਜੇ ਪਾਸੇ ਵੱਲ ਨੂੰ ਲਿਖਿਆ ਜਾਂਦਾ ਹੈ। ਸਿੱਖ ਅਤੇ ਹਿੰਦੂ ਸਰਾਇਕੀ ਲਈ ਦੇਵਨਾਗਰੀ ਅਤੇ ਗੁਰਮੁਖੀ ਲਿੱਪੀ ਨੂੰ ਵੀ ਵਰਤੋਂ ਵਿਚ ਲਿਆਉਂਦੇ ਸਨ, ਪਰ ਮੁਸਲਿਮ ਲੋਕ ਇਸ ਨੂੰ ਲਿਖਣ ਲਈ ਸ਼ਾਹਮੁਖੀ ਲਿੱਪੀ ਦੀ ਵਰਤੋ ਕਰਦੇ ਹਨ। ਗੁਰਮੁਖੀ ਅਤੇ ਦੇਵਨਾਗਰੀ ਲਿੱਪੀ ਭਾਵੇਂ ਅੱਜ ਕੱਲ੍ਹ ਪਾਕਿਸਤਾਨ ਵਿਚ ਨਹੀਂ ਵਰਤੀ ਜਾਂਦੀ, ਪਰ ਭਾਰਤ ਵਿਚ ਜਿਹੜੇ ਲੋਕ ਇਨ੍ਹਾਂ ਇਲਾਕਿਆਂ ਤੋਂ ਹਿਜਰਤ ਕਰ ਕੇ ਗਏ ਸਨ, ਉਹ ਹੁਣ ਵੀ ਸਰਾਇਕੀ ਲਈ ਦੇਵਨਾਗਰੀ ਲਿਪੀ ਨੂੰ ਇਸਤੇਮਾਲ ਵਿਚ ਲਿਆਉਂਦੇ ਹਨ। ਭਾਰਤ ਵਿਚ ਸਰਾਇਕੀ ਲਈ 1948 ਵਿਚ ਨਵਾਂ ਰੂਪ ਭਾਰਤੀ ਹਕੂਮਤ ਦੀ ਤਰਫ ਤੋਂ ਜਾਣੂ ਕਰਵਾਇਆ ਗਿਆ ਸੀ, ਪਰ ਇਸ ਨੂੰ ਅਹਿਮੀਅਤ ਨਹੀਂ ਮਿਲੀ। ਸਰਾਇਕੀ ਹੁਣ ਵੀ ਭਾਰਤ ਦੇ ਅਲੱਗ ਅਲੱਗ ਇਲਾਕਿਆਂ ਜਿਵੇਂ ਕਰਨਾਲ, ਫਰੀਦਾਬਾਦ, ਅਲਵਰ, ਰਿਵਾੜੀ, ਸਿਰਸਾ, ਫਤਿਆਬਾਦ, ਹਿਸਾਰ, ਪਾਣੀਪਤ, ਹਨੂੰਮਾਨਗੜ੍ਹ ਅਤੇ ਦਿੱਲੀ ਦੇ ਕੁਝ ਇਲਾਕਿਆਂ ਵਿਚ ਬੋਲੀ ਜਾਂਦੀ ਹੈ। ਉਂਜ, ਸਰਾਇਕੀ ਬੋਲੀ ਬੋਲਣ ਵਾਲਿਆ ਵਿਚੋ ਲਗਭਗ 99 ਫੀਸਦ ਗਿਣਤੀ ਮੁਸਲਿਮ ਲੋਕਾਂ ਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਿਥੇ ਇਸ ਭਾਸ਼ਾ ਦਾ ਜਨਮ ਹੋਇਆ, ਉਹ ਇਲਾਕਾ ਅੱਜ ਕੱਲ੍ਹ ਪਾਕਿਸਤਾਨ ਵਿਚ ਹੈ ਅਤੇ ਪ੍ਰਾਚੀਨ ਅਤੇ ਮੱਧ ਕਾਲ ਤੋਂ ਹੀ ਉਥੇ ਸੂਫੀਆਂ ਅਤੇ ਮੁਸਲਿਮ ਬੁੱਧੀਜੀਵੀਆਂ ਦੀ ਆਮਦ ਰਹੀ ਹੈ।

ਸਰਾਇਕੀ ਬੋਲਣ ਵਾਲਿਆਂ ਦੀ ਮੌਜੂਦਾ ਗਿਣਤੀ ਦੋ ਕਰੋੜ ਮੰਨੀ ਜਾਂਦੀ ਹੈ। ਸਰਾਇਕੀ ਬੋਲਣ ਵਾਲੇ ਇਲਾਕਿਆਂ ਨੂੰ ਸੂਫੀ ਲੋਕਾਂ ਦੀ ਧਰਤੀ ਕਿਹਾ ਜਾਂਦਾ ਹੈ। ਇਨ੍ਹਾਂ ਇਸੇ ਧਰਤੀ 'ਤੇ ਹਜ਼ਰਤ ਬਹਾਊਦੀਨ ਜ਼ਕਰੀਆ ਅਤੇ ਹਜ਼ਰਤ ਰੁਕਨੇ ਆਲਮ ਦੀ ਮਜ਼ਾਰ ਹੈ। ਸਮਰਾਟ ਅਸ਼ੋਕ ਦੇ ਜ਼ਮਾਨੇ ਵਿਚ ਸਰਾਇਕੀ ਇਲਾਕਿਆਂ ਵਿਚ ਬੁੱਧ ਮਤ ਦਾ ਬਹੁਤ ਅਸਰ ਵਧਿਆ। ਉਂਜ ਬ੍ਰਾਹਮਣ ਖਾਨਦਾਨ ਨੇ ਇਥੇ 81 ਸਾਲ ਹੁਕਮਰਾਨੀ ਕੀਤੀ। ਉਸ ਤੋਂ ਬਾਅਦ ਮੁਹੰਮਦ ਬਿਨ ਕਾਸਿਮ ਸਿੰਧ ਤੋਂ ਆਇਆ। ਫਿਰ ਇਸ ਇਲਾਕੇ ਦਾ ਇਤਿਹਾਸ ਬਿਲਕੁਲ ਬਦਲ ਕੇ ਰੱਖ ਦਿੱਤਾ। 'ਫਤਿਹ ਨਾਮਾ ਸਿੰਧ' (1963) ਦੇ ਲਿਖਾਰੀ ਅਨੁਸਾਰ ਮੁਹੰਮਦ ਬਿਨ ਕਾਸਿਮ ਨੇ ਰਾਜਾ ਦਾਹਰ ਨੂੰ ਕਤਲ ਕਰ ਕੇ ਪੂਰੇ ਸਿੰਧ ਨੂੰ ਫਤਿਹ ਕਰ ਲਿਆ ਅਤੇ ਸਿੰਧ ਦੇ ਇਤਿਹਾਸ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ। ਸਿੰਧ ਦੇ ਖੇਤਰ ਨੂੰ ਵਧਾ ਕੇ ਮੁਲਤਾਨ ਤੱਕ ਫੈਲਾ ਦਿੱਤਾ। ਅਜੋਕੇ ਪਾਕਿਸਤਾਨ ਵਿਚ ਅਲੱਗ ਅਲੱਗ ਕਬੀਲੇ ਹਨ ਜਿਨ੍ਹਾਂ ਵਿਚੋਂ 83-84 ਸਰਾਇਕੀ ਹਨ। ਪਾਕਿਸਤਾਨ ਦੀ ਤਰ੍ਹਾਂ ਅਜੋਕੇ ਭਾਰਤੀ ਖੇਤਰ ਵਿਚ ਮਰਦਮਸ਼ੁਮਾਰੀ ਦੇ ਅਨੁਸਾਰ 70-80 ਹਜ਼ਾਰ ਦੇ ਕਰੀਬ ਲੋਕ ਹਨ ਜਿਹੜੇ ਸਰਾਇਕੀ ਜ਼ੁਬਾਨ ਬੋਲਦੇ ਹਨ।

# ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ

**ਗੁਰਮਤਿ ਵਿਚਾਰ**

ਡਾ. ਗੁਰਨਾਮ ਕੌਰ, ਕੈਨੇਡਾ

ਮਨੁੱਖੀ ਹੋਂਦ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਇੱਕ ਗੱਲ ਸਪਸ਼ਟ ਹੁੰਦੀ ਹੈ ਕਿ ਜਦੋਂ ਤੋਂ ਮਨੁੱਖ ਨੇ ਚੇਤਨਾ ਗ੍ਰਹਿਣ ਕੀਤੀ ਹੈ, ਉਦੋਂ ਤੋਂ ਹੀ ਉਹ ਜੀਵਨ ਅਤੇ ਹੋਂਦ ਦੇ ਅਰਥ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਿਉਂ ਹੀ ਮਨੁੱਖ ਵਿਚ ਸਵੈ-ਚੇਤਨਾ ਜਾਗੀ, ਉਦੋਂ ਤੋਂ ਹੀ ਦੋ ਪ੍ਰਸ਼ਨ ਉਸ ਦੇ ਮਨ ਮਸਤਕ ਵਿਚ ਪੈਦਾ ਹੋਏ। ਜ਼ਿੰਦਗੀ ਦਾ ਅਰਥ ਕੀ ਹੈ? ਆਲੇ-ਦੁਆਲੇ ਪਸਰੇ ਬ੍ਰਹਿਮੰਡ ਦਾ ਸੁਭਾਅ ਕੀ ਹੈ? ਇਹ ਨਹੀਂ ਕਹਿ ਸਕਦੇ ਕਿ ਉਹ ਕਦੋਂ ਤੱਕ ਵੱਖ ਵੱਖ ਦਿਸ਼ਾਵਾਂ ਵਿਚ ਇਨ੍ਹਾਂ ਪ੍ਰਸ਼ਨਾਂ ਨਾਲ ਦਿਮਾਗੀ ਤੌਰ 'ਤੇ ਜੂਝਦਾ ਰਿਹਾ ਪਰ ਇਕ ਅਵਸਥਾ ਆਈ ਜਦੋਂ ਉਸ ਦੀ ਸੋਚ ਨੇ ਇਕ ਖਾਸ ਦਿਸ਼ਾ ਫੜ੍ਹ ਲਈ ਅਤੇ ਉਸ ਨੇ ਵਿਚਾਰ ਤੇ ਚਿੰਤਨ ਦੇ ਰਾਹ 'ਤੇ ਚੱਲਣਾ ਸ਼ੁਰੂ ਕਰ ਦਿੱਤਾ ਜੋ ਨਿਯਮਬੱਧ ਚਿੰਤਨ ਦਾ ਅਰੰਭ ਸੀ।

ਧਰਮ ਨੇ ਮਨੁੱਖ ਦੇ ਜੀਵਨ ਨੂੰ ਅਰਥ ਦੇਣ ਦੀ ਕੋਸ਼ਿਸ਼ ਕੀਤੀ ਅਤੇ ਬ੍ਰਹਿਮੰਡ ਦਾ ਸੁਭਾਅ ਸਮਝਾਉਣ ਤੇ ਉਸ ਨਾਲ ਮਨੁੱਖ ਦਾ ਰਿਸ਼ਤਾ ਕਾਇਮ ਕਰਨ ਦਾ ਉਪਰਾਲਾ ਕੀਤਾ। ਧਰਮ ਨੂੰ ਦਰਸ਼ਨ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ, ਖਾਸ ਕਰਕੇ ਅੱਜ ਦੇ ਯੁੱਗ ਵਿਚ, ਜਦੋਂ ਧਰਮ ਪ੍ਰਤੀ ਵੱਖ ਵੱਖ ਅਕਾਂਖਿਆਵਾਂ ਪੈਦਾ ਹੋ ਰਹੀਆਂ ਹਨ। ਇਨ੍ਹਾਂ ਪੁੱਛਾਂ ਦਾ ਉਤਰ ਤਰਕ ਅਤੇ ਤਰਕ-ਸ਼ਾਸਤਰ ਰਾਹੀਂ ਹੀ ਲੱਭਿਆ ਜਾ ਸਕਦਾ ਹੈ।

ਭਾਰਤ ਵਿਚ ਧਰਮ ਅਤੇ ਦਰਸ਼ਨ ਇੱਕ ਦੂਜੇ ਨਾਲ ਓਤ-ਪੋਤ ਰਹੇ ਹਨ, ਵੱਖ ਵੱਖ ਨਹੀਂ। ਦੋ ਕਿਸਮ ਦੀ ਵਿਚਾਰਧਾਰਾ ਪ੍ਰਚਲਿਤ ਸੀ-ਆਸਤਿਕ ਅਤੇ ਨਾਸਤਿਕ। ਆਸਤਿਕ ਤੋਂ ਭਾਵ ਉਹ ਵਿਚਾਰਧਾਰਾ ਸੀ ਜਿਸ ਦੀ ਵੇਦਾਂ ਵਿਚ ਆਸਥਾ ਸੀ ਅਤੇ ਵੇਦਾਂ ਨੂੰ ਸ਼ਬਦ-ਪ੍ਰਮਾਣ ਮੰਨਦੀ ਸੀ, ਵੇਦਾਂ ਨੂੰ ਅੰਤਿਮ ਪ੍ਰਭੁਤਾ ਮੰਨਦੀ ਸੀ। ਇਸ ਵਿਚਾਰਧਾਰਾ ਵਿਚ ਛੇ ਦਰਸ਼ਨ ਪ੍ਰਚਲਿਤ ਹੋਏ, ਜਿਨ੍ਹਾਂ ਨੂੰ ਵੈਦਿਕ ਦਰਸ਼ਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਕਿਉਂਕਿ ਇਨ੍ਹਾਂ ਲਈ ਵੇਦ ਅੰਤਿਮ ਸਤਿ ਹਨ। ਜੋ ਦਰਸ਼ਨ ਵੇਦਾਂ ਨੂੰ ਸ਼ਬਦ-ਪ੍ਰਮਾਣ ਅਰਥਾਤ ਅੰਤਮ ਸਤਿ ਨਹੀਂ ਮੰਨਦੇ, ਉਨ੍ਹਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ, ਜਿਨ੍ਹਾਂ ਵਿਚ ਚਾਰਵਾਕ, ਬੁੱਧ ਦਰਸ਼ਨ ਅਤੇ ਜੈਨ ਮਤਿ ਸ਼ਾਮਲ ਹਨ। ਇਸ ਕਸਵੱਟੀ ਅਨੁਸਾਰ ਕਿਸੇ ਦਰਸ਼ਨ ਦਾ ਆਸਤਿਕ ਜਾਂ ਨਾਸਤਿਕ ਹੋਣਾ ਪ੍ਰਭੂ ਵਿਚ ਯਕੀਨ ਹੋਣ ਜਾਂ ਨਾ ਹੋਣ 'ਤੇ ਆਧਾਰਤ ਨਾ ਹੋ ਕੇ ਵੇਦਾਂ ਨੂੰ ਪ੍ਰਮਾਣ ਪ੍ਰਵਾਨ ਜਾਂ ਅਪ੍ਰਵਾਨ ਕਰਨ ਨਾਲ ਸਬੰਧਤ ਹੈ। ਫਿਲਾਸਫੀ ਨੂੰ ਭਾਰਤ ਵਿਚ ਦਰਸ਼ਨ ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ-ਦੇਖਣਾ; ਗਿਆਨ ਇੰਦ੍ਰਿਆਂ ਰਾਹੀਂ ਗ੍ਰਹਿਣ ਕਰਨਾ, ਸਮਝਣਾ, ਬੁੱਧੀ। 'ਧਰਮ' ਸ਼ਬਦ ਜਿਸ ਦੀ ਵਰਤੋਂ, ਰਿਗ ਵੇਦ ਤੋਂ ਵੀ ਪਹਿਲਾਂ ਹੋਈ ਮੰਨੀ ਜਾਂਦੀ ਹੈ, ਦਾ ਅਰਥ ਹੈ-ਸਥਾਪਤ, ਪੱਕਾ, ਸਥਿਰ, ਆਦੇਸ਼ਤ ਵਰਤਾਉ, ਨਿਯਮ, ਫਰਜ਼, ਸਹੀ, ਗੁਣ। ਨੈਤਿਕਤਾ ਤੇ ਧਰਮ-ਦਰਸ਼ਨ ਦਾ ਭਾਵ ਹੈ, ਫਰਜ਼ ਦਾ ਗਿਆਨ। ਭਾਰਤ ਵਿਚ ਧਰਮ ਅਤੇ ਦਰਸ਼ਨ ਵੱਖ-ਵੱਖ ਨਾ ਮੰਨੇ ਜਾਂਦੇ ਰਹੇ ਹੋਣ ਕਾਰਨ ਹੀ ਉਪਰੋਕਤ ਦੋ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਨਾ ਕੇਵਲ ਦਾਰਸ਼ਨਿਕ ਹੀ ਸਨ ਸਗੋਂ ਧਾਰਮਿਕ ਵੀ ਸਨ। ਭਾਰਤੀ ਪਰੰਪਰਾ ਅਨੁਸਾਰ ਧਰਮ ਚਿੰਤਨ-ਪੱਧਤੀ ਰਿਹਾ ਹੈ।

ਗੁਰਮਤਿ ਦਰਸ਼ਨ ਭਾਰਤੀ ਧਰਮ-ਦਰਸ਼ਨਾਂ ਦੇ ਪ੍ਰਸੰਗ ਵਿਚ ਲਗਭਗ ਅੰਤਲੀ ਦੇਣ ਹੈ। ਇਸੇ ਪ੍ਰਸੰਗ ਵਿਚ ਇਸ ਨੂੰ ਭਾਰਤੀ ਦਰਸ਼ਨਾਂ ਦਾ ਸਿਖਰ ਮੰਨਣ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ; ਪਰ ਇਸ ਨੂੰ ਜਿਵੇਂ ਸਿਰਦਾਰ ਕਪੂਰ ਸਿੰਘ ਨੇ ਕਿਹਾ ਹੈ, "ਸਿੱਖ ਮੱਤ ਦੀ ਵਿਚਾਰਧਾਰਾ, ਇਸ ਦੇ ਸਿਧਾਂਤ ਅਤੇ ਇਸ ਦਾ ਵਿਕਾਸ, ਆਰੀਆਈ ਆਤਮਾ ਦਾ ਅੰਤਿਮ ਫਲ ਤੇ ਰਸ ਹਨ", ਕਹਿਣਾ ਗੁਰਮਤਿ ਅਨੁਸਾਰੀ ਨਹੀਂ ਜਾਪਦਾ ਕਿਉਂਕਿ ਗੁਰਮਤਿ ਦਰਸ਼ਨ ਕਿਸੇ ਨਸਲੀ ਵਿਤਕਰੇ ਜਾਂ ਵੰਡ ਨੂੰ ਨਹੀਂ ਮੰਨਦਾ। ਇਸ ਦਾ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਦਾ ਸ਼ਾਮਲ ਕੀਤੇ ਜਾਣਾ ਹੈ ਜੋ ਆਰੀਆਂ ਵੱਲੋਂ 'ਦਾਸੂ' ਕਰਕੇ ਜਾਣੀ ਜਾਂਦੀ ਨਸਲੀ ਵੰਡ ਵਿਚ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਗਵਾਹੀ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ-ਦਰਸ਼ਨ ਅਜਿਹੀ ਕਿਸੇ ਵੰਡ ਦਾ ਮੁੱਦਈ ਨਹੀਂ ਹੈ।

ਸਿੱਖ ਧਰਮ ਇੱਕ ਇਲਹਾਮੀ ਧਰਮ ਹੈ ਜਿਸ ਦਾ ਪ੍ਰਕਾਸ਼ਨ ਗੁਰੂ ਨਾਨਕ ਦੇਵ ਦੇ 1499 'ਚ 'ਵੇਈਂ ਨਦੀ ਪ੍ਰਵੇਸ਼' ਤੋਂ ਹੋਇਆ ਮੰਨਿਆ ਜਾਂਦਾ ਹੈ। ਸਿੱਖ ਧਰਮ-ਚਿੰਤਨ ਦਾ ਇਲਹਾਮ ਬਾਣੀ ਦੇ ਰੂਪ 'ਚ ਹੋਇਆ ਹੈ ਜਿਸ ਦਾ ਮਾਧਿਅਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਨੂੰ ਪ੍ਰਵਾਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੂੰ ਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਬਾਣੀ ਦੇ ਰੂਪ ਵਿਚ ਪ੍ਰਗਟ ਕੀਤਾ। ਗੁਰੂ ਨਾਨਕ ਸਾਹਿਬ ਨੇ ਇਸ ਨੂੰ 'ਇਕੁ ਸੁਖੁ ਮਾਨਿਆ ਸਹਜਿ ਮਿਲਾਇਆ॥ ਨਿਰਮਲ ਬਾਣੀ ਭਰਮੁ ਚੁਕਾਇਆ॥' ਅਤੇ 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥' ਕਿਹਾ ਹੈ। ਗੁਰੂ ਅੰਗਦ ਦੇਵ ਨਾ ਸਿਰਫ ਬਾਣੀ ਨੂੰ ਗਿਆਨ ਧਿਆਨ ਵਿਚ ਆਈ ਮੰਨਦੇ ਹਨ ਬਲਕਿ ਵੇਦਾਂ ਪ੍ਰਤੀ ਗੁਰਮਤਿ ਨਜ਼ਰੀਏ ਨੂੰ ਵੀ ਪ੍ਰਗਟ ਕਰਦੇ ਹਨ:

ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ॥  
ਦੇ ਦੇ ਲੈਣਾ ਲੈ ਲੈ ਦੇਣਾ  
ਨਰਕਿ ਸੁਰਗਿ ਅਵਤਾਰ॥  
ਉਤਮ ਮਧਿਮ ਜਾਤੀਂ ਜਿਨਸੀ  
ਭਰਮਿ ਭਵੈ ਸੰਸਾਰੁ॥  
ਅੰਮ੍ਰਿਤ ਬਾਣੀ ਤਤੁ ਵਖਾਣੀ  
ਗਿਆਨ ਧਿਆਨ ਵਿਚਿ ਆਈ॥  
ਗੁਰਮੁਖਿ ਆਖੀ ਗੁਰਮੁਖਿ ਜਾਤੀ  
ਸੁਰਤੀਂ ਕਰਮਿ ਧਿਆਈ॥ (ਪੰਨਾ 1243)

ਗੁਰੂ ਅਮਰਦਾਸ ਨੇ ਬਾਣੀ ਨੂੰ ਸੱਚੀ ਬਾਣੀ ਹੋਣ ਦੇ ਨਾਲ ਸਿੱਖ ਨੂੰ ਬਾਣੀ ਗਾਉਣ, ਸੁਣਨ ਦਾ ਅਦੇਸ਼ ਕੀਤਾ ਹੈ, 'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥' ਜਿਸ ਨੂੰ ਸੁਣਨ ਨਾਲ ਦੁੱਖ, ਰੋਗ ਅਤੇ ਸੰਤਾਪ ਉਤਰ ਜਾਂਦੇ ਹਨ। ਗੁਰੂ ਰਾਮਦਾਸ ਨੇ ਬਾਣੀ ਨੂੰ 'ਧੁਰਿ ਕੀ' ਹੋਣ ਦੀ ਪ੍ਰੋੜਤਾ ਇਹ ਕਹਿ ਕੇ ਕਰਦਿਆਂ 'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ' ਨਾਲ ਹੀ ਬਾਣੀ ਨੂੰ, ਸ਼ਬਦ ਨੂੰ ਗੁਰੂ ਹੋਣ ਦਾ ਦਰਜਾ ਵੀ ਦਿੱਤਾ ਹੈ, 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥' ਗੁਰੂ ਅਰਜਨ ਦੇਵ ਬਾਣੀ ਨੂੰ ਧੁਰੋਂ ਆਈ ਮੰਨਦਿਆਂ ਇਸ ਨੂੰ ਮਨੁੱਖ ਦੇ ਫਿਕਰਾਂ ਨੂੰ ਦੂਰ ਕਰਨ, ਮਿਟਾਉਣ ਦਾ ਸਾਧਨ ਵੀ ਮੰਨਦੇ ਹਨ ਕਿਉਂਕਿ ਇਹ ਮਨੁੱਖ ਦੀ ਰਾਹ-ਦਰਸਾਵਾ ਹੈ, 'ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥'

ਗੁਰੂ ਅਰਜਨ ਦੇਵ ਨੇ ਪੰਜ ਗੁਰੂ ਸਾਹਿਬਾਨ (ਗੁਰੂ ਨਾਨਕ ਤੋਂ ਗੁਰੂ ਅਰਜਨ ਦੇਵ ਤੱਕ), ਸ਼ੇਖ ਫਰੀਦ, ਭਾਈ ਮਰਦਾਨਾ, ਬਾਬਾ ਸੁੰਦਰ, ਸਤਾ ਤੇ ਬਲਵੰਡ ਅਤੇ ਭੱਟਾਂ ਦੀ ਬਾਣੀ ਦੇ ਨਾਲ ਨਾਲ ਭਗਤਾਂ-ਸਧਨਾ, ਸੂਰਦਾਸ, ਸੈਣ, ਕਬੀਰ, ਜੈ ਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਪਰਮਾਨੰਦ, ਪੀਪਾ, ਬੇਣੀ, ਭੀਖਣ, ਰਵਿਦਾਸ, ਰਾਮਾਨੰਦ ਦੀ ਬਾਣੀ ਦਾ ਸੰਕਲਨ ਕਰਕੇ 'ਗ੍ਰੰਥ' (ਪੋਥੀ ਸਾਹਿਬ) ਤਿਆਰ ਕੀਤਾ ਜਿਸ ਦਾ ਪ੍ਰਥਮ ਪ੍ਰਕਾਸ਼ 1604 ਈ. ਵਿਚ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਨੇ 'ਗ੍ਰੰਥ ਸਾਹਿਬ' ਵਿਚ ਨੌਵੇਂ ਪਾਤਿਸ਼ਾਹ ਦੀ ਬਾਣੀ ਦਰਜ ਕਰਕੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਪਰੰਪਰਾ ਅਨੁਸਾਰ 'ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦਿੱਤਾ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ-ਚਿੰਤਨ ਦਾ ਮੂਲ ਸੋਮਾ ਹੈ।

ਇਸ ਦੇ ਨਾਲ ਦਸਮ ਗ੍ਰੰਥ ਦੀਆਂ ਕਿੰਤੂ ਮੁਕਤ ਰਚਨਾਵਾਂ ਵੀ ਸਿੱਖ ਧਰਮ-ਚਿੰਤਨ ਵਿਚ ਸ਼ਾਮਲ ਹੋ ਸਕਦੀਆਂ ਹਨ ਪਰ ਸਭ ਨਹੀਂ। ਕਾਰਨ ਹੈ, ਸਾਡੇ ਕੋਲ ਮੂਲ ਕਸਵੱਟੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਦਸਮ ਗ੍ਰੰਥ ਵਿਚ ਸ਼ਾਮਲ ਬਹੁਤ ਸਾਰੀਆਂ ਰਚਨਾਵਾਂ ਅਜਿਹੀਆਂ ਹਨ ਜੋ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ 'ਤੇ ਪੂਰੀਆਂ ਨਹੀਂ ਉਤਰਦੀਆਂ। 'ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਬਾਣੀਕਾਰ ਬਾਬਾ ਫਰੀਦ ਹੀ ਕਿਉਂ ਹਨ?' ਦੇ ਨਾਲ ਹੀ ਪ੍ਰਸ਼ਨ ਇਹ ਵੀ ਹੋ ਸਕਦਾ ਹੈ ਕਿ ਸੂਫੀ ਸੰਤਾਂ ਵਿਚੋਂ ਬਾਬਾ ਫਰੀਦ ਦੀ ਬਾਣੀ ਹੀ ਕਿਉਂ ਦਰਜ ਕੀਤੀ ਗਈ? ਜਾਂ ਵੈਸ਼ਨਵ ਹਿੰਦੂ ਭਗਤਾਂ ਦੇ ਨਾਲ ਨਾਲ ਤੁਲਸੀ ਦਾਸ ਜਾਂ ਮੀਰਾ ਬਾਈ ਆਦਿ ਦੀ ਕੋਈ ਰਚਨਾ ਕਿਉਂ ਸ਼ਾਮਲ ਨਹੀਂ ਕੀਤੀ ਗਈ? ਇਸ ਦਾ ਉਤਰ ਇਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਹੀ ਸੰਤਾਂ, ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ, ਜਿਨ੍ਹਾਂ ਦੀ ਬਾਣੀ ਸਿਧਾਂਤਕ ਤੌਰ 'ਤੇ ਗੁਰਮਤਿ ਨਾਲ ਇਕਸੁਰਤਾ ਵਿਚ ਸੀ। ਤੁਲਸੀ ਦਾਸ ਤੇ ਮੀਰਾ ਬਾਈ ਦੀਆਂ ਰਚਨਾਵਾਂ ਜਾਂ ਭਜਨ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲ ਇਕਸੁਰਤਾ ਵਿਚ ਨਹੀਂ ਹਨ। ਬਾਬਾ ਫਰੀਦ ਦੀ ਬਾਣੀ ਵਿਚ ਵੀ ਜਿੱਥੇ ਕਿਤੇ ਉਨ੍ਹਾਂ ਦੀ ਸੁਰ ਸਖਤ ਜਾਪਦੀ ਹੈ, ਉਥੇ ਗੁਰੂ ਸਾਹਿਬਾਨ ਨੇ ਆਪਣਾ ਸਲੋਕ ਨਾਲ ਦਰਜ ਕੀਤਾ ਹੈ।

ਸਿਰਦਾਰ ਕਪੂਰ ਸਿੰਘ ਅਨੁਸਾਰ "ਅਸਾਂ ਸਨਾਤਨ ਧਰਮ, ਪ੍ਰਾਚੀਨ ਪੱਥ ਲੱਭਿਆ ਹੈ, ਜਿਸ ਪੱਥ 'ਤੇ ਪ੍ਰਾਚੀਨ ਬੁੱਧ ਚਲਦੇ ਰਹੇ ਹਨ, ਉਸੇ ਉਤੇ ਅਸੀਂ ਚੱਲ ਰਹੇ ਹਾਂ।...ਇਸੇ ਮਹਾਨ ਅਤੇ ਪ੍ਰਾਚੀਨ ਆਦਰਸ਼ ਦਾ ਪ੍ਰਚਾਰ ਸਿੱਖ ਗੁਰੂਆਂ ਨੇ ਕੀਤਾ।" ਕਿਹਾ ਜਾ ਸਕਦਾ ਹੈ ਕਿ ਬੁੱਧ ਧਰਮ 'ਚ ਵੇਦਾਂ ਨੂੰ ਅੰਤਿਮ ਪ੍ਰਮਾਣ ਨਹੀਂ ਮੰਨਿਆ ਗਿਆ, ਵਰਣ-ਵੰਡ ਨੂੰ ਨਕਾਰਿਆ ਗਿਆ ਹੈ, ਕਰਮ ਕਾਂਡ ਦਾ ਵਿਰੋਧ ਕੀਤਾ ਗਿਆ ਹੈ। ਸਿੱਖ ਧਰਮ ਵਿਚ ਵੀ ਵੇਦਾਂ ਨੂੰ ਸ਼ਬਦ ਪ੍ਰਮਾਣ ਨਹੀਂ ਮੰਨਿਆ ਗਿਆ ਜਿਵੇਂ ਉਪਰ ਅਸੀਂ ਬਾਣੀ ਦੀ ਗੱਲ ਕਰਦਿਆਂ ਵੀ ਦੇਖਿਆ ਹੈ। ਇਸੇ ਤਰ੍ਹਾਂ ਕਰਮ ਕਾਂਡ ਨੂੰ ਵੀ ਨਕਾਰਿਆ ਹੈ ਕਿਉਂਕਿ ਇਸ ਰਾਹੀਂ ਅਕਾਲ ਪੁਰਖ ਦੀ ਪ੍ਰਾਪਤੀ ਨਹੀਂ ਹੁੰਦੀ। ਵਰਣ-ਵੰਡ ਦੀ ਨਿਖੇਧੀ ਇਸ ਆਧਾਰ 'ਤੇ ਕੀਤੀ ਹੈ ਕਿ ਬ੍ਰਹਿਮੰਡ ਦੀ ਰਚਨਾ ਉਸ ਅਕਾਲ ਪੁਰਖ ਨੇ ਆਪਣੇ ਆਪ ਤੋਂ ਕੀਤੀ ਹੈ, ਇਸ ਲਈ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਅਨੁਸਾਰ ਸਾਰੇ ਮਨੁੱਖ ਬਰਾਬਰ ਹਨ, ਕੋਈ ਛੋਟਾ-ਵੱਡਾ, ਜਾਂ ਉਚਾ-ਨੀਵਾਂ ਨਹੀਂ ਹੈ। ਕੀ ਬੁੱਧ ਧਰਮ ਨੇ ਵੀ ਇਹੀ ਸਿਧਾਂਤਕ ਆਧਾਰ ਸਿਰਜੇ ਹਨ? ਕਿਸੇ ਵੀ ਦੋ ਧਰਮ ਦਰਸ਼ਨਾਂ ਵਿਚ ਸਮਾਨਤਾ ਜਾਂ ਕਿਸੇ ਕਿਸਮ ਦੀ ਵਿਰੋਧਤਾ ਦੇਖਣ ਲਈ ਇਹ ਵੀ ਦੇਖਣਾ ਪੈਂਦਾ ਹੈ ਕਿ ਕੀ ਪੱਖ ਜਾਂ ਵਿਰੋਧ ਵਿਚ ਦਿੱਤੇ ਗਏ ਆਧਾਰ ਜਾਂ ਸਿਰਜਿਆ ਗਿਆ ਤਰਕ ਵੀ ਉਹੀ ਹੈ ਜਾਂ ਕਾਰਨ ਉਹੀ ਹਨ? ਕੀ ਸਿਰਦਾਰ (ਭਾਈ) ਕਪੂਰ ਸਿੰਘ ਦਾ ਦੱਸਿਆ 'ਪ੍ਰਾਚੀਨ ਪੱਥ' ਉਹੀ ਹੈ, ਜਿਸ 'ਤੇ 'ਪ੍ਰਾਚੀਨ ਬੁੱਧ ਚਲਦੇ ਰਹੇ ਹਨ?' ਜਿਸ ਨੂੰ ਪੰਚਮ ਨਾਨਕ ਜੋਤਿ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਦੱਸਿਆ ਹੈ, "ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥" ਗੁਰੂ ਨਾਨਕ ਸਾਹਿਬ ਦੇ ਮਾਰਗ ਨੂੰ ਸਿੱਧੇ ਸਾਦੇ ਸ਼ਬਦਾਂ ਵਿਚ 'ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ' ਰਾਹੀਂ ਪ੍ਰਗਟ ਕੀਤਾ ਜਾਂਦਾ ਹੈ; ਜਿਸ ਦਾ ਸਿਧਾਂਤਕ ਆਧਾਰ ਹੈ:

ਗਿਆਨ ਵਿਹੂਣਾ ਗਾਵੈ ਗੀਤ॥  
ਭੁਖੇ ਮੁਲਾਂ ਘਰੇ ਮਸੀਤਿ॥  
ਮਖਟੂ ਹੋਇ ਕੈ ਕੰਨ ਪੜਾਏ॥  
ਫਕਰੁ ਕਰੇ ਹੋਰੁ ਜਾਤਿ ਗਵਾਏ॥  
ਗੁਰੁ ਪੀਰੁ ਸਦਾਏ ਮੰਗਣ ਜਾਇ॥  
ਤਾ ਕੈ ਮੂਲਿ ਨ ਲਗੀਐ ਪਾਇ॥  
ਘਾਲਿ ਖਾਇ ਕਿਛੁ ਹਥਹੁ ਦੇਇ॥  
ਨਾਨਕ ਰਾਹੁ ਪਛਾਣਹਿ ਸੇਇ॥੧॥  
(ਪੰਨਾ 1245)

ਕੀ ਮਹਾਤਮਾ ਬੁੱਧ ਦੇ ਦਿੱਤੇ ਅਸ਼ਟਾਂਗ ਮਾਰਗ ਦਾ ਆਧਾਰ-ਸਿਧਾਂਤ ਵੀ ਇਹੀ ਹੈ ਜੋ ਗੁਰੂ ਨਾਨਕ ਨੇ ਗੁਰਮਤਿ ਮਾਰਗ ਦਾ ਉਪਰ ਦਿਤੇ ਹਵਾਲੇ ਅਨੁਸਾਰ ਸਿਰਜਿਆ ਹੈ? ਜਾਂ 'ਪ੍ਰਾਚੀਨ ਬੁੱਧ' ਪੱਥ ਕੁੱਝ ਹੋਰ ਸੀ ਜਿਸ ਦਾ ਆਮ ਸਿੱਖ ਨੂੰ ਪਤਾ ਹੀ ਨਾ ਹੋਵੇ? ਮੇਰੇ ਅਲਪ ਗਿਆਨ ਅਨੁਸਾਰ ਗੌਤਮ ਬੁੱਧ ਕਿਸੇ ਰੱਬ, ਪਰਮਾਤਮਾ, ਪਰਮਹਸਤੀ ਜਾਂ ਉਸ ਦੀ ਸਰਬਵਿਆਪਕਤਾ ਨੂੰ ਨਹੀਂ ਸੀ ਮੰਨਦੇ। ਸਿਰਦਾਰ ਕਪੂਰ ਸਿੰਘ ਨੇ ਬੁੱਧ ਧਰਮ ਅਤੇ ਸਿੱਖ ਧਰਮ ਵਿਚ ਸਮਾਨਤਾ ਦੱਸਣ ਲਈ ਹਵਾਲਾ ਦਿੱਤਾ, "ਪਾਲੀ ਭਾਸ਼ਾ ਵਿਚ 'ਸਿੱਖ' ਧਰਮ ਮਾਰਗ 'ਤੇ ਚੱਲਣ ਵਾਲੇ ਨੂੰ ਕਹਿੰਦੇ ਹਨ ਅਤੇ 'ਸਿੰਘ' ਧਰਮ ਵਿਚ ਪਰਿਪੱਕ ਮਹਾਨ ਹਸਤੀ ਨੂੰ ਕਿਹਾ ਜਾਂਦਾ ਹੈ।...ਖਾਲਸਾ ਪੰਥ ਦੀ ਅੰਤਮ ਰੂਪ ਰੇਖਾ ਬੰਨ੍ਹਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਗੌਤਮ ਬੁੱਧ ਅਤੇ ਬੋਧੀ ਸੰਘ ਦੀ ਰਹੁ ਰੀਤ ਦੀ ਸਪੱਸ਼ਟ ਪਰ ਬਿਨਾ ਨਾਮ ਲਿਆਂ ਸਿੱਧੀ ਸੋਭਾ ਕੀਤੀ। ਜਿਵੇਂ ਸਾਰਨਾਥ ਵਿਚ ਧਰਮਚੱਕਰ ਦਾ ਪ੍ਰਾਰੰਭ ਕਰਨ ਸਮੇਂ ਗੌਤਮ ਬੁੱਧ ਨੇ ਬੋਧੀ ਸੰਘ ਦੀ ਨੀਂਹ ਪੰਜ ਭਿਕਸ਼ੂ ਦੀਖਤ ਕਰਕੇ ਰੱਖੀ ਸੀ, ਇਵੇਂ ਹੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਰੱਖੀ। ਬੁੱਧ ਮੱਤ ਤੇ ਸਿੱਖ ਮੱਤ ਦਾ ਸਾਂਝਾ ਸਿਧਾਂਤ ਹੈ ਕਿ ਮਨੁੱਖੀ ਸਭਿਅਤਾ ਤੇ ਸਮਾਜਕ ਉਨਤੀ ਦੀ ਅਗਵਾਈ ਤੇ ਰੱਖਿਆ ਵਿਅਕਤੀ ਨਹੀਂ, ਸਗੋਂ ਪੰਚਾਇਤ ਕਰੇ।"

ਅਜਿਹਾ ਕਥਨ ਕਿਸੇ ਵੀ ਇਲਹਾਮੀ ਧਰਮ ਨਾਲ ਜ਼ਿਆਦਤੀ ਜਾਪਦੀ ਹੈ ਕਿਉਂਕਿ ਕਿਸੇ ਵੀ ਇਲਹਾਮ (Revelation) ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਉਸ ਨੇ ਕਿਸ ਕਿਸਮ ਦੇ ਵਿਅਕਤੀਤਵ ਦੀ ਘਾੜਤ ਕੀਤੀ ਹੈ। ਗੁਰੂ ਨਾਨਕ ਨੇ ਮਨੁੱਖੀ ਸਵੈ ਲਈ ਆਦਰਸ਼ 'ਸਚਿਆਰ' ਹੋਣ ਦਾ ਰੱਖਿਆ ਹੈ ਜਿਸ ਨੂੰ ਗੁਰਮੁਖਿ, ਸੰਤ ਜਾਂ ਬ੍ਰਹਮ ਗਿਆਨੀ ਵੀ ਕਿਹਾ ਗਿਆ ਹੈ। ਸਿੱਖ ਧਰਮ ਦੇ ਇਲਹਾਮ ਅਰਥਾਤ ਗੁਰੂ ਜੋਤਿ ਅਤੇ ਗੁਰੂ ਜੁਗਤ ਰਾਹੀਂ ਬਾਣੀ ਦੇ ਸਿਧਾਂਤਕ ਪ੍ਰਕਾਸ਼ਨ ਦੇ ਸਿੱਟੇ ਵਜੋਂ ਜਿਸ ਕਿਸਮ ਦੇ ਵਿਅਕਤੀਤਵ ਦੀ ਘਾੜਤ ਖਾਲਸੇ ਦੇ ਰੂਪ 'ਚ ਸਾਹਮਣੇ ਆਈ, ਉਹ ਇੱਕੋ ਸਮੇਂ 'ਸੰਤ ਅਤੇ ਸਿਪਾਹੀ' ਦੀ ਕਰਨੀ ਦਾ ਇਕਸੁਰ ਹੋਣਾ ਹੈ। ਵਿਚਾਰਨ ਦੀ ਗੱਲ ਇਹ ਹੈ ਕਿ ਕੀ ਬੁੱਧ ਧਰਮ ਦੇ ਅਮਲੀ ਪ੍ਰਕਾਸ਼ਨ ਦਾ ਸਿੱਟਾ ਇੱਕ ਬੋਧੀ ਦੇ ਵਿਅਕਤੀਤਵ ਦੀ ਵੀ ਇਹੀ ਘਾੜਤ ਸਾਰਨਾਥ ਵਿਚ ਸਾਹਮਣੇ ਆਈ ਜੋ ਅਨੰਦਪੁਰ ਸਾਹਿਬ ਵਿਚ ਖਾਲਸੇ ਦੇ ਰੂਪ 'ਚ ਆਈ?

ਇੱਕ ਹੋਰ ਹਵਾਲੇ ਅਨੁਸਾਰ "ਚੱਕਰਵਰਤੀ ਰਾਜਗੋਪਾਲਚਾਰੀਆ ਨੇ ਸ਼ੰਕਰਾਚਾਰੀਆ ਦੀ ਕਵਿਤਾ 'ਭਜਗੋਵਿੰਦਮ' ਦੀ ਵਿਆਖਿਆ ਵਿਚ ਦੱਸਿਆ ਹੈ ਕਿ ਕਿਵੇਂ ਸ਼ੰਕਰ ਨੇ ਭਾਰਤੀ ਸਨਾਤਨ ਸੱਚ, ਵੇਦਾਂਤ ਅਰਥਾਤ ਗਿਆਨ ਨੂੰ ਮਸਤਕ ਤੋਂ ਉਤਾਰ ਕੇ ਹਿਰਦੇ ਵਿਚ ਪਰਵੇਸ਼ ਕਰਾਇਆ। ਸ਼ੰਕਰ ਨੇ ਦਸਨਾਮੀ ਪਰੰਪਰਾ ਤੇ ਚਾਰ ਮੱਠਾਂ ਦੀ ਸਥਾਪਨਾ ਕੀਤੀ ਅਤੇ ਭਗਤੀ ਧਾਰਾ ਦਾ ਪ੍ਰਚਲਨ ਕੀਤਾ, ਜੋ ਰਾਮਾਨੁਜ ਤੇ ਦਸ ਅਲਵਾਰ ਸਾਧੂਆਂ ਵਿਚੋਂ ਹੁੰਦੀ, ਰਾਮਾਨੰਦ ਰਾਹੀਂ ਗੁਰੂ ਗ੍ਰੰਥ ਸਾਹਿਬ ਦਾ ਭਾਗ ਬਣੀ। ਸਿੱਖ ਅਰਦਾਸ ਵਿਚ ਦਸ ਗੁਰੂ ਸਾਹਿਬਾਨ ਨੇ ਦਸ ਨਾਂਵਾਂ ਦੀ ਅਰਾਧਨਾ ਅਤੇ ਚਾਰ ਤਖਤਾਂ ਦੀ ਸਥਾਪਨਾ 'ਚ ਵੀ ਸਿੱਖੀ ਦੀ ਸਨਾਤਨਤਾ ਦਾ ਸੰਕੇਤ ਹੈ।...ਚਾਰ ਵੇਦ, ਚਾਰ ਕਤੇਬ, ਚਾਰ ਵਰਣ, ਚਾਰ ਮਜ਼ਹਬ, ਚਾਰ ਮੱਠ, ਚਾਰ ਧੂੰਏਂ ਅਤੇ ਚਾਰ ਤਖਤ ਕਿਸੇ ਸਾਂਝੇਪਣ ਦਾ ਸੰਕੇਤ ਹਨ।"

ਸਿੱਖ ਇਲਹਾਮ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਰੂਪ ਵਿਚ ਇੱਕ ਨਿਰੰਤਰ ਅਮਲ ਹੈ ਪਰ ਇਸ ਨੂੰ ਪਹਿਲੇ ਧਰਮਾਂ ਦੀ ਉਸ ਨਿਰੰਤਰਤਾ ਵਿਚ ਲੈਣਾ ਤਰਕ-ਸੰਗਤਿ ਨਹੀਂ ਜਾਪਦਾ। ਇੱਕ ਪਰੰਪਰਾ ਵਿਚੋਂ ਸ਼ਬਦ ਜਦੋਂ ਦੂਜੀ ਪਰੰਪਰਾ ਵਿਚ ਜਾਂਦੇ ਹਨ ਤਾਂ ਸੰਕਲਪਕ ਅਰਥਾਂ ਦੀ ਟਰਾਂਸਫਰਮੇਸ਼ਨ ਹੋ ਜਾਂਦੀ ਹੈ। ਸਿੱਖ ਧਰਮ ਅਨੇਕਤਾ ਵਿਚ ਏਕਤਾ ਨੂੰ ਪ੍ਰਵਾਨ ਕਰਦਾ ਹੈ ਕਿਉਂਕਿ ਸਾਰਿਆਂ ਵਿਚ ਉਸ ਇੱਕ ਦੀ ਜੋਤਿ ਵਿਆਪਕ ਹੈ। ਪੰਚਮ ਪਾਤਿਸ਼ਾਹ ਦਾ ਬਚਨ ਹੈ:

ਤੂੰ ਪੇਡੁ ਸਾਖ ਤੇਰੀ ਫੂਲੀ॥  
ਤੂੰ ਸੂਖਮੁ ਹੋਆ ਅਸਥੂਲੀ॥  
ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ  
ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥੧॥  
ਤੂੰ ਸੂਤੁ ਮਣੀਏ ਭੀ ਤੂੰਹੈ॥  
ਤੂੰ ਗੰਠੀ ਮੇਰੁ ਸਿਰਿ ਤੂੰਹੈ॥  
ਆਦਿ ਮਧਿ ਅੰਤਿ ਪ੍ਰਭੁ ਸੋਈ  
ਅਵਰੁ ਨ ਕੋਇ ਦਿਖਾਲੀਐ ਜੀਉ॥੨॥  
ਤੂੰ ਨਿਰਗੁਣੁ ਸਰਗੁਣੁ ਸੁਖਦਾਤਾ॥  
ਤੂੰ ਨਿਰਬਾਣੁ ਰਸੀਆ ਰੰਗਿ ਰਾਤਾ॥  
ਅਪਣੇ ਕਰਤਬ ਆਪੇ ਜਾਣਹਿ  
ਆਪੇ ਤੁਧੁ ਸਮਾਲੀਐ ਜੀਉ॥੩॥  
ਤੂੰ ਠਾਕੁਰੁ ਸੇਵਕੁ ਫੁਨਿ ਆਪੇ॥  
ਤੂੰ ਗੁਪਤੁ ਪਰਗਟੁ ਪ੍ਰਭ ਆਪੇ॥  
ਨਾਨਕ ਦਾਸੁ ਸਦਾ ਗੁਣ ਗਾਵੈ  
ਇਕ ਭੋਰੀ ਨਦਰਿ ਨਿਹਾਲੀਐ ਜੀਉ॥੪॥  
(ਪੰਨਾ 102-3)

ਗੁਰੂ ਨਾਨਕ ਨੇ ਸਾਰੀਆਂ ਚਾਰ ਦਿਸ਼ਾਵਾਂ ਵਿਚ ਉਦਾਸੀਆਂ ਕੀਤੀਆਂ। ਗੁਰੂ ਨਾਨਕ ਨੇ ਬਾਬਾ ਸ੍ਰੀ ਚੰਦ ਨੂੰ ਛੱਡ ਕੇ ਭਾਈ ਲਹਿਣਾ ਨੂੰ ਗੁਰਗੱਦੀ ਕਿਉਂ ਦਿੱਤੀ? ਭਾਈ ਗੁਰਦਾਸ ਦੀ ਪਹਿਲੀ ਵਾਰ ਉਪਰੋਕਤ ਗਿਣਤੀਆਂ-ਮਿਣਤੀਆਂ 'ਤੇ ਸੰਖੇਪ ਪਰ ਬਹੁਤ ਗੰਭੀਰ ਚਾਨਣੁ ਪਾਉਂਦੀ ਹੈ; ਜਿਵੇਂ "ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ। ਕਰਮ ਭ੍ਰਿਸਟਿ ਸਭਿ ਭਈ ਲੋਕਾਈ। ਚਹੁੰ ਬੇਦਾਂ ਕੇ ਧਰਮ ਮਥਿ ਖਟਿ ਸਾਸਤ੍ਰ ਕਥਿ ਰਿਖਿ ਸੁਣਾਵੈ।...ਆਪੋ ਆਪਣੇ ਮਤਿ ਸਭਿ ਗਾਵੈ। ਕਲਿਜੁਗਿ ਬੋਧੁ ਅਉਤਾਰੁ ਹੈ ਬੋਧੁ ਅਬੋਧੁ ਨ ਦ੍ਰਿਸਟੀ ਆਵੈ।...ਫੋਕਟਿ ਧਰਮੀ ਭਰਮਿ ਭੁਲਾਵੈ। ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ। ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ। ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।... ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ। ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।" ਇਸ ਸਭ ਦਾ ਸਿੱਟਾ ਕੱਢਿਆ ਹੈ, "ਧਰਮ ਧਉਲੁ ਪੁਕਾਰੈ ਤਲੈ ਖੜੋਆ॥"

ਭਾਈਚਾਰਕ ਸਾਂਝ, 'ਸਰਬੱਤ ਦਾ ਭਲਾ' ਦੇ ਆਧਾਰ-ਸਿਧਾਂਤ ਬਾਣੀ ਵਿਚੋਂ ਹੀ ਲੱਭ ਲਏ ਜਾਣ ਤਾਂ ਇੱਕ ਸਿੱਖ ਵਜੋਂ ਬਿਹਤਰ ਹੋਵੇਗਾ। ਸ਼ਾਇਦ ਮਾਰਗ ਹੱਥ ਲੱਗ ਹੀ ਜਾਵੇ!

# ਮਨ ਮਰੈ ਧਾਤੁ ਮਰਿ ਜਾਇ

**ਗੁਰਬਾਣੀ ਗਿਆਨ**

**ਧਨਾਸਰੀ ਮਹਲਾ ੩**

ਮਨ ਮਰੈ ਧਾਤੁ ਮਰਿ ਜਾਇ॥  
ਬਿਨੁ ਮਨ ਮੂਏ ਕੈਸੇ ਹਰਿ ਪਾਇ॥  
ਇਹੁ ਮਨ ਮਰੈ ਦਾਰੂ ਜਾਣੈ ਕੋਇ॥  
ਮਨੁ ਸਬਦਿ ਮਰੈ ਬੂਝੈ ਜਨੁ ਸੋਇ॥੧॥  
ਜਿਸ ਨੋ ਬਖਸੇ ਹਰਿ ਦੇ ਵਡਿਆਈ॥  
ਗੁਰ ਪਰਸਾਦਿ ਵਸੈ ਮਨ ਆਈ॥ ਰਹਾਉ॥  
ਗੁਰਮੁਖਿ ਕਰਣੀ ਕਾਰ ਕਮਾਵੈ॥  
ਤਾ ਇਸੁ ਮਨ ਕੀ ਸੋਝੀ ਪਾਵੈ॥  
ਮਨੁ ਮੈ ਮਤੁ ਮੈਗਲ ਮਿਕਦਾਰਾ॥  
ਗੁਰ ਅੰਕਸੁ ਮਾਰਿ ਜੀਵਾਲਣਹਾਰਾ॥੨॥  
ਮਨੁ ਅਸਾਧੁ ਸਾਧੈ ਜਨੁ ਕੋਈ॥  
ਅਚਰੁ ਚਰੈ ਤਾ ਨਿਰਮਲ ਹੋਈ॥  
ਗੁਰਮੁਖਿ ਇਹੁ ਮਨੁ ਲਇਆ ਸਵਾਰਿ॥  
ਹਉਮੈ ਵਿਚਹੁ ਤਜੈ ਵਿਕਾਰ॥੩॥  
ਜੋ ਧੁਰਿ ਰਖਿਅਨੁ ਮੇਲਿ ਮਿਲਾਇ॥  
ਕਦੇ ਨ ਵਿਛੁੜਹਿ ਸਬਦਿ ਸਮਾਇ॥  
ਆਪਣੀ ਕਲਾ ਆਪੇ ਪ੍ਰਭੁ ਜਾਣੈ॥  
ਨਾਨਕ ਗੁਰਮੁਖਿ ਨਾਮੁ ਪਛਾਣੈ॥੪॥

ਗੁਰਦੇਵ ਆਖਦੇ ਹਨ, ਹੇ ਭਾਈ! ਜਦੋਂ ਮਨ ਵਿਕਾਰਾਂ ਵੱਲੋਂ ਮਰ ਜਾਂਦਾ ਹੈ ਤਾਂ ਧਾਤੁ, ਭਾਵ ਤ੍ਰਿਸ਼ਨਾ ਧਾਰੀ ਦੌੜ-ਭੱਜ ਵੀ ਮਰ ਮੁੱਕ ਜਾਂਦੀ ਹੈ, ਜਦੋਂ ਤੱਕ ਇਹ ਚੰਚਲ ਮਨ ਵਿਕਾਰਾਂ ਵੱਲੋਂ ਟੁੱਟਦਾ ਨਹੀਂ, ਜੀਵ ਪ੍ਰਭੂ ਮਿਲਾਪ ਪ੍ਰਾਪਤ ਨਹੀਂ ਕਰ ਸਕਦਾ। ਕੋਈ ਵਿਰਲਾ ਮਨੁੱਖ ਹੀ ਉਸ ਦਾਰੂ-ਦਵਾਈ ਨੂੰ ਜਾਣਦਾ ਹੈ ਜਿਸ ਦੇ ਵਰਤਿਆਂ ਮਨ ਵਿਕਾਰਾਂ ਵੱਲੋਂ ਟੁੱਟ ਜਾਵੇ, ਜੋ ਮਨੁੱਖ ਗੁਰੂ ਦੇ ਸ਼ਬਦ ਨਾਲ ਜੁੜਦਾ ਹੈ, ਉਸੇ ਨੂੰ ਸਮਝ ਪੈਂਦੀ ਹੈ।

ਗੁਰੂ ਅਮਰਦਾਸ ਰਹਾਉ ਦੀ ਪੰਕਤੀ ਵਿਚ ਉਪਦੇਸ਼ ਕਰਦੇ ਹਨ, ਹੇ ਭਾਈ! ਉਹ ਮਿਹਰਬਾਨ ਅਕਾਲ ਪੁਰਖ ਜਿਸ ਜੀਵ 'ਤੇ ਮਿਹਰ ਦੀ ਨਜ਼ਰ ਕਰਦਾ ਹੈ, ਉਸੇ ਨੂੰ ਹੀ ਵਡਿਆਈ ਬਖਸ਼ ਦਿੰਦਾ ਹੈ; ਗੁਰੂ ਦੀ ਕਿਰਪਾ ਨਾਲ ਉਸ ਜੀਵ ਵਿਚ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਨਿਵਾਸ ਕਰ ਲੈਂਦਾ ਹੈ।

ਸਤਿਗੁਰੂ ਆਖਦੇ ਹਨ, ਹੇ ਭਾਈ! ਜਦੋਂ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਗੁਰੂ ਵੱਲੋਂ ਮਿਲੀ ਹੋਈ ਕਾਰ, ਭਾਵ ਕਮਾਈ ਕਰਨੀ ਸ਼ੁਰੂ ਕਰ ਦਿੰਦਾ ਹੈ ਤਾਂ ਉਦੋਂ ਉਸ ਨੂੰ ਮਨ ਵੱਸ ਵਿਚ ਰੱਖਣ ਦੀ ਸੋਝੀ ਆ ਜਾਂਦੀ ਹੈ, ਜਿਵੇਂ ਹਾਥੀ ਸ਼ਰਾਬ ਦੇ ਨਸ਼ੇ 'ਚ ਮਸਤ ਹੋਇਆ ਫਿਰਦਾ ਹੈ, ਇਵੇਂ ਹੀ ਮਨ ਵੀ ਹਉਮੈ ਦੇ ਨਸ਼ੇ 'ਚ ਮਸਤ ਹੈ। ਗੁਰੂ ਸ਼ਬਦ, ਮਰੇ ਹੋਏ ਮਨ ਨੂੰ ਆਤਮਕ ਜੀਵਨ ਦੇਣ ਵਾਲਾ ਹੈ।

ਮਨੁ ਅਸਾਧੁ ਸਾਧੈ ਜਨੁ ਕੋਈ॥  
ਅਚਰੁ ਚਰੈ ਤਾ ਨਿਰਮਲ ਹੋਈ॥  
ਗੁਰਮੁਖਿ ਇਹੁ ਮਨੁ ਲਇਆ ਸਵਾਰਿ॥  
ਹਉਮੈ ਵਿਚਹੁ ਤਜੈ ਵਿਕਾਰ॥੩॥

ਹੇ ਭਾਈ! ਮਨ ਤਾਂ ਵੱਸ ਵਿਚ ਨਾ ਆਉਣ ਵਾਲਾ ਹੈ, ਕੋਈ ਵਿਰਲਾ ਹੀ ਇਸ ਨੂੰ ਵੱਸ ਵਿਚ ਕਰਦਾ ਹੈ। ਅਚਰੁ ਭਾਵ ਜਿਹੜੀ ਚੀਜ਼ ਖਾਧੀ ਨਾ ਜਾ ਸਕੇ, ਜਿਸ ਨੂੰ ਕੋਈ ਵਿਰਲਾ ਹੀ ਖਾ ਸਕੇ ਤਾਂ ਉਦੋਂ ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਇਸ ਭੈੜੇ ਮਨ ਨੂੰ ਸਵਾਰ ਲੈਂਦਾ ਹੈ ਅਤੇ ਆਪਣੇ ਅੰਦਰੋਂ ਹਉਮੈ ਦੇ ਵਿਕਾਰਾਂ ਨੂੰ ਬਾਹਰ ਕੱਢ ਦਿੰਦਾ ਹੈ।

ਸਤਿਗੁਰੂ ਆਖਦੇ ਹਨ, ਹੇ ਭਾਈ! ਜਿਨ੍ਹਾਂ ਵਡਭਾਗੇ ਮਨੁੱਖਾਂ ਨੂੰ ਪ੍ਰਭੂ ਨੇ ਧੁਰ ਤੋਂ ਹੀ ਆਪਣੇ ਚਰਨਾਂ ਦੀ ਪ੍ਰੀਤ ਨਾਲ ਜੋੜ ਰੱਖਿਆ ਹੈ, ਉਹ ਮਨੁੱਖ ਪ੍ਰਭੂ ਤੋਂ ਕਦੀ ਨਹੀਂ ਵਿਛੜਦੇ ਅਤੇ ਸਦਾ ਹੀ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦੇ ਹਨ; ਆਪਣੀ ਕਲਾ ਆਪੇ ਪ੍ਰਭੁ ਜਾਣ, ਪਰ ਭਾਈ ਉਹ ਅਕਾਲ ਪੁਰਖ ਆਪਣੀ ਕਲਾ ਆਪ ਹੀ ਜਾਣਦਾ ਹੈ। ਹੇ ਨਾਨਕ! ਗੁਰੂ ਦੇ ਹੁਕਮ ਵਿਚ ਰਹਿ ਕੇ ਪ੍ਰਭੂ ਨਾਲ ਸਾਂਝ ਪੈਂਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

ਵਿਚਾਰ-ਚਰਚਾ

# ਸੰਤਾਂ, ਭਗਤਾਂ ਬਾਰੇ ਜਸਵੰਤ ਸਿੰਘ ਜ਼ਫਰ ਦੇ ਵਿਚਾਰ!

***'ਪੰਜਾਬ ਟਾਈਮਜ਼' ਦੇ 25 ਫਰਵਰੀ ਦੇ ਅੰਕ ਵਿਚ ਛਪੇ ਆਪਣੇ ਲੇਖ 'ਕਹਿ ਰਵਿਦਾਸ ਨਿਦਾਨਿ ਦਿਵਾਨੇ' ਵਿਚ ਜਸਵੰਤ ਸਿੰਘ ਜ਼ਫਰ ਨੇ ਭਗਤ ਰਵਿਦਾਸ ਜੀ ਦੇ ਹਵਾਲੇ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਸੰਤਾਂ-ਭਗਤਾਂ ਦੀ ਬਾਣੀ ਦਰਜ ਹੋਣ ਬਾਰੇ ਕੁਝ ਵਿਚਾਰ ਪੇਸ਼ ਕੀਤੇ ਸਨ। ਸ. ਜ਼ਫਰ ਦੇ ਇਸ ਚਿੰਤਨ ਉਤੇ ਕੈਨੇਡਾ ਵਸਦੇ ਸ. ਅਮਰਜੀਤ ਸਿੰਘ ਖੋਸਾ ਨੇ ਹਥਲੇ ਲੇਖ ਵਿਚ ਕੁਝ ਕਿੰਤੂ ਜ਼ਾਹਰ ਕੀਤੇ ਹਨ। ਇਸ ਮੁੱਦੇ ਉਤੇ ਹੋਰ ਚਿੰਤਕਾਂ ਦੇ ਵਿਚਾਰਾਂ ਨੂੰ ਵੀ ਢੁਕਵੀਂ ਥਾਂ ਦਿਤੀ ਜਾਵੇਗੀ। -ਸੰਪਾਦਕ***

'ਪੰਜਾਬ ਟਾਈਮਜ਼' ਦੇ 25 ਫਰਵਰੀ ਦੇ ਅੰਕ ਵਿਚ ਜਸਵੰਤ ਸਿੰਘ ਜ਼ਫਰ ਦਾ ਲੇਖ 'ਕਹਿ ਰਵਿਦਾਸ ਨਿਦਾਨਿ ਦਿਵਾਨੇ' ਛਪਿਆ ਸੀ। ਇਸ ਲਿਖਤ ਬਾਰੇ ਮੇਰੇ ਕੁਝ ਸਵਾਲ ਹਨ ਜੇ ਜਸਵੰਤ ਸਿੰਘ 'ਜ਼ਫਰ' ਇਨ੍ਹਾਂ ਦਾ ਜਵਾਬ ਦੇ ਸਕਣ ਜਾਂ ਕੋਈ ਸੁਝਾਅ ਦੇ ਸਕਣ ਤਾਂ ਬਹੁਤ ਚੰਗਾ ਹੋਵੇਗਾ। ਮੈਂ ਉਨ੍ਹਾਂ ਦਾ ਅਹਿਸਾਨਮੰਦ ਹੋਵਾਂਗਾ।

ਲੇਖ ਵਿਚ ਸ. ਜ਼ਫਰ ਲਿਖਦੇ ਹਨ, "ਗੁਰੂ ਅਮਰਦਾਸ ਜੀ ਮੁਤਾਬਿਕ ਇਹ ਸਾਰੇ ਬਾਣੀਕਾਰ (ਭਗਤ) ਸਾਡੇ ਸਤਿਗੁਰੂ ਹਨ: ਬਾਣੀ ਤ ਕਚੀ

**ਅਮਰਜੀਤ ਸਿੰਘ ਖੋਸਾ**
**ਡੈਲਟਾ, ਬੀ.ਸੀ. ਕੈਨੇਡਾ**

ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ (ਪੰਨਾ ੯੨੦)" ਪਰ ਜਦੋਂ ਅਸੀਂ ਅਨੰਦ ਸਾਹਿਬ ਦਾ ਇਹ ਸਾਰਾ ਬੰਦ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜ਼ਫਰ ਦਾ ਇਹ ਨਿਰਣਾ ਕਿਤਨਾ ਗਲਤ ਹੈ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ
ਕਚੀ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ
ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ
ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ॥ (ਪੰਨਾ ੯੨੦)

ਅਰਥ: ਗੁਰ-ਆਸ਼ੇ ਤੋਂ ਉਲਟ ਬਾਣੀ ਮਾਇਆ ਦੀ ਝਲਕ ਦੇ ਸਾਹਮਣੇ ਥਿੜਕਾ ਦੇਣ ਵਾਲੀ ਹੁੰਦੀ ਹੈ। ਗੁਰ-ਆਸ਼ੇ ਦੇ ਉਲਟ ਜਾਣ ਵਾਲੀ ਬਾਣੀ ਨੂੰ ਸੁਣਨ ਵਾਲਿਆਂ ਦੇ ਮਨ ਕਮਜ਼ੋਰ ਹੋ ਜਾਂਦੇ ਹਨ, ਥਿੜਕ ਜਾਂਦੇ ਹਨ, ਤੇ ਜੋ ਅਜਿਹੀ ਬਾਣੀ ਦੀ ਪੜ੍ਹ ਪੜ੍ਹ ਕੇ ਵਿਆਖਿਆ ਕਰਦੇ ਹਨ, ਉਹ ਭੀ ਕਮਜ਼ੋਰ ਮਨ ਦੇ ਹੋ ਜਾਂਦੇ ਹਨ। ਜੇ ਉਹ ਬੰਦੇ ਜੀਭ ਨਾਲ ਹਰੀ-ਨਾਮ ਭੀ ਬੋਲਣ ਤਾਂ ਭੀ ਜੋ ਕੁਝ ਉਹ ਬੋਲਦੇ ਹਨ, ਉਸ ਨਾਲ ਉਨ੍ਹਾਂ ਦੀ ਡੂੰਘੀ ਸਾਂਝ ਨਹੀਂ ਪੈਂਦੀ ਕਿਉਂਕਿ ਉਨ੍ਹਾਂ ਦੇ ਮਨ ਮਾਇਆ ਨੇ ਮੋਹ ਰੱਖੇ ਹਨ, ਉਹ ਜੋ ਕੁਝ ਬੋਲਦੇ ਹਨ, ਜ਼ਬਾਨੀ ਹੀ ਬੋਲਦੇ ਹਨ। ਨਾਨਕ ਆਖਦਾ ਹੈ, ਗੁਰ-ਆਸ਼ੇ ਤੋਂ ਉਲਟ ਬਾਣੀ ਮਨੁੱਖੀ ਮਨ ਨੂੰ ਆਤਮਕ ਅਨੰਦ ਦੇ ਟਿਕਾਣੇ ਤੋਂ ਹੇਠਾਂ ਡੇਗਦੀ ਹੈ।

ਅਰਥਾਤ ਗੁਰ-ਆਸ਼ੇ ਤੋਂ ਉਲਟ ਜਾਣ ਵਾਲੀ ਬਾਣੀ, ਪਰਮਾਤਮਾ ਦੀ ਸਿਫਤਿ-ਸਾਲਾਹ ਤੋਂ ਸੁੰਞੀ ਬਾਣੀ ਮਨ ਨੂੰ ਕਮਜ਼ੋਰ ਕਰਦੀ ਹੈ, ਮਾਇਆ ਦੀ ਝਲਕ ਦੇ ਸਾਹਮਣੇ ਥਿੜਕਾ ਦਿੰਦੀ ਹੈ। ਅਜਿਹੀ ਬਾਣੀ ਨਿੱਤ ਪੜ੍ਹਨ-ਸੁਣਨ ਵਾਲਿਆਂ ਦੇ ਮਨ ਮਾਇਆ ਦੇ ਟਾਕਰੇ ਕਮਜ਼ੋਰ ਹੋ ਜਾਂਦੇ ਹਨ। ਅਜਿਹੇ ਕਮਜ਼ੋਰ ਹੋ ਚੁਕੇ ਮਨ ਵਿਚ ਆਤਮਕ ਅਨੰਦ ਦਾ ਸੁਆਦ ਨਹੀਂ ਬਣ ਸਕਦਾ। ਉਹ ਮਨ ਤਾਂ ਮਾਇਆ ਦੇ ਮੋਹ ਵਿਚ ਫਸਿਆ ਹੁੰਦਾ ਹੈ।

ਸ. ਜ਼ਫਰ ਨੂੰ ਭਗਤ ਅਤੇ ਸਤਿਗੁਰੂ ਦਾ ਫਰਕ ਸਮਝਣਾ ਚਾਹੀਦਾ ਹੈ। ਸਤਿਗੁਰੂ ਆਪ ਅਕਾਲ ਪੁਰਖ ਵੱਲੋਂ ਸਰਬ ਕਲਾ ਸਮਰੱਥ, ਤ੍ਰੈਕਾਲ ਦਰਸ਼ੀ ਰੂਪ ਵਿਚ ਆਏ ਪਰ ਭਗਤ ਜਨਮਾਂ ਜਨਮਾਂਤਰਾਂ ਦੀ ਭਗਤੀ ਬਾਅਦ ਪਰਮਾਤਮਾ ਨਾਲ ਅਭੇਦ ਹੋਏ। ਜੋ ਸ਼ਬਦ ਉਸ ਅਭੇਦ ਅਵਸਥਾ ਵਿਚ ਉਨ੍ਹਾਂ ਭਗਤਾਂ ਨੇ ਉਚਾਰੇ, ਅਤੇ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਏ, ਉਹ ਸ਼ਬਦ ਗੁਰੂ ਦੀ ਪਦਵੀ ਰੱਖਦੇ ਹਨ। ਗੁਰੂ ਸਾਹਿਬਾਨ ਵੱਲੋਂ ਭਗਤ ਬਾਣੀ ਨੂੰ ਇਕੱਠੀ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਦਾ ਖਾਸ ਮਨੋਰਥ ਵਰਣ ਵੰਡ, ਜਾਤ-ਪਾਤ ਤੇ ਉਚ-ਨੀਚ ਨੂੰ ਖਤਮ ਕਰਕੇ ਸਮੁੱਚੇ ਮਨੁੱਖੀ ਭਾਈਚਾਰੇ ਦੀ ਏਕਤਾ ਸੀ। ਭਗਤ ਬਾਣੀ ਵੀ ਉਹ ਹੀ ਇਕੱਤਰ ਕੀਤੀ ਜੋ ਗੁਰਬਾਣੀ ਆਸ਼ੇ ਅਨੁਸਾਰ ਸੀ ਅਤੇ ਗੁਰੂ ਨਾਨਕ ਦੇਵ ਜੀ ਦੀ ਕਸਵੱਟੀ 'ਤੇ ਪੂਰੀ ਉਤਰਦੀ ਸੀ।

ਗੁਰੂ ਅਰਜਨ ਦੇਵ ਜੀ ਪਾਸ ਆਪਣੀ ਬਾਣੀ ਲੈ ਕੇ ਹਾਜ਼ਰ ਹੋਏ ਛੱਜੂ, ਪੀਲੂ, ਕਾਨਾ ਤੇ ਹਸਨਾ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਨਹੀਂ ਮਿਲ ਸਕੀ, ਕਿਉਂਕਿ ਉਨ੍ਹਾਂ ਦੀ ਰਚਨਾ ਗੁਰਬਾਣੀ ਦੀ ਅਨੁਸਾਰੀ ਨਹੀਂ ਸੀ। ਗੁਰੂ ਸਾਹਿਬ ਇਸ ਦਾ ਨਿਬੇੜਾ ਆਪ ਹੀ ਕਰ ਗਏ ਹਨ। ਉਨ੍ਹਾਂ ਭਗਤ ਬਾਣੀ ਨੂੰ ਆਪਣੀ ਬਾਣੀ ਦੇ ਬਰਾਬਰ ਦਰਜ ਕੀਤਾ, ਲੇਕਿਨ ਭਗਤਾਂ ਨੂੰ 'ਸਤਿਗੁਰ' ਨਾਂ ਲਿਖ ਕੇ, ਸਿਰਫ 'ਭਗਤ' ਕਹਿ ਕੇ ਹੀ ਸੰਬੋਧਨ ਕੀਤਾ।

ਸ. ਜ਼ਫਰ ਲਿਖਦੇ ਹਨ, "ਪੰਚਮ ਪਾਤਸ਼ਾਹ ਨੇ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਅਰੰਭ ਵਿਚ ਗੁਰੂ ਲਿਖਨ ਦੀ ਬਜਾਇ ਇਹ ਬਾਣੀ ਸਾਧਾਰਨ ਸੂਚਨਾ ਵਾਂਗ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਲਿਖ ਕੇ ਦਰਜ ਕੀਤੀ। ਪਰ ਰਵਿਦਾਸ ਜੀ ਦੇ ਸ਼ਬਦਾਂ ਅੱਗੇ ਬਾਣੀ 'ਰਵਿਦਾਸ ਜੀ ਕੀ' ਜਾਂ 'ਰਵਿਦਾਸ ਜੀਓ ਕੀ' ਲਿਖਿਆ ਹੈ, ਭਾਵ ਉਨ੍ਹਾਂ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਆਦਰ ਦਿੱਤਾ। ਗੁਰੂ ਸਾਹਿਬਾਨ ਨੇ ਹੋਰ ਪੂਰਬਲੇ ਬਾਣੀਕਾਰਾਂ ਦੇ ਨਾਲ ਨਾਲ ਉਨ੍ਹਾਂ ਨੂੰ ਆਪਣਾ ਪੁਰਖਾ ਮੰਨਿਆ ਅਤੇ ਉਨ੍ਹਾਂ ਨੂੰ ਆਪਣੇ ਤੋਂ ਉਚਾ ਸਥਾਨ ਦਿੱਤਾ।"

ਕੀ ਗੁਰੂ ਗ੍ਰੰਥ ਸਾਹਿਬ ਵਿਚ 'ਬਾਣੀ ਸਧਨੇ ਕੀ', 'ਸਲੋਕ ਸੇਖ ਫਰੀਦ ਕੇ', ਸਿਰੀ ਰਾਗੁ ਤ੍ਰਿਲੋਚਨ ਕਾ', ਜਾਂ ਬਾਣੀ ਭਗਤਾ ਕੀ ਤ੍ਰਿਲੋਚਨ' ਲਿਖਿਆ ਪੜ੍ਹ ਕੇ ਸਮਝੀਏ ਕਿ ਉਨ੍ਹਾਂ ਦਾ ਵੱਡਾ ਆਦਰ ਨਹੀਂ ਹੋਇਆ? ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਂਵਾਂ 'ਤੇ ਭਗਤਾਂ ਦਾ ਨਾਮ ਤੱਕ ਨਹੀਂ ਲਿਖਿਆ, ਸ਼ਬਦ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਹ ਕਿਸ ਦਾ ਸ਼ਬਦ ਹੈ; ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ 93 ਉਤੇ ਸਿਰੀ ਰਾਗੁ ਸ਼ਬਦ ਰਵਿਦਾਸ ਜੀ ਦਾ ਹੈ, ਪੰਨਾ 710 ਉਤੇ ਜੈਤਸਰੀ ਬਾਣੀ ਭਗਤਾ ਕੀ ਸ਼ਬਦ ਰਵਿਦਾਸ ਜੀ ਦਾ ਹੈ, ਪੰਨਾ 718 ਉਤੇ ਟੋਡੀ ਬਾਣੀ ਭਗਤਾ ਕੀ ਸ਼ਬਦ ਨਾਮਦੇਉ ਜੀ ਦਾ ਹੈ ਆਦਿ।

ਜਿਸ ਨੂੰ ਗੁਰੂ ਨੇ ਕਬੂਲ ਕਰ ਲਿਆ, ਉਸ ਨੂੰ ਹੋਰ ਕਿਹੜਾ ਸਤਿਕਾਰ ਚਾਹੀਦਾ ਹੈ? ਭਗਤ ਤਾਂ ਗੁਰੂ ਦੀ ਇਕ ਨਜ਼ਰ ਨੂੰ ਤਰਸਦਾ ਸਾਰੀ ਜ਼ਿੰਦਗੀ ਲੰਘਾਉਂਦਾ ਹੈ। ਬਾਕੀ ਜਿਸ ਨੂੰ ਸ. ਜ਼ਫਰ ਸਾਧਾਰਨ ਸੂਚਨਾ ਕਹਿੰਦੇ ਹਨ, ਉਸ ਲਫਜ਼ 'ਮਹਲਾ' ਜਾਂ 'ਮਹਲੁ' ਦੇ ਅਰਥ ਅਤਿ ਗਹਿਰ-ਗੰਭੀਰ, ਅਧਿਆਤਮਕ ਮੰਜ਼ਿਲ ਦੀ ਸਿਖਰ ਹੈ। ਇਸ ਦਾ ਸਬੰਧ ਜੀਵ-ਇਸਤਰੀ, ਨਿਜਪਦ, ਅੰਤਹਕਰਨ, ਪਰਮਾਤਮਾ ਜਾਂ ਇਕ ਦੀ ਦੂਜੇ ਵਿਚ ਲੀਨਤਾ, ਜੋਤਿ, ਭਾਵ ਉਸ ਦੀ ਅੰਸ਼ ਲਈ ਹੈ।

ਮਹਲਾ ਜਾਂ ਮਹਲੁ ਤੋਂ ਭਾਵ ਪਰਮਾਤਮਾ ਦਾ ਨਿਜ ਘਰ, ਆਪਣਾ ਆਪਾ, ਗੁਰੂ ਨਾਨਕ ਦਾ ਹਿਰਦਾ ਜਿਸ ਵਿਚ ਪਰਮਾਤਮਾ ਦਾ ਵਾਸਾ ਸੀ, ਇਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਮਹਲੁ ਦੀ ਸੰਗਿਆ ਦਿੱਤੀ, ਇਸ ਕਰਕੇ ਸਭ ਗੁਰੂ ਸਾਹਿਬਾਨ ਹੀ ਮਹਲੁ ਅਖਵਾਏ:

ਮਹਲੈ ਅੰਦਰਿ ਮਹਲੁ ਕੋ ਪਾਏ॥
ਗੁਰ ਕੈ ਸਬਦਿ ਸਚਿ ਚਿਤੁ ਲਾਏ॥
ਜਿਸ ਨੋ ਸਚੁ ਦੇਇ ਸੋਈ ਸਚੁ ਪਾਏ
ਸਚੇ ਸਚਿ ਮਿਲਾਇਦਾ॥ (ਪੰਨਾ ੧੦੬੪)

ਭਾਵ ਜੋ ਮਨੁੱਖ ਗੁਰੂ ਦੇ ਸ਼ਬਦ ਰਾਹੀਂ ਆਪਣੇ ਸਰੀਰ ਵਿਚ ਪਰਮਾਤਮਾ ਦਾ ਟਿਕਾਣਾ ਲੱਭ ਲੈਂਦਾ ਹੈ, ਉਹ ਸਦਾ ਥਿਰ ਹਰਿ-ਨਾਮ ਵਿਚ ਚਿੱਤ ਜੋੜੀ ਰੱਖਦਾ ਹੈ। ਪਰ ਹੇ ਭਾਈ! ਜਿਸ ਮਨੁੱਖ ਨੂੰ ਸਦਾ ਥਿਰ ਪ੍ਰਭੂ ਆਪਣਾ ਸਦਾ ਥਿਰ ਹਰਿ-ਨਾਮ ਦਿੰਦਾ ਹੈ, ਉਹੀ ਇਹ ਹਰਿ-ਨਾਮ ਹਾਸਲ ਕਰਦਾ ਹੈ, ਤੇ ਉਹ ਹਰ ਵੇਲੇ ਇਸ ਸਦਾ ਥਿਰ ਹਰਿ-ਨਾਮ ਵਿਚ ਇਕ-ਮਿਕ ਰਹਿੰਦਾ ਹੈ:

ਮਹਲੁ ਸਾਹ ਕਾ ਕਿਨ ਬਿਧਿ ਪਾਵੈ॥
ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ॥
ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ॥
ਕਵਨੁ ਸੁ ਦਾਤਾ ਲੇ ਸੰਚਾਰੇ॥ (ਪੰਨਾ ੧੯੧)

ਮੈਂ ਉਸ ਨਾਮ-ਰਤਨ ਦੇ ਵਪਾਰੀ ਪਾਸੋਂ ਪੁੱਛਦਾ ਹਾਂ ਕਿ ਨਾਮ-ਰਾਸਿ ਦੇ ਸ਼ਾਹ ਦਾ ਮਹਲ ਮਨੁੱਖ ਕਿਸ ਤਰੀਕੇ ਨਾਲ ਲੱਭ ਸਕਦਾ ਹੈ? ਉਹ ਕਿਹੜਾ ਢੰਗ ਹੈ ਜਿਸ ਕਰਕੇ ਉਹ ਸ਼ਾਹ ਜੀਵ-ਵਣਜਾਰੇ ਨੂੰ ਆਪਣੀ ਹਜ਼ੂਰੀ ਵਿਚ ਸੱਦਦਾ ਹੈ? ਹੇ ਪ੍ਰਭੂ! ਤੂੰ ਸਭ ਤੋਂ ਵੱਡਾ ਹੈਂ, ਕਰੋੜਾਂ ਜੀਵ ਤੇਰੇ ਵਣਜਾਰੇ ਹਨ। ਨਾਮ ਦੀ ਦਾਤਿ ਕਰਨ ਵਾਲਾ ਉਹ ਕੌਣ ਹੈ ਜੋ ਮੈਨੂੰ ਤੇਰੇ ਚਰਨਾਂ 'ਚ ਅਪੜਾ ਦੇਵੇ?

ਸ. ਜ਼ਫਰ ਦਾ ਕਹਿਣਾ ਹੈ, "ਗੁਰਦੁਆਰਿਆਂ ਵਿਚ ਕਬੀਰ ਸਾਹਿਬ, ਰਵਿਦਾਸ ਜੀ, ਨਾਮਦੇਵ ਜੀ ਅਤੇ ਦੂਸਰੇ ਬਾਣੀਕਾਰਾਂ ਦੇ ਪੁਰਬ ਵੀ ਮਨਾਉਂਦੇ ਹੁੰਦੇ। ਉਨ੍ਹਾਂ ਦਾ ਪੁਰਬ ਮਨਾਉਣਾ ਕੇਵਲ ਉਨ੍ਹਾਂ ਦੀ ਜਾਤ ਨਾਲ ਸਬੰਧਤ ਸ਼ਰਧਾਲੂਆਂ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ ਅਤੇ ਉਨ੍ਹਾਂ ਦੀ ਜਾਤੀ ਦੇ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਨਾਂ 'ਤੇ ਵੱਖਰੇ ਗੁਰਦੁਆਰੇ ਜਾਂ ਮੰਦਿਰ ਬਣਾਉਣ ਦੀ ਲੋੜ ਨਹੀਂ ਪੈਣੀ ਚਾਹੀਦੀ।"

ਸਾਡਾ ਵਿਚਾਰ ਹੈ ਕਿ ਗੁਰਦੁਆਰਾ ਹਰ ਇਕ ਲਈ ਖੁੱਲ੍ਹਾ ਹੈ। ਜਿੱਥੇ ਭਗਤਾਂ ਦੇ ਅਨੁਆਈਆਂ ਦਾ ਜਾਤਾਂ ਦੇ ਨਾਂ 'ਤੇ ਗੁਰਦੁਆਰੇ ਬਣਾਉਣਾ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਦੇ ਅਨੁਸਾਰ ਨਹੀਂ, ਉਥੇ ਗੁਰੂ ਦੇ ਸਿੱਖ ਕਹਾਉਣ ਵਾਲੇ ਵੀ ਜਾਤ ਦੇ ਆਧਾਰ 'ਤੇ ਅਲੱਗ ਗੁਰਦੁਆਰਾ ਬਣਾਉਂਦੇ ਹਨ ਤਾਂ ਉਹ ਵੀ ਉਤਨੇ ਹੀ ਕਸੂਰਵਾਰ ਹਨ। ਗੁਰਬਾਣੀ ਦਾ ਫੁਰਮਾਨ ਹੈ:

ਅੰਡਜ ਜੇਰਜ ਉਤਭੁਜ ਸੇਤਜ
ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ
ਤੂ ਸਭਨਾ ਮਾਹਿ ਰਵੰਤਾ॥ (ਪੰਨਾ ੫੯੬)

ਭਾਵ ਅੰਡੇ, ਜਿਓਰ, ਧਰਤੀ, ਮੁੜ੍ਹਕੇ ਵਿਚੋਂ ਜੰਮੇ ਹੋਏ ਇਹ ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ, ਪਰ ਮੈਂ ਤੇਰੀ ਅਚਰਜ ਖੇਡ ਵੇਖਦਾ ਹਾਂ ਕਿ ਤੂੰ ਇਨ੍ਹਾਂ ਸਭਨਾਂ ਜੀਵਾਂ ਵਿਚ ਮੌਜੂਦ ਹੈਂ।

ਬਾਕੀ ਪੁਰਬ ਦਾ ਅਰਥ ਨਿਰਾ-ਪੁਰਾ ਤਿਓਹਾਰ ਹੀ ਨਹੀਂ ਸਗੋਂ ਅਚਰਜ, ਵਡਿਆਈ ਜਾਂ ਸਿਫਤ ਵੀ ਹੁੰਦਾ ਹੈ। ਭਾਈ ਗੁਰਦਾਸ ਆਪਣੀ ਵਾਰ ਬਾਰਾਂ ਦੀ ਦੂਜੀ ਪਉੜੀ ਵਿਚ ਲਿਖਦੇ ਹਨ:

ਕੁਰਬਾਣੀ ਤਿਨਾ ਗੁਰ ਸਿਖਾ
ਭਾਇ ਭਗਤਿ ਗੁਰਪੁਰਬੁ ਕਰੰਦੇ।
ਗੁਰ ਸੇਵਾ ਫਲੁ ਸੁਫਲੁ ਫਲੰਦੇ।

ਭਾਵ ਮੈਂ ਉਨ੍ਹਾਂ ਗੁਰਮੁਖਾਂ ਤੋਂ ਸਦਕੇ ਹਾਂ ਜੋ ਪ੍ਰੇਮਾ ਭਗਤੀ ਨਾਲ ਗੁਰੂ ਨੂੰ ਸਲਾਹੁੰਦੇ ਹਨ, ਉਸ ਸੇਵਾ ਦੇ ਸੁਫਲ ਫਲਾਂ ਨਾਲ ਫਲਦੇ ਹਨ। ਜਦੋਂ ਸਿੱਖ ਗੁਰੂ ਦਾ ਪੁਰਬ ਮਨਾਉਂਦੇ ਹਨ ਤਾਂ ਇਸ ਦਾ ਮਤਲਬ ਵੀ ਨਿਰਾ ਪੁਰਾ ਤਿਓਹਾਰ ਹੀ ਨਹੀਂ ਸਮਝਣਾ ਚਾਹੀਦਾ, ਸਗੋਂ ਇਸ ਨੂੰ (ਸ਼ਬਦ) ਗੁਰੂ ਦੀ ਸਿਫਤਿ ਸਾਲਾਹ ਹੀ ਸਮਝਣਾ ਚਾਹੀਦਾ ਹੈ। 'ਸਭਨਾ ਮਾਹਿ ਰਵੰਤਾ' ਵਾਲਾ ਗੁਣ ਸਿਰਫ ਤੇ ਸਿਰਫ ਗੁਰੂ ਪਰਮੇਸ਼ਰ ਵਿਚ ਹੀ ਹੋ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

ਗੁਰੁ ਪਰਮੇਸਰੁ ਏਕੋ ਜਾਣੁ॥
ਜੋ ਤਿਸੁ ਭਾਵੈ ਸੋ ਪਰਵਾਣੁ॥੧ ਰਹਾਉ॥
(ਪੰਨਾ ੮੬੪)

'ਤੂ ਸਭਨਾ ਮਾਹਿ ਰਵੰਤਾ' ਗੁਣ ਨੂੰ ਭਗਤਾਂ ਨਾਲ ਕਿਸੇ ਤਰ੍ਹਾਂ ਵੀ ਜੋੜਿਆ ਨਹੀਂ ਜਾ ਸਕਦਾ।

ਰਹੀ ਗੱਲ ਪਦ-ਪਦਵੀ ਦੀ, ਜਦੋਂ ਸਾਰੇ ਭਗਤਾਂ ਦਾ ਜਾਪ (ਗੁਰਮੰਤਰ) ਹੀ ਆਪਸ ਵਿਚ ਮੇਲ ਨਹੀਂ ਖਾਂਦਾ ਜਾਂ ਉਨ੍ਹਾਂ ਦੇ ਪੈਰੋਕਾਰ ਆਪਸ ਵਿਚ ਮੇਲ ਨਹੀਂ ਰੱਖਦੇ, ਫਿਰ ਉਨ੍ਹਾਂ ਨੂੰ ਗੁਰੂ ਸਾਹਿਬਾਨ ਮੁਤਾਬਿਕ ਪਦ (ਦਰਜਾ) ਕਿਵੇਂ ਦਿੱਤਾ ਜਾ ਸਕਦਾ ਹੈ? ਹਾਂ ਸਾਰੇ ਭਗਤਾਂ ਦੇ ਪੈਰੋਕਾਰ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋ ਕੇ, ਫੋਕੇ ਕਰਮਕਾਂਡ ਤਿਆਗ ਕੇ, ਸਿੱਖ ਧਰਮ ਕਬੂਲ ਕਰ ਲੈਣ ਤਾਂ ਉਨ੍ਹਾਂ ਨੂੰ ਸਿੱਖ ਦੀ ਪਦਵੀ ਦਿੱਤੀ ਜਾ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਸ਼ਾਮਲ ਹੋਈ ਹੋਣ ਕਾਰਨ ਜੇ ਕਿਸੇ ਭਗਤ ਦੇ ਪੈਰੋਕਾਰ ਇਹ ਸਮਝਣ ਕਿ ਅਸੀਂ ਵੀ ਉਸੇ ਪਦ-ਪਦਵੀ ਦੇ ਹੱਕਦਾਰ ਹੋ ਗਏ ਹਾਂ ਜੋ ਇਕ ਸਿੱਖ ਦੀ ਹੈ, ਤਾਂ ਇਸ ਲਈ ਉਨ੍ਹਾਂ ਨੂੰ ਆਪ ਸਿੱਖ ਪੰਥ ਵਿਚ ਸ਼ਾਮਲ ਹੋਣਾ ਪਏਗਾ।

ਪੂਰਬ ਜਨਮ ਹਮ ਤੁਮ੍ਹਰੇ ਸੇਵਕ
ਅਬ ਤਉ ਮਿਟਿਆ ਨ ਜਾਈ॥
ਤੇਰੇ ਦੁਆਰੈ ਧੁਨਿ ਸਹਜ ਕੀ
ਮਾਥੈ ਮੇਰੇ ਦਗਾਈ॥ (ਪੰਨਾ ੯੭੦)

ਕਬੀਰ ਜੀ ਕਹਿ ਰਹੇ ਹਨ ਕਿ ਪੁਰਬਲੇ ਕਈ ਜਨਮਾਂ ਤੋਂ 'ਹਮ ਤੁਮਰੇ ਸੇਵਕ' ਬਣੇ ਆ ਰਹੇ ਹਾਂ ਤਾਂ ਇਹ ਗੱਲ ਗੁਰੂ ਸਾਹਿਬਾਨ 'ਤੇ ਕਿਸੇ ਹਾਲਤ ਵੀ ਲਾਗੂ ਨਹੀਂ ਹੁੰਦੀ ਕਿਉਂਕਿ:

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ॥ (ਪੰਨਾ ੭੪੯)

ਅਰਥਾਤ ਹੇ ਭਾਈ! ਸੰਤ ਜਨ ਜਨਮ-ਮਰਨ ਦੇ ਗੇੜ ਵਿਚ ਨਹੀਂ ਆਉਂਦੇ, ਉਹ ਤਾਂ ਜਗਤ ਵਿਚ ਦੂਜਿਆਂ ਦੀ ਭਲਾਈ ਕਰਨ ਵਾਸਤੇ ਆਉਂਦੇ ਹਨ। ਸੰਤ ਜਨ ਹੋਰਨਾਂ ਨੂੰ ਆਤਮਕ ਜੀਵਨ ਦੀ ਦਾਤ ਦੇ ਕੇ ਪ੍ਰਭੂ ਭਗਤੀ ਵਿਚ ਜੋੜਦੇ ਹਨ, ਅਤੇ ਉਨ੍ਹਾਂ ਨੂੰ ਪਰਮਾਤਮਾ ਨਾਲ ਮਿਲਾ ਦਿੰਦੇ ਹਨ।

ਭਾਈ ਮੰਝ ਵਾਂਗੂੰ (ਜੋ ਪਹਿਲਾਂ ਸੁਲਤਾਨੀਆਂ ਸੀ, ਫਿਰ ਗੁਰਬਾਣੀ ਦੇ ਅਸਰ ਨਾਲ ਇਕ ਕਰਤਾਰ ਦਾ ਉਪਾਸ਼ਕ ਹੋਇਆ ਤੇ ਘਰ ਵਿਚ ਬਣੀ ਕਬਰ ਨੂੰ ਢਾਹ ਕੇ ਸਿੱਖੀ ਵਿਚ ਦਾਖਲ ਹੋਇਆ) ਭਗਤਾਂ ਦੇ ਪੈਰੋਕਾਰ ਵੀ ਜਦੋਂ ਚਾਹੁਣ ਪਿਛਲਾ ਕਰਮਕਾਂਡ ਤਿਆਗ ਕੇ ਸਿੱਖੀ ਮੰਡਲ ਵਿਚ ਦਾਖਲ ਹੋ ਸਕਦੇ ਹਨ, ਕੋਈ ਰੁਕਾਵਟ ਨਹੀਂ।

ਸ. ਜ਼ਫਰ ਨੇ ਹੋਰ ਲਿਖਿਆ ਹੈ, "ਇਕ ਹੋਰ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਨੇ ਕਬੀਰ ਜੀ, ਸੈਨ ਜੀ, ਨਾਮਦੇਵ ਜੀ, ਰਵਿਦਾਸ ਜੀ ਅਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਟਤਾ ਦਾ ਧਿਆਨ ਧਰਦਿਆਂ ਇਨ੍ਹਾਂ ਨੂੰ ਆਪਣੇ ਪ੍ਰੇਰਨਾ ਸ੍ਰੋਤ ਮੰਨਿਆ ਹੈ। ਇਸ ਤੋਂ ਵੀ ਵਧ ਕੇ ਇਨ੍ਹਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਮੰਨਿਆ ਹੈ ਅਤੇ ਖੁਦ ਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਆਖਿਆ ਹੈ:

ਭਲੋ ਕਬੀਰੁ ਦਾਸੁ ਦਾਸਨ ਕੋ
ਊਤਮ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ
ਰਵਿਦਾਸ ਠਾਕੁਰ ਬਣਿ ਆਈ॥੧॥
ਜੀਉ ਪਿੰਡੁ ਤਨੁ ਧਨੁ ਸਾਧਨ ਕਾ
ਇਹੁ ਮਨੁ ਸੰਤ ਰੇਨਾਈ॥
ਸੰਤ ਪ੍ਰਤਾਪਿ ਭਰਮ ਸਭਿ ਨਾਸੇ
ਨਾਨਕ ਮਿਲੇ ਗੁਸਾਈ॥ (ਪੰਨਾ ੧੨੦੭)"

ਜਦੋਂ ਅਸੀਂ ਇਹ ਸਾਰਾ ਸ਼ਬਦ ਪੜ੍ਹਾਂਗੇ ਤਾਂ ਸਪਸ਼ਟ ਹੋਵੇਗਾ:

ਸਾਰਗ ਮਹਲਾ ੫
ਓਆ ਅਉਸਰ ਕੈ ਹਉ ਬਲਿ ਜਾਈ॥
ਆਠ ਪਹਰ ਅਪਨਾ ਪ੍ਰਭੁ ਸਿਮਰਨੁ
ਵਡਭਾਗੀ ਹਰਿ ਪਾਂਈ॥੧॥ ਰਹਾਉ॥
ਭਲੋ ਕਬੀਰੁ ਦਾਸੁ ਦਾਸਨ ਕੋ
ਊਤਮ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ
ਰਵਿਦਾਸ ਠਾਕੁਰ ਬਣਿ ਆਈ॥੧॥
ਜੀਉ ਪਿੰਡੁ ਤਨੁ ਧਨੁ ਸਾਧਨ ਕਾ
ਇਹੁ ਮਨੁ ਸੰਤ ਰੇਨਾਈ॥
ਸੰਤ ਪ੍ਰਤਾਪਿ ਭਰਮ ਸਭਿ ਨਾਸੇ
ਨਾਨਕ ਮਿਲੇ ਗੁਸਾਈ॥ (ਪੰਨਾ ੧੨੦੭)

ਅਰਥਾਤ ਹੇ ਭਾਈ! ਮੈਂ ਉਸ ਮੌਕੇ ਤੋਂ ਸਦਕੇ ਜਾਂਦਾ ਹਾਂ ਜਦੋਂ ਮੈਨੂੰ ਸੰਤ ਜਨਾਂ ਦੀ ਸੰਗਤ ਪ੍ਰਾਪਤ ਹੋਈ। ਹੁਣ ਮੈਨੂੰ ਅੱਠੇ ਪਹਿਰ ਆਪਣੇ ਪ੍ਰਭੂ ਦਾ ਸਿਮਰਨ ਮਿਲ ਗਿਆ ਹੈ, ਤੇ ਵੱਡੇ ਭਾਗਾਂ ਨਾਲ ਮੈਂ ਹਰੀ ਨੂੰ ਲੱਭ ਲਿਆ ਹੈ।

ਹੇ ਭਾਈ! ਕਬੀਰ ਪਰਮਾਤਮਾ ਦੇ ਦਾਸਾਂ ਦਾ ਦਾਸ ਬਣ ਕੇ ਭਲਾ ਬਣ ਗਿਆ, ਸੈਣ ਨਾਈ ਸੰਤ ਜਨਾਂ ਦਾ ਦਾਸ ਬਣ ਕੇ ਉਤਮ ਜੀਵਨ ਵਾਲਾ ਹੋ ਗਿਆ। ਸੰਤ ਜਨਾਂ ਦੀ ਸੰਗਤ ਨਾਲ ਨਾਮਦੇਵ ਉਚੇ ਤੋਂ ਉਚੇ ਜੀਵਨ ਵਾਲਾ ਬਣਿਆ, ਅਤੇ ਸਭ ਵਿਚ ਪਰਮਾਤਮਾ ਦੀ ਜੋਤ ਨੂੰ ਵੇਖਣ ਵਾਲਾ ਬਣ ਗਿਆ, ਸੰਤ ਜਨਾਂ ਦੀ ਕਿਰਪਾ ਨਾਲ ਹੀ ਰਵਿਦਾਸ ਦੀ ਪਰਮਾਤਮਾ ਨਾਲ ਪ੍ਰੀਤ ਬਣ ਗਈ।

ਹੇ ਨਾਨਕ! ਹੇ ਭਾਈ! ਮੇਰੀ ਇਹ ਜਿੰਦ, ਮੇਰਾ ਸਰੀਰ, ਤਨ, ਇਹ ਧਨ-ਸਭ ਕੁਝ ਸੰਤ ਜਨਾਂ ਦਾ ਹੋ ਚੁਕਾ ਹੈ, ਮੇਰਾ ਇਹ ਮਨ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹੈ। ਸੰਤ ਜਨਾਂ ਦੇ ਪ੍ਰਤਾਪ ਨਾਲ ਸਾਰੇ ਭਰਮ ਨਾਸ ਹੋ ਜਾਂਦੇ ਹਨ ਅਤੇ ਜਗਤ ਦਾ ਖਸਮ ਪ੍ਰਭੂ ਮਿਲ ਪੈਂਦਾ ਹੈ।

ਸ਼ਬਦ ਦਾ ਕੇਂਦਰੀ ਭਾਵ ਰਹਾਉ ਦੀ ਤੁਕ ਵਿਚ ਹੁੰਦਾ ਹੈ, ਪਰ ਜ਼ਫਰ ਨੇ ਜਦ ਰਹਾਉ ਦੀ ਤੁਕ ਨੂੰ ਵਰਤਣਾ, ਸਮਝਣਾ ਜਾਂ ਲਿਖਣਾ ਹੀ ਨਹੀਂ ਤਾਂ ਨਤੀਜਾ ਸਾਹਮਣੇ ਹੈ। ਭਗਤਾਂ ਨੂੰ ਪ੍ਰੇਰਨਾ ਸ੍ਰੋਤ, ਇਨ੍ਹਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਅਤੇ ਉਨ੍ਹਾਂ ਦੇ ਹੀ ਚਰਨਾਂ ਦੀ ਧੂੜ, ਇਹ ਸਭ ਕੁੱਝ ਪੰਚਮ ਪਾਤਸ਼ਾਹ ਨੇ ਇਸ ਸ਼ਬਦ ਵਿਚ ਬਿਲਕੁਲ ਨਹੀਂ ਆਖਿਆ। ਲਿਖਿਆ ਤਾਂ ਇਹ ਹੈ ਕਿ ਸੰਤ ਜਨਾਂ ਦੀ ਸੰਗਤ ਨਾਲ ਭਗਤਾਂ ਦੀ ਪਰਮਾਤਮਾ ਨਾਲ ਪ੍ਰੀਤ ਬਣ ਗਈ। ਇਸ ਸੰਗਤ ਦੀ ਬਰਕਤ ਨਾਲ ਭਗਤ ਜਨ ਪਰਮਾਤਮਾ ਦੇ ਦਾਸਾਂ ਦੇ ਦਾਸ ਬਣ ਗਏ, ਨਾ ਕਿ ਗੁਰੂ ਸਾਹਿਬਾਨ ਕਬੀਰ ਜਾਂ ਬਾਕੀ ਭਗਤਾਂ ਦੇ ਦਾਸ ਬਣ ਕੇ ਉਨ੍ਹਾਂ ਨੂੰ ਆਪਣੇ ਹੋਣ ਥੀਣ ਦਾ ਆਧਾਰ ਮੰਨਦੇ ਹਨ; ਜਿਵੇਂ ਕਿ ਸ. ਜ਼ਫਰ ਨੇ ਸਾਬਤ ਕੀਤਾ ਹੈ। ਸੰਤ ਦਾ ਮਤਲਬ ਗੁਰੂ, ਪਰਮਾਤਮਾ, ਸਾਧ ਸੰਗਤ ਹੁੰਦਾ ਹੈ ਅਤੇ ਭਗਤ ਦਾ ਮਤਲਬ ਅਕਾਲ ਪੁਰਖ ਦੀ ਭਗਤੀ ਕਰਨ ਵਾਲਾ। ਕਾਸ਼! ਸ. ਜ਼ਫਰ ਨੂੰ ਸੰਤ ਜਨਾਂ ਤੇ ਭਗਤ ਜਨਾਂ ਦੇ ਫਰਕ ਦਾ ਪਤਾ ਹੁੰਦਾ।

ਗੁਰੂ ਅਰਜਨ ਦੇਵ ਨੇ ਆਪਣੇ ਹੋਣ ਥੀਣ ਦਾ ਆਧਾਰ, ਸ੍ਰੇਸ਼ਟਤਾ ਦਾ ਧਿਆਨ, ਪ੍ਰੇਰਨਾ ਸ੍ਰੋਤ ਅਤੇ ਕਿਸ ਦੇ ਚਰਨਾਂ ਦੀ ਧੂੜ ਆਖਿਆ ਹੈ, ਉਹ ਇਸ ਸਲੋਕ ਵਿਚ ਸਪਸ਼ਟ ਕਰ ਦਿੰਦੇ ਹਨ, ਜੋ ਹਰ ਸਿੱਖ ਰੋਜ਼ਾਨਾ ਰਹਿਰਾਸ ਵਿਚ ਪੜ੍ਹਦਾ ਹੈ:

ਸਲੋਕ ਮਹਲਾ ੫
ਤੇਰਾ ਕੀਤਾ ਜਾਤੋ ਨਾਹੀ
ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ
ਆਪੇ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਈ
ਸਤਿਗੁਰੁ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤ ਜੀਵਾ
ਤਨੁ ਮਨੁ ਥੀਵੈ ਹਰਿਆ॥ (ਪੰਨਾ ੧੪੨੯)

ਸ. ਜ਼ਫਰ ਲਿਖਦੇ ਹਨ, "ਗੁਰੂ ਗ੍ਰੰਥ ਸਾਹਿਬ ਵਿਚ ਭੱਟ ਕਲ ਜੀ ਨੇ ਆਪਣੇ ਸਵੱਈਆਂ ਵਿਚ ਇਨ੍ਹਾਂ ਆਦਿ ਬਾਣੀਕਾਰਾਂ ਜਾਂ ਆਦਿ ਗੁਰੂਆਂ (ਭਗਤਾਂ) ਦਾ ਵੱਡਾ ਸਤਿਕਾਰ ਕੀਤਾ ਹੈ:

ਗੁਣ ਗਾਵੈ ਰਵਿਦਾਸੁ
ਭਗਤੁ ਜੈਦੇਵ ਤ੍ਰਿਲੋਚਨ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ
ਸਮ ਲੋਚਨ॥ (ਪੰਨਾ ੧੩੯੦)"

ਪਰ ਇਹ ਸਾਰਾ ਬੰਦ ਦੇਖੋ:

ਗੁਣ ਗਾਵੈ ਰਵਿਦਾਸੁ ਭਗਤੁ
ਜੈਦੇਵ ਤ੍ਰਿਲੋਚਨ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ
ਸਮ ਲੋਚਨ॥ (ਪੰਨਾ ੧੩੯੦)

ਅਰਥਾਤ ਉਸ (ਗੁਰੂ ਨਾਨਕ ਦੇ) ਗੁਣ ਰਵਿਦਾਸ ਭਗਤ ਗਾ ਰਿਹਾ ਹੈ, ਜੈਦੇਵ ਤੇ ਤ੍ਰਿਲੋਚਨ ਗਾ ਰਹੇ ਹਨ, ਭਗਤ ਨਾਮਦੇਵ ਤੇ ਕਬੀਰ ਗਾ ਰਹੇ ਹਨ; ਜੋ ਅਕਾਲ ਪੁਰਖ ਨੂੰ ਆਪਣੇ ਨੇਤਰਾਂ ਨਾਲ ਸਭ ਥਾਂਈਂ ਵੇਖ ਰਿਹਾ ਹੈ।

ਭਗਤੁ ਬੇਣਿ ਗੁਣ ਰਵੈ ਸਹਜਿ
ਆਤਮ ਰੰਗੁ ਮਾਣੈ॥
ਜੋਗ ਧਿਆਨਿ ਗੁਰ ਗਿਆਨਿ ਬਿਨਾ
ਪ੍ਰਭ ਅਵਰੁ ਨ ਜਾਣੈ॥ (ਪੰਨਾ ੧੩੯੦)

ਅਰਥਾਤ (ਜੋ ਗੁਰੂ ਨਾਨਕ) ਅਡੋਲਤਾ ਵਿਚ ਟਿਕ ਕੇ ਪ੍ਰਭੂ ਮਿਲਾਪ ਦੇ ਸੁਆਦ ਨੂੰ ਮਾਣਦਾ ਹੈ, (ਜੋ ਗੁਰੂ ਨਾਨਕ) ਗੁਰੂ ਦੇ ਗਿਆਨ ਦੀ ਬਰਕਤਿ ਨਾਲ ਅਕਾਲ ਪੁਰਖ ਵਿਚ ਸੁਰਤੀ ਜੋੜ ਕੇ ਉਸ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਜਾਣਦਾ,

(ਬਾਕੀ ਅਗਲੇ ਸਫੇ ਉਤੇ)

***ਸ. ਜ਼ਫਰ ਨੂੰ ਭਗਤ ਅਤੇ ਸਤਿਗੁਰੂ ਦਾ ਫਰਕ ਸਮਝਣਾ ਚਾਹੀਦਾ ਹੈ। ਸਤਿਗੁਰੂ ਆਪ ਅਕਾਲ ਪੁਰਖ ਵੱਲੋਂ ਸਰਬ ਕਲਾ ਸਮਰੱਥ, ਤ੍ਰੈਕਾਲ ਦਰਸ਼ੀ ਰੂਪ ਵਿਚ ਆਏ ਪਰ ਭਗਤ ਜਨਮਾਂ ਜਨਮਾਂਤਰਾਂ ਦੀ ਭਗਤੀ ਬਾਅਦ ਪਰਮਾਤਮਾ ਨਾਲ ਅਭੇਦ ਹੋਏ। ਜੋ ਸ਼ਬਦ ਉਸ ਅਭੇਦ ਅਵਸਥਾ ਵਿਚ ਉਨ੍ਹਾਂ ਭਗਤਾਂ ਨੇ ਉਚਾਰੇ, ਅਤੇ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਏ, ਉਹ ਸ਼ਬਦ ਗੁਰੂ ਦੀ ਪਦਵੀ ਰੱਖਦੇ ਹਨ। ਗੁਰੂ ਸਾਹਿਬਾਨ ਵੱਲੋਂ ਭਗਤ ਬਾਣੀ ਨੂੰ ਇਕੱਠੀ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਦਾ ਖਾਸ ਮਨੋਰਥ ਵਰਣ ਵੰਡ, ਜਾਤ-ਪਾਤ ਤੇ ਉਚ-ਨੀਚ ਨੂੰ ਖਤਮ ਕਰਕੇ ਸਮੁੱਚੇ ਮਨੁੱਖੀ ਭਾਈਚਾਰੇ ਦੀ ਏਕਤਾ ਸੀ। ਭਗਤ ਬਾਣੀ ਵੀ ਉਹ ਹੀ ਇਕੱਤਰ ਕੀਤੀ ਜੋ ਗੁਰਬਾਣੀ ਆਸ਼ੇ ਅਨੁਸਾਰ ਸੀ ਅਤੇ ਗੁਰੂ ਨਾਨਕ ਦੇਵ ਜੀ ਦੀ ਕਸਵੱਟੀ 'ਤੇ ਪੂਰੀ ਉਤਰਦੀ ਸੀ।***

# ਅਜੋਕੇ ਯੁਗ ’ਚ ਧਰਮਤੰਤਰਕ ਰਾਜ ਪ੍ਰਣਾਲੀ ਦੀ ਪ੍ਰਸੰਗਿਕਤਾ

***ਸਿੱਖ ਵਿਦਵਾਨ ਸ. ਅਜਮੇਰ ਸਿੰਘ ਦੇ ਚਿੰਤਨ ਬਾਰੇ ‘ਪੰਜਾਬ ਟਾਈਮਜ਼’ ਦੇ 7 ਜਨਵਰੀ 2017 ਦੇ ਅੰਕ ਵਿਚ ਛਪੇ ਸੀਨੀਅਰ ਪੱਤਰਕਾਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ ‘ਥਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ’ ਨਾਲ ਅਰੰਭ ਹੋਈ ਚਰਚਾ ਤਹਿਤ ਪਾਠਕ ਹਜਾਰਾ ਸਿੰਘ ਮਿਸੀਸਾਗਾ (ਕੈਨੇਡਾ), ਤਰਲੋਕ ਸਿੰਘ ਨਿਊ ਜਰਸੀ, ਕਮਲਜੀਤ ਸਿੰਘ ਫਰੀਮਾਂਟ, ਡਾ. ਸੰਦੀਪ ਸਿੰਘ, ਹਾਕਮ ਸਿੰਘ, ਪੰਜਾਬੀ ਯੂਨੀਵਰਸਿਟੀ-ਪਟਿਆਲਾ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹਿ ਚੁਕੇ ਡਾ. ਗੁਰਨਾਮ ਕੌਰ ਕੈਨੇਡਾ ਅਤੇ ਅਜਮੇਰ ਸਿੰਘ ਦੇ ਸਾਥੀ ਰਹੇ ਗੁਰਬਚਨ ਸਿੰਘ ਦੇ ਵਿਚਾਰ ਪੜ੍ਹ ਚੁਕੇ ਹਾਂ। ਇਸੇ ਲੜੀ ਵਿਚ ਐਤਕੀਂ ਹਾਕਮ ਸਿੰਘ ਦੇ ਵਿਚਾਰ ਛਾਪ ਰਹੇ ਹਾਂ। ਸਾਡਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਸਾਡਾ ਮਨਸ਼ਾ ਇਸ ਮੁੱਦੇ ਉਤੇ ਸੰਜੀਦਾ ਬਹਿਸ ਚਲਾਉਣਾ ਹੈ। ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਪੰਜਾਬ ਟਾਈਮਜ਼ ਵਿਚ ਖਾਲਿਸਤਾਨ ਨਾਲ ਸਬੰਧਤ ਵਿਚਾਰ-ਚਰਚਾ ਵਿਚ ਖਾਲਿਸਤਾਨ ਦੇ ਮੂਲ ਆਧਾਰ ਅਤੇ ਉਸ ਦੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਵਿਚਾਰ ਕਰ ਲੈਣੀ ਅਣਉਚਿਤ ਨਹੀਂ ਹੋਵੇਗੀ। ਖਾਲਿਸਤਾਨ ਧਰਮਤੰਤਰਕ (Theocratic) ਰਾਜ ਪ੍ਰਣਾਲੀ ਦਾ ਸੰਕਲਪ ਹੈ। ਧਰਮਤੰਤਰ ਧਰਮ ਅਤੇ ਰਾਜਨੀਤੀ ਦੇ ਸੁਮੇਲ ਦੀ ਉਪਜ ਹੈ। ਧਰਮ ਅਤੇ ਰਾਜਨੀਤੀ ਦੋ ਵੱਖਰੀਆਂ ਅਤੇ ਵਿਰੋਧੀ ਵਿਚਾਰਧਾਰਾਵਾਂ ਹਨ। ਇਨ੍ਹਾਂ ਵਿਚ ਮੂਲ ਅੰਤਰ ਹੈ। ਸਿੱਖ ਜਗਤ ਵਿਚ ਬਹੁਤ ਘੱਟ ਲੋਕਾਂ ਨੂੰ ਗਿਆਨ ਹੈ ਕਿ ਖਾਲਿਸਤਾਨ ਦੀ ਧਰਮਤੰਤਰਕ ਰਾਜ ਪ੍ਰਣਾਲੀ ਗੁਰੂ ਗ੍ਰੰਥ

ਹਾਕਮ ਸਿੰਘ

ਸਾਹਿਬ ਦੀ ਬਾਣੀ ਦੇ ਉਪਦੇਸ਼ ਦੀ ਉਲੰਘਣਾ ਕਰਦੀ ਹੈ। ਬਹੁਤੇ ਲੋਕ ਅਗਿਆਨ ਵੱਸ ਸ਼ਰਧਾ ਭਾਵਨਾ ਦੇ ਵਹਾਓ ਵਿਚ ਹੀ ਧਰਮਤੰਤਰਕ ਰਾਜ ਪ੍ਰਣਾਲੀ ਦੇ ਸਮਰਥਕ ਬਣੇ ਹੋਏ ਹਨ। ਗੁਰਬਾਣੀ ਪ੍ਰੇਮੀਆਂ ਨੂੰ ਧਰਮਤੰਤਰ ਦੀ ਅਸਲੀਅਤ ਜਾਣਨ ਦਾ ਯਤਨ ਜ਼ਰੂਰ ਕਰਨਾ ਚਾਹੀਦਾ ਹੈ।

ਧਰਮ ਅਤੇ ਰਾਜਨੀਤੀ ਵਿਚ ਅੰਤਰ ਹੈ:

1. ਧਰਮ ਅਧਿਆਤਮਕ ਵਿਚਾਰਧਾਰਾ ਤੇ ਆਧਾਰਤ ਨਿਜੀ ਜੀਵਨ ਢੰਗ ਹੈ। ਰਾਜਨੀਤੀ ਸਮਾਜ ਨੂੰ ਸੰਗਠਤ ਕਰਕੇ ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਦੀ ਕ੍ਰਿਆ ਹੈ।

2. ਧਰਮ ਦੀ ਅਧਿਆਤਮਕ ਵਿਚਾਰਧਾਰਾ ਸੰਸਾਰ ਵਿਚ ਤ੍ਰੈਗੁਣੀ ਮਾਇਆ ਅਤੇ ਉਸ ਦੇ ਪੰਜ ਵਿਸ਼ੇ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਵਿਆਪਕ ਪ੍ਰਭਾਵ ਮੰਨਦੀ ਹੈ ਅਤੇ ਇਨ੍ਹਾਂ ਤੋਂ ਬਚਣ ਦਾ ਸੁਝਾ ਦਿੰਦੀ ਹੈ। ਇਸ ਦੇ ਉਲਟ ਰਾਜਨੀਤੀ ਲੋਕਾਂ ਨੂੰ ਉਸੇ ਮਾਇਆ, ਸੰਪੱਤੀ ਅਤੇ ਸ਼ਕਤੀ ਵਿਚ ਲੀਨ ਹੋ ਕੇ ਉਸ ਵਿਚ ਵਾਧਾ ਕਰਨ ਲਈ ਪ੍ਰੇਰਿਤ ਕਰਦੀ ਹੈ।

3. ਧਰਮ ਦਾ ਅਧਿਆਤਮਕ ਗਿਆਨ ਮਨੁੱਖ ਨੂੰ ਸੰਸਾਰਕ ਮੋਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਸੁਰਗ ਪ੍ਰਾਪਤੀ ਜਾਂ ਪ੍ਰਭੂ ਨਾਲ ਮਿਲਾਪ ਦਾ ਉਪਦੇਸ਼ ਕਰਦਾ ਹੈ। ਪਰ ਰਾਜਨੀਤੀ ਕਾਨੂੰਨ ਅਤੇ ਪ੍ਰਬੰਧਕੀ ਸੇਵਾਵਾਂ ਰਾਹੀਂ ਸੰਸਾਰਕ ਜੀਵਨ ਨੂੰ ਹੀ ਸੁਰਖਿਅਤ ਅਤੇ ਖੁਸ਼ਹਾਲ ਬਣਾ ਕੇ ਮਨੁੱਖ ਲਈ ਆਰਾਮਦੇਹ ਜੀਵਨ ਦਾ ਅਵਸਰ ਪ੍ਰਦਾਨ ਕਰਨ ਦਾ ਯਤਨ ਕਰਦੀ ਹੈ।

4. ਧਰਮ ਵਿਸ਼ਵਾਸ ’ਤੇ ਆਧਾਰਤ ਹੁੰਦਾ ਹੈ। ਰਾਜਨੀਤੀ ਤਰਕ, ਪ੍ਰਮਾਣ ਅਤੇ ਸ਼ਕਤੀ ਵਿਚ ਵਿਸ਼ਵਾਸ ਰੱਖਦੀ ਹੈ।

5. ਧਰਮ ਦੀ ਅਧਿਆਤਮਕ ਵਿਚਾਰਧਾਰਾ ਮਨੁੱਖ ਨੂੰ ਪ੍ਰਭੂ ਦੇ ਅਧੀਨ ਪਰ ਸੰਸਾਰ ਵਿਚ ਪੂਰਨ ਸੁਤੰਤਰ ਅਤੇ ਬਰਾਬਰ ਮੰਨਦੀ ਹੈ। ਰਾਜਨੀਤੀ ਮਨੁੱਖ ਨੂੰ ਕਾਨੂੰਨ ਅਧੀਨ ਕਰਕੇ ਸੀਮਤ ਅਧਿਕਾਰਾਂ ਦਾ ਹੱਕਦਾਰ ਬਣਾਉਂਦੀ ਹੈ।

6. ਸਮਾਜ ਵਿਚ ਸਫਲਤਾ ਬੁੱਧੀ, ਮਿਹਨਤ ਅਤੇ ਲਗਨ ’ਤੇ ਨਿਰਭਰ ਕਰਦੀ ਹੈ। ਧਰਮ ਅਨੁਸਾਰ ਸਫਲਤਾ ਅਤੇ ਤੰਦਰੁਸਤੀ ਲਈ ਪੂਜਾ, ਪਾਠ, ਪੁੰਨ, ਦਾਨ, ਅਰਦਾਸ ਅਤੇ ਕਰਮ ਕਾਂਡ ਕਰਨ ਦੀ ਲੋੜ ਹੁੰਦੀ ਹੈ।

7. ਰਾਜਨੀਤੀ ਸੰਸਾਰ ਵਿਚ ਵੰਡੀਆਂ ਪਾ ਕੇ ਸਮਾਜ ਸਿਰਜਦੀ ਅਤੇ ਕੌਮਾਂ ਤੇ ਰਾਜ ਦੀ ਸਥਾਪਨਾ ਕਰਦੀ ਹੈ। ਧਰਮ ਸਮਾਜ ਵਿਚ ਵੰਡੀਆਂ ਪਾ ਕੇ ਵਖਰੇਵਾਂ ਅਤੇ ਦਵੈਸ਼ ਪੈਦਾ ਕਰਦਾ ਹੈ।

ਧਰਮ ਅਤੇ ਰਾਜਨੀਤੀ ਦੇ ਮੂਲ ਅੰਤਰ ਦਾ ਇਹੋ ਅਰਥ ਹੈ ਕਿ ਜਿਥੇ ਰਾਜਨੀਤੀ ਹੁੰਦੀ ਹੈ, ਉਥੇ ਧਰਮ ਨਹੀਂ ਹੁੰਦਾ। ਧਰਮ ਅਸਲ ਵਿਚ ਮਨੁੱਖੀ ਮਨ ਨੂੰ ਸਾਧਣ, ਕਾਬੂ ਕਰਨ ਜਾਂ ਮਾਰਨ ਦੀ ਵਿਧੀ ਹੈ। ਰਾਜਨੀਤੀ ਦਾ ਸਬੰਧ ਮਨੁੱਖੀ ਸਰੀਰ ਨਾਲ ਹੁੰਦਾ ਹੈ, ਮਨ ਨਾਲ ਨਹੀਂ। ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਪਸ਼ਟ ਕਰ ਦਿੱਤਾ ਸੀ ਕਿ ਇੱਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾਉਂਦੀਆਂ, ਜਿਥੇ ਮੀਰੀ ਹੋਵੇਗੀ, ਉਥੇ ਪੀਰੀ ਨਹੀਂ ਹੋ ਸਕਦੀ। ਹਾਂ, ਮਨੁੱਖ ਆਪਣੇ ਜੀਵਨ ਵਿਚ ਮੀਰੀ ਨਾਲ ਪੀਰੀ ਵੀ ਧਾਰ ਸਕਦਾ ਹੈ ਪਰ ਇਨ੍ਹਾਂ ਦੋਹਾਂ ਜੀਵਨ ਢੰਗਾਂ ਦੇ ਫਰਜ਼ਾਂ ਨੂੰ ਜੁਦੇ ਰੱਖਣਾ ਪਵੇਗਾ।

ਧਰਮ ਮਨ ਦੀ ਕ੍ਰਿਆ ਹੈ, ਇਸ ਲਈ ਇਸ ਦਾ ਪ੍ਰਸਾਰ ਜ਼ੋਰ, ਜਬਰ ਜਾਂ ਸ਼ਕਤੀ ਨਾਲ ਨਹੀਂ ਕੀਤਾ ਜਾ ਸਕਦਾ। ਲੋਕਾਂ ਦਾ ਮਨ ਜਿਤਣ ਲਈ ਪ੍ਰੇਮ ਦੀ ਲੋੜ ਹੁੰਦੀ ਹੈ, ਸ਼ਕਤੀ ਦੀ ਨਹੀਂ। ਗੁਰੂ ਨਾਨਕ ਸਾਹਿਬ ਕੋਲ ਕਿਹੜੀ ਰਾਜ ਸ਼ਕਤੀ ਸੀ ਜਿਸ ਨਾਲ ਦੁਨੀਆਂ ਭਰ ਦੇ ਧਾਰਮਕ ਆਗੂ ਉਨ੍ਹਾਂ ਦੇ ਉਪਾਸ਼ਕ ਬਣ ਗਏ? ਸਾਰੇ ਪੈਗੰਬਰਾਂ ਨੇ ਆਪੋ ਆਪਣੇ ਧਰਮ ਦਾ ਪ੍ਰਸਾਰ ਪਿਆਰ ਨਾਲ ਲੋਕਾਂ ਦਾ ਮਨ ਜਿੱਤ ਕੇ ਕੀਤਾ ਹੈ। ਧਰਮ ਵਿਚ ਦਿਖਾਵੇ ਲਈ ਵੀ ਕੋਈ ਥਾਂ ਨਹੀਂ ਹੁੰਦੀ ਪਰ ਧਰਮ ਦਿਖਾਵੇ ਤੋਂ ਬਿਨਾ ਚਲ ਨਹੀਂ ਸਕਦਾ। ਦਿਖਾਵੇ ਵਾਲਾ ਧਰਮ ਤਾਂ ਪਖੰਡ ਹੁੰਦਾ ਹੈ। ਧਰਮ ਦੇ ਸੰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਪੁਜਾਰੀਆਂ ਤੇ ਧਰਮਸ਼ਾਸਤਰੀਆਂ ਅਤੇ ਉਨ੍ਹਾਂ ਵਲੋਂ ਸਥਾਪਤ ਸੰਸਥਾਵਾਂ ਦੀ ਹੁੰਦੀ ਹੈ। ਸ਼ਾਸਨ ਵਿਚ ਧਰਮ ਦੇ ਸੰਚਾਰ ਦੀ ਯੋਗਤਾ ਨਹੀਂ ਹੁੰਦੀ।

## ਵਿਚਾਰ-ਚਰਚਾ

ਸਿੱਖ ਧਰਮ ਨੂੰ ਪੰਜਾਬ ਵਿਚ ਦੂਜੇ ਧਰਮਾਂ ਨਾਲੋਂ ਵਧੇਰੇ ਅਧਿਕਾਰ ਪ੍ਰਾਪਤ ਹਨ ਕਿਉਂਕਿ ਸਿੱਖ ਆਗੂਆਂ ਨੇ ਆਪਣੇ ਧਾਰਮਕ ਅਧਿਕਾਰ ਆਪ ਗੁਰਦੁਆਰਾ ਐਕਟ ਬਣਵਾ ਕੇ ਨਿਰਧਾਰਤ ਕੀਤੇ ਸਨ। ਸਿੱਖ ਜਗਤ ਆਪਣੇ ਧਰਮ ਅਸਥਾਨਾਂ ਦੇ ਪ੍ਰਬੰਧ ਲਈ ਕਮੇਟੀ ਚੁਣਨ ਦਾ ਅਧਿਕਾਰੀ ਹੈ ਅਤੇ ਸ਼੍ਰੋਮਣੀ ਕਮੇਟੀ ਕੋਲ ਸਿੱਖ ਧਰਮ ਦਾ ਪ੍ਰਸਾਰ ਕਰਨ ਲਈ ਕਾਨੂੰਨ ਅਧੀਨ ਪੂਰੇ ਅਖਤਿਆਰ ਹਨ। ਸਿੱਖ ਧਰਮ ਦੀਆਂ ਅਨੇਕਾਂ ਹੀ ਸੰਪਰਦਾਵਾਂ, ਡੇਰੇ ਅਤੇ ਠਾਠਾਂ ਆਪੋ ਆਪਣੇ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਰੁੱਝੇ ਹੋਏ ਹਨ। ਸਾਰੇ ਸਿੱਖਾਂ ਨੂੰ ਧਰਮ ਪ੍ਰਚਾਰ ਦੀ ਪੂਰੀ ਆਜ਼ਾਦੀ ਅਤੇ ਸੁਵਿਧਾ ਹੈ। ਧਰਮਤੰਤਰਕ ਰਾਜ ਵੀ ਸ਼ਾਇਦ ਏਨੀਆਂ ਧਾਰਮਕ ਸਹੂਲਤਾਂ ਨਾ ਦੇ ਸਕਦਾ?

ਧਰਮ ਦੇ ਵਿਸ਼ਵਾਸਾਂ ਅਤੇ ਰਾਜਨੀਤੀ ਦੇ ਮੰਤਵਾਂ ਵਿਚ ਪਰਸਪਰ ਵਿਰੋਧਤਾ ਹੋਣ ਦੇ ਬਾਵਜੂਦ ਪੁਰਾਤਨ ਸਮਿਆਂ ਤੋਂ ਰਾਜੇ ਅਤੇ ਪੁਜਾਰੀ ਹਜ਼ਾਰਾਂ ਸਾਲ ਹਕੂਮਤ ਵਿਚ ਭਾਗੀਦਾਰ ਬਣੇ ਰਹੇ ਹਨ। ਉਨ੍ਹਾਂ ਸਮਿਆਂ ਵਿਚ ਆਮ ਲੋਕਾਂ ਨੂੰ ਬਹੁਤ ਘੱਟ ਜਾਣਕਾਰੀ ਤੇ ਸੂਝ ਹੁੰਦੀ ਸੀ ਅਤੇ ਉਨ੍ਹਾਂ ਦੇ ਜੀਵਨ ਵੀ ਬਹੁਤ ਸਾਧਾਰਨ ਹੁੰਦੇ ਸਨ। ਲੋਕਾਂ ਦਾ ਇੱਕੋ ਧਰਮ ਹੁੰਦਾ ਸੀ ਅਤੇ ਪੁਜਾਰੀ ਵਰਗ ਲੋਕਾਂ ਦੀ ਪੂਜਾ ਪਾਠ ਤੇ ਨੈਤਿਕ ਜੀਵਨ ਬਤੀਤ ਕਰਨ ਵਿਚ ਅਗਵਾਈ ਕਰਦਾ ਸੀ। ਪਰ ਉਸ ਧਰਮਤੰਤਰਕ ਰਾਜ ਪ੍ਰਣਾਲੀ ਵਿਚ ਮਨੁੱਖੀ ਆਜ਼ਾਦੀ ਦੀਆਂ ਭਾਵਨਾਵਾਂ ਨੂੰ ਅਪਰਾਧ ਸਮਝਿਆ ਜਾਂਦਾ ਸੀ ਅਤੇ ਲੋਕਾਂ ਨੂੰ ਡਰਾ ਕੇ ਅਧੀਨ ਰਖਿਆ ਜਾਂਦਾ ਸੀ। ਸਿਰਜਣਾਤਮਕ ਅਤੇ ਆਜ਼ਾਦ ਸੋਚ ਵਾਲੇ ਵਿਅਕਤੀਆਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਂਦੀਆਂ ਸਨ। ਲੋਕਾਂ ਨੂੰ ਅਨਜਾਣ ਅਤੇ ਗਿਆਨਹੀਣ ਰੱਖਣ ਦਾ ਹਰ ਸੰਭਵ ਯਤਨ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਅਧੀਨ ਕਰਨ ਲਈ ਹਰ ਕਾਰਗਰ ਢੰਗ ਦੀ ਵਰਤੋਂ ਕੀਤੀ ਜਾਂਦੀ ਸੀ। ਸ਼ਾਸਨ ਸ਼ਕਤੀ ਦੇ ਜ਼ੋਰ ’ਤੇ ਜਨਤਾ ਨੂੰ ਅਧੀਨ ਕਰਦਾ ਸੀ ਅਤੇ ਪੁਜਾਰੀ ਵਰਗ ਅਸੀਮ ਅਤੇ ਅੰਨ੍ਹੀਂ ਸ਼ਰਧਾ ਉਤੇਜਿਤ ਕਰਕੇ ਲੋਕਾਂ ਦੀ ਸੋਚ ਅਤੇ ਸਿਰਜਣਾਤਮਕ ਬਿਰਤੀਆਂ ਨੂੰ ਕੰਟਰੋਲ ਕਰਦੇ ਸਨ।

ਮਨੁੱਖੀ ਸਮਾਜ ਵਿਚ ਬੇਚੈਨੀ ਅਤੇ ਵਿਦਰੋਹ ਦੀ ਭਾਵਨਾ ਪੈਦਾ ਹੋਣੀ ਸੁਭਾਵਕ ਹੁੰਦੀ ਹੈ, ਇਸ ਲਈ ਸ਼ਾਸਕ ਲੋਕਾਂ ਨੂੰ ਸੰਤੁਸ਼ਟ ਅਤੇ ਅਧੀਨ ਰੱਖਣ ਲਈ ਪੁਜਾਰੀਆਂ ਦੀ ਸਹਾਇਤਾ ਲੈਂਦੇ ਸਨ। ਪੁਜਾਰੀ ਵੀ ਆਪਣੇ ਸ਼ਰਧਾਲੂਆਂ ਵਿਚ ਵਾਧਾ ਕਰਨ, ਸ਼ਕਤੀਵਾਨ ਅਤੇ ਧਨਾਢ ਬਣਨ ਲਈ ਰਾਜ ਸਰਕਾਰ ਦੀ ਸਹਾਇਤਾ ਦੇ ਅਭਿਲਾਸ਼ੀ ਹੁੰਦੇ ਸਨ। ਦੋਹਾਂ ਧਿਰਾਂ ਲਈ ਰਲ-ਮਿਲ ਕੇ ਰਾਜ ਭਾਗ ਚਲਾਉਣਾ ਲਾਹੇਵੰਦ ਸੀ। ਪਰ ਫਿਰ ਵੀ ਉਨ੍ਹਾਂ ਵਿਚ ਤਣਾਓ ਦੀ ਸਥਿਤੀ ਬਣੀ ਰਹਿੰਦੀ ਸੀ।

ਭਾਰਤ ਦੀ ਧਰਮਤੰਤਰਕ ਰਾਜ ਪ੍ਰਣਾਲੀ ਵਿਚ ਰਾਜੇ ਅਤੇ ਰਾਜ ਪੁਰੋਹਿਤ ਹਕੂਮਤ ਵਿਚ ਭਾਈਵਾਲ ਹੁੰਦੇ ਹੋਏ ਵੀ ਅਕਸਰ ਵਿਵਾਦਾਂ ਵਿਚ ਘਿਰੇ ਰਹਿੰਦੇ ਸਨ। ਯੂਰਪੀਨ ਧਰਮਤੰਤਰ ਵਿਚ ਵੀ ਧਰਮ ਅਤੇ ਰਾਜਨੀਤੀ ਦੀ ਸਾਂਝ ਤੇ ਟਕਰਾ ਦਾ ਬਹੁਤ ਲੰਮਾ ਇਤਿਹਾਸ ਹੈ। ਲਗਭਗ ਇੱਕ ਹਜ਼ਾਰ ਸਾਲ ਪਾਦਰੀ ਤੇ ਸ਼ਹਿਨਸ਼ਾਹ ਰਾਜ ਭਾਗ ਵਿਚ ਭਾਈਵਾਲ ਰਹੇ ਅਤੇ ਆਪਸੀ ਮਤਭੇਦਾਂ ਨੂੰ ਨਜਿੱਠਣ ਲਈ ਉਨ੍ਹਾਂ ਨੇ ਗਿਲੇਸੀਅਸ ਦੀਆਂ ਦੋ ਤਲਵਾਰਾਂ ਦਾ ਸਿਧਾਂਤ (Gelasius‘s Two-swords Theory) ਅਪਨਾ ਲਿਆ ਸੀ ਜਿਸ ਅਨੁਸਾਰ ਸ਼ਹਿਨਸ਼ਾਹ ਨੂੰ ਸੰਸਾਰਕ ਸ਼ਕਤੀ ਅਤੇ ਪਾਦਰੀ ਨੂੰ ਪ੍ਰਮਾਰਥਕ ਸ਼ਕਤੀ ਮੰਨਿਆ ਜਾਂਦਾ ਸੀ। ਦੋ ਤਲਵਾਰਾਂ ਦੇ ਸਿਧਾਂਤ ਨੂੰ ਇੰਗਲੈਂਡ ਦੇ ਸ਼ਹਿਨਸ਼ਾਹ ਹੈਨਰੀ 8 (Henry VIII) ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਆਪਣੇ ਅਧੀਨ ਇੰਗਲੈਂਡ ਦਾ ਚਰਚ ਸਥਾਪਤ ਕਰ ਲਿਆ ਸੀ।

ਯੂਰਪ ਦੇ ਵਿਦਵਾਨਾਂ ਅਤੇ ਫਿਲਾਸਫਰਾਂ ਨੇ ਲਗਭਗ ਤਿੰਨ ਸੌ ਸਾਲ ਵਿਅਕਤੀ, ਸਮਾਜ, ਸਟੇਟ ਅਤੇ ਧਰਮ ਦੇ ਸਬੰਧਾਂ ਬਾਰੇ ਡੂੰਘੀ ਅਤੇ ਵਿਸਤ੍ਰਿਤ ਵਿਚਾਰ-ਚਰਚਾ ਵੀ ਕੀਤੀ ਸੀ। ਆਖਰ ਨੂੰ ਉਦਯੋਗ, ਵਿਗਿਆਨ, ਸਿਖਿਆ ਤੇ ਜਾਣਕਾਰੀ ਵਿਚ ਵਾਧੇ ਅਤੇ ਸੁਤੰਤਰਤਾ ਸੰਗਰਾਮਾਂ ਕਾਰਨ ਸਮਾਜ ਵਿਚ ਪਰਿਵਰਤਨ ਆ ਗਿਆ ਜਿਸ ਦੇ ਫਲਸਰੂਪ ਯੂਰਪੀਨ ਦੇਸ਼ਾਂ ਨੇ ਧਰਮ ਨਿਰਪੱਖ ਸੰਵਿਧਾਨ ਬਣਾ ਕੇ ਰਾਜਾਂ ਵਿਚੋਂ ਧਰਮ ਦੀ ਦਖਲ-ਅੰਦਾਜ਼ੀ ਸਮਾਪਤ ਕਰ ਦਿੱਤੀ। ਪਰ ਯੂਰਪ ਦੇ ਧਰਮ ਨਿਰਪੱਖ ਕੌਮੀ ਰਾਜ (Nation States) ਸ਼ਾਂਤੀ ਕਾਇਮ ਕਰਨ ਵਿਚ ਸਫਲ ਨਾ ਹੋ ਸਕੇ। ਉਨ੍ਹਾਂ ਵਲੋਂ ਕੀਤੇ ਦੋ ਭਿਆਨਕ ਵਿਸ਼ਵ ਯੁਧਾਂ ਵਿਚ ਕਰੋੜਾਂ ਮਾਸੂਮ ਮਾਰੇ ਗਏ। ਜੰਗਾਂ ਦੀ ਸੰਭਾਵਨਾ ਖਤਮ ਕਰਨ ਲਈ ਲੀਗ ਆਫ ਨੇਸ਼ਨਜ਼ ਹੋਂਦ ਵਿਚ ਆਈ ਪਰ ਉਸ ਨੂੰ ਫਾਸ਼ੀ ਅਤੇ ਨਾਜ਼ੀ ਸ਼ਕਤੀਆਂ ਨੇ ਖਤਮ ਕਰ ਦਿੱਤਾ। ਵਿਸ਼ਵ ਦੇ ਰਾਜਾਂ ਨੇ ਮਿਲ ਕੇ ਹੁਣ ਸੰਯੁਕਤ ਰਾਸ਼ਟਰ (UNO) ਬਣਾਇਆ ਹੈ। ਵਿਸ਼ਵ ਦੇ ਰਾਜਾਂ ਨੇ ਆਰਥਿਕ, ਜਲ ਵਾਯੂ ਅਤੇ ਸਭਿਆਚਾਰ ਦੇ ਖੇਤਰਾਂ ਵਿਚ ਗਲੋਬਲ ਨੀਤੀ ਨਿਰਧਾਰਤ ਕਰਨ ਦੇ ਨਿਰਨੇ ਲਏ ਹਨ ਪਰ ਹਾਲੇ ਵੀ ਸੰਯੁਕਤ ਰਾਸ਼ਟਰ ਦੁਨੀਆਂ ਵਿਚ ਸ਼ਾਂਤੀ ਕਾਇਮ ਕਰਨ ਦੇ ਯੋਗ ਨਹੀਂ ਬਣ ਸਕਿਆ।

ਮਾਨਵਤਾ ਦੇ ਇਤਿਹਾਸ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਸਮਾਜ ਦਾ ਆਰਥਕ ਢਾਂਚਾ ਉਸ ਦੇ ਸਭਿਆਚਾਰ ਅਤੇ ਰਾਜ ਪ੍ਰਣਾਲੀ ਨੂੰ ਨਿਰਧਾਰਤ ਕਰਦਾ ਹੈ। ਪੁਰਾਤਨ ਅਤੇ ਮੱਧਕਾਲੀਨ ਸਮਿਆਂ ਦੀ ਆਰਥਿਕਤਾ ਵਿਚ ਧਰਮਤੰਤਰਕ ਰਾਜ ਪ੍ਰਣਾਲੀ ਕਾਰਗਰ ਹੋਣ ਕਾਰਨ ਪ੍ਰਚਲਿਤ ਰਹੀ ਸੀ। ਅਜੋਕੇ ਯੁੱਗ ਵਿਚ ਉਦਯੋਗ, ਵਿਗਿਆਨ, ਜਾਣਕਾਰੀ ਅਤੇ ਤਕਨਾਲੋਜੀ ਨੇ ਬਹੁਤ ਤਰੱਕੀ ਕੀਤੀ ਹੈ ਜਿਸ ਨਾਲ ਸਭਿਆਚਾਰ ਵਿਚ ਆਧੁਨਿਕਤਾ ਅਤੇ ਧਰਮਾਂ ਵਿਚ ਅਨੇਕਤਾ ਆ ਗਈ ਹੈ। ਅੱਜ ਦੇ ਸਮਾਜ ਵਿਚ ਧਰਮਤੰਤਰਕ ਰਾਜ ਪ੍ਰਣਾਲੀ ਪ੍ਰਸੰਗਿਕ ਨਹੀਂ ਰਹੀ ਹੈ ਕਿਉਂਕਿ ਸਾਰੀਆਂ ਸਮਾਜਕ ਸੰਸਥਾਵਾਂ ਵਿਚ ਜਮਹੂਰੀ ਢੰਗ ਪ੍ਰਚਲਿਤ ਹੋ ਗਏ ਹਨ।

ਗੁਰਬਾਣੀ ਵਿਚ ਇੱਕ ਓਅੰਕਾਰ ਦੀ ਸਾਜੀ ਸ੍ਰਿਸ਼ਟੀ ਵਿਚ ਏਕਤਾ ਅਤੇ ਸਾਂਝੀਵਾਲਤਾ ਦੀ ਗੱਲ ਕੀਤੀ ਗਈ ਹੈ। ਗੁਰਬਾਣੀ ਅਨੁਸਾਰ “ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸਿਸਟਿ ਸਬਾਈ॥ ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥” (ਪੰਨਾ 931) ਸੂਝਵਾਨ ਅਤੇ ਮਾਨਵਤਾ ਦੇ ਹਿਤੈਸ਼ੀ ਵਿਅਕਤੀ ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਅਤੇ ਅਗਵਾਈ ਹੇਠ ਸੰਸਾਰ ਵਿਚ ਮੇਲ-ਮਿਲਾਪ ਅਤੇ ਮਨੁੱਖੀ ਸੁਤੰਤਰਤਾ ਤੇ ਬਰਾਬਰੀ ਲਈ ਉਦਮ ਕਰ ਰਹੇ ਹਨ। ਭਾਵੇਂ ਕਈ ਥਾਂਵਾਂ ’ਤੇ ਅਸ਼ਾਂਤੀ ਦੇ ਬਦਲ ਮੰਡਲਾਏ ਹੋਏ ਹਨ ਪਰ ਮਨੁੱਖਤਾ ਸਹਿਜੇ ਸਹਿਜੇ ਗੁਰਬਾਣੀ ਵਲੋਂ ਸੁਝਾਈ ਗਈ ਮਾਨਵ ਏਕਤਾ ਅਤੇ ਸੁਤੰਤਰਤਾ ਵਲ ਨੂੰ ਵੱਧ ਰਹੀ ਹੈ। ਖਾਲਸਿਆਂ ਦੀ ਤਾਂ ਜ਼ਿੰਮੇਵਾਰੀ ਸੀ ਕਿ ਗੁਰਬਾਣੀ ਦੇ ਸੰਸਾਰਕ ਏਕਤਾ ਅਤੇ ਮਨੁੱਖੀ ਸਾਂਝੀਵਾਲਤਾ ਦੇ ਸੰਦੇਸ਼ ਦਾ ਸਾਰੇ ਜਗਤ ਵਿਚ ਪ੍ਰਸਾਰ ਕਰਦੇ ਪਰ ਉਹ ਤਾਂ ਵੰਡੇ ਹੋਏ ਸੰਸਾਰ ਵਿਚ ਹੋਰ ਵੰਡੀਆਂ ਪਾਉਣ ਵਿਚ ਹੀ ਰੁੱਝ ਗਏ!

#

# ਸੰਤਾਂ, ਭਗਤਾਂ ਬਾਰੇ ਜ਼ਫਰ ਦੇ ਵਿਚਾਰ!

*(ਪਿਛਲੇ ਸਫੇ ਦੀ ਬਾਕੀ)*

(ਉਸ ਦੇ) ਗੁਣਾਂ ਨੂੰ ਬੇਣੀ ਭਗਤ ਗਾ ਰਿਹਾ ਹੈ।

ਸੁਖਦੇਉ ਪਰੀਖੵਤੁ ਗੁਣ ਰਵੈ
ਗੋਤਮ ਰਿਖਿ ਜਸੁ ਗਾਇਓ॥
ਕਬਿ ਕਲ ਸੁਜਸੁ ਨਾਨਕ ਗੁਰ ਨਿਤ
ਨਵਤਨੁ ਜਗਿ ਛਾਇਓ॥ (ਪੰਨਾ ੧੩੯੦)

ਅਰਥਾਤ ਸੁਖਦੇਵ ਰਿਸ਼ੀ (ਗੁਰੂ ਨਾਨਕ ਦੇ ਗੁਣ) ਗਾ ਰਿਹਾ ਹੈ ਤੇ (ਰਾਜਾ) ਪਰੀਖਤ (ਭੀ ਉਨ੍ਹਾਂ ਦੇ) ਗੁਣ ਗਾ ਰਿਹਾ ਹੈ। ਗੋਤਮ ਰਿਸ਼ੀ ਨੇ ਭੀ ਗੁਰੂ ਨਾਨਕ ਦਾ ਹੀ ਜਸ ਗਾਂਵਿਆ ਹੈ। ਹੇ ਕਲਯ ਕਵੀ! ਗੁਰੂ ਨਾਨਕ ਦੀ ਸੋਹਣੀ ਸੋਭਾ ਨਿੱਤ ਨਵੀਂ ਹੈ ਤੇ ਜਗਤ ’ਚ ਆਪਣਾ ਪ੍ਰਭਾਵ ਪਾ ਰਹੀ ਹੈ।

ਭੱਟ ਤਾਂ ਭਗਤਾਂ ਨੂੰ (ਗੁਰੂ ਨਾਨਕ) ਜੋਤਿ, ਜੋ ਪਰਮਾਤਮਾ ਨਾਲ ਅਭੇਦ ਸੀ, ਦੀ ਉਸਤਤ ਕਰਦੇ ਸਾਬਤ ਕਰਦੇ ਹਨ, ਜੋ ਕਿ ਸਾਰੇ ਸ਼ਬਦ ਦੇ ਅਰਥਾਂ ਵਿਚੋਂ ਸਪਸ਼ਟ ਹੈ, ਪਰ ਸ. ਜ਼ਫਰ ਸਮਝਦੇ ਹਨ ਕਿ ਉਸਤਤ ਜਾਂ ਸਤਿਕਾਰ ਆਦਿ ਗੁਰੂ (ਭਗਤਾਂ) ਅਤੇ ਆਦਿ ਬਾਣੀ (ਭਗਤ ਬਾਣੀ) ਦਾ ਕੀਤਾ ਗਿਆ ਹੈ, ਜੋ ਸਰਾਸਰ ਗਲਤ ਹੈ।

ਸ. ਜ਼ਫਰ ਇਹ ਵੀ ਲਿਖਦੇ ਹਨ, “ਚਿੰਤਨ ਗੋਚਰੀ ਗੱਲ ਇਹ ਹੈ ਕਿ ਅਸੀਂ ਕਿਧਰੇ ਕੇਸਾਂ ਅਤੇ ਪੱਗਾਂ ਦੇ ਦਿਖਾਵੇ ਦੇ ਨਾਲ ਹੀ ਗੁਜ਼ਰ ਬਸਰ ਅਤੇ ਸਬਰ ਕਰਨ ਜੋਗੇ ਨਾ ਰਹਿ ਜਾਈਏ। ਸੰਸਾਰ ਪੱਧਰ ’ਤੇ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਦੀ ਸ਼ਕਤੀਸ਼ਾਲੀ ਲਹਿਰ ਬਣਨ ਦੀ ਬਜਾਇ ਇਕ ਹਾਸੋਹੀਣਾ ਫਿਰਕਾ ਨਾ ਬਣ ਕੇ ਰਹਿ ਜਾਈਏ। ਅਸਲ ਵਿਚ ਅਸੀਂ ਆਪਣੀਆਂ ਵਿਚਾਰਧਾਰਕ ਜੜ੍ਹਾਂ ਜਾਂ ਸਰੋਤਾਂ ਨਾਲੋਂ ਨਿਖੇੜਾ ਕਰਕੇ ਆਪਣਾ ਨੁਕਸਾਨ ਕਰ ਲਿਆ ਹੈ, ਸਿੱਖੀ ਦੀ ਮੂਲ ਤਾਸੀਰ ਗੁਆਈ ਜਾ ਰਹੇ ਹਾਂ। ਇਸ ਸਥਿਤੀ ਨੂੰ ਉਲਟਾਉਣ ਦੀ ਲੋੜ ਹੈ।”

ਸ. ਜ਼ਫਰ ਸਪਸ਼ਟ ਕਰਨ ਕਿ ਸੰਸਾਰ ਪੱਧਰ ’ਤੇ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਦੀ ਜ਼ੋਰਦਾਰ ਲਹਿਰ ਬਣਨ ਲਈ ਤੇ ਇਕ ਹਾਸੋਹੀਣਾ ਫਿਰਕਾ ਬਣਨ ਤੋਂ ਬਚਣ ਲਈ ਕਿਸ ਸਰੋਤ ਨਾਲ ਜੁੜੀਏ? ਕੀ ਛੱਡੀਏ ਤੇ ਕੀ ਅਪਨਾਈਏ? ਸਥਿਤੀ ਨੂੰ ਕਿਵੇਂ ਉਲਟਾਉਣਾ ਹੈ, ਦੱਸਣ ਤਾਂ ਸਹੀ?

ਸਿੱਖ ਧਰਮ ਦੇ ਅਨੁਸਾਰੀ ਵਿਦਵਾਨਾਂ ਨੇ ਧਾਰਮਿਕ ਚਿੰਨ੍ਹ ਤਿੰਨ ਤਰ੍ਹਾਂ ਦੇ ਉਤਮ, ਮੱਧਮ, ਨਖਿੱਧ ਮੰਨੇ ਹਨ। ਉਤਮ ਉਹ ਹਨ ਜਿਨ੍ਹਾਂ ਕਰਕੇ ਕਰਤਾਰ ਦੀ ਰਚਨਾ ਦੇ ਵਿਰੁਧ ਕੁੱਛ ਨਾ ਕੀਤਾ ਜਾਵੇ ਤੇ ਜਿਹੜੇ ਚਿੰਨ੍ਹ ਧਾਰੇ ਜਾਣ, ਉਹ ਸਰੀਰ, ਧਰਮ ਤਥਾ ਦੇਸ਼ ਦੀ ਰੱਖਿਆ ਦਾ ਕਾਰਨ ਹੋਣ ਜੈਸੇ ਸਿੱਖਾਂ ਦੀ ਪੰਜ ਕੱਕਾਰੀ ਰਹਿਤ। ਫਿਰ ਮੱਧਮ ਉਹ ਹਨ ਜਿਨ੍ਹਾਂ ਤੋਂ ਸਰੀਰ, ਧਰਮ ਤੇ ਦੇਸ਼ ਨੂੰ ਕੋਈ ਫਾਇਦਾ ਨਹੀਂ ਜੈਸੇ ਜਟਾਂ, ਭਸਮ, ਜਨੇਊ, ਕੰਠੀ ਆਦਿਕ। ਤੀਸਰੇ ਨਖਿੱਧ ਜਿਨ੍ਹਾਂ ਕਰਕੇ ਸਿਰਜਣਹਾਰ ਦੀ ਮਰਿਆਦਾ ਖੰਡਿਤ ਕੀਤੀ ਜਾਵੇ ਅਤੇ ਸਰੀਰ, ਧਰਮ ਅਤੇ ਦੇਸ਼ ਦਾ ਕੋਈ ਹਿੱਤ ਨਾ ਹੋਵੇ, ਜੈਸੇ ਕੰਨ ਵਿੰਨ੍ਹਣੇ, ਸੁੰਨਤ, ਮੁੰਡਨ ਆਦਿ।

ਪੰਜ ਕੱਕਾਰਾਂ ’ਤੇ ਇਤਰਾਜ਼ ਕਰਨ ਵਾਲੇ ਭੁੱਲ ਜਾਂਦੇ ਹਨ ਕਿ ਨਿਰਾ ਪੰਜ ਕੱਕਾਰ ਰੱਖਣੇ ਹੀ ਖਾਲਸੇ ਦੀ ਰਹਿਤ ਨੂੰ ਪੂਰਾ ਨਹੀਂ ਕਰ ਦਿੰਦੇ। ਪੰਜ ਕੱਕਾਰ ਖਾਲਸੇ ਦਾ ਦ੍ਰਿਸ਼ਟਮਾਨ ਚਿੰਨ੍ਹ ਹਨ, ਨਾ ਕਿ ਸਾਰੀ ਰਹਿਤ। ਇਥੇ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਅੰਤਰੀਵ ਜੀਵਨ ਦੇ ਲਖਾਇਕ ਬਾਹਰਲੇ ਚਿੰਨ੍ਹਾਂ ਦੀ ਕੀ ਲੋੜ ਹੈ? ਇਸ ਨੂੰ ਸਮਝਣ ਲਈ ਕਿਹਾ ਜਾ ਸਕਦਾ ਹੈ ਕਿ ਜਦੋਂ ਕੋਈ ਭਾਵ ਮਨ ਵਿਚ ਪੈਦਾ ਹੋਵੇ ਤਾਂ ਉਸ ਨੂੰ ਪ੍ਰਗਟਾਉਣ ਲਈ ਕੋਈ ਸ਼ਕਲ ਦੇਣੀ ਪੈਂਦੀ ਹੈ। ਬੋਲੀ, ਲਿਖਤ, ਰਾਗ, ਚਿਤਰ ਆਦਿ ਇਹ ਸਭ ਮਾਨਸਿਕ ਭਾਵਾਂ ਦਾ ਦ੍ਰਿਸ਼ਟਮਾਨ ਰੂਪ ਹਨ। ਜਿਸ ਤਰ੍ਹਾਂ ਬੀਜ ਬੀਜਣ ਨਾਲ ਟਾਹਣੀ, ਪੱਤੇ, ਫੁੱਲ ਆਪਣੇ ਆਪ ਨਿਕਲ ਆਉਂਦੇ ਹਨ, ਇਸ ਤਰ੍ਹਾਂ ਹੀ ਧਾਰਮਿਕ ਜੀਵਨ ਦੇ ਵਲਵਲੇ ਆਪਣੇ ਆਪ ਚਿੰਨ੍ਹਾਂ ਤੇ ਰਸਮਾਂ ਦਾ ਰੂਪ ਧਾਰ ਲੈਂਦੇ ਹਨ। ਧਾਰਮਿਕ ਚਿੰਨ੍ਹ ਵਾੜ ਦਾ ਕੰਮ ਵੀ ਦਿੰਦੇ ਹਨ, ਤੇ ਦੁਜਿਆਂ ਵਿਚ ਉਸ ਜੀਵਨ ਦੇ ਉਪਜਾਉਣ ਦਾ ਕੰਮ ਵੀ। ਜਿਨ੍ਹਾਂ ਨਾਲ ਕੋਈ ਭਾਵ ਜਾਂ ਜਜ਼ਬੇ ਸਬੰਧਤ ਨਾ ਹੋਣ, ਉਹ ਚਿੰਨ੍ਹ ਨਿਰਾ ਭੇਖ ਤੇ ਫਜ਼ੂਲ ਹਨ, ਪਰ ਜੇ ਉਹ ਕਿਸੇ ਜਜ਼ਬੇ ਦੇ ਲਖਾਇਕ ਤੇ ਪ੍ਰਗਟਾਉੂ ਹੋਣ ਤਾਂ ਉਹ ਬ੍ਰਿਥਾ ਨਹੀਂ। ਕਿਸੇ ਮਰਿਆਦਾ ਤੋਂ ਮੁਨਕਰ ਹੋਣ ਵਾਲਿਆਂ ਲਈ ਇਕ ਵਿਦਵਾਨ ਦਾ ਕਹਿਣਾ ਹੈ, “ਜੋ ਆਪਣੇ ਧਰਮ ਅਥਵਾ ਜੀਵਨ ਦੀਆਂ ਉਚੇਰੀਆਂ ਕੀਮਤੀ ਰਵਾਇਤਾਂ ਨੂੰ ਇਸ ਲਈ ਤਿਆਗ ਦਿੰਦੇ ਹਨ ਕਿ ਉਨ੍ਹਾਂ ਨੇ ਸੁਸਾਇਟੀ (ਵਿਸ਼ੇ ਵਿਕਾਰ-ਗ੍ਰਸਤ ਲੋਕਾਂ ਦਾ ਇਕੱਠ) ਵਿਚ ਵਿਚਰਨਾ ਹੈ, ਉਹ ਉਨ੍ਹਾਂ ਮੂਰਖਾਂ ਸਮਾਨ ਹਨ, ਜੋ ਆਪਣੀਆਂ ਜੁੱਤੀਆਂ ਇਸ ਲਈ ਪੈਰੋਂ ਲਾਹ ਦੇਣ ਕਿ ਉਨ੍ਹਾਂ ਨੇ ਤਿੱਖੇ ਪੱਥਰਾਂ ਉਤੇ ਤੁਰਨਾ ਹੈ।”

ਮਨ ਕੇ ਅੰਧੇ ਆਪਿ ਨ ਬੂਝਹੁ
ਕਾਹਿ ਬੁਝਾਵਹੁ ਭਾਈ॥
ਮਾਇਆ ਕਾਰਨ ਬਿਦਿਆ ਬੇਚਹੁ
ਜਨਮੁ ਅਬਿਰਥਾ ਜਾਈ॥ (ਪੰਨਾ ੧੧੦੩)

## ਬੈਕ-ਟੂ-ਸਿੱਖੀ

ਜਦ ਵੀ ਕੋਈ ਕੇਸ ਰੱਖ ਕੇ ਫੋਟੋ ਨਵੀਂ ਖਿਚਾਉਂਦਾ।
ਘਰ-ਵਾਪਸੀ ਵਾਲੀ ਪੋਸਟ ਫੇਸਬੁੱਕ ’ਤੇ ਪਾਉਂਦਾ।
ਲੋਕੀਂ ਸੋਚਣ ਯੂ-ਟਰਨ ਤੇ ਫਿਰ ਵੀ ਹੈ ਵੱਜ ਸਕਦੀ,
ਤਾਂ ਵੀ ‘ਵਾਹ-ਵਾਹ’ ‘ਕਿਆ-ਬਾਤ’
ਲਿਖ ਹਰ ਕੋਈ ਵਡਿਆਉਂਦਾ।
ਕੇਸ ਇਕੱਲੇ ਰੱਖਣ ਦੇ ਨਾਲ ਸਿੱਖ ਨਾ ਬਣਿਆ ਜਾਵੇ,
ਗੁਰਬਾਣੀ ਨੂੰ ਪੜ੍ਹਨੇ ਦੇ ਨਾਲ ਇਹੋ ਸਮਝ ’ਚ ਆਉਂਦਾ।
ਕੇਸਾਂ ਵਾਲੇ ਇਸ ਦੁਨੀਆਂ ਵਿਚ ਹੋਰ ਬਥੇਰੇ ਲੋਕੀਂ,
ਸੁਣਿਆ ਨਹੀਂ ਕੋਈ ਉਨ੍ਹਾਂ ਵਿਚੋਂ ਸਿੱਖ ਕਿਤੇ ਅਖਵਾਉਂਦਾ।
ਸਭ ਤੋਂ ਵੱਧ ਪੰਜਾਬ ਵਿਚ ਨੇ ਕੇਸਾਂ ਵਾਲੇ ਫਿਰਦੇ,
ਪਰ ਉਨ੍ਹਾਂ ’ਚੋਂ ਵਿਰਲਾ ਹੀ ਕੋਈ
ਗੁਰਮਤਿ ਦੀ ਗੱਲ ਅਪਨਾਉਂਦਾ।
ਡੇਰੇ ਵਾਲਾ, ਸੰਪਰਦਾਈ ਜਾਂ ਸਾਧਾਂ ਦਾ ਚੇਲਾ,
ਬਾਹਰੋਂ ਦੇਖਣ ਨੂੰ ਤੇ ਉਹ ਵੀ ਇਹੀ ਭੁਲੇਖਾ ਪਾਉਂਦਾ।
ਭਾਵੇਂ ਕੋਈ ਸਿੱਖੀ ਦਾ ਕਿੰਨਾ ਵੀ ਦਾਅਵਾ ਕਰਦਾ,
ਪਰ ‘ਕੋਟਨ ਮੈ ਨਾਨਕ ਕੋਊ’ ਬਾਬਾ ਜੀ ਫਰਮਾਉਂਦਾ।
‘ਗੁਰੂ ਗ੍ਰੰਥ’ ਦੀ ਸਿੱਖਿਆ ਦੇ ਨਾਲ ਜੀਵਨ ਜਿਹੜਾ ਜੀਵੇ,
ਉਹੀਓ ਸਿੱਖ ਦੀ ਕਸਵੱਟੀ ’ਤੇ ਖੁਦ ਨੂੰ ਪਾਸ ਕਰਾਉਂਦਾ।
ਕਹਿ ਸੁਣ ਕੇ ਜਾਂ ਦੇਖਾ-ਦੇਖੀ ਜਦ ਕੋਈ ਕੇਸ ਵਧਾਵੇ,
ਅਹਿਸਾਸਾਂ ਦੀ ਜੜ੍ਹ ਦੇ ਬਾਝੋਂ ਛੇਤੀ ਹੀ ਘਬਰਾਉਂਦਾ।
ਪਰ ਕੁਦਰਤ ਦੇ ਨਿਯਮਾਂ ਦੇ ਸੰਗ ਜਦ ਵੀ ਜੀਵਨ ਲਗਦਾ,
ਕੱਟਣ ਵੇਲੇ ਰੋਮਾਂ ਵਿਚ ਫਿਰ ਕਾਦਰ ਨੂੰ ਹੀ ਪਾਉਂਦਾ।

*-ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ*



**ਸਦਾਬਹਾਰ ਗੁਲਜ਼ਾਰ ਸਿੰਘ ਸੰਧੂ-6/ਆਖਰੀ ਕਿਸ਼ਤ**

# ਯਾਰਾਂ ਨਾਲ ਬਹਾਰਾਂ

*ਪ੍ਰਿੰਸੀਪਲ ਸਰਵਣ ਸਿੰਘ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਜਾਪਦੀਆਂ ਹਨ। ਉਨ੍ਹਾਂ ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਉਨ੍ਹਾਂ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਇਹ ਲੰਮਾ ਲੇਖ ਭੇਜਿਆ ਹੈ ਜੋ ਉਨ੍ਹਾਂ ਦੀ ਮਾਰਚ ਮਹੀਨੇ ਛਪ ਕੇ ਆ ਰਹੀ ਪੁਸਤਕ 'ਪੰਜਾਬ ਦੇ ਕੋਹੇਨੂਰ ਭਾਗ ਦੂਜਾ' ਵਿਚ ਸ਼ਾਮਲ ਹੋਵੇਗਾ। ਪ੍ਰਿੰਸੀਪਲ ਸਰਵਣ ਸਿੰਘ ਵੀ ਸੰਧੂ ਜੱਟ ਹਨ। ਹੁਣ ਇਹ ਫੈਸਲਾ ਪਾਠਕਾਂ 'ਤੇ ਛਡਦੇ ਹਾਂ ਕਿ ਉਹ ਇਸ ਲੇਖ ਵਿਚ ਆਪਣੇ ਸੰਧੂ ਭਰਾ (ਗੁਲਜ਼ਾਰ ਸੰਧੂ) ਦੀ ਵਡਿਆਈ ਕਰਦੇ ਹਨ ਜਾਂ ਫਿਰ ਸ਼ਰੀਕ ਬਣ ਕੇ ਉਨ੍ਹਾਂ ਦੇ ਪਾਜ਼ ਉਧੇੜਦੇ ਹਨ। -ਸੰਪਾਦਕ*

ਇਕੇਰਾਂ ਅਸੀਂ ਪਟਿਆਲੇ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਠਹਿਰੇ। ਖੁੱਲ੍ਹੀਆਂ ਗੱਲਾਂ ਹੋਈਆਂ। ਨਿਊ ਆਰਟਸ ਕਾਲਜ ਦਿੱਲੀ ਦੀ ਸਿਰ-ਕੱਢ ਕੁੜੀ ਬਾਰੇ ਵੀ। ਰੋਟੀ ਖਾ ਕੇ ਮੁੜੇ ਤਾਂ ਸਾਥੋਂ ਜਿੰਦਾ ਨਾ ਖੁੱਲ੍ਹੇ। ਮੈਂ ਗੁਲਜ਼ਾਰ ਸੰਧੂ ਪੁੱਛ ਲਿਆ, ਕਦੇ ਕੋਈ ਜਿੰਦਾ ਤੋੜਿਆ? ਕਹਿਣ ਲੱਗਾ, "ਬਥੇਰੇ ਜਿੰਦੇ ਤੋੜੇ, ਪਰ ਆਪਣੇ ਘਰ ਦਾ ਨਹੀਂ।" ਖ਼ੈਰ, ਗੈਸਟ ਹਾਊਸ ਦਾ ਉਹ ਜਿੰਦਾ ਆਪਣੇ ਆਪ ਖੁੱਲ੍ਹ ਗਿਆ, ਤੋੜਨ ਦੀ ਲੋੜ ਨਾ ਪਈ।

ਚੰਡੀਗੜ੍ਹ ਮੇਲ ਹੋਇਆ ਜਿਥੇ ਉਹਦੀਆਂ ਫੋਟੋਆਂ ਵੇਖੀਆਂ। 1968 ਵਿਚ ਉਹਦੇ ਦਿੱਲੀ ਵਾਲੇ ਘਰ ਵਿਚ ਅਤਰ ਸਿੰਘ, ਹਰਿਭਜਨ ਸਿੰਘ, ਮੋਹਣ ਸਿੰਘ, ਬਲਵੰਤ ਗਾਰਗੀ ਅਤੇ ਗੁਲਜ਼ਾਰ ਦੇ ਵਿਚਕਾਰ ਅੰਮ੍ਰਿਤਾ ਪ੍ਰੀਤਮ ਬੈਠੀ ਹੈ। ਹੁਸਨ ਦੀ ਮਲਕਾ। ਹੱਥਾਂ 'ਚ ਗਲਾਸ। ਸਾਰੇ ਖ਼ੁਸ਼ ਰੌਂਅ ਵਿਚ ਹਨ। ਮੈਨੂੰ ਦੱਸਿਆ ਗਿਆ ਕਿ ਮੋਹਣ ਸਿੰਘ ਇਸੇ ਮਹਿਫ਼ਲ ਵਿਚ 'ਬਸ ਓ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਬੱਚੀ ਬਸ' 'ਬਸ ਓ ਬੱਚੀ ਬਸ' ਕਹਿੰਦਿਆਂ ਨੱਚ ਉੱਠਿਆ ਸੀ।

ਜਦੋਂ ਉਸ ਨੂੰ 'ਪੰਜਾਬੀ ਟ੍ਰਿਬਿਊਨ' ਤੋਂ ਜਵਾਬ ਮਿਲਿਆ ਤਾਂ ਕੁਝ ਦਿਨਾਂ ਬਾਅਦ ਰਾਜ ਭਵਨ ਵਿਚ ਸ਼ਾਮ ਦੀ ਪਾਰਟੀ ਸੀ। ਸੰਧੂ ਦੱਸਦਾ ਹੈ- ਮੈਂ ਅਤੇ ਉਸ ਵੇਲੇ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਵਾਈਸ ਚਾਂਸਲਰ ਐਸ.ਐਸ. ਬੱਲ ਇਕ ਪਾਸੇ ਖੜ੍ਹੇ ਪੈੱਗ ਲਾ ਰਹੇ ਸਾਂ। ਗੇੜਾ ਕੱਢਦਾ ਗਵਰਨਰ ਰੇਅ ਸਾਡੇ ਕੋਲ ਆਣ ਖੜ੍ਹਾ ਹੋਇਆ। ਰੇਅ ਮੈਥੋਂ ਗਿੱਠ ਉੱਚਾ ਹੋਊ। ਉਹ ਮੇਰੇ ਮੋਢੇ ਉਤੇ ਕੂਹਣੀ ਰੱਖ ਕੇ ਬੱਲ ਨਾਲ ਗੱਲਾਂ ਕਰੀ ਜਾਵੇ ਜਿਵੇਂ ਮੈਂ ਖੁੰਢ ਹੋਵਾਂ। ਮੇਰਾ ਮੋਢਾ ਦੁਖਣ ਲੱਗ ਪਿਆ, ਪਰ ਉਸ ਮਾਈ ਦੇ ਲਾਲ ਨੇ ਕੂਹਣੀ ਨਹੀਂ ਚੁੱਕੀ। ਮੈਨੂੰ ਆਪਣਾ ਦੁੱਖ ਦੱਸਣ ਦੀ ਹਿੰਮਤ ਨਾ ਪਈ। ਉਥੇ ਗਿਆ ਤਾਂ ਮੈਂ ਸੁਰਜੀਤ ਲਈ ਰੈੱਡ ਕਰਾਸ ਦੀ ਸਕੱਤਰੀ ਵਾਸਤੇ ਸੀ, ਰੇਅ ਨੇ ਦੇ ਦਿੱਤੀ ਮੈਨੂੰ।

ਸਵੈਜੀਵਨੀ ਲਿਖਣ ਦੇ ਸਵਾਲ ਦਾ ਜੁਆਬ ਉਹ ਇਹ ਕਹਿ ਕੇ ਦਿੰਦਾ ਹੈ, "ਮੈਂ ਜੋ ਕੁਝ ਵੀ ਲਿਖਿਆ ਹੈ, ਉਸ ਵਿਚ ਮੈਂ ਹੀ ਹਾਂ। ਜਿਥੇ ਮੈਂ ਨਹੀਂ, ਉਥੇ ਮੇਰਾ ਦ੍ਰਿਸ਼ਟੀਕੋਣ ਹੈ, ਮੇਰਾ ਜੀਵਨ ਫ਼ਲਸਫ਼ਾ। ਮੈਂ ਆਪਣੀ ਜੀਵਨੀ ਲਿਖ ਕੇ ਇਸ ਸਭ ਕਾਸੇ ਦਾ ਵਿਸਥਾਰ ਕਿਉਂ ਕਰਾਂ?"

ਉਹਨੇ ਆਪਣੀਆਂ ਕਹਾਣੀਆਂ ਕਿਸੇ ਵਾਦ ਦੀ ਕਿੱਲੀ 'ਤੇ ਨਹੀਂ ਟੰਗੀਆਂ। ਉਹਦੀਆਂ ਬਹੁਤੀਆਂ ਕਹਾਣੀਆਂ ਪਾਤਰ ਪ੍ਰਧਾਨ ਹਨ। ਸਾਹਿਤ ਅਕਾਡਮੀ ਅਵਾਰਡ ਉਸ ਨੂੰ ਕਹਾਣੀ ਸੰਗ੍ਰਹਿ 'ਅਮਰ ਕਥਾ' ਲਈ ਮਿਲਿਆ ਸੀ। ਉਸ ਦੀਆਂ ਕੁਲ ਕਹਾਣੀਆਂ ਦੀ ਗਿਣਤੀ ਸੌ ਦੇ ਕਰੀਬ ਹੈ। ਅੱਜ ਕੱਲ੍ਹ ਉਹਦਾ ਤੋਰਾ ਫੇਰਾ ਘਟਿਆ ਹੋਇਐ। ਫਿਰ ਵੀ ਕਿਤੇ ਜਾਣਾ ਪਵੇ ਤਾਂ ਇਕੋ ਫੇਰੀ 'ਚ ਕਈ ਕੰਮ ਕਰ ਆਉਣ ਦੀ ਕੋਸ਼ਿਸ਼ ਹੁੰਦੀ ਹੈ। ਦਿੱਲੀ ਜਾਵੇ ਤਾਂ ਚੰਡੀਗੜ੍ਹ ਆ ਕੇ ਕਹਿੰਦਾ ਹੈ, "ਦਿੱਲੀ ਆਪਣੀ ਸਾਹਿਤ ਸਭਾ ਦੀਆਂ ਦੋ ਮੀਟਿੰਗਾਂ ਭੁਗਤਾ ਲਈਆਂ, ਭਾਸਕਰ ਵਾਲਿਆਂ ਦੀ ਚਿੱਠੀ ਲੈ ਲਈ, ਰੇਣੂਕਾ ਨੂੰ ਮਿਲ ਲਿਆ, ਹਰਵੰਤ ਵੱਲੋਂ ਹੋ ਆਇਆ ਅਤੇ ਕੈਨੇਡਾ ਤੋਂ ਆਈ ਭੈਣ ਨੂੰ ਏਅਰ-ਪੋਰਟ ਤੋਂ ਲੈ ਆਇਆ। ਕਿਤਾਬ ਦੇ ਪਰੂਫ਼ ਵੇਖ ਲਏ, ਪਰ ਅਫਸੋਸ ਕਿ ਮਾਮੀ ਨੂੰ ਮਿਲਣੋਂ ਰਹਿ ਗਿਆ।"

ਉਸ ਨੇ ਹਰ ਉਮਰ 'ਚ ਪੁਲ ਬਣਾਏ। ਪੁਲ ਉਹਦੇ ਸਹਾਇਕ ਬਣੇ। ਵੱਡੀਆਂ ਕੁਰਸੀਆਂ, ਵੱਡੇ ਅਹੁਦੇ, ਵੱਡੇ ਅਵਾਰਡ। ਉਨ੍ਹਾਂ 'ਚ ਜੱਟ ਹੋਣ ਦਾ ਸਰੀਆ ਵੀ ਪਿਆ ਹੋਇਆ ਸੀ। ਗੁਲਜ਼ਾਰ ਗਤੀਸ਼ੀਲ ਹੋਣ ਦਾ ਨਾਂ ਹੈ। ਗੁਲਜ਼ਾਰ 'ਚ ਗਤੀ ਈ ਗਤੀ ਹੈ। ਇਹ ਵੀ ਕਿਹਾ ਜਾ ਸਕਦੈ, ਉਹਦੀ ਗਤੀ ਈ ਗਤੀ ਨਾਲ ਹੋਵੇਗੀ। ਉਹ ਨਿੱਚਲਾ ਨਹੀਂ ਰਹਿ ਸਕਦਾ। ਨਿੱਠ ਕੇ ਨਹੀਂ ਬੈਠ ਸਕਦਾ। ਇਸੇ ਕਰ ਕੇ ਤਿੰਨ ਘੰਟੇ ਲੰਮੀ ਫਿਲਮ ਨਹੀਂ ਵੇਖ ਸਕਦਾ। ਉਹ ਦਿਨ 'ਚ ਨੀਂਦ ਦੀਆਂ ਕਈ ਝੁੱਟੀਆਂ ਲਾਉਂਦੈ ਜਿਨ੍ਹਾਂ ਨਾਲ ਨੌਂ-ਬਰ-ਨੌਂ ਹੋ ਜਾਂਦੈ।

ਪੈਰ ਸਵਾਰੀ ਤੋਂ ਬਾਅਦ ਉਹਦੀ ਸਵਾਰੀ ਸਾਈਕਲ, ਫਿਰ ਮੋਟਰ ਸਾਈਕਲ ਤੇ ਫਿਰ ਕਾਰ ਸਵਾਰੀ ਬਣੀ; ਪਰ ਜੋ ਮੌਜ ਬਹਾਰਾਂ ਮੋਟਰ ਸਾਈਕਲ ਦੀ ਸਵਾਰੀ 'ਚ ਸਨ, ਉਹ ਕਿਸੇ ਵੀ ਹੋਰ ਸਵਾਰੀ 'ਚ ਨਹੀਂ ਜੁੜੀਆਂ। ਕਦੇ ਕਾਲਾ ਮੋਟਰ ਸਾਈਕਲ ਉਹਦੀ ਸਵਾਰੀ ਮਨਭਾਉਂਦੀ ਸਵਾਰੀ ਸੀ, ਅੱਜ ਕੱਲ੍ਹ ਸਾਵੀ ਸਵਿਫਟ ਕਾਰ ਮਨਭਾਉਂਦੀ ਹੈ। ਇਕ ਵਾਰੀ ਉਹ ਮੋਟਰ ਸਾਈਕਲ 'ਤੇ ਆਪਣੀ ਭੈਣ ਨੂੰ ਕਾਲਜ ਛੱਡਣ ਗਿਆ। ਜਦੋਂ ਉਹ ਸ਼ਾਮੀਂ ਘਰ ਪਰਤੀ, ਉਹਨੇ ਗੁਲਜ਼ਾਰ ਨੂੰ ਦੱਸਿਆ- ਵੀਰ, ਮੇਰੀਆਂ ਸਹੇਲੀਆਂ ਨੇ ਤੁਹਾਨੂੰ ਬਾਪੂ ਸਮਝ ਲਿਆ। ਤੁਹਾਡੀ ਖੁੱਲ੍ਹੀ ਦਾੜ੍ਹੀ ਕਰ ਕੇ। ਗੁਲਜ਼ਾਰ ਨੇ ਉਸੇ ਵੇਲੇ ਕੈਂਚੀ ਫੜੀ ਤੇ ਦਾੜ੍ਹੀ ਓਡੀ ਕੁ ਕਰ ਦਿੱਤੀ ਜਿੱਡੀ ਨਾਲ ਉਹ ਬਾਪੂ ਨਹੀਂ, ਵੀਰ ਲੱਗੇ!

ਉਹਨੇ ਜੋ ਕੁਝ ਰਚਿਆ, ਬਹੁਤਾ ਮੁਸਾਫ਼ਰੀ ਸਮੇਂ ਰਚਿਆ। ਜਦੋਂ ਪੈਰ ਹਿਲਦੇ ਨੇ, ਕਲਮ ਵੀ ਉਦੋਂ ਹੀ ਹਿਲਦੀ ਹੈ। ਉਹਦੀ ਰਚਨਾ ਉਹਦੀ ਗਤੀ ਦੀ ਉਂਗਲ ਫੜ ਕੇ ਚਲਦੀ ਹੈ। ਪਾਕਿਸਤਾਨੀ ਪਿੰਡ ਗਾਹੁਣ ਪਿੱਛੋਂ ਉਹਨੇ ਅੱਧੀ ਦਰਜਨ ਕਹਾਣੀਆਂ 'ਸੋਨੇ ਦੀ ਇੱਟ' ਲਈ ਲਿਖੀਆਂ। ਹੁਣ ਸੋਲਨ ਤੋਂ ਉਰ੍ਹਾਂ ਕੁਮਾਰਹੱਟੀ ਪਿੰਡ 'ਚ ਗੁਲਜ਼ਾਰ ਨੇ ਛੋਟਾ ਜਿਹਾ ਘਰ ਬਣਾਇਆ ਹੋਇਐ ਜਿਥੇ ਉਹ ਗੋਡਿਆਂ ਉਤੇ ਸਿਰ੍ਹਾਣਾ ਰੱਖ ਕੇ ਲਿਖਦੈ।

ਪਿਆਰਾ ਸਿੰਘ ਭੋਗਲ ਸੰਧੂ ਨੂੰ ਇਨਸਾਨ ਦੋਸਤ ਕਹਾਣੀਕਾਰ ਮੰਨਦਾ ਹੈ। ਉਹ ਇੰਨੇ ਨਾਲ ਹੀ ਸੰਤੁਸ਼ਟ ਹੈ। ਗੁਲਜ਼ਾਰ ਸੰਧੂ ਦੇਸ਼-ਵੰਡ ਦਾ ਚਸ਼ਮਦੀਦ ਗਵਾਹ ਹੈ। ਉਹ ਸੇਖੋਂ ਵਾਂਗ ਠੋਸ ਵਸਤੂ ਦੁਆਲੇ ਘੁੰਮਦਾ ਹੋਇਆ ਵੀ ਮਨੁੱਖੀ ਭਾਵਨਾ ਦੇ ਸੂਖਮ ਭਾਵਾਂ ਨੂੰ ਢੂੰਹਦਾ ਹੈ। 47 ਦੇ ਦੁਖਾਂਤ ਬਾਰੇ 'ਸ਼ਹੀਦ' ਕਹਾਣੀ ਪਾਠਕ ਨੂੰ ਕੀਲ ਲੈਂਦੀ ਹੈ ਤੇ ਕੰਬਾ ਵੀ ਦਿੰਦੀ ਹੈ।

ਸੰਧੂ ਨੇ ਤਰਾਸੀ ਕੋਹ ਦੀ ਵਾਟ ਮਾਰਦਿਆਂ ਬਹੁਤ ਕੁਝ ਨੇੜਿਓਂ ਵੇਖਿਆ। ਤੀਹਵਿਆਂ ਦਾ ਮੰਦਵਾੜਾ, ਚਾਲ੍ਹੀਵਿਆਂ ਦੀ ਵੱਡੀ ਜੰਗ, ਸੰਤਾਲੀ ਦੀ ਦੇਸ਼-ਵੰਡ, ਨਕਸਲੀ ਲਹਿਰ, ਹਰਾ ਇਨਕਲਾਬ, ਦਿੱਲੀ ਦਾ ਸਿੱਖ ਕਤਲੇਆਮ, ਅਤਿਵਾਦ ਦੀ ਦਹਿਸ਼ਤ ਅਤੇ ਅੱਜ ਵਾਲੀ ਮਹਿੰਗਾਈ। ਉਸ ਨੇ ਪਲੇਗ ਦੀ ਪਰਲੋ ਦੇ ਦੁੱਖ ਸੁਣੇ, ਪੀੜ ਤੱਕੀ। ਦੁੱਖ ਤੇ ਪੀੜ ਵਿਚੋਂ ਮੁੜ ਮੁੜ ਹੌਸਲੇ ਨਾਲ ਉਠਦਾ ਪੰਜਾਬ ਵੇਖਿਆ। ਉਸ ਨੂੰ ਹੱਥੀਂ ਕੰਮ ਕਰ ਕੇ ਕਮਾਉਣ ਵਾਲਿਆਂ ਦੇ ਟਾਕਰੇ ਉਤੇ ਪੀੜਾ ਤੇ ਦੁੱਖ ਦੀ ਨੁਮਾਇਸ਼ ਲਾਉਣ ਵਾਲਿਆਂ ਨਾਲ ਕੋਈ ਹਮਦਰਦੀ ਨਹੀਂ। ਉਸ ਨੂੰ ਗੁਰਦਿਆਲ ਸਿੰਘ ਦੇ ਚਰਚਿਤ ਨਾਵਲ 'ਮੜ੍ਹੀ ਦਾ ਦੀਵਾ' ਵਿਚਲੇ ਜਗਸੀਰ ਨਾਲ ਵੀ ਕੋਈ ਹਮਦਰਦੀ ਨਹੀਂ ਜਾਗਦੀ। ਨਾਵਲ ਵਿਚਲੇ ਰੋਣੇ ਧੋਣੇ ਨਾਲ ਵੀ ਨਹੀਂ।

ਉਸ ਦਾ ਇਕ ਨਾਵਲ ਅਨਾਥ ਆਸ਼ਰਮ ਵਿਚ ਪਲੇ ਬੱਚਿਆਂ ਦੇ ਉਦਮ ਬਾਰੇ ਹੈ। ਉਹ ਉਦਮ ਕਰ ਕੇ ਪੈਰਾਂ 'ਤੇ ਖਲੋਣ ਵਾਲਿਆਂ ਨਾਲ ਖਲੋਂਦਾ ਹੈ, ਵਿਰਲਾਪ ਰਾਹੀਂ ਕਮਾਈ ਕਰਨ ਵਾਲਿਆਂ ਨਾਲ ਨਹੀਂ। ਮਾਹਿਲਪੁਰ ਕਾਲਜ ਵਿਚ ਉਸ ਨੂੰ ਅੰਗਰੇਜ਼ੀ ਪੜ੍ਹਾਉਣ ਵਾਲਾ ਪ੍ਰੋਫ਼ੈਸਰ ਕਰਤਾਰ ਸਿੰਘ ਕਹਿੰਦਾ ਹੁੰਦਾ ਸੀ- "ਗੁਲਜ਼ਾਰ ਸਿੰਘ ਨੇ ਦਿੱਲੀ ਉਤੇ ਧਾਵਾ ਬੋਲਿਆ ਤੇ ਦਿੱਲੀ ਫਤਿਹ ਕਰ ਲਈ!"

ਸੰਧੂ ਦੇ ਪਿਤਾ ਜੀ ਸਮਝੌਤਾਵਾਦੀ ਸਨ। ਉਹ ਵੱਡੇ ਤੋਂ ਵੱਡੇ ਝਗੜੇ ਨੂੰ ਸਹਿਜ ਨਾਲ ਨਿਪਟਾ ਲੈਂਦੇ। ਉਨ੍ਹਾਂ ਨੇ ਕਦੇ ਡਾਂਗ ਨਹੀਂ ਵਾਹੀ। ਬਲਦ ਨੂੰ ਵੀ ਪਰਾਣੀ ਮਾਰਨ ਦੀ ਥਾਂ 'ਤੈਨੂੰ ਚੋਰ ਲੈ ਜਾਣ' ਦਾ ਸਰਾਪ ਹੀ ਦਿੰਦੇ, ਪਰ ਬੱਕਰਾ ਵੱਢਣਾ ਹੋਵੇ ਤਾਂ ਪਹਿਲੇ ਵਾਰ ਗਰਦਨ ਲਾਹ ਦਿੰਦੇ। ਗੱਲਾਂ ਕਰਨ ਦੇ ਸ਼ੌਕੀਨ ਸਨ। ਉਹ 93 ਸਾਲ ਦੇ ਹੋ ਕੇ ਗੁਜ਼ਰੇ। ਗੁਲਜ਼ਾਰ ਦਾ ਕਾਫੀ ਕੁਝ ਬਾਪ ਨਾਲ ਮਿਲਦਾ ਹੈ। ਸੰਧੂ ਦਾ ਨਾਨਾ ਸ਼ਾਹੂਕਾਰਾ ਕਰਦਾ ਸੀ। ਸ਼ਿਕਾਰ ਖੇਡਣ ਦਾ ਸ਼ੌਕੀਨ ਸੀ। ਸਭ ਕੁਝ ਹੁੰਦਿਆਂ ਸੁੰਦਿਆਂ ਚੋਰੀ ਦਾ ਖ਼ਬਤ ਸੀ। ਚੱਕੀਆਂ, ਬੇਲਣੇ, ਕੜਾਹੇ ਉਸ ਨੂੰ ਕੁਝ ਵੀ ਭਾਰਾ ਨਹੀਂ ਸੀ ਲੱਗਦਾ ਤੇ ਉਹ ਸਭ ਕੁਝ ਚੁੱਕ ਲਿਆਉਂਦਾ। ਨਿਡਰ ਇੰਨਾ ਕਿ ਬਲਦੇ ਸਿਵੇ ਉਤੋਂ ਛੱਲੀਆਂ ਭੁੰਨ ਕੇ ਖਾ ਲੈਂਦਾ ਸੀ, ਹੋਲਾਂ ਵੀ। ਕਿਸੇ ਦੇ ਚੁੱਕਿਆਂ-ਚੁਕਾਇਆਂ ਪਿੰਡ ਦੀ ਸ਼ਾਮਲਾਟ ਉਤੇ ਹੱਕ ਜਮਾਉਣ ਲਈ ਕੇਸ ਪਾ ਦਿੱਤਾ। ਵਕੀਲ ਪੈਸੇ ਖਾਂਦੇ ਰਹੇ। ਹੋਣਾ ਕੀ ਸੀ? ਨਾਨਾ ਪਾਗਲ ਹੋ ਗਿਆ। ਪਗੜੀ ਵਿਚ ਮੋਰ ਦਾ ਖੰਭ ਟੰਗ ਕੇ ਫਿਰਨ ਲੱਗਿਆ।

'ਪੰਜਾਬੀ ਟ੍ਰਿਬਿਊਨ' ਦੀ ਨੌਕਰੀ ਦੌਰਾਨ ਭੈੜੇ ਦਿਨਾਂ ਨੂੰ ਯਾਦ ਕਰਦਿਆਂ ਕਹਿੰਦਾ ਹੈ ਕਿ ਅਤਿਵਾਦੀਆਂ ਨੇ ਊਧਮ ਮਚਾ ਰੱਖਿਆ ਸੀ। ਗੰਦੀਆਂ ਗਾਲ੍ਹਾਂ ਦੀਆਂ ਚਿੱਠੀਆਂ ਤੇ ਅਵੱਗਿਆ ਕਰਨ ਦੀ ਸੂਰਤ ਵਿਚ ਸੋਧੇ ਜਾਣ ਦੀਆਂ ਚਿੱਠੀਆਂ ਸਾਹ ਨਹੀਂ ਸਨ ਲੈਣ ਦਿੰਦੀਆਂ। ਮਾਰਚ 1986 ਵਿਚ ਰੰਧਾਵਾ ਜੀ ਚੱਲ ਵਸੇ। ਫਿਰ ਪ੍ਰੇਮ ਭਾਟੀਆ ਵੀ ਛੱਡ ਗਏ। ਮੇਰੇ ਨਾਲ 'ਦੇਸ਼ ਸੇਵਕ' ਦੀ ਸੰਪਾਦਕੀ ਸਮੇਂ ਵੀ ਏਦਾਂ ਹੀ ਹੋਇਆ। 31 ਮਈ 1998 ਨੂੰ ਮੇਰੀ ਸਹਾਇਤਾ ਕਰਨ ਵਾਲੇ ਪਿੱਛੇ ਜਾ ਪਏ। ਮੈਂ ਕਈ ਧੱਕੇ ਖਾਧੇ। ਧੱਕੇ ਸਹਿਣ ਦਾ ਮੈਨੂੰ ਇਕ ਸੁਖ ਸੀ ਕਿ ਮੇਰੀ ਆਪਣੀ ਕੋਈ ਔਲਾਦ ਨਹੀਂ। ਮੇਰੇ ਗਲ ਵਿਚ ਅੰਗੂਠਾ ਦੇ ਕੇ ਮੰਗਣ ਵਾਲਾ ਕੋਈ ਨਹੀਂ। ਮੇਰੇ ਮਨ ਦੀ ਮੌਜ ਨੇ ਮੈਨੂੰ ਕਦੀ ਨਿਰਾਸ਼ ਨਹੀਂ ਕੀਤਾ। ਮੈਂ ਜੋ ਚਾਹਿਆ, ਕਰਦਾ ਰਿਹਾਂ। ਮੈਂ ਛਾਬੜੀ ਵਾਲਾ ਹਾਂ ਜੀਹਨੂੰ ਕੋਲਾ ਚੁਕਾਉਣ ਵਾਲੇ ਵੀ ਮਿਲਦੇ ਰਹੇ, ਸੋਨਾ ਚੁਕਾਉਣ ਵਾਲੇ ਵੀ। ਮੈਂ ਕਦੀ ਕਿਸੇ ਧਰਨੇ 'ਤੇ ਨਹੀਂ ਬੈਠਿਆ। ਜਲੂਸ ਵਿਚ ਸ਼ਾਮਲ ਨਹੀਂ ਹੋਇਆ। ਦਿੱਲੀ ਦੰਗਿਆਂ ਵਿਚ ਮੇਰਾ ਸਭ ਤੋਂ ਛੋਟਾ ਮਾਮਾ ਮਾਰਿਆ ਗਿਆ ਸੀ ਅਤੇ ਮੇਰੇ ਯਮਨਾ ਪਾਰ ਵਾਲੇ ਸਭ ਤੋਂ ਵੱਡੇ ਮਾਮੇ ਨੇ ਆਪਣੇ ਸਿਰ ਦੇ ਕੇਸ ਕਟਵਾ ਦਿੱਤੇ ਸਨ।

ਜਿਥੇ ਬਹੁਤ ਸਾਰੇ ਲੇਖਕਾਂ ਨੇ ਸੰਧੂ ਬਾਰੇ ਲਿਖਿਆ, ਉਥੇ ਸੰਧੂ ਨੇ ਵੀ ਬਹੁਤ ਸਾਰੇ ਲੇਖਕਾਂ ਬਾਰੇ ਲਿਖਿਆ। ਉਹ ਖ਼ੁਸ਼ਵੰਤ ਸਿੰਘ ਦੀ ਲੇਖਣੀ ਦਾ ਮੱਦਾਹ ਸੀ। ਵੀਹ ਸਾਲ ਉਹਦਾ ਵਾਸਾ ਉਹਦੇ ਇਕ ਫਰਲਾਂਗ ਸੱਜੇ ਖੱਬੇ ਰਿਹਾ। ਸੰਧੂ ਨੇ ਉਸ ਦੇ ਘਰ ਏਨੀਆਂ ਦਾਅਵਤਾਂ ਖਾਧੀਆਂ, ਜਿੰਨੀਆਂ ਉਸ ਨੂੰ ਖੁਆਈਆਂ ਨਹੀਂ। ਖ਼ੁਸ਼ਵੰਤ ਦੀ ਚਿੱਟ 'ਮੈਂ ਗੁਲਜ਼ਾਰ ਨੂੰ ਮਿੱਤਰ ਵਜੋਂ ਜਾਣਦਾ ਹਾਂ' ਨੂੰ ਉਹ ਵੱਡਾ ਸਨਮਾਨ ਸਮਝਦੈ। ਉਸ ਨੇ ਡਾ. ਐਮ. ਐਸ. ਰੰਧਾਵਾ ਨੂੰ ਦੂਲਾ ਪਾਤਸ਼ਾਹ ਕਿਹਾ ਜਿਸ ਨੂੰ ਖਾਣ ਪੀਣ ਦਾ ਉਕਾ ਹੀ ਕੋਈ ਵੈਲ ਨਹੀਂ ਸੀ। ਉਸ ਦੀ ਇਕੋ ਇੱਛਾ ਕਿਸੇ ਦੇ ਕੰਮ ਆ ਕੇ ਸੋਭਾ ਕਮਾਉਣਾ ਤੇ ਆਪਣੇ ਪਿੱਛੇ ਆਪਣੀਆਂ ਯਾਦਾਂ ਛੱਡਣਾ ਸੀ। ਅੰਮ੍ਰਿਤਾ ਪ੍ਰੀਤਮ ਨੂੰ ਸੁਰਮਾ ਪਾਉਣਾ ਵੀ ਆਉਂਦਾ ਸੀ ਤੇ ਮਟਕਾਉਣਾ ਵੀ। ਸੰਤ ਸਿੰਘ ਸੇਖੋਂ ਸੁਖਮਨੀ ਸਾਹਿਬ ਦਾ ਪਾਠ ਕਰ ਲੈਂਦਾ ਸੀ ਜੋ ਸੰਧੂ ਨੂੰ ਨਹੀਂ ਸੀ ਆਉਂਦਾ। ਸੰਧੂ ਵਿਰਕ ਨੂੰ ਪੰਜਾਬੀ ਕਹਾਣੀ ਦਾ ਓ. ਹੈਨਰੀ ਮੰਨਦਾ ਸੀ। ਆਪਣੇ ਬਾਰੇ ਕਹਿੰਦਾ ਹੈ ਕਿ ਮੈਂ ਛੋਟੀ ਰੇਸ ਵਾਲਾ ਅਥਲੀਟ ਹਾਂ। ਮੇਰੀ ਵਿਲੱਖਣਤਾ ਇਹੋ ਹੈ ਕਿ ਮੈਂ ਵਿਅਕਤੀ ਦੇ ਮਨ ਦੀ ਗੱਲ ਕਰਦਾ ਹਾਂ। ਅੰਦਰਲੀਆਂ ਤਹਿਆਂ ਫਰੋਲਦਾ ਹਾਂ ਤੇ ਸਿਹਤਮੰਦ ਸੰਦੇਸ਼ ਦਿੰਦਾ ਹਾਂ।



ਗੁਲਜ਼ਾਰ ਸੰਧੂ ਡਾਕਟਰ ਰਘਬੀਰ ਸਿੰਘ ਸਿਰਜਣਾ ਅਤੇ ਰਵਿੰਦਰ ਰਵੀ ਨਾਲ।

*ਸੰਧੂ ਨੇ ਤਰਾਸੀ ਕੋਹ ਦੀ ਵਾਟ ਮਾਰਦਿਆਂ ਬਹੁਤ ਕੁਝ ਨੇੜਿਓਂ ਵੇਖਿਆ। ਤੀਹਵਿਆਂ ਦਾ ਮੰਦਵਾੜਾ, ਚਾਲ੍ਹੀਵਿਆਂ ਦੀ ਵੱਡੀ ਜੰਗ, ਸੰਤਾਲੀ ਦੀ ਦੇਸ਼ ਵੰਡ, ਨਕਸਲੀ ਲਹਿਰ, ਹਰਾ ਇਨਕਲਾਬ, ਸਿੱਖ ਕਤਲੇਆਮ, ਅਤਿਵਾਦ ਦੀ ਦਹਿਸ਼ਤ ਅਤੇ ਅੱਜ ਵਾਲੀ ਮਹਿੰਗਾਈ। ਉਹਨੇ ਪਲੇਗ ਦੀ ਪਰਲੋ ਦੇ ਦੁੱਖ ਸੁਣੇ, ਪੀੜ ਤੱਕੀ। ਦੁੱਖ ਤੇ ਪੀੜ ਵਿਚੋਂ ਮੁੜ ਹੌਸਲੇ ਨਾਲ ਉਠਦਾ ਪੰਜਾਬ ਵੇਖਿਆ। ਉਹਨੂੰ ਹੱਥੀਂ ਕੰਮ ਕਰ ਕੇ ਕਮਾਉਣ ਵਾਲਿਆਂ ਦੇ ਟਾਕਰੇ ਉਤੇ ਪੀੜ ਦੀ ਨੁਮਾਇਸ਼ ਲਾਉਣ ਵਾਲਿਆਂ ਨਾਲ ਹਮਦਰਦੀ ਨਹੀਂ।*

ਸੰਧੂ ਦਾ ਕਥਨ: ਪਲੇਗ ਰੱਬੀ ਵਰਤਾਰਾ ਸੀ। ਦੇਸ਼ ਵੰਡ ਮਨੁੱਖੀ ਕਾਰਾ। ਸਾਰੇ ਇਨਕਲਾਬ ਬੰਦੂਕ ਦੀ ਨੋਕ 'ਤੇ ਚੜ੍ਹ ਕੇ ਨਹੀਂ ਆਉਂਦੇ।

ਉਹ ਆਪਣੀ ਜ਼ਿੰਦਗੀ ਦੇ ਵੀਹ ਸਾਲ ਨਾਨਕੇ ਦਾਦਕੇ ਪਿੰਡਾਂ ਵਿਚ ਰਿਹਾ। 30 ਸਾਲ ਵੱਡੇ ਸ਼ਹਿਰ ਤੇ ਦੇਸ਼ ਦੀ ਰਾਜਧਾਨੀ ਦਿੱਲੀ, ਨਵੀਂ ਦਿੱਲੀ ਤੇ ਹੁਣ ਬੱਤੀ ਸਾਲਾਂ ਤੋਂ ਚੰਡੀਗੜ੍ਹ ਵਿਚ ਹੈ। ਨੌਕਰੀ ਦੇ ਮਾਮਲੇ ਵਿਚ ਉਹ ਬੇਹੱਦ ਭਾਗਾਂ ਵਾਲਾ ਹੈ। ਮਨ ਦੀ ਮੌਜ ਲਈ ਲਿਖਦਾ ਹੈ। ਡਾ. ਸੁਰਜੀਤ ਦੱਸਦੀ ਹੈ ਕਿ ਸੰਧੂ ਨਾਲ ਵਿਆਹ ਕਰਨ ਲਈ ਹਾਂ ਕਰਨ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਕੰਜੂਸ ਨਹੀਂ। ਉਹਦੀ ਸਾਫ਼ਬਿਆਨੀ, ਦਰਿਆਦਿਲੀ, ਘੁੰਮਣ-ਫਿਰਨ ਦਾ ਸ਼ੌਕ ਤੇ ਖਾਣ-ਪਹਿਨਣ ਬਾਰੇ ਨਖਰੇਬਾਜ਼ ਨਾ ਹੋਣਾ ਅਤੇ ਗੱਲਬਾਤ ਕਰਨ ਦਾ ਚੱਜ ਵੀ ਵਿਆਹ ਕਰਾਉਣ ਦੇ ਕਾਰਨ ਬਣੇ। ਗਹਿਣੇ-ਗੱਟੇ ਤੇ ਸੋਨਾ ਉਸ ਨੂੰ ਪਸੰਦ ਨਹੀਂ। ਸੁਰਜੀਤ ਦੱਸਦੀ ਹੈ ਕਿ ਇਕ ਵਾਰ ਸਾਡੇ ਘਰ ਚੋਰੀ ਹੋ ਗਈ ਅਤੇ ਚੋਰ ਮੇਰੇ ਕੰਨਾਂ ਵਿਚ ਪਾਉਣ ਵਾਲੇ ਨਿੱਕੇ-ਮੋਟੇ ਨੌਂ ਟ੍ਰਿੰਕਸ ਲੈ ਗਏ। ਗੁਲਜ਼ਾਰ ਨੇ ਕਿਹਾ, ਚਲੋ ਚੰਗਾ ਹੋਇਆ, ਰਾਖੀ ਮੁੱਕੀ।

'ਦੇਸ਼ ਸੇਵਕ' ਅਖ਼ਬਾਰ ਸ਼ੁਰੂ ਕਰਨ ਵੇਲੇ ਉਸ ਨੇ 'ਪਾਇਨੀਅਰ' ਅਖ਼ਬਾਰ ਦੀ ਨਕਲ ਮਾਰੀ। 'ਦਿ ਹਿੰਦੂ' ਦਾ ਪ੍ਰਭਾਵ ਪਹਿਲਾਂ ਹੀ ਸੀ। ਮਿਡਲ ਪੰਜਾਬੀ ਅਖ਼ਬਾਰਾਂ ਵਿਚ ਪਹਿਲੀ ਵਾਰ 'ਦੇਸ਼ ਸੇਵਕ' ਨੇ ਛਾਪੇ। ਸੰਧੂ ਦਿੱਲੀ ਤੋਂ ਚੰਡੀਗੜ੍ਹ ਆਇਆ ਤਾਂ ਪਹਿਲਾਂ ਪਹਿਲ ਪੰਜਾਬ ਵਾਲੇ ਉਸ ਨੂੰ 'ਊਈਂ' ਸਮਝਦੇ ਸਨ। ਬਾਅਦ ਵਿਚ ਸੰਧੂ ਨੇ ਲਿਖਿਆ, "ਏਥੇ ਚੰਗਾ ਲੇਖਕ ਬਣਨ ਲਈ ਹਰ ਕਿਸੇ ਨੂੰ ਪ੍ਰਗਤੀਵਾਦੀ, ਨਕਸਲਵਾਦੀ, ਵਾਸ਼ਨਾਵਾਦੀ ਜਾਂ ਅਤਿਵਾਦੀ ਹੋਣਾ ਪੈਂਦਾ ਸੀ। ਮੇਰਾ ਇਨ੍ਹਾਂ ਵਾਦਾਂ ਨਾਲ ਸੰਬੰਧ ਆਸ਼ਕਾਨਾ ਤਾਂ ਸੀ ਪਰ ਸ਼ਾਦੀਆਨਾ ਨਹੀਂ।"

ਹੁਣ ਜਦੋਂ ਉਹ ਵੱਡੀਆਂ ਨੌਕਰੀਆਂ ਕਰ ਚੁੱਕੈ ਤਾਂ ਪੁੱਛਣ ਵਾਲੇ ਪੁੱਛਦੇ ਹਨ, "ਵਾਈਸ ਚਾਂਸਲਰੀ ਨੂੰ ਹੱਥ ਕਿਉਂ ਨਾ ਮਾਰਿਆ?"

ਉਹਦਾ ਜਵਾਬ ਹੈ, "ਮੰਗਦਿਆਂ ਸੰਗ ਲਗਦੀ ਸੀ। ਕੋਈ ਇਹ ਨਾ ਆਖੇ ਕਿ ਮੈਨੂੰ ਰੱਜ ਹੀ ਨਹੀਂ ਆਉਂਦਾ!"

ਪਰ ਇਹ ਦੱਸਦਿਆਂ ਉਸ ਨੂੰ ਕੋਈ ਸੰਗ ਨਹੀਂ ਲੱਗਦੀ ਕਿ ਉਹ ਸਫ਼ਲ ਨਕਲਚੀ ਹੈ। ਪੜ੍ਹਦੇ ਸਮੇਂ ਇਮਤਿਹਾਨਾਂ ਵਿਚ ਤਾਂ ਨਕਲ ਨਹੀਂ ਮਾਰੀ ਪਰ ਆਪਣੇ ਤੋਂ ਪਹਿਲੇ ਲੇਖਕਾਂ ਦੀ ਕਾਰਜ ਸ਼ੈਲੀ ਦੀ ਨਕਲ ਜ਼ਰੂਰ ਮਾਰਦਾ ਰਿਹੈ। ਕਹਾਣੀ ਕਲਾ ਵਿਚ ਵਿਰਕ, ਦੁੱਗਲ ਤੇ ਮੁਪਾਂਸਾ ਦੀ, ਕਾਲਮ-ਨਵੀਸੀ ਵਿਚ ਖੁਸ਼ਵੰਤ ਸਿੰਘ ਦੀ ਅਤੇ ਪ੍ਰਬੰਧਕੀ ਕੰਮਾਂ 'ਚ ਡਾ. ਮਹਿੰਦਰ ਸਿੰਘ ਰੰਧਾਵਾ ਦੀ।

000

ਗੁਲਜ਼ਾਰ ਸੰਧੂ ਨੇ ਬਹੁਤ ਸਾਰੇ ਲੇਖਕਾਂ ਤੇ ਮੋਹਤਬਰ ਬੰਦਿਆਂ ਦੇ ਰੇਖਾ ਚਿੱਤਰ ਵੀ ਲਿਖੇ ਹਨ। ਗੁਰਮੁਖ ਸਿੰਘ ਮੁਸਾਫ਼ਰ ਉਹਦੀ ਨਜ਼ਰ ਵਿਚ ਦਰਸ਼ਨੀ ਸ਼ਖ਼ਸੀਅਤ ਸੀ। ਉੱਚਾ ਲੰਮਾ ਕੱਦ, ਗੋਰਾ ਚਿੱਟਾ, ਹਸੂੰ ਹਸੂੰ ਕਰਦਾ ਮੁਖੜਾ। ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਬਾਰੇ ਲਿਖਦਿਆਂ ਉਹ ਕਹਿੰਦਾ ਹੈ ਕਿ ਮੇਰੇ ਲਈ ਗੁਰਬਖ਼ਸ਼ ਸਿੰਘ ਦੇ ਪ੍ਰੀਤ ਕੋਸ਼ ਵਿਚੋਂ ਮਿਲੇ ਚਾਨਣ ਤੋਂ ਮੁਨਕਰ ਹੋਣਾ ਮੁਸ਼ਕਿਲ ਹੈ। ਪ੍ਰੀਤ ਲੜੀ, ਪ੍ਰੀਤ ਨਗਰ, ਪ੍ਰੀਤ ਮਿਲਣੀ, ਪ੍ਰੀਤ ਵਿਹਾਰ, ਪ੍ਰੀਤੀ ਭੋਜਨ, ਪ੍ਰੀਤ ਸੈਨਕ, ਪ੍ਰੀਤ ਮੰਡਲੀ, ਪ੍ਰੀਤ ਹਾਦਸਾ ਤੇ ਪ੍ਰੀਤ ਕੰਬਣੀ ਆਦਿ। ਮੈਂ ਗੁਰਬਖ਼ਸ਼ ਸਿੰਘ ਦੀ ਸ਼ਬਦਾਂ ਨਾਲ ਖੇਡਣ ਦੀ ਜੁਗਤ ਨੂੰ ਕੋਟਲਾ ਛਪਾਕੀ ਦੀ ਖੇਡ ਨਾਲ ਮੇਚਦਾ ਹਾਂ। ਉਸ ਦਾ ਕੋਈ ਸਾਨੀ ਨਹੀਂ ਸੀ। ਉਹ ਅਦੁੱਤੀ ਸੀ। ਅਨੋਖਾ ਤੇ ਇਕੱਲਾ।

ਸੰਧੂ ਦੇ ਲਿਖਣ ਅਨੁਸਾਰ ਡਾ. ਰੰਧਾਵਾ ਤੇ ਕੈਰੋਂ ਨੂੰ ਨੁਕਤੇ ਸੁਝਦੇ ਹੀ ਆਪਣੀ ਮਿੱਟੀ ਦੇ ਮੋਹ ਵਿਚੋਂ ਸਨ ਪਰ ਲਾਗੂ ਕਰਨ ਵੇਲੇ ਉਹ ਇਨ੍ਹਾਂ ਦਾ ਛੱਟਾ ਸਮੁੱਚੇ ਭਾਰਤ ਉਤੇ ਦੇ ਛੱਡਦੇ ਸਨ। ਮਹਿੰਦਰ ਸਿੰਘ ਰੰਧਾਵਾ ਨੂੰ ਉਸ ਨੇ ਇਕੋ ਸਮੇਂ ਤਿੰਨ ਤਿੰਨ ਮੀਟਿੰਗਾਂ ਦੀ ਪ੍ਰਧਾਨਗੀ ਕਰਦੇ ਤੇ ਨੌਂ ਨੌਂ ਉਮੀਦਵਾਰਾਂ ਵਿਚੋਂ ਮਸਤਕ ਦੇਖ ਕੇ ਇਕ ਦੀ ਚੋਣ ਕਰਦੇ ਵੇਖਿਆ ਸੀ। ਉਹ ਚਲਦੇ ਫਿਰਦੇ ਪ੍ਰਧਾਨ ਸਨ।

'ਪੰਜਾਬ' ਪੁਸਤਕ ਦਾ ਮੁੱਖ ਸੰਪਾਦਕ ਡਾ. ਰੰਧਾਵਾ ਸੀ। ਉਸ ਲਈ ਡਾ. ਗੰਡਾ ਸਿੰਘ ਨੇ ਸਪਤ-ਸਿੰਧੂ ਪੰਜਾਬ, ਮੁਲਕ ਰਾਜ ਅਨੰਦ ਨੇ ਸਿੱਖ ਰਾਜ ਸਮੇਂ ਦੀ ਚਿੱਤਰਕਾਰੀ, ਐਮ. ਐਸ. ਰੰਧਾਵਾ ਨੇ ਕਾਂਗੜਾ ਕਲਾ, ਗਿਆਨੀ ਗੁਰਦਿੱਤ ਸਿੰਘ ਨੇ ਮੇਲੇ ਅਤੇ ਤਿਉਹਾਰ, ਦੇਵਿੰਦਰ ਸਤਿਆਰਥੀ ਨੇ ਲੋਕ ਗੀਤ, ਮੋਹਨ ਸਿੰਘ ਨੇ ਪੰਜਾਬੀ ਸਾਹਿਤ, ਪ੍ਰੋ. ਪ੍ਰੀਤਮ ਸਿੰਘ ਨੇ ਬੋਲੀ ਤੇ ਲਿਪੀ, ਅੰਮ੍ਰਿਤਾ ਪ੍ਰੀਤਮ ਨੇ ਅਜੋਕੀ ਕਵਿਤਾ, ਗੁਰਬਖ਼ਸ਼ ਸਿੰਘ ਨੇ ਪੰਜਾਬ ਦੀਆਂ ਲੋਕ ਕਹਾਣੀਆਂ, ਕਿਰਪਾਲ ਸਿੰਘ ਨਾਰੰਗ ਨੇ ਪੰਜਾਬ ਦੀ ਦੇਣ ਤੇ ਗੁਲਜ਼ਾਰ ਸੰਧੂ ਨੇ ਰਸਮ-ਰਿਵਾਜ ਤੇ ਹਾਰ ਸ਼ਿੰਗਾਰ ਬਾਰੇ ਵਿਸ਼ੇਸ਼ ਲੇਖ ਲਿਖੇ। ਰੰਧਾਵੇ ਦਾ ਕਮਾਲ ਤੇ ਜਮਾਲ ਐਸਾ ਸੀ ਕਿ ਉਨ੍ਹਾਂ ਦੇ ਇਕ ਬੋਲ ਉਤੇ ਪੰਜਾਬ ਦੇ ਮੁੱਖ ਮੰਤਰੀ ਕਲਾ ਪ੍ਰੀਸ਼ਦ ਚੰਡੀਗੜ੍ਹ ਲਈ ਪੰਜਾਹ ਪੰਜਾਹ ਲੱਖ ਰੁਪਏ ਦੀ ਗਰਾਂਟ ਦੇਣੀ ਮੰਨ ਜਾਂਦੇ ਸਨ। ਰੰਧਾਵਾ ਸਟੈਨੋ ਨੂੰ ਟਾਈਪ ਬਾਬੂ, ਐਪਲੀਕੇਸ਼ਨ ਨੂੰ ਦਰਖ਼ਾਸਤ, ਡੀ.ਓ. ਲੈਟਰ ਨੂੰ ਚਿੱਠੀ ਤੇ ਪੈਂਫਲਟ ਨੂੰ ਪੋਥਾ ਕਿਤਾਬ ਕਹਿੰਦਾ ਸੀ। ਉਹ ਗੁਰਬਖ਼ਸ਼ ਸਿੰਘ ਨੂੰ ਪ੍ਰੀਤ ਨਗਰ ਵਾਲਾ, ਮੋਹਣ ਸਿੰਘ ਨੂੰ ਪੰਜ ਦਰਿਆ ਵਾਲਾ, ਭਾਪਾ ਪ੍ਰੀਤਮ ਸਿੰਘ ਨੂੰ ਨਵਯੁੱਗ ਵਾਲਾ ਅਤੇ ਗੁਲਜ਼ਾਰ ਨੂੰ ਪੰਜਾਬੀ ਵਾਲਾ ਕਹਿ ਕੇ ਸੱਦਦਾ। ਚਕਰਵਰਤੀ ਨੂੰ ਇੰਦਰ ਸਿਆਂ, ਵਿਰਕ ਨੂੰ ਕੁਲਵੰਤ ਸਿੰਘ, ਉਪਾਸ਼ਕ ਨੂੰ ਬਿਸ਼ਨ ਸੂੰਹ ਅਤੇ ਮਸਤਾਨੇ ਨੂੰ ਆਸਾ ਸਿੰਘ ਕਹਿ ਕੇ ਬੁਲਾਉਂਦਾ ਸੀ।

ਉਹਦਾ ਖਰੜ ਗਾਰਡਨ ਕਾਲੋਨੀ ਵਿਚ ਦਸ ਕੁ ਏਕੜ ਰਕਬੇ ਵਿਚ ਬੜਾ ਖ਼ੂਬਸੂਰਤ ਤੇ ਆਰਾਮਦੇਹ ਘਰ ਸੀ। ਉਹ ਗੁਲਜ਼ਾਰ ਨੂੰ ਹੁੱਬ ਕੇ ਦੱਸਦਾ, ਅਹਿ ਮੇਰਾ ਪੜ੍ਹਨ ਦਾ ਕਮਰਾ ਹੈ, ਐਥੇ ਬੈਠ ਕੇ ਸ਼ਾਮ ਨੂੰ ਚਾਹ ਪੀਂਦਾ ਹਾਂ। ਅਹਿ ਨਾਲ ਹੀ ਪੁਸਤਕਾਲਾ ਹੈ। ਅਹੁ ਸੰਤਰਿਆਂ ਮਾਲਟਿਆਂ ਦੇ ਬੂਟੇ ਹਨ ਤੇ ਅਹੁ ਮੂਲੀਆਂ-ਗਾਜਰਾਂ ਦੇ ਵਿਟਾਮਿਨ। ਇਥੇ ਖੁੱਲ੍ਹੀ ਧੁੱਪ ਹੈ, ਧੁੱਪ ਵਿਚ ਵਿਟਾਮਿਨ ਹਨ। ਔਹ ਜ਼ਰਾ ਹਟਵਾਂ ਕਮਰਾ ਮਹਿਮਾਨਾਂ ਲਈ ਹੈ। ਤੂੰ ਏਥੇ ਆ ਕੇ ਠਹਿਰਿਆ ਕਰ।

*(ਬਾਕੀ ਅਗਲੇ ਸਫੇ 'ਤੇ)*

ਸੰਧੂ ਦੱਸਦਾ ਹੈ ਕਿ ਡਾ. ਰੰਧਾਵਾ ਨੇ ਦਿੱਲੀ ਵਿਚ ਮੇਰੇ ਕੋਲੋਂ ਗੁਰਮੁਖੀ ਸਿੱਖੀ ਸੀ। ਹਰ ਐਤਵਾਰ ਉਹ ਮੇਰੀਆਂ ਕੱਢੀਆਂ ਗ਼ਲਤੀਆਂ ਨੂੰ ਕਈ ਕਈ ਵਾਰ ਲਿਖ ਕੇ ਰੱਖਦੇ। ਲਗਾਂ ਮਾਤਰਾਂ ਤੇ ਸ਼ਬਦ-ਜੋੜਾਂ ਵੱਲ ਏਦਾਂ ਧਿਆਨ ਦਿੰਦੇ ਜਿਵੇਂ ਛੋਟਾ ਬਾਲਕ। ਮਿਲਣ ਵਾਲੇ ਹਰ ਸ਼ਾਮ ਉਸ ਨੂੰ ਸੈਰ ਕਰਦਿਆਂ ਜਾ ਫੜਦੇ ਸਨ। ਮੈਂ ਉਨ੍ਹਾਂ ਨਾਲ ਹਰਚਰਨ ਸਿੰਘ ਨਾਟਕਕਾਰ ਨੂੰ ਸੁਹਾਗੇ ਵਾਂਗ ਧੂਹ ਹੁੰਦਿਆਂ ਤੇ ਕਪੂਰ ਸਿੰਘ ਆਈ.ਸੀ.ਐਸ. ਨੂੰ ਥੱਲੇ ਦੇ ਬਲਦ ਵਾਂਗ ਜੁਤਿਆ ਵੇਖਿਆ ਹੈ। ਇਕ ਦਿਨ ਮੈਂ ਤੇ ਸੁਰਜੀਤ ਜਾ ਫਸੇ। ਏਨੀ ਤੇਜ਼ ਤੁਰਨ ਕਿ ਸਾਥੋਂ ਰਲਿਆ ਨਾ ਜਾਵੇ। 'ਪਿੱਠ ਦਰਦ ਕਰ ਰਹੀ ਹੈ, ਇਸ ਨੂੰ ਠੀਕ ਕਰਨ ਦਾ ਇਹੀਓ ਤਰੀਕਾ ਹੈ।' ਕਹਿ ਕੇ ਉਹ ਹੋਰ ਤੇਜ਼ ਹੋ ਗਏ।

ਪ੍ਰੇਮ ਭਾਟੀਆ ਤੇ ਖੁਸ਼ਵੰਤ ਸਿੰਘ ਦੋਹਾਂ ਨੇ ਸੰਧੂ ਨੂੰ ਹਮ-ਪਿਆਲਾ ਤੇ ਹਮ-ਨਿਵਾਲਾ ਬਣਉਣ ਦਾ ਮਾਣ ਦੇਈ ਰੱਖਿਆ। ਪ੍ਰੇਮ ਭਾਟੀਆ ਵਿਦੇਸ਼ੀ ਸਕਾਚ ਦਾ ਸਹਿੰਦਾ-ਸਹਿੰਦਾ ਪੈੱਗ ਦਿੰਦਾ ਸੀ ਤੇ ਖੁਸ਼ਵੰਤ ਮਟਕੇ ਦੀ ਰੰਮ ਦਾ ਛੱਟਾ। ਇਕ ਪੁਰਤਕੱਲਫ਼ ਸੀ ਦੂਜਾ ਬੇਤਕੱਲਫ਼। ਖੁਸ਼ਵੰਤ ਨੂੰ ਸ਼ਹਿਜ਼ਾਦੀਆਂ ਤੋਂ ਲੈ ਕੇ ਮੁੰਬਈ ਦੀਆਂ ਭਿਖਾਰਨਾਂ ਤਕ ਦਾ ਜਿਸਮ ਤਾੜਨ ਦੀ ਆਦਤ ਸੀ। ਉਹ ਵਿਸਕੀ ਪੀਂਦਾ ਤੇ ਪਾਨ ਚੱਬਦਾ ਹਫ਼ਤੇ ਵਿਚ ਤਿੰਨ ਤਿੰਨ ਕਾਲਮ ਲਿਖ ਮਾਰਦਾ ਸੀ। ਉਹਦਾ ਨੁਸਖਾ ਸਿੱਖੀ, ਸੈਕਸ, ਸਕਾਚ ਤੇ ਸਕਾਲਰਸ਼ਿਪ ਸੀ। ਰਾਜ, ਧਰਮ, ਰਾਜਨੀਤੀ, ਡਾਕੇ, ਚੋਰੀ, ਯਾਰੀ, ਕਾਨੂੰਨ, ਕਲੱਬ ਤੇ ਕਬੀਲੇ। ਉਹਦੇ ਵੀਕਲੀ ਦਾ ਹਰ ਅੰਕ ਵਿਸ਼ੇਸ਼ ਅੰਕ ਹੁੰਦਾ ਸੀ।

ਦਵਿੰਦਰ ਸਤਿਆਰਥੀ ਦਿੱਲੀ ਦਾ ਟੈਗੋਰ ਸੀ। ਗੁਲਜ਼ਾਰ ਨੂੰ ਦਿੱਲੀ ਅੱਪੜਦਿਆਂ ਹੀ ਉਹ ਟੱਕਰ ਗਿਆ ਸੀ। ਸਤਿਆਰਥੀ ਰਾਹ ਖਹਿੜੇ ਮਿਲਣ ਵਾਲੇ ਨੂੰ ਆਪਣੀਆਂ ਕਹਾਣੀਆਂ ਦਾ ਸਰੋਤਾ ਬਣਾ ਲੈਂਦਾ ਸੀ। ਫਿਰ ਉਸ ਤੋਂ ਛੁਟਕਾਰਾ ਪਾਉਣਾ ਸੌਖਾ ਨਹੀਂ ਸੀ ਹੁੰਦਾ। ਸੰਧੂ ਫਸ ਜਾਂਦਾ ਸੀ। ਮੈਂ ਖਿਡਾਰੀ ਹੋਣ ਕਰ ਕੇ ਭੱਜ ਜਾਂਦਾ ਸਾਂ ਤੇ ਛੇਤੀ ਕੀਤਿਆਂ ਸਤਿਆਰਥੀ ਨੂੰ ਡਾਹੀ ਨਹੀਂ ਸਾਂ ਦਿੰਦਾ।

ਸੰਧੂ ਨੇ ਸਤਿਆਰਥੀ ਦਾ ਵੀ ਰੇਖਾ ਚਿੱਤਰ ਲਿਖਿਆ ਜਿਸ ਦਾ ਨਿਚੋੜ ਹੈ: 1956 ਵਾਲੀ ਏਸ਼ੀਅਨ ਲੇਖਕਾਂ ਦੀ ਕਾਨਫਰੰਸ ਵਿਚ ਮੈਂ ਜਦੋਂ ਸਤਿਆਰਥੀ ਵੱਲ ਵੇਖ ਰਿਹਾ ਹੁੰਦਾ, ਉਸ ਦੀ ਆਪਣੀ ਨਜ਼ਰ ਸੁੰਦਰ, ਸੁਡੌਲ ਤੇ ਜਵਾਨ ਚੀਨੀ ਕੁੜੀਆਂ ਉਤੇ ਟਿਕੀ ਹੁੰਦੀ। ਗੁੰਦਵੇਂ ਪੱਟਾਂ ਤੇ ਨਿੱਕੀ ਕਾਟ ਦੀਆਂ ਅੱਖਾਂ ਉਤੇ। ਉਹ ਅਲੌਕਿਕ ਸ਼ਬਦਾਂ ਦਾ ਸ਼ਿਕਾਰੀ ਸੀ- ਸੋਨਾ ਗਾਚੀ, ਕੁੰਗ ਪੋਸ਼, ਦੇਵਤਾ ਡਿੱਗ ਪਿਆ, ਸੂਈ ਬਜ਼ਾਰ, ਲੱਕ ਟੁਨੂ ਟੁਨੂ, ਸੰਦਲੀ ਗਲੀ, ਬੁੱਢੀ ਨਹੀਂ ਧਰਤੀ, ਲੰਕਾ ਦੇਸ ਹੈ ਕੋਲੰਬੂ। ਚੜ੍ਹਦੀ ਉਮਰੇ ਅੰਮ੍ਰਿਤਸਰ ਅਖ਼ਬਾਰਾਂ ਦਾ ਹਾਕਰ, ਲਾਹੌਰ ਕਾਰਖਾਨੇ ਦੀਆਂ ਸਿਲਾਂ ਘਸਾਈਆਂ, ਟਾਟਾ ਨਗਰ ਲੋਹੇ ਦੀਆਂ ਚਾਦਰਾਂ ਢੋਈਆਂ। ਆਪਣੇ 60ਵੇਂ ਜਨਮ ਦਿਨ 'ਤੇ ਆਪਣੇ ਆਪ ਨੂੰ ਅੱਧਾ ਆਦਮੀ ਕਹਿ ਕੇ 120 ਸਾਲ ਤੱਕ ਜਿਉਣ ਦੀ ਕਾਮਨਾ ਰੱਖਣ ਵਾਲਾ ਸਤਿਆਰਥੀ 95 ਸਾਲ ਦੀ ਉਮਰੇ ਤੁਰ ਗਿਆ। ਸਤਿਆਰਥੀ ਨੇ 'ਚਰਖਾ' ਨਾਮੀ ਦੇਵਤਾ ਪੰਜ ਦਹਾਕੇ ਪਹਿਲਾਂ ਡਿਗਦਾ ਵੇਖਿਆ ਸੀ। ਅਸੀਂ ਉਸ ਰਚਨਾ ਦਾ ਲੇਖਕ 12 ਫਰਵਰੀ 2003 ਨੂੰ ਡਿਗਦਾ ਵੇਖਿਆ। ਦੇਵਤਾ ਸਦਾ ਲਈ ਡਿੱਗ ਪਿਆ।

ਇਕ ਵਾਰ ਸੰਧੂ ਦੀ ਪਤਨੀ ਸੁਰਜੀਤ ਵਿਦੇਸ਼ ਗਈ ਤਾਂ ਉਹਦੇ ਕਹਿਣ 'ਤੇ ਪ੍ਰੇਮ ਭਾਟੀਆ ਲਈ ਰਾਇਲ ਸਲੂਟ ਦਾ ਤੋਹਫ਼ਾ ਲੈ ਕੇ ਆਈ। ਸੰਧੂ ਨੇ ਉਹ ਬੋਤਲ ਪ੍ਰੇਮ ਭਾਟੀਆ ਦੇ ਦਫ਼ਤਰ ਵਿਚ ਪੁਚਾਈ ਤਾਂ ਉਹ ਸੰਧੂ ਦੇ ਦਫ਼ਤਰ ਸ਼ੁਕਰੀਆਂ ਕਰਨ ਆਇਆ ਤੇ ਕਹਿਣ ਲੱਗਿਆ, "ਤੈਨੂੰ ਪਤੈ ਇਹ ਸ਼ਰਾਬ ਕਿੰਨੀ ਮਹਿੰਗੀ ਹੈ। ਇਕ ਘੁੱਟ ਭਰਿਆਂ ਸੌ ਰੁਪਏ ਅੰਦਰ ਚਲੇ ਜਾਂਦੇ ਹਨ। ਮੈਂ ਨਹੀਂ ਪੀ ਸਕਦਾ। ਮੈਂ ਆਪਣੀਆਂ ਗਰਲ ਫ੍ਰੈਂਡਜ਼ ਲਈ ਰੱਖ ਲਈ ਹੈ।"

ਸੰਧੂ ਦੀ ਲਿਖਤ ਅਨੁਸਾਰ ਕਰਤਾਰ ਸਿੰਘ ਦੁੱਗਲ ਏਨਾ ਸੁਹਣਾ ਨਹੀਂ ਸੀ ਜਿੰਨਾ ਦਿਸਦਾ ਸੀ। ਉਸ ਦਾ ਨੱਕ ਚੌੜਾ ਸੀ, ਅੱਖਾਂ ਦੇ ਝਿੰਮਣ ਕੱਚੇ ਵੱਢ ਦੀ ਸਵੇਰ ਵਰਗੇ, ਦਾੜ੍ਹੀ ਛਿਦਰੀ ਤੇ ਪਗੜੀ ਸੋਧਵਾਦੀ। ਭਾਸ਼ਾ ਪੋਠੋਹਾਰੀ ਪੁੱਠ ਵਾਲੀ। ਝਨਾਂ ਦੇ ਪਾਣੀਆਂ ਵਿਚ ਭਿੱਜੀ ਹੋਈ। ਦੁੱਗਲ ਨੇ ਪੋਠੋਹਾਰ ਦੀ ਮਿੱਟੀ ਤੇ ਭਾਸ਼ਾ ਅਤੇ ਬਲਵੰਤ ਗਾਰਗੀ ਨੇ ਮਾਲਵੇ ਦੀ ਮਿੱਟੀ ਤੇ ਭਾਸ਼ਾ ਤੋਂ ਲੰਮੇ ਪੈਂਡਿਆਂ 'ਤੇ ਖਾਧੀ ਜਾਣ ਵਾਲੀ ਚੂਰੀ ਦਾ ਕੰਮ ਲਿਆ। ਸੰਧੂ ਨੇ ਦੁੱਗਲ ਦੇ ਘਰ ਰੱਖੀ ਸ਼ੀਸ਼ੀ ਦਾ ਨਸ਼ਾ ਵੀ ਲਿਆ, ਪਰ ਦੁੱਗਲ ਦਾਰੂ ਨੂੰ ਹੱਥ ਨਹੀਂ ਸੀ ਲਾਉਂਦਾ। ਦੁੱਗਲ ਦੇਖਣ ਨੂੰ ਹੁਸੀਨ ਸੀ। ਪਤਨੀ ਹੋਰ ਵੀ ਹੁਸੀਨ। ਉਹਦੀ ਲਿਖਤ ਦੋਨਾਂ ਤੋਂ ਵੱਧ ਹੁਸੀਨ!

ਲਿਖਤ ਸੰਧੂ ਦੀ ਵੀ ਹੁਸੀਨ ਹੈ: ਮੇਰੇ ਕੋਲ ਮੋਟਰਸਾਈਕਲ ਸੀ ਤੇ ਬਹੁਤ ਵਾਰੀ ਪੰਜਾਬ ਦੇ ਪੰਜਾਬੀ ਲੇਖਕ ਮੇਰੇ ਕੋਲ ਹੀ ਆ ਕੇ ਠਹਿਰਦੇ ਸਨ। ਦਿੱਲੀ ਜਾ ਕੇ ਅੰਮ੍ਰਿਤਾ ਪ੍ਰੀਤਮ ਨੂੰ ਮਿਲੇ ਬਿਨਾਂ ਚਲੇ ਜਾਣਾ ਉਨ੍ਹਾਂ ਲਈ ਏਦਾਂ ਸੀ ਜਿਵੇਂ ਕੋਈ ਅੰਮ੍ਰਿਤਸਰ ਜਾ ਕੇ ਹਰਿਮੰਦਰ ਸਾਹਿਬ ਮੱਥਾ ਟੇਕੇ ਬਿਨਾਂ ਵਾਪਸ ਪਰਤ ਆਵੇ। ਇਕ ਵਾਰ ਮੁਲਕ ਰਾਜ ਅਨੰਦ ਦੀ ਮਹਿਫ਼ਲ ਵਿਚ ਮੈਂ ਅੰਮ੍ਰਿਤਾ ਦਾ ਡਰਾਈਵਰ ਬਣ ਕੇ ਸ਼ਾਮਲ ਹੋਇਆ। ਹਾਲ ਦੇ ਐਨ ਵਿਚਕਾਰ ਕੜਾਹੀ ਥੱਲੇ ਮੱਠੀ-ਮੱਠੀ ਅੱਗ ਬਲ ਰਹੀ ਸੀ। ਕੜਾਹੀ ਵਿਚ ਸ਼ਰਾਬ ਸੀ ਤੇ ਸ਼ਰਾਬ ਵਿਚ ਛਿੱਲੇ ਹੋਏ ਸੰਗਤਰੇ ਤੇ ਪੈੱਗ ਭਰਨ ਲਈ ਡੋਹਰੀ। ਮੌਸਮ ਠੰਢਾ ਸੀ ਤੇ ਸ਼ਰਾਬ ਤੱਤੀ। ਰੰਗਾਂ ਰਸਾਂ ਵਾਲੀ ਜਿਸ ਨੂੰ ਅੰਗਰੇਜ਼ੀ ਵਿਚ ਪੰਚ ਕਹਿੰਦੇ ਹਨ। ਇਹੋ ਜਿਹੀ ਮਹਿਫਲ ਨੂੰ ਪੰਚ ਮਹਿਫਲ ਕਹਿ ਸਕਦੇ ਹਾਂ। ਮੈਂ ਹੁਸਨ ਦੀ ਮਲਕਾ ਨੂੰ ਸਾਂਭ ਸਿਕਰ ਕੇ ਉਸ ਦੇ ਘਰ ਵਾਪਸ ਲੈ ਆਇਆ। ਜਿਹੜਾ ਮੋਰਚਾ ਬਾਬਾ ਮਹਿਤਾਬ ਸਿੰਘ ਭੰਗੂ ਨੇ ਤਲਵਾਰ ਦੇ ਜ਼ੋਰ ਨਾਲ ਸਰ ਕੀਤਾ ਸੀ, ਇੰਦਰਜੀਤ ਭੰਗੂ ਨੇ ਨਿੱਕੇ ਜਿਹੇ ਬੁਰਸ਼ ਨਾਲ ਜਿੱਤ ਲਿਆ ਸੀ।

ਸ਼ਿਵ ਕੁਮਾਰ ਬਾਰੇ: ਇਕ ਸ਼ਾਮ ਪੋਰਟ ਬਲੇਅਰ ਦੇ ਗੈਸਟ ਹਾਊਸ ਵਿਚ ਡਾਕੀਏ ਨੇ ਮੇਰੀ ਪਤਨੀ ਦੀ ਉਹ ਚਿੱਠੀ ਲਿਆ ਫੜਾਈ ਜਿਸ ਵਿਚ ਸ਼ਿਵ ਕੁਮਾਰ ਬਟਾਲਵੀ ਦੇ ਇਸ ਦੁਨੀਆ ਤੋਂ ਤੁਰ ਜਾਣ ਦੀ ਖ਼ਬਰ ਸੀ। ਸ਼ਿਵ ਦੀ ਕਵਿਤਾ ਵਿਚ ਅੱਗ ਤੇ ਬਿਰਹਾ ਦਾ ਰਹੱਸਮਈ ਮੇਲ ਸੀ। ਅੱਗ ਬਿਰਹਾ ਦਾ ਪੱਲਾ ਫੜਦੀ ਸੀ ਅਤੇ ਬਿਰਹਾ ਅਗਨੀ ਦਾ। ਲੂਣਾ ਦਾ ਸਾਰਾ ਜੀਵਨ ਅਗਨੀ ਯਾਤਰਾ ਹੀ ਤਾਂ ਸੀ। ਸ਼ਿਵ ਦੀ ਅੱਗ ਪਿਆਸ ਦੀ ਅੱਗ ਸੀ।

ਈਸ਼ਵਰ ਚਿਤਰਕਾਰ ਸਿੱਧਾ, ਸੱਚਾ, ਸਾਦਾ, ਮਾਸੂਮ, ਸਾਧੂ ਸੁਭਾਅ ਤੇ ਬਹਿਸ਼ਤੀ ਬੰਦਾ ਸੀ। ਉਹ ਸੁੰਦਰਤਾ ਦਾ ਚਿੱਤਰਕਾਰ ਸੀ। ਕੱਦ ਉਚਾ ਸੀ ਤੇ ਚਿਹਰਾ ਨੂਰੀ। ਪਗੜੀ ਗੋਲ ਬੰਨ੍ਹਦਾ ਤੇ ਟਾਈ ਲਾਲ ਲਾਉਂਦਾ। ਉਹਦਾ ਤਕੀਆ ਕਲਾਮ 'ਕਿਬਲਾ' ਸੀ। ਪੰਜ ਪਾਂਡੋ ਸਨ ਕਰਤਾਰ ਸੁਮੇਰ, ਈਸ਼ਵਰ ਚਿੱਤਰਕਾਰ, ਸੁਜਾਨ ਸਿੰਘ, ਪਾਲ ਸਿੰਘ ਤੇ ਬਾਵਾ ਬਲਵੰਤ। ਹਰਿਭਜਨ ਦੀ ਵਿਦਵਤਾ, ਈਸ਼ਵਰ ਦੀ ਮੁਸਕਾਨ ਅਤੇ ਤਾਰਾ ਸਿੰਘ ਦੀਆਂ ਟਿੱਪਣੀਆਂ ਲਾਜਵਾਬ ਸਨ।



ਖੱਬਿਓਂ... ਅਜਾਇਬ ਕਮਲ, ਸੁਤਿੰਦਰ ਨੂਰ, ਰਵਿੰਦਰ ਰਵੀ, ਗੁਲਜ਼ਾਰ ਸੰਧੂ, ਗੁਰਭਜਨ ਸਿੰਘ, ਸੁਰਜੀਤ ਪਾਤਰ ਅਤੇ ਬੀ.ਐਸ. ਬੀਰ।

ਤੇਰਾ ਸਿੰਘ ਚੰਨ ਦੀ ਦਾੜ੍ਹੀ ਮਸ਼ਹੂਰ ਸੀ। ਪ੍ਰਤਾਪ ਸਿੰਘ ਕੈਰੋਂ ਦੀ ਦਾੜ੍ਹੀ ਨਾਲੋਂ ਵੀ ਵੱਧ। ਚੰਨ ਦੀ ਦੁਪਹੀਆ ਸਾਈਕਲ 'ਤੇ ਝੂਲਦੀ ਦਾੜ੍ਹੀ ਦੂਰ ਦੂਰ ਤਕ ਮਾਰ ਕਰਦੀ ਸੀ। ਜੇ ਤੇਰਾ ਸਿੰਘ ਸਿੱਖ ਪਰਿਵਾਰ ਦੀ ਥਾਂ ਕਿਸੇ ਹੋਰ ਧਰਮ ਵਾਲੇ ਪਰਿਵਾਰ ਵਿਚ ਜੰਮਿਆ ਹੁੰਦਾ ਤਾਂ ਉਹਦਾ ਨਾਂ ਅੱਲਾ ਰੱਖਾ ਜਾਂ ਦੇਵੀ ਦਿੱਤਾ ਹੋਣਾ ਸੀ। ਜਿਹੜਾ ਕੰਮ ਮੇਰੇ ਵਰਗੇ ਮੋਟਰ ਸਾਈਕਲ ਸਵਾਰ ਹੋ ਕੇ ਵੀ ਨਹੀਂ ਸਨ ਕਰ ਸਕਦੇ, ਚੰਨ ਸਾਈਕਲ ਦੀ ਭੰਬੀਰੀ ਬਣਾ ਕੇ ਕਰ ਲੈਂਦਾ ਸੀ।

ਗੁਰਸ਼ਰਨ ਭਾਅ ਜੀ: ਉਹਦੀ ਸ਼ਖਸੀਅਤ ਪੌਣਾਂ ਵਿਚ ਰੁਮਕਦੀ ਤੇ ਪਾਣੀਆਂ 'ਚ ਤੁਰਦੀ ਰਹੀ। ਸਾਗਰ ਦੀਆਂ ਛੱਲਾਂ ਤੋਂ ਪੈਦਾ ਹੋਣ ਵਾਲੇ ਚਿੱਟੇ ਘੋੜਿਆਂ ਦੀ ਹਾਣੀ। ਪੁਸਤਕਾਂ ਦੀ ਗਿਣਤੀ ਦਰਜਨ ਤੋਂ ਵੱਧ, ਨਾਟਕਾਂ ਦੀ ਸੈਂਕੜਿਆਂ 'ਚ ਤੇ ਪੇਸ਼ਕਾਰੀਆਂ ਦੀ ਹਜ਼ਾਰਾਂ ਵਿਚ। ਡੇਢ ਸੌ ਨਾਟਕਾਂ ਦੇ ਅੱਠ ਹਜ਼ਾਰ ਸ਼ੋਅ! ਉਹ ਬਣਿਆ ਬਣਾਇਆ ਰੇਖਾ ਚਿੱਤਰ, ਲਿਖਿਆ ਲਿਖਾਇਆ ਸਨਦ ਪੱਤਰ ਤੇ ਚੁਣਿਆ ਚੁਣਾਇਆ ਪੰਜਾਬੀ ਸੀ। ਇਕ ਵਾਰ 'ਪੰਜਾਬੀ ਟ੍ਰਿਬਿਊਨ' ਨੇ ਚੋਣਵਾਂ ਪੰਜਾਬੀ ਚੁਣਨ ਲਈ ਪਾਠਕਾਂ ਦਾ ਮੱਤਦਾਨ ਕਰਾਇਆ ਤਾਂ ਭਾਅ ਜੀ ਨੂੰ 3665, ਸੀਚੇਵਾਲ ਨੂੰ 1269 ਅਤੇ ਜਰਨੈਲ ਜੇ.ਜੇ. ਸਿੰਘ ਨੂੰ 227 ਮੱਤ ਮਿਲੇ ਸਨ।

ਐਸ.ਐਸ. ਮੀਸ਼ਾ ਮਿੱਤਰ ਮੋਹ ਦਾ ਮੁਜੱਸਮਾ ਸੀ। ਉਹ ਧੀਮੇ ਬੋਲਾਂ ਵਾਲਾ ਵੱਡਾ ਕਵੀ ਸੀ। ਉਹਦੇ ਕੋਲ ਮਿੱਤਰਾਂ ਨੂੰ ਇੰਤਜ਼ਾਰ ਦੀ ਸੂਲੀ 'ਤੇ ਟੰਗੇ ਰੱਖਣ ਦੀ ਕਲਾ ਸੀ। ਮੀਸ਼ੇ ਦਾ ਬੇਟਾ ਅਮਰਦੀਪ ਸਿੰਘ ਕੈਲੀਫੋਰਨੀਆ ਵਿਚ ਬਹੁਤ ਵੱਡੀ ਕੰਪਿਊਟਰ ਕੰਪਨੀ ਦਾ ਮਾਲਕ ਹੈ। ਉਸ ਦੀ ਧੀ ਗੁਰਜੋਤ ਕੌਰ ਅਮਰੀਕਾ ਵਿਚ ਡਾਕਟਰ ਲੱਗੀ ਹੋਈ ਹੈ। ਉਸ ਦੀ ਪਤਨੀ ਸੁਰਿੰਦਰ ਕੌਰ ਵੀ ਉਨ੍ਹਾਂ ਦੇ ਕੋਲ ਹੀ ਰਹਿੰਦੀ ਹੈ।

ਗਿਆਨੀ ਕਰਤਾਰ ਸਿੰਘ ਕਛਹਿਰਾ ਚੁੱਕ ਕੇ ਆਏ ਗਏ ਦੀ ਸਿਫਾਰਸ਼ ਕਰਨ ਲਈ ਕੈਰੋਂ ਕੋਲ ਤੁਰਿਆ ਰਹਿੰਦਾ ਸੀ। ਕੈਰੋਂ ਪੁੱਛਦਾ, "ਕੰਮ ਜਾਇਜ਼ ਹੈ?"

ਗਿਆਨੀ ਕੈਰੋਂ ਨੂੰ ਹੱਸ ਕੇ ਕਹਿੰਦਾ, "ਜੇ ਜਾਇਜ਼ ਹੁੰਦਾ ਤਾਂ ਫੇਰ ਤੁਹਾਡੀ ਸਿਫਾਰਸ਼ ਦੀ ਕੀ ਲੋੜ ਸੀ? ਸਿਫਾਰਸ਼ ਦੀ ਲੋੜ ਤਾਂ ਨਜਾਇਜ਼ ਕੰਮ ਲੈਣ ਵੇਲੇ ਹੀ ਪੈਂਦੀ ਹੈ।"

ਗੁਲਜ਼ਾਰ ਸੰਧੂ ਜਿੰਨਾ ਘੁੰਮੱਕੜ ਸ਼ਾਇਦ ਹੀ ਕੋਈ ਹੋਰ ਪੰਜਾਬੀ ਲੇਖਕ ਹੋਵੇ। ਉਸ ਨੇ ਭਾਰਤ ਦੇ ਸ਼ਹਿਰ ਹੀ ਨਹੀਂ; ਏਸ਼ੀਆ, ਯੂਰਪ ਤੇ ਅਮਰੀਕਾ ਦੇ ਦਰਜਨਾਂ ਦੇਸ਼ ਗਾਹੇ ਹਨ। ਉਹਦੀਆਂ ਬਹੁਤੀਆਂ ਲਿਖਤਾ ਸੈਰ ਸਪਾਟੇ ਦੇ ਅਨੁਭਵਾਂ 'ਚੋ ਨਿਕਲੀਆਂ ਹਨ। ਇਕੇਰਾਂ ਜਾਤੀ ਉਮਰਾ ਦੇ ਸਰਪੰਚ ਅਰਜਨ ਸਿੰਘ ਨਾਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਮਿਲਿਆ। ਜਾਤੀ ਉਮਰਾ ਨਵਾਜ਼ ਸ਼ਰੀਫ਼ ਦੇ ਵਡੇਰਿਆਂ ਦਾ ਜੱਦੀ ਪਿੰਡ ਹੈ। ਪਾਕਿਸਤਾਨ ਦੀ ਫੇਰੀ 'ਚੋਂ ਉਹ 'ਉਹ ਰੱਬ ਤੇਰਾ ਇਹ ਰੱਬ ਮੇਰਾ' ਵਰਗੀਆਂ ਕਹਾਣੀਆਂ ਨਾਲ ਲੈਸ ਹੋ ਕੇ ਵਾਪਸ ਆਇਆ। ਉਸ ਕਹਾਣੀ ਨੇ ਸਾਬਤ ਕੀਤਾ ਕਿ ਪੈਦਾਇਸ਼ੀ ਧਰਮ ਨਾਲੋਂ ਪਾਲਣ ਪੋਸਣ ਵਾਲੇ ਦਾ ਧਰਮ ਵੱਧ ਸ਼ਕਤੀਸ਼ਾਲੀ ਹੁੰਦਾ। ਏਧਰ ਓਧਰ ਜਾਂਦਿਆਂ ਉਸ ਨੇ ਸੁਣਿਆਂ, ਫਰਾਂਸੀਸੀ ਬੁੱਧੀਜੀਵੀ ਹਨ, ਅਮਰੀਕਨ ਮਨੁੱਖੀ ਰਿਸ਼ਤਿਆਂ ਵਿਚ ਚੰਗੇ ਹਨ, ਪਰ ਉਨ੍ਹਾਂ ਦੀ ਉਪਰਲੀ ਰਾਜਨੀਤੀ ਗੰਦੀ ਹੈ। ਅਫਗ਼ਾਨ ਲੋਕ ਦਿਆਨਤਦਾਰ ਹਨ, ਪਿਆਰ ਕਰਨ ਵਾਲੇ। ਅਰਬਾਂ ਤੇ ਅਫਗ਼ਾਨਾਂ ਵਿਚ ਆਰੀਅਨ ਸਭਿਅਤਾ ਪ੍ਰਧਾਨ ਹੈ। ਔਰਤਾਂ ਫਰਾਂਸ, ਸਵੀਡਨ ਤੇ ਜਰਮਨੀ ਦੀਆਂ ਵਧੀਆ। ਮੇਲ-ਮਿਲਾਪ ਲਈ ਜਰਮਨ ਤੇ ਅਮਰੀਕਨ ਔਰਤਾਂ ਦੀ ਰੀਸ ਨਹੀਂ...।

ਪਿੱਛੇ ਜਿਹੇ ਮੈਂ ਚੰਡੀਗੜ੍ਹ ਉਹਨੂੰ ਮਿਲਣ ਗਿਆ। ਸਿਹਤ ਦਾ ਹਾਲ ਚਾਲ ਪੁੱਛਿਆ ਤਾਂ ਜਵਾਬ ਮਿਲਿਆ, "ਚਲਦੈ।" ਹੋਰਨਾਂ ਬਾਰੇ ਦੱਸਣ ਲੱਗ ਪਿਆ, "ਹਰਿਭਜਨ ਨੂੰ ਆਖ਼ਰੀ ਉਮਰੇ ਸਟਰੋਕ ਹੋ ਗਿਆ ਸੀ। ਮੈਂ ਵਣਜਾਰਾ ਬੇਦੀ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਹਰਿਭਜਨ ਸਿੰਘ, ਤੇਰਾ ਸਿੰਘ ਚੰਨ ਤੇ ਵਿਰਕ ਦੇ ਮਾੜੇ ਦਿਨ ਤੱਕੇ ਹਨ। ਆਪਣੀ ਸੱਸ, ਮਾਂ, ਗਿਆਨੀ ਜ਼ੈਲ ਸਿੰਘ ਤੇ ਸਾਥੀ ਸੁਰਜੀਤ ਦੇ ਵੀ। ਆਪਾਂ ਮੰਜੇ 'ਤੇ ਡਿੱਗੇ ਤਾਂ ਮਿੱਤਰਾਂ ਪਿਆਰਿਆਂ ਨੂੰ ਕਹਾਂਗੇ, ਸਾਡੀਆਂ ਅੱਡੀਆਂ ਨਾ ਰਗੜਾਉਣ। ਛੇਤੀ ਤੁਰਦੇ ਕਰਨ।"

11 ਮਾਰਚ 2016 ਨੂੰ ਸੰਧੂ ਜੋੜੇ ਨੇ ਵਿਆਹ ਦੀ 50ਵੀਂ ਵਰ੍ਹੇ ਗੰਢ ਰੀਝ ਨਾਲ ਮਨਾਈ। ਮਹੀਨਾ ਪਹਿਲਾਂ ਫੈਸਲਾ ਕਰ ਲਿਆ ਕਿ ਜੇ ਇਕ ਜਣਾ ਪਹਿਲਾਂ ਹੀ ਚਲਾ ਗਿਆ ਤਾਂ ਜਿਉਂਦੇ ਜੀਅ ਨੇ ਵਰ੍ਹੇ-ਗੰਢ ਜ਼ਰੂਰ ਮਨਾਉਣੀ ਹੈ। ਹਾਲ ਬੁੱਕ ਕੀਤਾ ਹੀ ਹੋਇਐ। ਆਇਆ ਗਿਆ ਨਿਰਾਸ਼ ਨਾ ਮੁੜੇ। ਨਾਲੇ ਵਿਆਹ ਦੀ ਗੋਲਡਨ ਜੁਬਲੀ ਕਿਹੜਾ ਨਿੱਤ ਨਿੱਤ ਆਉਣੀ ਐਂ! ਇਹ ਫੈਸਲਾ ਕਰ ਕੇ ਗੁਲਜ਼ਾਰ ਨੇ ਤਾਂ ਹੱਸਣਾ ਹੀ ਸੀ, ਸੁਰਜੀਤ ਵੀ ਖ਼ੂਬ ਹੱਸੀ। ਉਂਜ ਦੋਹਾਂ ਵਿਚ ਇੱਟ-ਖੜਿੱਕਾ ਵੀ ਚਲਦਾ ਹੈ। ਤੂੰ ਤੂੰ ਮੈਂ ਮੈਂ ਤੇ ਮਨਜ਼ੂਰੀ ਨਾ ਮਨਜ਼ੂਰੀ ਵੀ; ਪਰ ਹੈ ਪਲ ਛਿਣ ਦੀ।

ਗੱਲ ਗੁਲਜ਼ਾਰ ਦੇ ਹਾਸੇ ਤੋਂ ਤੁਰੀ ਸੀ। ਹਾਸੇ ਦੀਆਂ ਗੱਲਾਂ ਉਹ ਅਜੇ ਵੀ ਹੱਸ ਹੱਸ ਕੇ ਕਰਦੈ। ਕਦੇ ਕਦੇ ਪੁਰਾਣੇ ਕਿੱਸੇ ਛੇੜ ਬਹਿੰਦੈ। ਅਖੇ, ਡਾ. ਹਰਿਭਜਨ ਸਿੰਘ ਨੂੰ ਕਿਸੇ ਕਵੀ ਦਰਬਾਰ ਵਿਚ ਸਨਮਾਨ ਵਜੋਂ ਕਿਰਪਾਨ ਭੇਟਾ ਕੀਤੀ ਗਈ। ਹਰਿਭਜਨ ਸਿੰਘ ਕਿਰਪਾਨ ਲੈਣੋਂ ਝਿਜਕਦਿਆਂ ਕਹਿਣ ਲੱਗਾ, "ਮੈਂ ਤਾਂ ਜੀ ਕਲਮ ਦਾ ਬੰਦਾ ਹਾਂ ਫੇਰ ਵੀ... ਤਾਰਾ ਸਿੰਘ ਨੇ ਵਾਕ ਪੂਰਾ ਨਹੀਂ ਹੋਣ ਦਿੱਤਾ ਤੇ ਵਿਚੋਂ ਹੀ ਕਿਹਾ, ਲੈ ਲੈ ਹਰਿਭਜਨ ਸਿਹਾਂ, ਆਪਾਂ ਦੰਦੇ ਕਢਵਾ ਲਵਾਂਗੇ!"

ਇਕ ਕਵੀ ਦਰਬਾਰ ਵਿਚ ਤਾਰਾ ਸਿੰਘ ਕਵਿਤਾ ਪੜ੍ਹਨ ਲੱਗਾ ਤਾਂ ਤਿੰਨ ਵਾਰ ਮਿਸਰਾ ਉਚਾਰਿਆ- ਸਾਡੇ ਨਾਲ ਦਾ ਘਰ ਸੀ ਤੇਲੀਆਂ ਦਾ...। ਹਜ਼ਾਰਾ ਸਿੰਘ ਗੁਰਦਾਸਪੁਰੀ ਪ੍ਰਧਾਨਗੀ ਕਰ ਰਿਹਾ ਸੀ। ਸੀਗਾ ਉਹ ਵੀ ਰਾਮਗੜ੍ਹੀਆ। ਕਹਿੰਦਾ, ਹੁਣ 'ਗਾਂਹ ਵੀ ਤੁਰ। ਹੋਰ ਨਾਲ ਦਾ ਘਰ ਸੋਢੀਆਂ ਦਾ ਹੋਣਾ ਸੀ!

ਗੁਰਦਾਸਪੁਰੀ ਬੀਰ ਰਸੀ ਵਾਰਾਂ ਸੁਣਾਉਂਦਿਆਂ ਜੋਸ਼ ਵਿਚ ਆਪਣੀ ਦਾੜ੍ਹੀ ਦੇ ਵਾਲ ਆਪ ਹੀ ਪੁੱਟ ਛੱਡਦਾ ਤੇ ਸਰੋਤਿਆਂ ਦੇ ਲੂੰ ਕੰਡੇ ਖੜ੍ਹੇ ਕਰ ਦਿੰਦਾ। ਇਕ ਵਾਰ ਹਿੰਦ-ਪਾਕਿ ਜੰਗ ਸਮੇਂ ਉਹ ਘਰ ਦੀ ਛੱਤ 'ਤੇ ਦੋਸਤਾਂ ਨਾਲ ਦਾਰੂ ਪੀਵੀ ਜਾਵੇ। ਹਵਾਈ ਜਹਾਜ਼ ਵੇਖ ਕੇ ਪਤਨੀ 'ਵਾਜਾਂ ਮਾਰਨ ਲੱਗ ਪਈ, ਛੇਤੀ ਥੱਲੇ ਆ ਜਾਓ। ਹੋਰ ਨਾ ਕਿਤੇ ਬੰਬ ਆ ਡਿੱਗੇ। ਗੁਰਦਾਸਪੁਰੀ ਨੇ ਗੁਲਜ਼ਾਰ ਦੇ ਗਲਾਸ ਵਿਚ ਇਕ ਹੋਰ ਹਾੜਾ ਪਾਉਂਦਿਆਂ ਕਿਹਾ, "ਤੂੰ ਤਾਂ ਕਮਲੀ ਏਂ ਸਵਰਨ ਕੁਰੇ। ਅਸੀਂ ਜਹਾਜ਼ਾਂ ਦੇ ਉਤੋਂ ਦੀ ਉੱਡ ਰਹੇ ਹਾਂ ਤੇ ਤੂੰ ਸਾਨੂੰ ਥੱਲੇ ਲਾਹੁਣਾ ਚਾਹੁੰਦੀ ਏਂ!"

ਭਲਕ ਦਾ ਪਤਾ ਨਹੀਂ ਕੀ ਹੋਵੇ, ਹਾਲ ਦੀ ਘੜੀ ਤਾਂ ਸੂਨੀ ਵਾਲਿਆਂ ਦਾ ਗੁਲਜ਼ਾਰ ਸਿਓਂ ਹਵਾਈ ਜਹਾਜ਼ਾਂ ਦੇ ਉਤੋਂ ਦੀ ਉਡ ਰਿਹੈ!

*(ਸਮਾਪਤ)*

---

# ਡਾ. ਐਮ.ਐਸ. ਰੰਧਾਵਾ ਦੀ ਯਾਦ

**ਨਿੱਕ ਸੁੱਕ**




**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਕਹਿਣ ਨੂੰ ਤਾਂ ਡਾ. ਮਹਿੰਦਰ ਸਿੰਘ ਰੰਧਾਵਾ ਦਾ ਸਾਰੇ ਦਾ ਸਾਰਾ ਭਾਰਤ ਆਪਣਾ ਸੀ ਪਰ ਹੁਸ਼ਿਆਰਪੁਰ-ਦਸੂਹਾ ਰੋਡ 'ਤੇ ਪੈਂਦਾ ਬੋਦਲਾਂ ਨਾਂ ਦਾ ਪਿੰਡ ਜੱਦੀ ਪੁਸ਼ਤੀ ਹੋਣ ਕਾਰਨ ਉਸ ਦੀ ਆਪਣੀ ਧਰਤੀ ਮੰਨਿਆ ਜਾਂਦਾ ਹੈ। ਮੈਂ ਉਸ ਧਰਤੀ ਦੀ ਸੱਜਰੀ ਫੇਰੀ ਸਮੇਂ ਪਿੰਡ ਦੇ ਨੇੜੇ ਪੈਂਦੀ ਉਹਦੀ ਸਥਾਪਤ ਕੀਤੀ ਗੜ੍ਹਦੀਵਾਲਾ ਸਕੂਲ ਦੀ ਨਿਵੇਕਲੀ ਲਾਇਬਰੇਰੀ ਹੀ ਨਹੀਂ, ਉਸ ਦਾ ਗੰਗੀਆਂ ਵਾਲਾ ਫਰੂਟ ਰਿਸਰਚ ਸੈਂਟਰ (ਫਲ ਖੋਜ ਕੇਂਦਰ) ਵੀ ਵੇਖ ਕੇ ਆਇਆ ਹਾਂ।

ਡਾ. ਰੰਧਾਵਾ ਨੇ ਇਹ ਸੈਂਟਰ ਬੜੀ ਰੀਝ ਨਾਲ ਵਕਫ ਬੋਰਡ ਦੀ ਚਾਲੀ ਏਕੜ ਜ਼ਮੀਨ ਵਿਚ ਬਣਾਇਆ ਸੀ। ਅੰਬਾਂ ਤੇ ਲੀਚੀਆਂ ਦਾ ਇਹ ਬਾਗ ਮੈਨੂੰ ਇਨ੍ਹਾਂ ਪਿੰਡਾਂ ਦੇ ਜੰਮਪਲ ਤੇ ਭਾਸ਼ਾ ਵਿਭਾਗ ਦੇ ਸਾਬਕਾ ਡਇਰੈਕਟਰ ਚੇਤਨ ਸਿੰਘ ਨੇ ਤੁਰ-ਫਿਰ ਕੇ ਵਿਖਾਇਆ ਤੇ ਦੱਸਿਆ ਕਿ ਇਸ ਦੀ ਸਥਾਪਤੀ ਦੇ ਮੁਢਲੇ ਦਿਨਾਂ ਵਿਚ ਹੈਟ ਤੇ ਨਿੱਕਰ ਵਾਲਾ ਰੰਧਾਵਾ ਇਸ ਦਾ ਇੱਕ ਇੱਕ ਬੂਟਾ ਦੇਖ ਕੇ ਉਸ ਦਾ ਨਾਂ ਲਿਖ ਕੇ ਨੰਬਰ ਲਾਇਆ ਕਰਦਾ ਸੀ। ਬੂਟੇ ਭਾਵੇਂ ਅੰਬ ਦੇ ਲਾਉਣੇ ਹੁੰਦੇ ਜਾਂ ਲੀਚੀ ਦੇ, ਉਸ ਨੇ ਖਰੀਦਣ ਤੋਂ ਪਹਿਲਾਂ ਇਨ੍ਹਾਂ ਦਾ ਰੱਜ ਕੇ ਸੁਆਦ ਦੇਖਣਾ ਤੇ ਫੇਰ ਹਰ ਬੂਟੇ ਦੀ ਇੱਕ-ਦੂਜੇ ਤੋਂ ਦੂਰੀ ਅਤੇ ਉਨ੍ਹਾਂ ਦੀਆਂ ਕਤਾਰਾਂ ਦਾ ਫਾਸਲਾ ਨਿਸ਼ਚਿਤ ਕਰਨਾ। ਇਹ ਪਾਲਾਂ ਤੇ ਇਹ ਦੂਰੀਆਂ ਅੱਜ ਵੀ ਉਸ ਦੀ ਬਾਗਬਾਨੀ ਸੂਝ ਤੇ ਸਿਆਣਪ ਦੀ ਸ਼ਾਹਦੀ ਭਰਦੀਆਂ ਹਨ।

ਐਮ.ਐਸ. ਰੰਧਾਵਾ ਦਾ ਕਹਿਣਾ ਸੀ, ਜੇ ਕਿਸੇ ਦਾ ਦਿਲ ਉਦਾਸ ਹੋਵੇ ਤਾਂ ਉਸ ਨੂੰ



*ਡਾ. ਐਮ.ਐਸ. ਰੰਧਾਵਾ*

ਹੁਸ਼ਿਆਰਪੁਰ ਦੇ ਅੰਬਾਂ ਤੇ ਚੋਆਂ ਦੀ ਸੈਰ ਕਰਨੀ ਚਾਹੀਦੀ ਹੈ। ਬੂਟੇ ਲਾਉਣ ਵਾਲਿਆਂ ਨੂੰ ਹੱਲਾਸ਼ੇਰੀ ਦੇਣ ਲਈ ਉਹ ਇਹ ਵੀ ਕਹਿੰਦਾ ਕਿ ਲਾਉਣ ਵਾਲਿਓ, ਇਨ੍ਹਾਂ ਬੂਟਿਆਂ ਨੇ ਤੁਹਾਡੇ ਬੱਚਿਆਂ ਦੇ ਵਿਆਹ ਨਿਭਾਉਣੇ ਹਨ। ਪਿੰਡ ਬੋਦਲਾਂ ਵਿਚ ਰੰਧਾਵਾ ਦੇ ਜੱਦੀ ਘਰ ਦੀਆਂ ਤਾਂ ਹੁਣ ਕੰਧਾਂ ਹੀ ਬਾਕੀ ਹਨ। ਵਿਹੜੇ ਵਾਲੀ ਉਹ ਖੂਹੀ ਵੀ ਸੁੱਕ ਚੁਕੀ ਹੈ ਜੋ ਸਾਰੇ ਪਰਿਵਾਰ ਨੂੰ ਸੁੱਚਾ ਤੇ ਮਿੱਠਾ ਪਾਣੀ ਦਿੰਦੀ ਸੀ। ਉਸ ਪਰਿਵਾਰ ਦੇ ਵਾਰਸਾਂ ਵਿਚੋਂ ਹੁਣ ਸੁਖਅੰਮ੍ਰਿਤ ਰੰਧਾਵਾ ਹੀ ਹੈ ਜੋ ਹਰ ਮਹੀਨੇ ਇੱਕ ਦੋ ਵਾਰ ਬੋਦਲਾਂ ਜਾਂਦਾ ਹੈ। ਉਹ ਅੱਜ ਕਲ ਜ਼ਿਲਾ ਹੁਸ਼ਿਆਰਪੁਰ ਦਾ ਡੀ.ਐਸ.ਪੀ. ਹੈ। ਉਸ ਨੇ ਵੀ ਆਪਣੇ ਪਿੰਡ ਬਾਰੇ ਇਹ ਗੱਲਾਂ ਮੋਹ ਤੇ ਪਿਆਰ ਭਿੱਜੇ ਬੋਲਾਂ ਨਾਲ ਕੀਤੀਆਂ।

ਮੇਰੀ ਜਵਾਨੀ ਸਮੇਂ ਮੇਰੇ ਲਈ ਪ੍ਰੀਤਨਗਰ ਮੱਕਾ ਸੀ ਤੇ ਬੋਦਲਾਂ ਮਦੀਨਾ। ਮੈਨੂੰ ਮਦੀਨਾ ਦੀ ਫੇਰੀ ਖਾਲਸਾ ਕਾਲਜ ਗੜ੍ਹਦੀਵਾਲਾ ਦੇ ਪ੍ਰਿੰਸੀਪਲ ਸਤਵਿੰਦਰ ਸਿੰਘ ਢਿੱਲੋਂ ਨੇ ਲਵਾਈ ਜੋ ਤਿੰਨ ਸਾਲ ਤੋਂ ਆਪਣੇ ਕਾਲਜ ਵਿਚ ਐਮ.ਐਸ. ਰੰਧਾਵਾ ਵਿਰਾਸਤੀ ਮੇਲਾ ਲਗਵਾ ਰਿਹਾ ਹੈ। ਇਸ ਵਾਰ ਦੇ ਮੇਲੇ ਵਿਚ ਕਾਲਜ ਦੇ ਰਹਿ ਚੁਕੇ ਵਿਦਿਆਰਥੀ ਨਿਰਮਲ ਜੌੜਾ ਨੇ ਤੂੰਬੀ ਦੇ ਜੌਹਰ ਵਿਖਾਏ ਤੇ ਇਕ ਹੋਰ ਵਿਦਿਆਰਥੀ ਹਰਪ੍ਰੀਤ ਸਿੰਘ ਨੇ ਆਪਣੀ ਗਾਇਕੀ ਦੇ। ਇਸ ਮੇਲੇ ਵਿਚ ਸੰਗੀਤ ਪੜ੍ਹਾਉਂਦੇ ਗੁਰਪ੍ਰੀਤ ਸਿੰਘ ਦੇ ਆਰਕੈਸਟਰਾ ਨੇ ਨੁਕੜ ਨਾਟਕ, ਭੰਗੜਾ ਤੇ ਗਿੱਧਾ ਨੂੰ ਮਾਤ ਪਾਇਆ।

ਇਸ ਮੇਲੇ ਉਤੇ ਹਰ ਸਾਲ ਕਿਸੇ ਯੋਗ ਵਿਅਕਤੀ ਦਾ ਸਨਮਾਨ ਵੀ ਕੀਤਾ ਜਾਂਦਾ ਹੈ। ਇਸ ਵਾਰੀ ਦੇ ਮੇਲੇ ਦਾ ਅਰੰਭ ਗਾਇਕ ਕੰਠ ਕਲੇਰ ਦੇ ਸੁਰੀਲੇ ਬੋਲਾਂ ਨਾਲ ਹੋਇਆ। ਚੇਤਨ ਸਿੰਘ ਨੇ ਮੁੱਖ ਮਹਿਮਾਨ ਵਜੋਂ ਤੇ ਜਥੇਦਾਰ ਗੁਰਦੀਪ ਸਿੰਘ ਨੇ ਪੁਰਾਣੇ ਵਿਦਿਆਰਥੀਆਂ ਦੀ ਪ੍ਰਬੰਧਕੀ ਕਮੇਟੀ ਦੇ ਸਰਕਰਦਾ ਮੈਂਬਰ ਵਜੋਂ ਹਾਜ਼ਰੀ ਭਰੀ। ਖੂਬੀ ਇਹ ਕਿ ਇਹ ਮੇਲਾ 25 ਫਰਵਰੀ ਨੂੰ ਰਚਾਇਆ ਗਿਆ ਜੋ ਐਮ.ਐਸ. ਰੰਧਾਵਾ ਦੇ ਜਨਮ ਦਿਹਾੜੇ 2 ਫਰਵਰੀ ਤੇ ਦਿਹਾਂਤ 3 ਮਾਰਚ ਵਿਚਾਲੇ ਪੈਂਦਾ ਹੈ। ਕਾਲਜ ਵਾਲਿਆਂ ਨੂੰ ਉਨ੍ਹਾਂ ਦਾ ਉਦਮ ਤੇ ਮੈਨੂੰ ਮੇਰਾ ਮਦੀਨਾ ਮੁਬਾਰਕ।

**ਭਾਰਤ ਦਾ ਪਛਮੀ ਕੰਢਾ ਵੇਖਣ ਦਾ ਚਾਅ:** ਮੈਂ ਤੇ ਮੇਰੀ ਜੀਵਨ ਸਾਥਣ ਪਹਿਲੀ ਮਾਰਚ ਤੋਂ ਦਾਦਰਾ ਨਗਰ ਹਵੇਲੀ ਤੇ ਦਮਨ ਦਿਊ ਦੇ ਕੇਂਦਰ ਸ਼ਾਸਤ ਖੇਤਰ ਦੀ ਫੇਰੀ 'ਤੇ ਹਾਂ।

ਸੰਨ 1938 ਤੋਂ 1961 ਤੱਕ ਪੁਰਤਗਾਲੀਆਂ ਦੇ ਕਬਜ਼ੇ ਵਿਚ ਰਹੀ ਇਹ ਭੂਮੀ ਭਾਰਤ ਦੇ ਮਸਾਲਿਆਂ ਦੇ ਨਿਰਯਾਤ ਤੇ ਅਰਬੀ ਘੋੜਿਆਂ ਦੇ ਆਯਾਤ ਲਈ ਜਾਣੀ ਜਾਂਦੀ ਹੈ। ਪੁਰਤਗਾਲੀਆਂ ਨੇ ਇਸ ਭੂਮੀ ਵਿਚ ਘੋੜੇ ਹੀ ਨਹੀਂ ਲਿਆਂਦੇ ਸਗੋਂ ਦਰਜਨਾਂ ਫਲ ਤੇ ਸਬਜ਼ੀਆਂ ਅਮਰੀਕਾ ਤੋਂ ਲਿਆ ਕੇ ਇਥੇ ਪ੍ਰਫੁਲਿਤ ਕੀਤੀਆਂ ਜੋ ਅੱਜ ਸਮੁੱਚੇ ਭਾਰਤ ਦਾ ਮਾਣ ਹਨ। ਇਨ੍ਹਾਂ ਵਿਚੋਂ ਟਮਾਟਰ ਤੇ ਆਲੂ ਯੂਰਪ ਰਾਹੀਂ ਭਾਰਤ ਆਏ ਅਤੇ ਅਨਾਨਾਸ, ਸੀਤਾ ਫਲ, ਪਪੀਤਾ ਤੇ ਕਾਜੂ ਸਿੱਧੇ। ਅਜੋਕੇ ਭਾਰਤ ਦਾ ਪ੍ਰਸਿੱਧ ਅਲਫਾਂਸੋ ਅੰਬ ਵੀ ਪੁਰਤਗਾਲੀਆਂ ਦੀ ਦੇਣ ਹੈ। ਉਮਰ ਦੇ ਅੰਤਲੇ ਵਰ੍ਹਿਆਂ ਵਿਚ ਇਸ ਧਰਤੀ ਦੀ ਫੇਰੀ ਸਾਡੇ ਲਈ ਨਵੇਂ ਵਿਆਹ ਵਰਗੀ ਹੈ।

**ਅੰਤਿਕਾ:** ਇੱਕ ਲੋਕ ਟੱਪਾ

ਅੰਬੀਆਂ ਨੂੰ ਝੂਰੇਂਗੀ
ਛਡ ਕੇ ਦੇਸ ਦੁਆਬਾ।

# ਬੁੱਢੇ ਦਰਿਆ ਦਾ ਭੈਅ



***ਨਕੋਦਰ ਨੇੜਲੇ ਪਿੰਡ ਉਧੋਵਾਲ ਵਿਚ ਸਾਲ 1955 ਵਿਚ ਜੰਮਿਆ ਸੁਖਦੇਵ ਸਿੱਧੂ ਅੱਜ ਕੱਲ੍ਹ ਵਲੈਤ ਵੱਸਦਾ ਹੈ। ਉਹਦੀਆਂ ਲਿਖਤਾਂ ਵਿਚ ਦੇਸ ਦੁਆਬੇ ਦਾ ਰੰਗ ਠਾਠਾਂ ਮਾਰਦਾ ਦਿਸਦਾ ਹੈ। 'ਬੁੱਢੇ ਦਰਿਆ ਦਾ ਭੈਅ' ਲੇਖ ਵਿਚ ਉਹਨੇ ਆਪਣੇ ਬਚਪਨ ਦੀ ਕਥਾ ਸੁਣਾਈ ਹੈ ਜਿਸ ਵਿਚ ਬੋਲੀ ਦੇ ਨਾਲ-ਨਾਲ ਇਲਾਕੇ ਦੀ ਭਾਅ ਖੂਬ ਨਜ਼ਰੀਂ ਪੈ ਜਾਂਦੀ ਹੈ। ਇਸ ਲੇਖ ਵਿਚ ਉਹਨੇ ਬੀਤ ਗਏ ਵਕਤ ਨੂੰ ਆਪਣੇ ਢੰਗ ਨਾਲ ਫੜਨ ਦਾ ਯਤਨ ਕੀਤਾ ਹੈ। ਉਹ ਘਟਨਾਵਾਂ ਦੀਆਂ ਲੜੀਆਂ ਲਗਾਤਾਰ ਜੋੜਦਾ ਜਾਂਦਾ ਹੈ। ਉਹ ਸਾਫ ਆਖਦਾ ਹੈ ਕਿ ਉਹ ਆਪਣੇ ਵਡੇਰਿਆਂ ਦਾ ਬੜਾ ਦੇਣਦਾਰ ਹੈ ਜਿਨ੍ਹਾਂ ਸਦਕਾ ਉਸ ਨੂੰ ਹੱਥੀਂ ਕੰਮ ਕਰਨ ਦੀ ਚੂੰਡ ਪਈ ਸੀ। ਵਲੈਤ ਵਿਚ ਉਹਨੇ ਨੌਂ ਵਰ੍ਹੇ ਹੱਥੀਂ ਕਰੜੀ ਮਿਹਨਤ ਵਿਚ ਲੰਘਾਏ। -ਸੰਪਾਦਕ***

ਗੱਲ ਉਨੀ ਸੌ ਬਾਠ੍ਹ ਤ੍ਰੇਹਠ ਦੀ ਹੋਊ। ਹੱਦ ਚੌਂਹਟ ਦੀ। ਨਕੋਦਰ ਤਹਿਸੀਲ ਦੇ ਪਛੜੇ ਇਲਾਕੇ ਦਾ ਪਿੰਡ ਉੱਧੋਵਾਲ। ਅਸੀਂ ਪਿੰਡ ਦੇ ਪ੍ਰਾਇਮਰੀ ਸਕੂਲੇ ਹੀ ਪੜ੍ਹਦੇ ਸੀ। ਸਕੂਲ ਘਰ ਤੋਂ ਕੁਝ ਕਰਮਾਂ ਦੀ ਵਿੱਥ 'ਤੇ ਈ ਸੀ। ਘਰ ਵਿਚ ਗੰਗਾ ਵਗਦੀ ਸੀ।

ਸਕੂਲ ਦੇ ਸਾਰੇ ਮਾਸਟਰ ਲਾਗੇ ਬੰਨ੍ਹੇ ਦੇ ਸੀ। ਇਕ ਮੁੰਡਾ ਪਿੰਡ ਦਾ ਵੀ ਆ ਲੱਗਿਆ ਸੀ। ਫਿਰ ਇਕ ਮਾਸਟਰਾਣੀ ਆ ਗਈ, ਨੇੜਲੇ ਪਿੰਡ ਦੀ। ਪਿੰਡ ਦਾ ਮਾਸਟਰ ਨਵੀਂ ਨਵੀਂ ਜੇ.ਬੀ.ਈ. ਕਰ ਕੇ ਆਇਆ ਸੀ। ਸੋਹਣਾ ਜੁਆਨ। ਤੇਜ਼ ਤਰਾਰ। ਕਪਰੀਆਂ ਅੱਖਾਂ ਵਾਲਾ। ਨਾਂ ਸੀ ਅਵਤਾਰ।



**ਸੁਖਦੇਵ ਸਿੱਧੂ**
**ਫੋਨ: 00441234214170**

ਅਵਤਾਰ ਸਿੰਘ ਸੰਘਾ ਸਪੁੱਤਰ ਪਾਖਰ ਸਿੰਘ। ਪਿੰਡ ਵਾਲੇ ਸਾਰੇ ਇਹਨੂੰ ਤਾਰ ਕਹਿੰਦੇ ਸੀ ਜਾਂ ਮਾਸਟਰ ਤਾਰ। ਸਾਡੇ ਲਈ ਇਹ ਭਾਜੀ ਸੀ, ਕਈ ਵੱਧ ਮਾਣ ਦੇਣ ਲਈ ਇਹ ਨੂੰ ਭਾਅ ਜੀ ਜੀ ਜੀ ਕਹਿ ਕੇ ਵੀ ਬੁਲਾਉਂਦੇ। ਭਾਅ ਜੀ ਦਾ ਘਰ ਸਕੂਲ ਤੋਂ ਸੌ ਡੇਢ ਸੌ ਕਰਮਾਂ 'ਤੇ ਹੋਊਗਾ। ਐਨ ਬੂਹਿਆਂ ਦੇ ਸਾਹਮਣੇ ਕਰ ਕੇ। ਏਦੂੰ ਨੇੜੇ ਨੌਕਰੀ ਕਿਸੇ ਨੂੰ ਨਹੀਂ ਲੱਭਣੀ। ਫਿਰ ਇਨ੍ਹਾਂ ਜ਼ਮੀਨ ਦੀ ਅਦਲਾ ਬਦਲੀ ਕਰ ਲਈ। ਨਾਲ ਦੇ ਪਿੰਡ ਚਲੇ ਗਏ। ਵਸੋਂ ਵੀ ਖੂਹ 'ਤੇ ਹੀ ਕਰ ਲਈ।

ਭਾਅ ਜੀ ਕੰਮੀਆਂ ਦੇ ਮੁੰਡਿਆਂ ਤੋਂ ਵਗਾਰਾਂ ਵੀ ਕਰਵਾ ਲੈਂਦਾ ਸੀ। ਭਾਅ ਜੀ ਨੇ ਮੁੰਡਿਆਂ ਤੋਂ ਮੱਕੀ ਵਢਾ ਲੈਣੀ ਜਾਂ ਕਣਕ ਨੂੰ ਗੋਡੀ ਕਰਵਾ ਲੈਣੀ। ਉਹ ਵੀ ਜੁਗਤ ਨਾਲ। ਮੁੰਡਿਆਂ ਖੁਸ਼ੀ ਖੁਸ਼ੀ ਹੁਕਮ ਮੰਨਣਾ। ਭੱਜ ਭੱਜ ਕੰਮ ਕਰਨਾ। ਭਾਅ ਜੀ ਨੇ ਕੰਮ ਸਿਰਫ ਅੱਧੀ ਦਿਹਾੜੀ ਕਰਵਾਉਣਾ। ਸਵੇਰੇ ਤੜਕੇ ਸੱਦ ਲੈਣਾ। ਇਕ ਅੱਧੀ ਵਾਰ ਚਾਹ ਪਿਆ ਦੇਣੀ। ਫਿਰ ਮੁੰਡਿਆਂ ਨੂੰ ਕਹਿਣਾ: ਸ਼ਾਬਾਸ਼ ਬਈ ਸਾਬਾਸ਼, ਬਾਰਾਂ ਵੱਜ ਗਏ ਆ, ਅੱਧਾ ਘੈਂਟਾ ਹੋਰ ਲਾਓ ਤੇ ਕੰਮ ਖਤਮ। ਘਰੋ ਘਰੀ ਜਾਓ। ਜਾ ਕੇ ਫੁਲਕੇ ਰੋਟੀਆਂ ਖਾਓ।

ਮਾਸਟਰਨੀ ਨੇੜਲੇ ਪਿੰਡ ਮਹਿਤਪੁਰ ਦੀ ਸੀ, ਮਹਿਤਪੁਰ ਸਾਡੇ ਲਈ ਸ਼ਹਿਰ ਵਾਂਗੂੰ ਈ ਸੀ। ਨੱਕ ਦੀ ਸੇਧੇ, ਮਹਿਤਪੁਰ ਮੇਰੇ ਪਿੰਡੋਂ ਦੋ ਮੀਲ ਹੈ, ਹੱਦ ਢਾਈ ਹੋਊ। ਏਦੂੰ ਵੱਧ ਨਹੀਂ। ਸੜਕਾਂ ਉਦੋਂ ਹੈ ਈ ਨਹੀਂ ਸੀ। ਮਾਸਟਰਨੀ ਵੀ ਨਵੀਂ ਨਵੀਂ ਟਰੇਨਿੰਗ ਲੈ ਕੇ ਆਈ ਸੀ। ਇਹਦੀ ਪਹਿਲੀ ਨੌਕਰੀ ਲੱਗ ਗਈ ਸਾਡੇ ਪਿੰਡ, ਇਹ ਵੀ ਮੌਜਾਂ ਈ ਸਨ; ਸਰਕਾਰੀ ਨੌਕਰੀ, ਤੇ ਉਹ ਵੀ ਨੇੜੇ। ਸ਼ਹਿਰ ਦੇ ਖੱਤਰੀਆਂ ਦੀ ਜੰਮੀ ਜਾਈ ਸੀ, ਮਾਸਟਰਨੀ। ਵੀਹਾਂ ਬਾਈਆਂ ਕੁ ਸਾਲਾਂ ਦੀ ਹੋਊ। ਸੁਹਲ ਜਿਹੀ। ਸਾਊ। ਹਿਸਾਬ ਦਾ ਬੋਲਦੀ। ਪਹਿਲਾਂ ਪਹਿਲ ਇਹਨੂੰ ਕੋਈ ਨਾ ਕੋਈ ਘਰ ਦਾ ਜੀਅ ਸਕੂਲ ਦੇ ਨੇੜੇ ਕਰ ਜਾਂਦਾ ਸੀ, ਫਿਰ ਇਹ 'ਕੱਲੀ ਹੀ ਤੁਰ ਕੇ ਆਉਣ ਲੱਗ ਪਈ ਤੇ ਤੁਰ ਕੇ ਈ ਵਾਪਸ ਚਲੀ ਜਾਂਦੀ। ਅਜੇ ਕੁੜੀਆਂ ਦੇ ਸਾਇਕਲ ਚਲਾਉਣ ਦਾ ਰਿਵਾਜ਼ ਨਹੀਂ ਸੀ ਪਿਆ।

ਸਾਉਣ ਭਾਦੋਂ ਦੇ ਦਿਨ ਸੀ। ਉਦੋਂ ਮੀਂਹ ਵੀ ਬੜੇ ਡਾਢੇ ਪੈਣੇ- ਕੱਟੇ ਰੋੜ੍ਹ। ਜ਼ੋਰੀ ਬੱਦਲ ਗਰਜਣੇ। ਮੀਂਹ ਦਾ ਸਬੱਬ ਬਣ ਗਿਆ ਸੀ। ਸੰਘਣੇ ਬਦਲ ਚੜ੍ਹ ਆਏ। ਕਾਲੀਆਂ ਸ਼ਾਹ ਘਟਾਵਾਂ। ਜਾਨ ਤ੍ਰਾਹ ਤ੍ਰਾਹ ਕਰੇ। ਮਾਸਟਰਨੀ ਨੇ ਭਾਅ ਜੀ ਨਾਲ ਕੋਈ ਗਿਟ ਮਿਟ ਕੀਤੀ। ਮੈਨੂੰ ਤੇ ਪਿਆਰੇ ਨੂੰ ਹੁਕਮ ਹੋ ਗਿਆ: 'ਜ਼ਰਾ ਐਧਰ ਆਓ ਓਏ। ਤੁਸੀਂ ਦੋਵੇਂ ਜਣੇ ਆਹ ਭੈਣ ਜੀ ਨੂੰ ਮਹਿਤਪੁਰ ਛੱਡ ਕੇ ਆਉ।' ਸਾਡੇ ਭਾਣੇ ਮਾਸਟਰਾਂ ਦਾ ਹੁਕਮ ਵੀ ਰੱਬ ਦਾ ਈ ਹੁਕਮ ਹੁੰਦਾ ਸੀ। ਸਾਨੂੰ ਲਾਲਚ ਵੀ ਹੋਇਆ, ਬਈ ਸਕੂਲੋਂ ਜਾਨ ਖਲਾਸੀ ਪਹਿਲਾਂ ਹੋ ਗਈ। ਸੱਤ ਸੱਤ ਅੱਠ ਅੱਠ ਸਾਲ ਦੇ ਹੋਵਾਂਗੇ ਅਸੀਂ। ਪੱਕੀ ਦੂਜੀ ਵਿਚ ਪੜ੍ਹਦੇ ਸਾਂ। ਨਿਕ-ਨਿਕੀਆਂ ਜਿੰਦਾਂ। ਦੋਵੇਂ ਤਰਸੇਵੇਂ ਦੇ ਪੁੱਤ। ਪਿਆਰਾ ਵੀ ਆਪਣੇ ਬਾਬੇ ਦਾ ਇਕੋ ਪੋਤਾ ਤੇ ਮੈਂ ਵੀ। ਪਿਆਰੇ ਦਾ ਬਾਪ ਵੀ 'ਕੱਲਾ ਈ ਸੀ। ਹੁਕਮਾਂ ਦੇ ਬੱਧੇ ਤੁਰ ਪਏ ਮਹਿਤਪੁਰ ਨੂੰ। ਮਾਸਟਰਨੀ ਮੋਹਰੇ ਮੋਹਰੇ ਤੇ ਅਸੀਂ ਮਗਰੇ ਮਗਰ। ਕਾਹਲੀ ਕਾਹਲੀ ਪੈਰ ਪੁੱਟਦੇ, ਸਾਹੋ ਸਾਹੀ ਹੋਏ ਅਸੀਂ ਮਾਸਟਰਨੀ ਨਾਲ ਰਲਣ ਦੀ ਕੋਸ਼ਿਸ਼ ਕਰਦੇ। ਇਕ ਦੋ ਵਾਰੀ ਵਿਚ ਵਿਚ ਪਤਲਾ ਪਤਲਾ ਮੀਂਹ ਵੀ ਸਾਡੇ ਉਤੇ ਵਰ੍ਹ ਗਿਆ। ਵਿਚ ਵਿਚ ਛਰਾਟੇ ਵੀ ਪੈ ਗਏ ਤੇ ਸਾਡੇ ਕੱਪੜੇ ਤਰ ਹੋ ਗਏ।

ਮਾਸਟਰਨੀ ਨੇ ਚੂੜੀਦਾਰ ਚਿੱਟੀ ਪਜਾਮੀ ਤੇ ਘੁਟਵਾਂ ਫੱਬਵਾਂ ਰੰਗਦਾਰ ਜੰਪਰ ਪਾਇਆ ਹੋਇਆ ਸੀ ਅਤੇ ਸਿਰ 'ਤੇ ਮੇਲ ਦੀ ਚੁੰਨੀ। ਜਿੱਦਾਂ ਦੇ ਉਦੋਂ ਵੈਜੰਤੀ ਮਾਲਾ ਪਾਉਂਦੀ ਸੀ। ਮੀਂਹ ਨਾਲ ਕੱਪੜੇ ਵਾਹਵਾ ਗਿੱਲੇ ਹੋ ਗਏ ਤੇ ਸਰੀਰ ਨਾਲ ਚੰਬੜਨ ਲੱਗੇ, ਫਿਰ ਖਹਿਣ ਲੱਗੇ। ਅੰਗ ਮਟਕਣ ਲੱਗੇ। ਮਾਸਟਰਨੀ 'ਕੱਠੀ ਹੁੰਦੀ ਜਾਵੇ। ਜਿੱਦਾਂ ਜਿੱਦਾਂ ਇਹ ਸੁੰਗੜੇ, ਜਿਸਮ ਜਲਵਾ ਦਿਖਾਵੇ। ਸੀਨ ਪੂਰਾ ਫਿਲਮੀ ਸੀ। ਇਹਨੂੰ ਆਪਣੇ ਆਲੇ-ਦੁਆਲੇ ਦੀ ਪੂਰੀ ਸੁਧ-ਬੁਧ ਸੀ, ਸਾਨੂੰ ਨਹੀਂ ਸੀ। ਸਾਡੀ ਬਾਲ ਬੁੱਧ ਅਜੇ ਇਸ ਸਭ ਕਾਸੇ ਤੋ ਬੇਖਬਰ ਸੀ। ਜਾਣੀ ਸਾਨੂੰ ਅਜੇ ਬੋਅ ਨਹੀਂ ਸੀ ਪਈ। ਬੱਸ ਹੁਕਮ ਪਾਲਣਾ ਦਾ ਵੱਡਾ ਭਰੋਸਾ ਮਨ ਵਿਚ ਸੀ। ਸਾਡਾ ਸਾਰਾ ਤਾਣ ਏਸ ਗੱਲ ਵਿਚ ਹੀ ਲੱਗਾ ਹੋਇਆ ਸੀ ਕਿ ਅਸੀਂ ਮਾਸਟਰਨੀ ਦੇ ਨਾਲ ਰਲੇ ਰਹੀਏ। ਮਾਸਟਨੀ ਨਿਕ-ਨਿਕੀ ਤੋਰੇ ਬੜਾ ਛੋਹਲਾ ਤੁਰਦੀ ਸੀ; ਜਾਂ ਸਾਨੂੰ ਈ ਇੱਦਾਂ ਲਗਦਾ ਸੀ। ਪਿਛੇ ਪਿਛੇ ਅਸੀਂ ਠੁਰ ਠੁਰ ਕਰਦੇ ਭੱਜਦੇ। ਜੇ ਬਹੁਤਾ ਪਿਛੇ ਰਹਿ ਜਾਂਦੇ ਤਾਂ ਅਸੀਂ ਨੱਠ ਕੇ ਨੇੜੇ ਹੋ ਜਾਂਦੇ, ਪਰ ਪੈਰਾਂ ਦਾ ਖੜਾਕ ਨਾ ਹੋਣ ਦਿੰਦੇ। ਇਹਦੇ ਨਾਲ ਵੀ ਨਾ ਰਲਦੇ, ਰਤਾ ਕੁ ਪਿਛੇ ਹੀ ਰਹਿੰਦੇ। ਸਾਰੀ ਵਾਟ ਇਹਨੇ ਇਕ ਵਾਰੀ ਵੀ ਪਿਛੇ ਮੁੜ ਕੇ ਨਾ ਦੇਖਿਆ ਕਿ ਅਸੀਂ ਕਿਥੇ ਕੁ ਸੀ ਜਾਂ ਇਹ ਦੇ ਨਾਲ ਵੀ ਸੀ ਕਿ ਨਹੀਂ। ਇਹ ਨੂੰ ਸੁੱਖ ਸੁਖੀਲੀ ਘਰ ਪਹੁੰਚਣ ਦਾ ਸੰਸਾ ਸੀ ਤੇ ਸਾਨੂੰ ਇਹਦੀ ਰਾਖੀ ਦਾ। ਸਾਨੂੰ ਕੋਈ ਖਬਰ ਨਹੀਂ ਕਿ ਕਿੰਨੇ ਕੁ ਟੈਮ ਵਿਚ ਇਹ ਸਫਰ ਕੀਤਾ ਹੋਊ।

ਘਰਾਂ ਦੇ ਨੇੜੇ ਜਾ ਕੇ ਮਾਸਟਰਨੀ ਨੇ ਹੁਕਮ ਦਿੱਤਾ: ਚਲੋ, ਹੁਣ ਤੁਸੀਂ ਮੁੜ ਜਾਓ। ਮਾਸਟਰਨੀ ਨੂੰ ਪਤਾ ਸੀ ਕਿ ਸਾਡੇ ਕੱਪੜੇ ਗਿੱਲੇ ਹਨ। ਇਹਦੇ ਆਵਦੇ ਵੀ ਗਿੱਲੇ ਈ ਸੀ। ਇਹਨੂੰ ਨਾ ਸਾਡੇ ਕਪੜੇ ਸੁਕਾਉਣ ਦੀ ਸੁੱਝੀ, ਨਾ ਹੀ ਅੱਗ ਸਕਾਉਣ ਦੀ, ਬਈ ਨਿਆਣਿਆਂ ਦੀ ਠੰਢ ਹੀ ਲਹਿ ਜਾਊ। ਗਰਮ ਚਾਹ ਤਾਂ ਦੂਰ ਦੀ ਗੱਲ ਹੋਊ ਇਹਦੇ ਲਈ। ਸਾਨੂੰ ਏਸ ਗੱਲ ਦੀ ਤਵੱਕੋ ਵੀ ਨਹੀਂ ਸੀ। ਅਸੀਂ ਥੋੜ੍ਹਾ ਚਿਰ ਏਧਰ ਓਧਰ ਪੈਰ ਘਸਾਏ। ਜਦੋਂ ਇਹ ਅੱਖਾਂ ਤੋਂ ਓਹਲੇ ਹੋ ਗਈ, ਪਿਆਰਾ ਕਹਿੰਦਾ: ਬਈ ਮੀਂਹ ਤਾਂ ਹੁਣ ਜ਼ੋਰ ਨਾਲ ਪੈਣ ਈ ਵਾਲਾ ਹੈ, ਆਪਾਂ ਮੀਂਹ ਏਥੇ ਹੀ ਵਰ੍ਹਾ ਲਈਏ, ਫਿਰ ਘਰ ਨੂੰ ਚਲੇ ਚੱਲਾਂਗੇ। ਗੱਲ ਮੇਰੇ ਮਨ ਲੱਗੀ ਤੇ ਮੈਂ ਮੰਨ ਲਈ। ਨਾਲੇ ਉਹ ਕਹਿੰਦਾ, ਏਥੇ ਸੰਤਾਂ ਨੇ ਵੀ ਆਉਣਾ ਹੈ- ਮੱਥਾ ਟੇਕਦੇ ਚੱਲਾਂਗੇ। ਏਸ ਗੱਲ ਦੀ ਮੈਨੂੰ ਕੋਈ ਖਬਰ ਨਹੀਂ ਸੀ। ਇਹ ਵੀ ਪਿਆਰੇ ਦੀ ਚਾਲ ਹੀ ਹੋਊ।

ਅਸੀਂ ਦੋਵੇਂ ਪੁਰਾਣੇ ਅੱਡੇ ਵਾਲੇ ਵੱਡੇ ਬੋਹੜ ਥੱਲੇ ਹੋ ਗਏ। ਆਲੇ ਦੁਆਲੇ ਕੋਈ ਚੂੰ ਨਾ ਪੈਂ। ਕੋਈ ਬੰਦਾ ਨਾ ਪਰਿੰਦਾ ਦਿਸੇ। ਦੁਕਾਨਾਂ ਵਾਲੇ ਵੀ ਅੰਦਰ ਵੜ ਗਏ ਤੇ ਬੂਹੇ ਭੇੜ ਲਏ। ਮੀਂਹ ਵੀ ਕਵ੍ਹੇ, ਬਈ ਅੱਜ ਮੈਂ ਸਾਰੇ ਅਗਲੇ ਪਿਛਲੇ ਘਾਟੇ ਪੂਰੇ ਕਰੂੰ; ਜਾਣੀ ਕੜ੍ਹ ਹੀ ਪਾਟ ਗਿਆ। ਕੁੰਗੜੇ ਹੋਏ ਅਸੀਂ ਘੰਟਾ ਡੇਢ ਘੰਟਾ ਉਥੇ ਰੁਕੇ। ਫਿਰ ਪਿਆਰਾ ਝਕਾਨੀ ਦੇ ਕੇ ਮੈਥੋਂ ਪਰ੍ਹੇ ਹੋ ਗਿਆ। ਮੈਨੂੰ 'ਕੱਲੇ ਨੂੰ ਛੱਡ ਗਿਆ। ਮੈਂ ਅੱਧਾ ਪੌਣਾ ਘੰਟਾ ਇਹਨੂੰ ਲੱਭਿਆ, ਪਰ ਇਹਦੀ ਕਿਤੇ ਭਿਣਕ ਨਾ ਪਈ। ਮੈਂ ਰੋਣਹਾਕਾ ਹੋ ਗਿਆ; ਸੋਚਾਂ, ਬਈ ਹੁਣ ਮੈਂ ਕੀ ਕਰੂੰ। ਮੈਂ 'ਕੱਲ੍ਹਾ ਘਰੋਂ ਬਾਹਰ ਕਦੇ ਨਹੀਂ ਸੀ ਨਿਕਲਿਆ। ਬਾਅਦ ਵਿਚ ਪਤਾ ਲੱਗਿਆ ਕਿ ਪਿਆਰੇ ਦੀ ਏਥੇ ਮਾਸੀ ਸੀ। ਇਹ ਆਪਣੀ ਮਾਸੀ ਕੋਲ ਚਲੇ ਗਿਆ ਸੀ।

> ***ਭਲੀ ਕਿਸਮਤ ਨੂੰ ਸਾਉਣ ਸਿਉਂ ਦਾ ਪੂਰਨ ਮਹਿਤਪੁਰੋਂ ਆ ਗਿਆ। ਇਹ ਮੇਰੇ ਪਿੰਡ ਦਾ ਸੀ। ਇਹਨੂੰ ਦੇਖ ਮੇਰੀ ਢਾਰਸ ਬੱਝੀ। ਇਹਨੇ ਮੇਰਾ ਹਵਾਲ ਪੁੱਛਿਆ। ਮੈਂ ਡੁਸਕਣ ਲੱਗਾ। ਹੌਲੀ ਹੌਲੀ ਮੈਂ ਸਾਰੀ ਗੱਲ ਇਹਨੂੰ ਦੱਸ ਦਿੱਤੀ। ਇਹਨੇ ਮੈਨੂੰ ਹੌਸਲਾ ਦਿੱਤਾ। ਮੈਂ ਇਹਦੇ ਮਗਰ ਮਗਰ ਹੋ ਤੁਰਿਆ ਤੇ ਸੈਕਲ ਦੀ ਮਗਰਲੀ ਕਾਠੀ ਫੜ ਲਈ, ਦੋਹਾਂ ਹੱਥਾਂ ਨਾਲ ਘੁੱਟ ਕੇ। ਡਰ ਅਜੇ ਵੀ ਮੇਰੇ ਮਨੋਂ ਨਿਕਲਿਆ ਨਹੀਂ ਸੀ।***

ਇਹਨੇ ਪਹਿਲਾਂ ਹੀ ਮਨ ਵਿਚ ਧਾਰਿਆ ਹੋਇਆ ਸੀ। ਅਖੀਰ, ਮੀਂਹ ਵੀ ਮੱਠਾ ਹੋ ਗਿਆ। ਮੇਰਾ ਮਨ ਦੁਖੀ ਪ੍ਰੇਸ਼ਾਨ ਸੀ, ਡਰਦਾ ਸੀ। ਆਖਿਰ ਮੈਂ ਹੌਸਲਾ ਕਰ ਕੇ 'ਕੱਲਾ ਪਿੰਡ ਨੂੰ ਮੁੜ ਪਿਆ। ਹੋਰ ਕੋਈ ਚਾਰਾ ਵੀ ਨਹੀਂ ਸੀ।

ਸਕੂਲੋਂ ਛੁੱਟੀ ਹੋ ਗਈ। ਸਾਰੇ ਨਿਆਣੇ ਘਰੋ-ਘਰੀਂ ਜਾ ਵੜੇ। ਅਸੀਂ ਘਰੀਂ ਕਿਥੋਂ ਪਹੁੰਚਣਾ ਸੀ। ਅਸੀਂ ਤਾਂ ਮਹਿਤਪੁਰ ਸੀਗੇ, ਏਧਰ ਘਰਦੇ ਸਾਨੂੰ ਲੱਭਦੇ ਫਿਰਨ। ਬਈ, ਸਾਡੇ ਮੁੰਡੇ ਸਕੂਲੋਂ ਨਹੀਂ ਮੁੜੇ। ਕਿਥੇ ਚਲੇ ਗਏ। ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕਿਸੇ ਨੂੰ ਏਨੀ ਨਾ ਸੁੱਝੀ ਕਿ ਇਨ੍ਹਾਂ ਦੇ ਘਰ ਖਬਰ ਈ ਕਰ ਦੇਈਏ ਕਿ ਉਹ ਮਹਿਤਪੁਰ ਮਾਸਟਰਨੀ ਨੂੰ ਛੱਡਣ ਗਏ ਹਨ। ਜਦੋਂ ਘਰਦਿਆਂ ਨੂੰ ਪਤਾ ਲੱਗਾ ਤਾਂ ਇਹ ਵਰ੍ਹਦੇ ਮੀਂਹ ਵਿਚ ਮਹਿਤਪੁਰ ਵੱਲ ਆਪ ਵੀ ਗੇੜੇ ਮਾਰ ਗਏ ਸਨ, ਪਰ ਅਸੀਂ ਉਨ੍ਹਾਂ ਨੂੰ ਨਾ ਮਿਲੇ।

ਜਦੋਂ ਮੈਂ ਮੁੜ ਕੇ ਰਾਮੂੰਵਾਲ ਕੋਲ ਪੁੱਜਾ, ਤਾਂ ਮੇਰੇ ਤਾਂ ਸਾਹ ਸੂਤੇ ਗਏ। ਚਿਰਾਂ ਦਾ ਸੁੱਕਿਆ ਬੁੱਢਾ ਦਰਿਆ ਠਾਠਾਂ ਮਾਰ ਰਿਹਾ ਸੀ। ਸ਼ੂਕਰਾਂ ਮਾਰੇ। ਆਲੇ ਦੁਆਲੇ ਕੋਈ ਚਿੜੀ ਜਨੌਰ ਵੀ ਨਜ਼ਰ ਨਾ ਆਵੇ। 'ਕੱਲਾ ਪਾਣੀ ਦਾ ਸ਼ੋਰ ਸੁਣੇ। ਮੇਰੇ ਦੇਖਦੇ ਹੀ ਪਾਣੀ ਚੜ੍ਹਦਾ ਜਾਵੇ। ਜਦੋਂ ਅਸੀਂ ਗਏ ਸੀ, ਏਥੇ ਤਾਂ ਪਾਣੀ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਸਭ ਸੁਕ ਪੁਕਾ ਹੀ ਸੀ। ਹੁਣ ਸਭ ਜਲੋ ਥਲ ਹੋਇਆ ਪਿਆ ਸੀ। ਮੈਂ ਨਾ ਏਧਰ ਜੋਗਾ, ਨਾ ਓਧਰ ਜੋਗਾ। ਮੈਨੂੰ ਪਤਾ ਨਾ ਲੱਗੇ, ਮੈਂ ਕੀ ਕਰਾਂ। 'ਕੱਲਾ ਮੈਂ ਪਾਣੀ ਤੋਂ ਵੀ ਡਰਦਾ ਸਾਂ ਤੇ ਤੇਜ਼ ਵਹਿਣ ਤੋਂ ਵੀ। ਪਾਣੀ ਦਾ ਚੜ੍ਹਾਅ ਦੇਖਣ ਨੂੰ ਮੈਂ ਢੀਮ ਦੀ ਨਿਸ਼ਾਨੀ ਲਾਉਣੀ ਤੇ ਮੇਰੇ ਦੇਖਦੇ ਦੇਖਦੇ, ਪਾਣੀ ਓਥੋਂ 'ਗਾਂਹ ਆ ਚੜ੍ਹਨਾ। ਮੈਂ ਰਤਾ ਕੁ ਹੋਰ ਪਿਛੇ ਹੋ ਕੇ ਬਹਿ ਜਾਣਾ। ਕਦੇ ਖੜ੍ਹਾ ਹੋ ਕੇ ਆਲੇ ਦੁਆਲੇ ਦੇਖਣਾ, ਸ਼ਾਇਦ ਕੋਈ ਬਹੁੜ ਹੀ ਪਵੇ। ਅਖੀਰ ਮੈਂ ਦਿਲ ਛੱਡ'ਤਾ। ਡਰ ਗਿਆ। ਰੋਣ ਲੱਗ ਪਿਆ। ਮੈਨੂੰ ਬੁਖਾਰ ਹੋ ਗਿਆ। ਮੈਂ ਹੋਰ ਉਚੀ ਰੋਣ ਲੱਗ ਪਿਆ। ਭਿਆਨਕ ਖਿਆਲ ਆਉਣ ਲੱਗੇ। ਮੈਂ ਹੋਰ ਜ਼ੋਰ ਨਾਲ ਰੋਣ ਲੱਗਾ। ਓਧਰੋਂ ਘੁਸਮੁਸਾ ਹੋਣ ਲੱਗਾ। ਮੈਨੂੰ ਸਮਝ ਨਾ ਆਵੇ ਕਿ ਹੁਣ ਮੇਰਾ ਕੀ ਬਣੂਗਾ। ਘੈਂਟਾ ਡੇਢ ਘੈਂਟਾ ਮੈਂ ਰੋਂਦਾ ਰਿਹਾ। ਰੋ ਰੋ ਕੇ ਮੇਰਾ ਘੱਗ ਬਹਿ ਗਿਆ। ਫਿਰ ਮੇਰਾ ਰੋਣਾ ਨਿਕਲਣਾ ਵੀ ਬੰਦ ਹੋ ਗਿਆ। ਮੈਨੂੰ ਕੁਝ ਨਹੀਂ ਸੀ ਸੁਝਦਾ।

ਮੇਰੀ ਭਲੀ ਕਿਸਮਤ ਨੂੰ ਸਾਉਣ ਸਿਉਂ ਦਾ ਪੂਰਨ ਮਹਿਤਪੁਰੋਂ ਆ ਗਿਆ। ਇਹ ਮੇਰੇ ਪਿੰਡ ਦਾ ਸੀ। ਇਹਨੂੰ ਦੇਖ ਮੇਰੀ ਢਾਰਸ ਬੱਝੀ। ਇਹਨੇ ਮੇਰਾ ਹਵਾਲ ਪੁੱਛਿਆ। ਮੈਂ ਡੁਸਕਣ ਲੱਗਾ। ਹੌਲੀ ਹੌਲੀ ਮੈਂ ਸਾਰੀ ਗੱਲ ਇਹਨੂੰ ਦੱਸ ਦਿੱਤੀ। ਇਹਨੇ ਮੈਨੂੰ ਹੌਸਲਾ ਦਿੱਤਾ।

ਮੈਂ ਇਹਦੇ ਮਗਰ ਮਗਰ ਹੋ ਤੁਰਿਆ ਤੇ ਸੈਕਲ ਦੀ ਮਗਰਲੀ ਕਾਠੀ ਫੜ ਲਈ, ਦੋਹਾਂ ਹੱਥਾਂ ਨਾਲ ਘੁੱਟ ਕੇ। ਡਰ ਅਜੇ ਵੀ ਮੇਰੇ ਮਨੋਂ ਨਿਕਲਿਆ ਨਹੀਂ ਸੀ। ਪੂਰਨ ਸਿਉਂ ਵਾਰ ਵਾਰ ਪੁੱਛਦਾ: ਠੀਕ ਆਂ ਨਾ, ਡਰ ਨਾ, ਮੈਂ ਤੇਰੇ ਨਾਲ ਈ ਹਾਂ। ਓਧਰੋਂ ਪਾਣੀ ਵੀ ਚੜ੍ਹਦਾ ਈ ਜਾਵੇ। ਐਨ ਵਿਚਾਲੇ ਜਾ ਕੇ ਪਾਣੀ ਮੇਰੇ ਗਲ ਗਲ ਹੋ ਗਿਆ। ਮੈਂ ਹੋਰ ਡਰ ਗਿਆ। ਮੈਂ ਕਿਹਾ, ਹੁਣ ਮਰਨ ਤੋਂ ਪਹਿਲਾਂ ਜ਼ਰੂਰ ਗੋਤੇ ਆਉਣਗੇ। ਪੂਰਨ ਨੇ ਫਿਰ ਮੈਨੂੰ ਹੌਸਲਾ ਦਿੱਤਾ: ਡਰੀ ਨਾ ਜਾਹ। ਮੈਂ ਵੀ ਤੇਰੇ ਨਾਲ ਈ ਹਾਂ। ਬੱਸ ਤੂੰ ਕਾਠੀ ਘੁੱਟ ਕੇ ਫੜੀ ਰੱਖ। ਬੁਖਾਰ ਨਾਲ ਮੈਨੂੰ ਕਾਂਬਾ ਵੀ ਛਿੜਿਆ ਹੋਇਆ ਸੀ। ਮੇਰੇ ਦੰਦ ਵਜਣ ਲੱਗੇ। ਫਿਰ ਪਾਣੀ ਘਟਣ ਲੱਗਾ। ਪਹਿਲਾਂ ਹਿੱਕ ਹਿੱਕ ਹੋਇਆ ਤੇ ਫਿਰ ਧੁੰਨੀਏ ਆਇਆ। ਫਿਰ ਨੇਫ਼ੇ ਤਾਈਂ ਹੋਇਆ, ਫਿਰ ਪੱਟਾਂ ਤਾਈਂ ਤੇ ਫਿਰ ਗੋਡੇ ਗੋਡੇ। ਮੇਰੀ ਜਾਨ ਵਿਚ ਜਾਨ ਆਈ। ਹੁਣ ਮੈਨੂੰ ਤਸੱਲੀ ਹੋ ਗਈ ਕਿ ਹੁਣ ਨਹੀਂ ਮਰਦਾ। ਪੂਰਨ ਸਿਉਂ ਮੈਨੂੰ ਰੱਬ ਬਣ ਕੇ ਬਹੁੜਿਆ ਸੀ। ਮੈਂ ਸੋਚਾਂ, ਬਈ ਜੇ ਇਹ ਵਿਚਾਰਾ ਨਾ ਆਉਂਦਾ ਤਾਂ ਮੈਂ ਡੁੱਬ ਮਰਨਾ ਸੀ ਜਾਂ ਬੁਖਾਰ ਨਾਲ ਮਰ ਜਾਣਾ ਸੀ। ਉਦੋਂ ਦਾ ਦਹਿਲਿਆਂ ਮੈਂ ਅਜੇ ਵੀ ਪਾਣੀ ਤੋਂ ਡਰ ਜਾਂਦਾ ਹਾਂ।

ਏਦੂੰ ਬਾਅਦ ਵੀ ਬੁੱਢੇ ਦਰਿਆ ਨੇ ਇਕ ਦੋ ਵਾਰ ਮਾਰਾਂ ਕੀਤੀਆਂ ਸੀ। ਅਸਲ ਵਿਚ ਇਹ ਦਰਿਆ ਦਰਿਊ ਤਾਂ ਹੈ ਨਹੀਂ ਸੀ, ਪਤਾ ਨਹੀਂ ਇਹਦਾ ਨਾਂ ਕਿੱਦਾਂ ਪੈ ਗਿਆ। ਇਹ ਤਾਂ ਨੀਵੀਆਂ ਪੈਲੀਆਂ ਵਿਚ ਦੀ ਪਾਣੀ ਦਾ ਵਹਾਅ ਸੀ। ਆਦਰਾਮਾਨ ਤੇ ਲੋਹਗੜ੍ਹ ਦੇ ਕੋਲ ਦੀ ਕਰ ਕੇ ਇਹਦਾ ਨੱਕਾ ਸਤਲੁਜ ਨਾਲ ਜਾ ਮਿਲਦਾ ਸੀ। ਜਦੋਂ ਸਤਲੁਜ ਦਾ ਪਾਣੀ ਵਿਤੋਂ ਵਧ ਜਾਂਦਾ, ਏਧਰ ਨੂੰ ਵਹਿ ਤੁਰਦਾ ਸੀ। ਵਹਾਅ ਕਈ ਵਾਰ ਤੇਜ਼ ਵੀ ਹੁੰਦਾ ਸੀ। ਬਾਅਦ ਵਿਚ ਇਕ ਦੋ ਵਾਰੀ ਇਹਨੇ ਪੱਕੀ ਸੜਕ ਵੀ ਵਹਾ ਲਈ। ਪਹਿਲਾਂ ਸੜਕ ਬਣਾਉਣ ਵੇਲੇ ਕਿਸੇ ਨੂੰ ਪਾਣੀ ਦੇ ਨਿਕਾਸ ਦਾ ਚੇਤਾ ਈ ਨਾ ਆਇਆ। ਲੋਕ ਗੱਡਿਆਂ 'ਤੇ ਇਕ ਪਾਸਿਓਂ ਦੂਜੇ ਪਾਸੇ ਪੈਸੇ ਲੈ ਕੇ ਬੰਦੇ ਲੰਘਾਉਂਦੇ ਸਨ। ਬਹੁਤੀ ਵਾਰ ਲਾਗੇ ਬੰਨੇ ਦੇ ਲੋਕ ਆਪਣੀ ਫਸਲ ਦੇ ਬਚਾ ਲਈ ਵੀ ਸੜਕ ਤੋੜ ਦਿਆ ਕਰਦੇ ਸੀ। ਹੁਣ ਤਾਂ ਪਤਾ ਵੀ ਨਾ ਲੱਗੇ ਕਿ ਕਦੇ ਏਥੋਂ ਦੀ ਬੁੱਢਾ ਦਰਿਆ ਵਹਿਣ ਲੱਗ ਪੈਂਦਾ ਸੀ। ਲੋਕਾਂ ਨੇ ਆਪਣੀਆਂ ਜ਼ਮੀਨਾਂ ਵੀ ਪੱਧਰੀਆਂ ਕਰ ਲਈਆਂ ਸਨ।

ਪੂਰਨ ਸਿਉਂ ਮੈਨੂੰ ਘਰ ਛੱਡ ਕੇ ਆਇਆ। ਮੇਰੇ ਬਾਪੂ ਨੂੰ ਕਹਿੰਦਾ: ਆਹ ਲਓ ਬਈ ਸਾਂਭੋ ਆਵਦਾ ਮੁੰਡਾ। ਮੈਂ ਫਿਰ ਰੋ ਪਿਆ; ਮੇਰੀਆਂ ਧਾਹਾਂ ਨਿਕਲ ਗਈਆਂ। ਮੇਰੀ ਦਾਦੀ ਨੇ ਘੁੱਟ ਕੇ ਛਾਤੀ ਨਾਲ ਲਾਇਆ। ਮਾਂ ਨੇ ਗਿੱਲੇ ਕੱਪੜੇ ਲਾਹ ਕੇ ਹੋਰ ਪਾਏ, ਉਤੇ ਖੇਸ ਦਿੱਤਾ ਤੇ ਉਪਰ ਦੀ ਰਜਾਈ। ਮੇਰੀ ਦਾਦੀ ਨੇ ਪਰਾਤ ਵਿਚ ਅੱਗ ਬਾਲ ਕੇ ਮੰਜੇ ਦੇ ਹੇਠਾਂ ਰੱਖੀ। ਮਾਂ ਨੇ ਦੁੱਧ ਦਾ ਗਰਮ ਗਿਲਾਸ ਦਿੱਤਾ। ਦਾਦੀ ਕਿੰਨਾ ਚਿਰ ਬੁੱਕਲ ਵਿਚ ਲੈ ਕੇ ਥਾਪੜਦੀ ਰਹੀ। ਬਾਪ ਨਾਰਾਜ਼ ਸੀ ਤੇ ਮੇਰਾ ਤਾਇਆ ਪੂਰਾ ਖਫ਼ਾ। ਸਵੇਰੇ ਜਾ ਕੇ ਭਾਅ ਜੀ ਨੂੰ ਕਹਿ ਆਇਆ: ਖਬਰਦਾਰ ਜੇ ਸਾਡੇ ਮੁੰਡੇ ਨੂੰ ਮੁੜ ਕੇ ਕਿਤੇ ਘੱਲਿਆ। ਅਸੀਂ ਇਹਨੂੰ ਪੜ੍ਹਨ ਭੇਜੀਦਾ। ਹੋਰ ਪਤਾ ਨਹੀਂ ਕੀ ਕੀ ਕਿਹਾ ਹੋਊ। ਬੁਖਾਰ ਦਾ ਭੰਨਿਆ ਮੈਂ ਦੋ ਤਿੰਨ ਦਿਨ ਸਕੂਲ ਨਾ ਗਿਆ। ਭੈੜੇ ਭੈੜੇ ਸੁਪਨੇ ਆਉਂਦੇ ਰਹੇ। ਸਕੂਲ ਜਾਂਦੇ ਨੂੰ ਭਾਅ ਜੀ ਨੇ ਤਾਏ ਦਾ ਗੁੱਸਾ ਮੇਰੇ 'ਤੇ ਕੱਢਿਆ: ਤੈਨੂੰ ਕੀ ਹੋ ਗਿਆ ਸੀ ਓਏ। ਤੂੰ ਮਰ ਤੇ ਨਹੀਂ ਸੀ ਗਿਆ।

ਹੁਣ ਉਹ ਵੇਲਾ ਯਾਦ ਆਉਂਦਾ ਹੈ, ਤਾਂ ਮੀਂਹ ਵਿਚ ਭਿੱਜਿਆ ਮਾਸਟਰਨੀ ਦਾ ਪਿੰਡਾ ਵੀ ਬਹੁਤਾ ਸੁੱਖ ਨਹੀਂ ਦਿੰਦਾ।



*ਚਿੱਤਰਕਾਰ ਕੰਵਲ ਧਾਲੀਵਾਲ (ਖੱਬੇ), ਸੁਖਦੇਵ ਸਿੱਧੂ, ਇਕ ਹੋਰ ਸੱਜਣ ਅਤੇ (ਐਨ ਸੱਜੇ) ਲਿਖਾਰੀ ਹਰਜੀਤ ਅਟਵਾਲ।*

ਕਹਾਣੀ

# ਦਾਜ ਵਾਲੀ ਪੇਟੀ

"ਹੁਣ ਦੱਸ ਜੀਤਾਂ! ਇਸ ਖਜਾਨੇ ਦਾ ਕੀ ਕਰਨਾ?" ਬਲਰਾਜ ਸਿੰਘ ਨੇ ਥੋੜਾ ਖਰਵੀਂ ਆਵਾਜ਼ 'ਚ ਲੋਹੇ ਦੀ ਵੱਡੀ ਪੇਟੀ ਵੱਲ ਇਸ਼ਾਰਾ ਕਰ ਆਪਣੀ ਪਤਨੀ ਗੁਰਜੀਤ ਕੌਰ, ਜਿਹਨੂੰ ਪਿਆਰ ਨਾਲ ਜੀਤਾਂ ਵੀ ਕਹਿ ਲੈਂਦਾ ਸੀ, ਨੂੰ ਪੁਛਿਆ।

"ਵੇਖੋ ਜੀ, ਬਾਕੀ ਸਾਮਾਨ ਭਾਵੇਂ ਵੇਚੋ, ਕਿਸੇ ਨੂੰ ਮੁਫਤ ਦੇਵੋ, ਪਰ ਮੈਂ ਆਪਣੇ ਦਾਜ ਵਾਲੀ ਪੇਟੀ ਜੀਂਦੇ ਜੀ ਐਂ ਨੀਂ ਚੁਕਾਉਣੀ।" ਜੀਤਾਂ ਨੇ ਦੋ ਟੁੱਕ ਗੱਲ ਮੁਕਾਈ।

"ਫੇਰ ਜਹਾਜੇ ਲੱਦ ਅਮਰੀਕਾ ਲੈ ਜਾਂਦੇ ਆਂ।" ਖਿੱਝ ਕੇ ਕਹਿੰਦਾ ਬਲਰਾਜ ਬਾਹਰਲੇ ਗੇਟ ਦੀ ਘੰਟੀ ਸੁਣ ਗੇਟ ਵੱਲ ਹੋ ਤੁਰਿਆ।

---

ਬਲਰਾਜ ਤੇ ਗੁਰਜੀਤ ਕੁਝ ਸਾਲ ਪਹਿਲਾਂ ਪੁੱਤਰ ਦੇ ਸੱਦੇ 'ਤੇ ਆਪੋ ਆਪਣੇ ਮਹਿਕਮੇ ਤੋਂ ਅਗਾਊਂ ਰਿਟਾਇਰਮੈਂਟ ਲੈ ਅਮਰੀਕਾ ਪੱਕੇ ਰਹਿਣ ਲਈ ਚਲੇ ਗਏ। ਜਾਣ ਤੋਂ ਪਹਿਲਾਂ ਘਰ ਦਾ ਕੁਝ ਹਿੱਸਾ ਕਿਰਾਏ 'ਤੇ ਦੇ ਕੇ ਬਾਕੀ 'ਚ ਘਰ ਦਾ ਸਮਾਨ ਪੈਕ ਕਰਕੇ ਬੰਦ ਕਰ ਗਏ। ਦੋ ਤਿੰਨ ਸਾਲ ਪਿਛੋਂ ਚੱਕਰ ਲੱਗਦਾ ਪਰ ਇਸ ਵਾਰ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਬਾਹਰੋਂ ਫੋਨ ਕਰ ਕੇ ਕਿਰਾਏਦਾਰਾਂ ਕੋਲੋਂ



**ਚਰਨਜੀਤ ਸਿੰਘ ਸਾਹੀ**
ਫੋਨ: 317-430-6545

ਮਕਾਨ ਖਾਲੀ ਕਰਾ ਲਿਆ। ਉਨ੍ਹਾਂ ਨੂੰ ਲੱਗਾ, ਬੰਦ ਪਿਆ ਸਾਮਾਨ ਤਾਂ ਖਰਾਬ ਹੋ ਰਿਹੈ, ਕਿਉਂ ਨਾ ਇਸ ਦਾ ਕੁਝ ਕੀਤਾ ਜਾਵੇ। ਕੁਝ ਦਿਨਾਂ 'ਚ ਜੋ ਵਿਕਿਆ, ਵੇਚ ਦਿੱਤਾ ਬਾਕੀ ਆਂਢ-ਗਵਾਂਢ ਨੂੰ ਚੁਕਾ ਦਿੱਤਾ। ਗੱਲ ਅੜ ਗਈ ਦਾਜ ਵਾਲੀ ਪੇਟੀ 'ਤੇ, ਜਿਸ ਦੇ ਕੁੰਡੇ ਨੂੰ ਬੱਝੀ ਸ਼ਗਨਾਂ ਵਾਲੀ ਮੌਲੀ ਦਾ ਰੰਗ ਵੀ ਚਾਲੀ ਸਾਲਾਂ ਵਿਚ ਘਸਮੈਲਾ ਹੋ ਚੁਕਾ ਸੀ ਤੇ ਉਸ ਵਿਚ ਪਿਆ ਦਾਜ ਵਾਲਾ ਸਾਮਾਨ ਵੀ ਘੱਟ ਵੱਧ ਹੀ ਵਰਤ ਹੋਇਆ ਸੀ। ਗੁਰਜੀਤ ਹਮੇਸ਼ਾ ਉਹਦੇ ਉਪਰ ਸਾਫ ਕੱਪੜਾ ਵਿਛਾ ਕੇ ਰੱਖਦੀ ਤੇ ਗਾਹੇ-ਬਗਾਹੇ ਪੇਟੀ ਦੀ ਝਾੜ-ਪੂੰਝ ਕਰਦੀ ਰਹਿੰਦੀ।

"ਐਂ ਕਰਦੇ ਆਂ, ਜੇ ਤੂੰ ਮੰਨੇ, ਪਿੰਡ ਵਾਲੇ ਸਾਂਝੇ ਘਰ ਰੱਖ ਦੇਨੇ ਆਂ।" ਘਰ ਦਾ ਸਾਮਾਨ ਅੱਗੇ-ਪਿੱਛੇ ਕਰਦਿਆਂ ਹੰਭ ਚੁੱਕੇ ਬਲਰਾਜ ਨੇ ਮੱਥੇ ਤੋਂ ਪਸੀਨਾ ਪੂੰਝਦਿਆਂ ਜੀਤਾਂ ਨੂੰ ਪੁਛਿਆ। ਫਿਰ ਮਨ 'ਚ ਕਹਿਣ ਲੱਗਾ, "ਪਤਾ ਨਹੀਂ ਸਾਲਾ ਕਿਹੜਾ ਕੋਹ-ਕਾਫ ਦਾ ਖਜਾਨਾ ਰੱਖਿਆ ਪੇਟੀ ਵਿਚ?"

"ਕੀ ਕਿਹਾ ਤੁਸੀਂ? ਮੈਂ ਸੁਣ ਲਿਆ। ਇਹ ਹੀ ਤਾਂ ਇਕ ਨਿਸ਼ਾਨੀ ਰਹਿ ਗਈ ਮੇਰੇ ਪੇਕਿਆਂ ਦੀ, ਜਿਹਨੂੰ ਖਜਾਨਾ ਖਜਾਨਾ ਕਰੀ ਜਾਨੇ ਓਂ। ਮੇਰੇ ਕੰਨਾਂ ਤੇ ਹੱਥਾਂ ਵਾਲੀਆਂ ਟੂਮਾਂ ਤਾਂ ਵੇਚ ਕੇ ਪਲਾਟ ਲੈ ਲਿਆ ਸੀ, ਜੋ ਖਜਾਨਾ ਮੇਰੇ ਮਾਪਿਆਂ ਪਾਇਆ ਸੀ।"

"ਓ ਹੋ! ਜਨਾਬ ਜੀ, ਕਿਧਰ ਦੀ ਗੱਲ ਕਿਧਰ ਲੈ ਤੁਰੇ।" ਬਲਰਾਜ ਨੇ ਜਾਨ ਛੁਡਾਉਣੀ ਚਾਹੀ।

"ਹੋਰ ਸੁਣ ਲਉ, ਫੇਰ ਕਹੋਂਗੇ, ਆਹ ਮਕਾਨ ਦਾ ਵੀ ਕੁਝ ਕਰਕੇ ਜਾਣਾ।"

ਇਹ ਸੁਣ ਬਲਰਾਜ ਤੋਂ ਰਿਹਾ ਨਾ ਗਿਆ, "ਏਡੀ ਛੇਤੀ ਨੀਂ ਵਿਕਣਾ-ਵੁਕਣਾ ਮਕਾਨ। ਧਰਮੇ ਦਲਾਲ ਨੂੰ ਕਹਿ ਸੇਲ 'ਤੇ ਲਾ ਦੇਨੇਂ ਆਂ। ਮੁਖਤਿਆਰਨਾਮਾ ਛੋਟੇ ਨੂੰ ਦੇ ਜਾਵਾਂਗੇ, ਵਿਕਣ 'ਤੇ ਪੈਸੇ ਸਾਡੇ ਬੈਂਕ 'ਚ ਜਮ੍ਹਾਂ ਕਰਾ ਦਊ।"

ਸੁਣ ਕੇ ਜੀਤਾਂ ਨੂੰ ਜਿਵੇਂ ਬਿਜਲੀ ਦਾ ਕਰੰਟ ਲੱਗਾ। ਉਹ ਝੱਟ ਬੋਲੀ, "ਛੋਟੇ ਨੂੰ ਕਿਉਂ?"

"ਫੇਰ ਤੇਰੇ ਭਾਈ ਨੂੰ ਦੇ ਜਾਨੇ ਆਂ!" ਬਲਰਾਜ ਨੇ ਮਾਹੌਲ 'ਚ ਤਲਖੀ ਤਾਰੀ ਹੋਣ ਦੇ ਡਰੋਂ ਕਿਹਾ।

"ਲੈ, ਮੇਰਾ ਭਾਈ ਕਿਤੇ ਵਿਹਲਾ, ਇਨ੍ਹਾਂ ਵਾਧੂ ਕੰਮਾਂ ਨੂੰ। ਮੇਰੇ ਭਾਣੇ ਕਾਲੇ ਚੋਰ ਨੂੰ ਦੇ ਕੇ ਜਾਓ, ਨਾਲੇ ਲੈ ਲਿਊ ਛੋਟੇ ਤੋਂ ਪੈਸੇ! ਪਹਿਲੇ ਤਾਂ ਮੁੜੇ ਨੀਂ ਜੋ ਕਈ ਸਾਲ ਪਹਿਲਾਂ ਦਿੱਤੇ ਸੀ, ਕੁੜੀ ਦੇ ਵਿਆਹ ਲਈ। 'ਗਾਂਹ ਉਹਦੇ ਜਵਾਕ ਵੀ ਵਿਆਹੁਣ ਵਾਲੇ ਹੋ ਗਏ।"

"ਚੱਲ ਬਾਬਾ, ਬੱਸ ਕਰ! ਪਹਿਲਾਂ ਆਹ ਪੇਟੀ ਦਾ ਦੱਸ, ਇਹਨੂੰ ਕਿਉਂ ਕੁਚੀ ਜਾਨੀ ਏਂ, ਗਿੱਲੇ ਕੱਪੜੇ ਨਾਲ? ਜੰਗਾਲ ਲੱਗ ਜਾਊ।" ਬਲਰਾਜ ਨੇ ਗੁਰਜੀਤ ਦੇ ਹੱਥੋਂ ਉਹ ਗਿੱਲਾ ਕੱਪੜਾ ਫੜ ਦੂਰ ਵਗਾਹ ਮਾਰਿਆ, ਜਿਸ ਨਾਲ ਉਹ ਪੇਟੀ ਪੂੰਝ ਰਹੀ ਸੀ।

ਅਗਲੇ ਦਿਨ ਰੇਹੜੇ 'ਤੇ ਲੱਦ ਪੇਟੀ ਪਿੰਡ ਲੈ ਗਏ। ਸਾਂਝੇ ਘਰ ਵਾਲੇ ਵੱਡੇ ਕਮਰੇ 'ਚ, ਜਿਥੇ ਦੋ ਮਾਤਾ ਦੀਆਂ ਅਤੇ ਦੋ ਛੋਟੇ ਭਾਈ ਦੀਆਂ ਪਈਆਂ ਸਨ, ਉਥੇ ਰੱਖ ਦਿੱਤੀ।

"ਲੈ, ਹੁਣ ਖੁਸ਼ ਏਂ!" ਬਲਰਾਜ ਨੇ ਗੁਰਜੀਤ ਨੂੰ ਕਹਿ ਸੁੱਖ ਦਾ ਸਾਹ ਲਿਆ।

ਗੁਰਜੀਤ ਨੇ ਪੇਟੀ ਫੇਰ ਝਾੜ-ਪੂੰਝ, ਉਪਰ ਡੱਬੀਦਾਰ ਕੱਪੜਾ ਵਿਛਾ ਦਿੱਤਾ, ਜੋ ਉਹ ਨਾਲ ਲੈ ਕੇ ਆਈ ਸੀ। ਗੁਰਜੀਤ ਨੂੰ ਐਂ ਲੱਗਾ ਜਿਵੇਂ ਉਹਦੀ ਪੇਟੀ ਕੂੰਜਾਂ ਦੀਆਂ ਡਾਰਾਂ 'ਚੋਂ ਵਿਛੜੀ ਸੀ ਜੋ ਮੁੜ ਆ ਰਲੀ ਹੋਵੇ। ਪੰਜਾਂ ਪੇਟੀਆਂ ਨਾਲ ਭਰਿਆ ਕਮਰਾ ਕਿਸੇ ਪੇਟੀਆਂ ਵਾਲੇ ਗੁਦਾਮ ਤੋਂ ਘੱਟ ਨਹੀਂ ਸੀ ਲੱਗ ਰਿਹਾ।

"ਕੋਈ ਨੀ ਪੁੱਤ, ਕਹੇਂ ਤਾਂ ਮੈਂ ਕੁੜੀਆਂ ਨੂੰ ਨਾਲ ਲਾ ਸਾਮਾਨ ਕੱਢ ਧੁੱਪ ਲਵਾ ਦਊਂ ਗਰਮੀਆਂ 'ਚ।" ਬਲਰਾਜ ਦੀ ਮਾਤਾ ਨੇ ਜੀਤਾਂ ਦੇ ਸਿਰ 'ਤੇ ਪਿਆਰ ਦਿੰਦਿਆਂ ਕਿਹਾ।

"ਨਹੀਂ, ਨਹੀਂ ਮਾਂ ਜੀ, ਤੁਸੀਂ ਨਾ ਖੇਚਲ ਕਰਿਓ। ਅਸੀਂ ਆਵਾਂਗੇ ਜਦੋਂ ਫੇਰ ਵੇਖਾਂਗੇ।"

"ਇਨ੍ਹੇ ਨਹੀਂ ਮਾਤਾ, ਖਜਾਨੇ ਨੂੰ ਹੱਥ ਲਾਉਣ ਦੇਣਾ, ਕਿਸੇ ਹੋਰ ਨੂੰ।" ਬਲਰਾਜ ਬੁੜ ਬੁੜ ਕਰਦਾ ਬਾਹਰ ਨਿਕਲ ਗਿਆ।

---

ਚਾਰ ਮਹੀਨੇ ਕਦੋਂ ਲੰਘ ਗਏ, ਪਤਾ ਹੀ ਨਾ ਲੱਗਾ। ਮਕਾਨ ਵੇਚਣਾ ਲਾ ਦੋਵੇਂ ਵਾਪਸ ਅਮਰੀਕਾ ਚਲੇ ਗਏ। ਕੁਝ ਸਾਲਾਂ ਬਾਅਦ ਮਾਤਾ ਚਲਾਣਾ ਕਰ ਗਈ ਤੇ ਛੋਟੇ ਭਾਈ ਨੂੰ ਉਹਦੀ ਕੁੜੀ ਪਰਿਵਾਰ ਸਣੇ ਅਮਰੀਕਾ ਲੈ ਗਈ, ਜਿਸ ਨੂੰ ਬਲਰਾਜ ਕੋਈ ਗੰਢ-ਤਰੁੱਪ ਕਰਕੇ ਅਮਰੀਕਾ ਲੈ ਗਿਆ ਸੀ। ਪਿੰਡ ਵਾਲੇ ਸਾਂਝੇ ਘਰ ਨੂੰ ਤਾਲਾ ਲੱਗ ਗਿਆ।

ਬਲਰਾਜ ਤੇ ਬਾਕੀ ਸਾਰੇ ਪਰਿਵਾਰ ਨੇ ਗੁਰਜੀਤ ਨੂੰ ਮਨਾ ਲਿਆ ਕਿ ਕਿਉਂ ਨਾ ਪੇਟੀ ਤੇ ਵਿਚਲਾ ਸਾਮਾਨ ਅਤੇ ਮਾਤਾ ਵਾਲਾ ਸਾਂਝਾ ਸਾਮਾਨ ਕਿਸੇ ਆਸ਼ਰਮ ਨੂੰ ਦਾਨ ਦੇ ਦਿਤਾ ਜਾਵੇ, ਨਹੀਂ ਤੇ ਪਿਆ ਈ ਗਲ-ਸੜ ਜਾਣਾ। ਬੱਚਿਆਂ ਨੇ ਬਲਰਾਜ ਤੇ ਗੁਰਜੀਤ ਨੂੰ ਕੁਝ ਹੋਰ ਪੈਸੇ ਦਾਨ ਵਾਸਤੇ ਦੇ ਕੇ ਇੰਡੀਆ ਤੋਰ ਦਿੱਤਾ। ਇਕ ਵਾਰ ਪਰਿਵਾਰ ਨੇ ਅਮਰੀਕਾ ਵਿਚ ਹੀ ਟੈਲੀਵਿਜ਼ਨ 'ਤੇ ਪ੍ਰਭ ਆਸਰਾ ਟਰੱਸਟ ਦੇ ਸੰਚਾਲਕਾਂ ਦੀ ਇੰਟਰਵਿਊ ਵੇਖੀ ਸੀ



ਜੋ ਉਨ੍ਹਾਂ ਨੂੰ ਚੰਗੀ ਲੱਗੀ। ਪੰਜਾਬ ਪਹੁੰਚ ਕੇ ਉਨ੍ਹਾਂ ਪ੍ਰਭ ਆਸਰਾ ਟਰੱਸਟ ਵਾਲਿਆਂ ਨਾਲ ਫੋਨ 'ਤੇ ਗੱਲਬਾਤ ਕੀਤੀ, ਜਿਨ੍ਹਾਂ ਆਉਂਦੇ ਸਨਿਚਰਵਾਰ ਟਰਾਲੀ ਤੇ ਸੇਵਾਦਾਰ ਭੇਜਣ ਦਾ ਵਾਅਦਾ ਕਰ ਦਿੱਤਾ।

ਅਜੇ ਦਿਨ ਦਾ ਸੂਰਜ ਨਹੀਂ ਸੀ ਚੜ੍ਹਿਆ, "ਗੁਰਜੀਤ ਹੁਣ ਇਸ ਘਰ 'ਚ ਰਹਿਣ ਨੂੰ ਬਿਲਕੁਲ ਦਿਲ ਨਹੀਂ ਕਰਦਾ।" ਬਲਰਾਜ ਸ਼ੈਲਫ 'ਤੇ ਪਈ ਮਾਂ ਦੀ ਫੋਟੋ ਅੱਗੇ ਅੱਖਾਂ 'ਚ ਹੰਝੂ ਭਰੀ ਪਤਾ ਨਹੀਂ ਕਦੋਂ ਦਾ ਖੜ੍ਹਾ ਸੀ, "ਲੈ ਵੇਖ ਲੈ, ਮਾਂ ਬਿਨ ਕਿਸੇ ਸਿਰ ਪਲੋਸਿਆ? ਕਿਸੇ ਕਿਹਾ ਜਵਾਨੀਆਂ ਮਾਣੇ? ਜਦੋਂ ਮਾਂ ਨੂੰ ਸਾਡੇ ਆਉਣ ਦੀ ਖਬਰ ਮਿਲ ਜਾਂਦੀ ਸੀ, ਦੱਸਦੇ ਨੇ ਬਈ ਸਾਰਾ ਦਿਨ ਕੁਰਸੀ ਡਾਹ ਗੇਟ ਅੱਗੇ ਬੈਠੀ ਉਡੀਕਦੀ ਰਹਿੰਦੀ ਸੀ। ਰੋਟੀ ਨਹੀਂ ਸੀ ਖਾਂਦੀ, ਪੁੱਤ ਆ ਜਾਵੇ, ਇਕੱਠੇ ਖਾਵਾਂਗੇ। ਇਸੇ ਘਰ ਨੂੰ ਪਹਿਲਾਂ ਸਾਡੇ ਦਾਦਾ-ਦਾਦੀ ਕਹਿੰਦੇ ਸੀ-ਸਾਡਾ ਘਰ, ਫਿਰ ਮਾਤਾ-ਪਿਤਾ, ਫਿਰ ਮੈਂ ਤੇ ਛੋਟਾ ਭਾਈ। ਹੁਣ ਘਰ ਨੂੰ ਤਾਲਾ ਲੱਗ ਜਾਣਾ। ਕਹਿੰਦੇ ਨੇ ਨਾ, ਇਥੇ ਬੈਠ ਕਿਸੇ ਨੀਂ ਰਹਿਣਾ ਮੇਲਾ ਦੋ ਦਿਨ ਦਾ।"

"ਰਾਤ ਸੁੱਤੇ ਵੀ ਓ ਕਿ ਇਥੇ ਈ ਖੜੇ ਓ ਰਾਤ ਦੇ?" ਜੀਤਾਂ ਚਾਹ ਦੇ ਕੱਪ ਫੜੀ ਬਲਰਾਜ ਪਿੱਛੇ ਖੜੀ ਸੀ।

"ਸੱਚ ਅੱਜ ਤਾਂ ਪ੍ਰਭ ਆਸਰੇ ਵਾਲਿਆਂ ਆਉਣਾ, ਆਪਾਂ ਤਾਂ ਭੁੱਲ ਹੀ ਗਏ ਸੀ।" ਬਲਰਾਜ ਨੂੰ ਯਾਦ ਆਇਆ।

"ਆਉ ਫੇਰ ਮੇਰੇ ਨਾਲ ਪੇਟੀ ਖਾਲੀ ਕਰਾਓ, ਬਾਹਰ ਕੱਢਣੀ ਸੌਖੀ ਹੋ ਜਾਊ, ਤੁਸੀਂ ਚਾਹ ਪੀ ਕੇ। ਆਹ ਵੱਡਾ ਮੰਜਾ ਡਾਹੋ ਵਰਾਂਡੇ 'ਚ, ਉਹਦੇ ਉਤੇ ਸਾਮਾਨ ਕੱਢ ਕੱਢ ਰੱਖੀ ਲੈਨੇ ਆਂ ਪਹਿਲਾਂ।"

"ਸ਼ੁਕਰ ਏ ਪੇਟੀ ਤੋਂ ਜਾਨ ਛੁੱਟੂ...।" ਬਲਰਾਜ ਮੂੰਹ ਵਿਚ ਹੀ ਬੁੜਬੁੜਾਇਆ।

"ਕੀ ਬੋਲੀ ਜਾਨੇ ਓਂ?"

"ਕੁਛ ਨੀਂ, ਕੁਝ ਨੀਂ।" ਬਲਰਾਜ ਨੇ ਠੰਡੀ ਹੋ ਰਹੀ ਚਾਹ ਦੇ ਵੱਡੇ ਵੱਡੇ ਘੁੱਟ ਭਰੇ ਤੇ ਖਾਲੀ ਕੱਪ ਗੁਰਜੀਤ ਨੂੰ ਫੜਾ ਮੰਜਾ ਡਾਹੁਣ ਲੱਗ ਗਿਆ। ਪੇਟੀ ਕੋਲ ਆ ਜੀਤਾਂ ਨੇ 'ਵਾਹਿਗੁਰੂ' ਕਹਿ ਪੇਟੀ ਤੋਂ ਕੱਪੜਾ ਐਂ ਲਾਹਿਆ ਜਿਵੇਂ ਕੋਈ ਧਾਰਮਿਕ ਗ੍ਰੰਥ ਖੋਲ੍ਹਣਾ ਹੋਵੇ, "ਉਰੇ ਨੇੜੇ ਆ ਜਾਉ।"

"ਆ ਗਿਆ ਬਈ, ਆ ਗਿਆ।"

"ਹੱਥ ਪੁਆਓ।" ਦੋਹਾਂ ਨੇ ਪੇਟੀ ਦਾ ਢੱਕਣ ਖੋਲ੍ਹ ਦਿਤਾ। ਸਭ ਦੇ ਉਪਰੋਂ ਜੀਤਾਂ ਇਕ ਲਾਲ ਰੰਗ ਦਾ ਕੱਪੜਾ ਚੁੱਕਦੀ ਬੋਲੀ, "ਆਹ ਦੇਖੋ, ਫੁਲਕਾਰੀ ਮੇਰੀ ਨਾਨੀ ਨੇ ਮੇਰੀ ਮਾਂ ਨੂੰ ਦਿੱਤੀ ਸੀ, ਫੇਰ ਮਾਂ ਨੇ...।"

ਵਿਚੋਂ ਹੀ ਟੋਕਦਿਆਂ ਬਲਰਾਜ ਬੋਲਿਆ, "ਫੇਰ ਤੈਨੂੰ ਮਿਲ ਗਈ। ਸੋਹਣੀ ਆ, ਬਈ ਸੋਹਣੀ ਆ।"

"ਆਹ ਦੇਖੋ ਰਜਾਈਆਂ ਸਾਰੀਆਂ ਸ਼ਨੀਲ ਦੀਆਂ, ਬੱਸ ਆਹ ਤਿੰਨ ਕਾਟਨ ਦੀਆਂ।"

ਬਲਰਾਜ ਨੂੰ ਵੇਖ-ਸੁਣ ਪਸੀਨਾ ਆ ਰਿਹਾ ਸੀ।

"ਉਸ ਸਾਲ ਤਾਂ ਘਰ ਦੀ ਕਪਾਹ ਵੀ ਬਹੁਤ ਹੋਈ ਸੀ। ਰੂੰ ਵੀ ਵੱਧ ਪਵਾਇਆ ਸੀ ਮਾਂ ਨੇ।"

ਰਜਾਈਆਂ-ਤਲਾਈਆਂ ਮੰਜੇ 'ਤੇ ਰੱਖ ਰੱਖ ਬਲਰਾਜ ਨੇ ਢੇਰ ਲਾ ਦਿੱਤਾ।

"ਦੇਖੋ ਖੇਸ ਅਣਸੀਤੇ ਹੀ ਪਏ ਨੇ।" ਉਸ ਡੱਬੀਆਂ ਵਾਲੇ, ਸਫੈਦ, ਰੰਗ-ਬਰੰਗੇ ਖੇਸਾਂ ਦੀ ਪੰਡ ਬੰਨ ਦੂਜੇ ਮੰਜੇ 'ਤੇ ਟਿਕਾ ਦਿੱਤੀ।

"ਆਹ ਦੇਖੋ ਦਰੀਆਂ, ਲਹਿਰੀਏ ਵਾਲੀਆਂ, ਝੱਜਰੀ ਵਾਲੀਆਂ-ਨੀ ਮੈਂ ਮਰ ਜਾਂ! ਆਹ ਦਰੀ ਤਾਂ ਮੈਂ ਭੁੱਲੀ ਬੈਠੀ ਸੀ। ਨਮੂਨਾ ਬਹੁਤ ਔਖਾ ਸੀ-ਪੰਛੀ ਪਾਉਣੇ ਕਿਤੇ ਸੌਖੇ ਹੁੰਦੇ ਆ! ਮੈਂ, ਮੇਰੀਆਂ ਸਹੇਲੀਆਂ-ਮਿੰਦੋ ਤੇ ਕੰਤੋ ਨੇ ਮਹੀਨੇ 'ਚ ਬੁਣੀ ਸੀ। ਕਈ ਵਾਰੀ ਛੋਟਾ ਭਾਈ ਦਰੀ ਵਾਲੇ ਅੱਡੇ ਆ ਸੂਤ ਨੂੰ ਗੁੰਝਲਾਂ ਪਾ ਦਿੰਦਾ, ਮਸੀਂ ਸਿਰੇ ਚੜ੍ਹੀ। ਫੇਰ ਲੁਕੋ ਕੇ ਰੱਖੀ ਘਰ, ਬਈ ਕੋਈ ਨਮੂਨਾ ਨਾ ਦੇਖ ਲਵੇ।" ਜੀਤਾਂ ਕਿੰਨਾ ਚਿਰ ਦਰੀ ਨੂੰ ਗੋਦੀ ਚੁੱਕੀ ਬੋਲੀ ਗਈ। ਐਂ ਲੱਗਦਾ ਸੀ, ਜਿਵੇਂ ਉਹ ਆਪਣੇ ਪਿੰਡ ਵਾਲੇ ਵਿਹੜੇ 'ਚ ਮਾਂ ਤੇ ਸਹੇਲੀਆਂ ਨਾਲ ਤੁਰੀ ਫਿਰਦੀ ਚੜ੍ਹਦੀ ਜਵਾਨੀ 'ਚ ਆਉਣ ਵਾਲਾ ਭਵਿਖ ਸਿਰਜ ਰਹੀ ਹੋਵੇ।

"ਆ ਦਸੂਤੀ ਸੈਟ ਕੱਢਦਿਆਂ ਸੂਈ ਫਿਰ ਗਈ ਸੀ ਪੋਟੇ 'ਚ। ਦਾਜ ਕਿਤੇ ਸੌਖਾ ਤਿਆਰ ਹੁੰਦਾ ਸੀ! ਅੱਜ ਵਾਂਗ ਥੋੜਾ, ਝੱਟ ਮੰਗਣੀ ਤੇ ਪੱਟ ਵਿਆਹ। ਪੈਂਡਾਂ ਪੈਸਿਆਂ ਦੀਆਂ ਖਰਚ ਅਗਲੇ ਦਿਨ ਵਿਆਹ ਕਰ ਲਓ। ਨਾ ਕੁੜੀਆਂ ਨੂੰ ਸਿਊਣਾ ਆਵੇ, ਨਾ ਪਰੋਣਾ।"

"ਚੱਲ ਗੁਰਜੀਤ, ਮੁਕਾ ਕੰਮ ਹੁਣ।" ਬਲਰਾਜ ਨੇ ਥੋੜ੍ਹਾ ਕਾਹਲੇ ਪੈਂਦਿਆਂ ਕਿਹਾ।

"ਖੜ੍ਹ ਜਾਓ, ਚੰਗੀ ਤਰ੍ਹਾਂ ਵੇਖ ਲੈਣ ਦਿਓ, ਅੱਜ ਸਾਰਾ ਕੁਝ ਦੇ ਈ ਦੇਣਾ ਪਰ ਆਹ ਤਿੰਨ ਦਰੀਆਂ ਤੇ ਫੁਲਕਾਰੀ ਮੈਂ ਨਾਲ ਲੈ ਜਾਣੀਆਂ, ਨੂੰਹਾਂ-ਧੀਆਂ ਨੂੰ ਨਿਸ਼ਾਨੀ ਦਊਂ।"

"ਠੀਕ ਐ, ਠੀਕ ਐ, ਜੋ ਕਰਨਾ ਕਰ। ਪਹਿਲਾਂ ਤਾਂ ਕਦੇ ਏਨਾ ਤਿਹੁ ਕੀਤਾ ਨੀਂ ਸਾਮਾਨ ਦਾ।"

"ਇਹਨੂੰ ਦੇਖੋ, ਭਲਾ ਕੀ ਆ?"

"ਲੈ ਕੌਡੀਆਂ ਨੇ, ਹੋਰ ਕੀ!"

"ਵਾਹ ਜੀ ਵਾਹ! ਸਰਦਾਰ ਜੀ, ਤੁਸੀਂ ਵੀ ਬੁੱਧੂ ਦੇ ਬੁੱਧੂ ਰਹੇ। ਇਹ ਆਪਣੇ ਵਿਆਹ ਦੇ ਕਲੀਰੇ ਨੇ ਕਲੀਰੇ।"

"ਮੇਰੀ ਜਾਣੇ ਬਲਾ, ਪੰਤਾਲੀ ਸਾਲ ਹੋ ਗਏ।"

ਮੈਂ ਦੇਖਦਾਂ, ਗੇਟ 'ਤੇ ਕੋਈ ਆਇਆ ਲੱਗਦਾ। ਪਤਾ ਈ ਨੀਂ ਲੱਗਾ ਦੱਸ ਵੱਜ ਗਏ।" ਘੜੀ ਵੇਖਦਾ ਬਲਰਾਜ ਗੇਟ ਵੱਲ ਨੂੰ ਹੋ ਤੁਰਿਆ। ਗੇਟ ਖੁਲ੍ਹਦਿਆਂ, "ਤਾਇਆ ਜੀ, ਸਾਸਰੀ ਕਾਲ। ਖੂਹੀ ਕੋਲ ਟਰਾਲੀ ਵਾਲੇ ਤੁਹਾਡਾ ਘਰ ਪੁੱਛਦੇ ਆ।" ਬਰਾਦਰੀ 'ਚੋਂ ਭਤੀਜਾ ਲੱਗਦਾ ਮੁੰਡਾ ਅਜੇ ਸੁਨੇਹਾ ਹੀ ਦੇ ਰਿਹਾ ਸੀ ਕਿ ਪ੍ਰਭ ਆਸਰਾ ਟਰੱਸਟ ਤੋਂ ਆਏ ਸੇਵਾਦਾਰਾਂ ਆ ਫਤਿਹ ਬੁਲਾਈ।

"ਸਰਦਾਰ ਜੀ, ਆਓ ਪਹਿਲਾਂ ਚਾਹ ਪਾਣੀ ਛੱਕ ਲਉ।" ਬਲਰਾਜ ਨੇ ਸੇਵਾਦਾਰਾਂ ਨੂੰ ਸੁਲਾਹ ਮਾਰੀ।

"ਨਹੀਂ ਜੀ! ਪਹਿਲਾਂ ਸਾਮਾਨ ਲੱਦ ਲਈਏ, ਟਰਾਲੀ 'ਤੇ। ਉਨ੍ਹਾਂ ਵਾਰੀ ਵਾਰੀ ਸਾਰਾ ਸਾਮਾਨ ਪੇਟੀ, ਬੈਡ, ਗੋਦਰੇਜ ਦੀ ਅਲਮਾਰੀ, ਕੁਰਸੀਆਂ ਪੱਖਾ ਲੱਦਿਆ। ਗਲੀ 'ਚ ਪਿੰਡ ਦੇ ਲੋਕ, ਖਾਸ ਕਰ ਤੀਵੀਆਂ, "ਭਾਈ ਕਿਥੇ ਲੈ ਚੱਲੇ ਓਂ? ਲੈ ਲੰਬੜਾਂ ਦਾ ਘਰ ਵੱਸਦਾ-ਰੱਸਦਾ ਖਾਲੀ। ਭਾਈ ਅਮਰੀਕਾ ਤਾਂ ਆ ਲੋਕ ਘਰਾਂ ਨੂੰ ਭਰਦੇ ਨੇ, ਇਹ ਖਾਲੀ...। ਬਾਹਲਾ ਈ ਚੰਗਾ ਕੀਤਾ ਸਾਮਾਨ ਦਾਨ ਕਰ ਦਿੱਤਾ। ਭਾਈ ਭਾਵੇਂ ਕਿਸੇ ਗਰੀਬ ਨੂੰ ਪਿੰਡ 'ਚ ਹੀ ਦੇ ਦਿੰਦੇ। ਅਗਲੇ ਦੀ ਮਰਜੀ ਆ, ਜਿਵੇਂ ਕਿਸੇ ਦਾ ਚਿੱਤ ਰਾਜ਼ੀ।"

ਅਲੱਗ ਅਲੱਗ ਆਵਾਜ਼ਾਂ ਦੋਹਾਂ ਦੇ ਕੰਨ ਪਾੜ ਰਹੀਆਂ ਸਨ। ਇਹ ਸਭ ਅਣਗੌਲਿਆ ਕਰ ਬਲਰਾਜ ਤੇ ਗੁਰਜੀਤ ਸੇਵਾਦਾਰਾਂ ਨੂੰ ਵਿਦਾ ਕਰਨ ਹੌਲੀ ਹੌਲੀ ਉਨ੍ਹਾਂ ਪਿਛੇ ਖੂਹੀ ਵੱਲ ਤੁਰ ਪਏ। ਟਰਾਲੀ ਤੁਰ ਪਈ। ਪੇਟੀ ਤੇ ਟਰਾਲੀ ਵੇਖਦਿਆਂ ਹੀ ਵੇਖਦਿਆਂ ਅੱਖਾਂ ਤੋਂ ਓਝਲ ਹੋ ਗਈਆਂ। ਟਰੈਕਟਰ ਟਰਾਲੀ ਦੀ ਆਵਾਜ਼ ਵੀ ਆਉਣੋਂ ਬੰਦ ਹੋ ਗਈ। ਗੁਰਜੀਤ ਦੀਆਂ ਅੱਖਾਂ 'ਚੋਂ ਮੀਂਹ ਦੇ ਪਰਨਾਲੇ ਵਾਂਗ ਪਾਣੀ ਵਹਿ ਰਿਹਾ ਸੀ, ਜਿਵੇਂ ਪੇਟੀ ਨਹੀਂ, ਧੀ ਦੀ ਡੋਲੀ ਤੋਰੀ ਹੋਵੇ। ਬੋਝਲ ਕਦਮਾਂ ਨਾਲ ਦੋਵੇਂ ਵਾਪਸਿ ਘਰ ਨੂੰ ਤੁਰ ਪਏ। ਉਨ੍ਹਾਂ ਨੂੰ ਪਤਾ ਸੀ, ਘਰ ਗਿਆਂ ਮਾਂ ਵਾਂਗ ਕਿਸੇ ਸਿਰ ਪਲੋਸ ਹੌਂਸਲਾ ਨਹੀਂ ਦੇਣਾ।

---

ਸਾਡਾ ਸਭਿਆਚਾਰ

# ਘੁੰਡ ਵੀ ਗਏ, ਘੁੰਡ ਵਾਲੀਆਂ ਵੀ ਗਈਆਂ

ਸਾਡੇ ਬਹੁਤ ਸਾਰੇ ਰੀਤੀ ਰਿਵਾਜ ਬਦਲੇ ਜ਼ਮਾਨੇ ਨੇ ਆਪਣੀ ਬੁੱਕਲ ਵਿਚ ਛੁਪਾ ਕੇ ਅਤੀਤ ਦੇ ਪਰਛਾਵੇਂ ਬਣਾ ਦਿੱਤੇ ਹਨ। ਜਿਨ੍ਹਾਂ ਵਿਚੋਂ ਘੁੰਡ ਵੀ ਇੱਕ ਹੈ। ਹੁਣ ਘੁੰਡ ਨੂੰ ਹਕੀਕਤ ਵਿਚ ਤਾਂ ਨਹੀਂ, ਪਰ ਸਾਹਿਤ ਦੇ ਘੁੰਡ ਵਿਚ ਦੇਖਿਆ ਜਾਂਦਾ ਹੈ। ਸਮੇਂ ਵਿਚੋਂ ਘੁੰਡ ਕੱਢਣਾ ਅਤੇ ਕੰਨ ਵਿੰਨਣੇ ਉਤਪੰਨ ਹੋਏ ਸਨ। ਹੌਲੀ-ਹੌਲੀ ਸ਼ਹਿਰੀਕਰਨ

**ਸੁਖਪਾਲ ਸਿੰਘ ਗਿੱਲ**
ਫੋਨ: 91-98781-11445

ਦੇ ਪ੍ਰਭਾਵ ਨੇ ਘੁੰਡ ਕੱਢਣਾ ਪਿੰਡਾਂ ਤਕ ਸੀਮਤ ਕਰ ਦਿੱਤਾ, ਪਰ ਸ਼ਹਿਰੀ ਅਤੇ ਪੇਂਡੂਕਰਨ ਦਾ ਪਾੜਾ ਵਧਣ ਨਾਲ ਫੈਸ਼ਨ ਜ਼ਰੀਏ ਪਿੰਡਾਂ ਦੇ ਲੋਕਾਂ ਨੂੰ ਗਵਾਰ ਦੱਸਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਸ਼ਹਿਰੀਕਰਨ ਦੇ ਪ੍ਰਭਾਵ ਪਿੰਡਾਂ ਵਿਚ ਸ਼ੁਰੂ ਹੋ ਗਏ।



ਇਸ ਦੀ ਮਿਸਾਲ ਪਿੰਡਾਂ ਵਿਚੋਂ ਘੁੰਡ ਅਤੇ 'ਘੁੰਡ ਕੱਢਣ ਵਾਲੀਆਂ' ਕਰੀਬ ਕਰੀਬ ਅਲੋਪ ਹੋ ਗਈਆਂ ਹਨ।

ਸ਼ਰਮ, ਆਬਰੂ ਅਤੇ ਇੱਜਤ ਸਭ ਘੁੰਡ ਵਿਚ ਲੁਕੇ ਹੁੰਦੇ ਸਨ। ਧੀ ਤੋਂ ਵਹੁਟੀ ਬਣਨ ਦੀ ਬੁਨਿਆਦ ਸੀ, ਘੁੰਡ ਕੱਢਣਾ। ਘੁੰਡ ਅਤੇ ਝਾਂਜਰਾਂ ਘਰ ਵਿਚ ਵਹੁਟੀ ਹੋਣ ਦਾ ਪ੍ਰਮਾਣ ਸਨ। ਮੁਕਲਾਵੇ ਆਈ ਨੂੰ ਤਾਂ ਨੈਣ ਵੀ ਘੁੰਡ ਚੁੱਕਣ ਨਾ ਦਿੰਦੀ: ਪਰ੍ਹਾਂ ਹੱਟ ਜਾ ਕਪੁੱਤੀਏ ਨੈਣੇ, ਇੱਕ ਵਾਰੀ ਤੱਕ ਲੈਣ ਦੇ।

ਸਹਿਤਕ ਪੱਖ ਵਿਚ ਘੁੰਡ ਦੀ ਵੱਖ-ਵੱਖ ਤਰਜਮਾਨੀ ਮਿਲਦੀ ਹੈ। ਬਾਬਾ ਬੁੱਲ੍ਹੇਸ਼ਾਹ ਨੇ ਘੁੰਡ ਬਾਰੇ ਲਿਖਿਆ ਸੀ:

ਘੁੰਘਟ ਚੁੱਕ ਓ ਸੱਜਣਾ,
ਹੁਣ ਸ਼ਰਮਾਂ ਕਾਹਨੂੰ ਰੱਖੀਆ ਵੇ,
ਜ਼ੁਲਫ ਕੁੰਡਲ ਨੇ ਘੇਰਾ ਪਾਇਆ,
ਬਿਸੀਅਰ ਹੋ ਡੰਗ ਚਲਾਇਆ,
ਵੇਖ ਕੇ ਅਸਾਂ ਵੱਲ ਤਰਸ ਨਾ ਆਇਆ,
ਕਰਕੇ ਖੂਨੀ ਅੱਖੀਆਂ ਵੇ।
ਘੁੰਘਟ ਚੁੱਕ ਓ ਸੱਜਣਾ,
ਹੁਣ ਸ਼ਰਮਾਂ ਕਾਹਤੋਂ ਰੱਖੀਆਂ ਵੇ।

ਘੁੰਡ ਵਿਚੋਂ ਹੀ ਅੱਜ ਘੁੰਡ ਚੁਕਾਈ ਦੀ ਰਸਮ ਚਲਦੀ ਹੈ। ਘੁੰਡ ਨਾਲ ਬਹੁਤੀ ਵਾਰੀ ਰਿਸ਼ਤੇ ਦਾ ਨਿੱਘ ਅਤੇ ਮਿਠਾਸ ਝਲਕਦਾ ਰਹਿੰਦਾ ਸੀ। ਘੁੰਡ ਵਿਚੋਂ ਬਾਹਰ ਤੱਕਣ ਦੀ ਮੁਹਾਰਤ ਵਹੁਟੀਆਂ ਨੂੰ ਆਮ ਹੁੰਦੀ ਸੀ। ਬਾਪੂ ਵੀ ਵਿਹੜੇ ਵੜਦਾ ਖੰਘੂਰਾ ਮਾਰ ਕੇ ਬਹੂ-ਰਾਣੀ ਨੂੰ ਘੁੰਡ ਕੱਢਣ ਦਾ ਸੁਨੇਹਾ ਦਿੰਦਾ ਸੀ। ਇੱਥੋਂ ਵਹੁਟੀ ਦੀ ਇੱਜਤ ਅਤੇ ਸਤਿਕਾਰ ਦਾ ਸਮਾਜਿਕ ਅਤੇ ਸੱਭਿਆਚਾਰਕ ਸੁਨੇਹਾ ਵੀ ਮਿਲਦਾ ਹੈ। ਸਮੇਂ ਨਾਲ ਬਦਲਨਾ ਮਾੜੀ ਗੱਲ ਤਾਂ ਨਹੀਂ ਸਮਝੀ ਜਾ ਸਕਦੀ, ਪਰ ਵਲਾਇਤੀ ਬਾਣੇ ਸਾਡੇ ਸੱਭਿਆਚਾਰ ਨੂੰ ਪ੍ਰਭਾਵਿਤ ਨਾ ਕਰਨ।

---

## ਤੁਰ ਚੱਲੇ

ਮਣਾਂ ਮੂੰਹੀ ਜਿਨ੍ਹਾਂ ਉਤੇ ਮਾਣ ਹੁੰਦਾ ਸੀ
ਸੱਜਣਾਂ ਵੇ ਉਹੀ ਮਾਣ ਤੋੜ ਤੁਰ ਚੱਲੇ ਨੇ।
ਸਾਡਿਆਂ ਬੁੱਲਾਂ ਨੂੰ ਉਹੋ ਹੱਸਣਾ ਭੁਲਾ ਕੇ
ਦਰਦਾਂ ਦੇ ਨਾਲ ਤੰਦਾਂ ਜੋੜ ਤੁਰ ਚੱਲੇ ਨੇ।

ਅਸਤ ਸਾਡੇ ਚਾਵਾਂ ਵਾਲੇ ਅੱਜ ਸੱਜਣੋ
ਦੁੱਖਾਂ ਵਾਲੀ ਗੰਗਾ ਵਿਚ ਰੋੜ੍ਹ ਤੁਰ ਚੱਲੇ ਨੇ।
ਦੇ ਕੇ ਸਾਨੂੰ ਛੱਲਾ ਜਿਹੜਾ ਲਿਆ ਸੀ ਰੁਮਾਲ
ਅੱਜ ਉਹ ਰੁਮਾਲ ਸਾਨੂੰ ਮੋੜ ਤੁਰ ਚੱਲੇ ਨੇ।

ਸ਼ਾਇਦ ਉਹ ਵੀ ਨਾ ਜਾਣੇ ਮੁੱਲ ਕੀ ਪਿਆਰ ਦਾ
ਪਰ ਸਾਡੇ ਭਾਅ ਦਾ ਲੁੱਟ ਕਰੋੜ ਤੁਰ ਚੱਲੇ ਨੇ।
ਚੁੰਨੀ ਸਾਡੇ ਚਾਵਾਂ ਅਤੇ ਸੱਧਰਾਂ ਦੀ ਸੱਜਣੋ
ਗੋਰੇ ਗੋਰੇ ਹੱਥਾਂ ਨਾਲ ਨਿਚੋੜ ਤੁਰ ਚੱਲੇ ਨੇ।

ਐਵੇਂ ਦਿਲ 'ਤੇ ਨਾ ਲਾ ਨਿੰਮੇ ਡੱਲੇ ਵਾਲਿਆ
ਉਹੋ ਆਪਣੇ ਫਰੇਬ ਦਾ ਘੜਾ ਫੋੜ ਤੁਰ ਚੱਲੇ ਨੇ।

*-ਨਿੰਮਾ ਡੱਲੇਵਾਲਾ*
*ਫੋਨ: 513-432-9754*

# ਆਜ਼ਾਦ ਹਿੰਦ ਫੌਜ ਦਾ ਇਤਿਹਾਸ

***ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਆਜ਼ਾਦ ਹਿੰਦ ਫੌਜ ਦਾ ਅਹਿਮ ਸਥਾਨ ਹੈ। ਇਹ ਦੂਜੇ ਸੰਸਾਰ ਜੰਗ ਦੌਰਾਨ 1942 ਵਿਚ ਕੈਪਟਨ ਮੋਹਨ ਸਿੰਘ ਵੱਲੋਂ ਕਾਇਮ ਕੀਤੀ ਗਈ ਸੀ, ਪਰ ਜਪਾਨੀ ਫੌਜ ਨਾਲ ਮੱਤਭੇਦਾਂ ਪਿਛੋਂ ਇਹ ਭੰਗ ਕਰ ਦਿੱਤੀ ਗਈ। ਇਸ ਤੋਂ ਬਾਅਦ ਸੁਭਾਸ਼ ਚੰਦਰ ਬੋਸ ਨੇ ਇਹ ਮੁੜ ਜਥੇਬੰਦ ਕਰ ਲਈ। ਬੋਸ ਦੀ ਅਗਵਾਈ ਹੇਠ ਆਜ਼ਾਦ ਹਿੰਦ ਫੌਜ ਨੇ ਜਪਾਨ ਨਾਲ ਮਿਲ ਕੇ ਅੰਗਰੇਜ਼ਾਂ ਨੂੰ ਵੰਗਾਰਨ ਦਾ ਬੰਨ੍ਹ-ਸੁਬ ਕੀਤਾ। ਇਸ ਸਾਰੇ ਹਾਲਾਤ ਬਾਰੇ ਖੁਲਾਸਾ ਵਾਸਦੇਵ ਸਿੰਘ ਪਰਹਾਰ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ***

ਦੂਸਰਾ ਵਿਸ਼ਵ ਯੁੱਧ 1939 ਵਿਚ ਸ਼ੁਰੂ ਹੋ ਚੁੱਕਾ ਸੀ। ਮਲਾਇਆ ਵਿਚ 7-8 ਦਸੰਬਰ 1941 ਦੀ ਅੱਧੀ ਰਾਤ ਨੂੰ ਜਪਾਨੀ ਫੌਜਾਂ ਨੇ ਬੰਬਾਰੀ ਕਰ ਕੇ ਬਹੁਤ ਸਾਰੇ ਮਕਾਨ ਢਹਿ-ਢੇਰੀ ਕਰ ਦਿੱਤੇ, ਬਹੁਤ ਸਾਰੇ ਸਿਵਲੀਅਨ ਮਾਰੇ ਗਏ। ਫੌਜ ਦੀਆਂ ਸਾਰੀਆਂ ਯੂਨਿਟਾਂ ਨੂੰ ਆਪਣੀਆਂ ਪੁਜ਼ੀਸ਼ਨਾਂ 'ਤੇ ਜਾਣ ਦਾ ਹੁਕਮ ਹੋਇਆ। ਜਪਾਨੀ ਫੌਜਾਂ ਨੇ ਮਲਾਇਆ ਦੇ ਕੋਟਾ-ਬਾਹਰੂ ਜਿਥੇ ਗਿਆਰਵੇਂ ਡਿਵੀਜ਼ਨ ਦੀ 1-14 ਪੰਜਾਬ ਰਜਮੈਂਟ ਨੇ ਪੁਜ਼ੀਸ਼ਨ ਸੰਭਾਲੀ ਹੋਈ ਸੀ, ਉਤੇ ਹਮਲਾ ਕਰ ਦਿੱਤਾ। ਪਲਟਨ ਦੇ ਸੈਕੰਡ-ਇਨ-ਕਮਾਂਡ ਕੈਪਟਨ ਮੋਹਨ ਸਿੰਘ ਸਨ। ਬਹੁਤ ਸਾਰੇ ਆਦਮੀ ਮਾਰੇ ਗਏ ਜਿਸ ਦਾ ਕੈਪਟਨ ਮੋਹਨ ਸਿੰਘ ਦੇ ਦਿਲ 'ਤੇ ਬੜਾ ਅਸਰ ਹੋਇਆ, ਫਿਰ ਖਿਆਲ ਆਇਆ ਕਿ ਜਪਾਨੀਆਂ ਹੱਥੋਂ ਮਰਨ ਨਾਲੋਂ ਚੰਗਾ ਹੋਵੇਗਾ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਮਰਿਆ ਜਾਵੇ। ਉਨ੍ਹਾਂ ਇਕ ਸਿਵਲੀਅਨ ਹਿੰਦੁਸਤਾਨੀ ਨੂੰ ਜਪਾਨੀ ਹੈਡਕੁਆਰਟਰ ਭੇਜਿਆ ਕਿ ਹਿੰਦੁਸਤਾਨੀ ਫੌਜ

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਦਾ ਕੈਪਟਨ ਕੋਈ ਖਾਸ ਗੱਲ ਕਰਨੀ ਚਾਹੁੰਦਾ ਹੈ। ਜਪਾਨੀ ਮੇਜਰ ਫੁਜੀਵਾਰਾ, ਕੈਪਟਨ ਨੂੰ ਮਿਲਣ ਆਇਆ। ਕੈਪਟਨ ਨੇ ਆਪਣੀ ਸਕੀਮ ਦੱਸੀ ਕਿ ਉਹ ਜਪਾਨੀਆਂ ਨਾਲ ਮਿਲ ਕੇ ਅੰਗਰੇਜ਼ਾਂ ਵਿਰੁੱਧ ਲੜ ਕੇ ਹਿੰਦੁਸਤਾਨ ਆਜ਼ਾਦ ਕਰਵਾਉਣ ਚਾਹੁੰਦੇ ਹਨ। ਜਪਾਨੀਆਂ ਨੂੰ ਸਕੀਮ ਪਸੰਦ ਆਈ। ਛੇਤੀ ਹੀ ਇਕ ਹਜ਼ਾਰ ਹਿੰਦੁਸਤਾਨੀ ਫੌਜੀ, ਕੈਪਟਨ ਨਾਲ ਆ ਮਿਲੇ। ਮੁਲਕ ਨੂੰ ਆਜ਼ਾਦ ਕਰਾਉਣ ਵਾਲੀ ਫੌਜ ਦਾ ਨਾਂ ਇੰਡੀਅਨ ਨੈਸ਼ਨਲ ਆਰਮੀ ਰੱਖਿਆ ਗਿਆ ਜਿਸ ਦੇ ਜਨਰਲ ਆਫੀਸਰ ਕਮਾਂਡਿੰਗ ਮੋਹਨ ਸਿੰਘ ਨੂੰ ਬਣਾਇਆ ਗਿਆ। ਕੁਆਲਾਲੰਪਰ ਵਿਚ ਜਨਰਲ ਮੋਹਨ ਸਿੰਘ ਨਾਲ ਪੰਜ ਹਜ਼ਾਰ ਹਿੰਦੁਸਤਾਨੀ ਫੌਜੀ ਆ ਮਿਲੇ ਜਿਨ੍ਹਾਂ ਨੂੰ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਵੰਡ ਕੇ ਜਪਾਨੀ ਫੌਜਾਂ ਨਾਲ ਲਾ ਦਿੱਤਾ ਗਿਆ।

ਸਿੰਗਾਪੁਰ ਨੂੰ ਬਚਾਉਣ ਲਈ ਅੰਗਰੇਜ਼ਾਂ ਨੇ ਆਪ ਹੀ 31 ਜਨਵਰੀ 1942 ਨੂੰ ਮਲਾਇਆ ਨਾਲ ਜੋੜਨ ਵਾਲਾ ਪੁਲ ਉਡਾ ਦਿੱਤਾ। ਫਿਰ ਵੀ ਜਪਾਨੀ ਫੌਜਾਂ ਨੇ 8 ਫਰਵਰੀ 1942 ਨੂੰ ਸਿੰਗਾਪੁਰ 'ਤੇ ਕਬਜ਼ਾ ਕਰ ਲਿਆ ਅਤੇ ਅੰਗਰੇਜ਼ ਫੌਜ ਨੇ ਜਪਾਨੀਆਂ ਅੱਗੇ ਹਥਿਆਰ ਸੁੱਟ ਦਿੱਤੇ। ਜਪਾਨੀ ਮੇਜਰ ਫੁਜੀਵਾਰਾ ਨੇ ਹਿੰਦੁਸਤਾਨ ਦੇ ਜੰਗੀ ਕੈਦੀ ਕੈਪਟਨ ਮੋਹਨ ਸਿੰਘ ਹਵਾਲੇ ਕਰ ਦਿੱਤੇ ਅਤੇ ਉਨ੍ਹਾਂ ਜੰਗੀ ਕੈਦੀਆਂ ਅੱਗੇ ਤਕਰੀਰ ਕਰ ਕੇ ਆਜ਼ਾਦ ਹਿੰਦ ਫੌਜ ਦੇ ਮਨੋਰਥ ਦੱਸੇ। ਇਸ ਦਾ ਜੰਗੀ ਕੈਦੀਆਂ ਉਤੇ ਚੰਗਾ ਪ੍ਰਭਾਵ ਪਿਆ। ਸਾਰੇ ਜੰਗੀ ਕੈਦੀਆਂ ਨੂੰ ਪੰਜ ਕੈਂਪਾਂ- ਨੀਸੂਨ, ਬੀਦਾਦਰੀ, ਫ਼ਿਰਸਾਲ ਪਾਰਕ, ਕਰਾਜੀ ਤੇ ਸਲੀਤਾਰ, ਵਿਚ ਰੱਖਿਆ ਗਿਆ। ਇਨ੍ਹਾਂ ਵਿਚੋਂ ਅੱਧੇ ਕੁ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਣ ਨੂੰ ਤਿਆਰ ਸਨ। ਮਲਾਇਆ ਦੇ ਉਥੇ ਹਿੰਦੁਸਤਾਨੀਆਂ ਨੇ ਕੈਪਟਨ ਨੂੰ ਸਲਾਹ ਦਿੱਤੀ ਕਿ ਉਹ ਜਪਾਨੀ ਸਰਕਾਰ ਨਾਲ ਸਪਸ਼ਟ ਗੱਲ ਕਰਨ ਕਿ ਉਹ ਹਿੰਦੁਸਤਾਨ ਦੀ ਆਜ਼ਾਦੀ ਲਈ ਕੀ ਅਤੇ ਕਿੰਨੀ ਮਦਦ ਦੇ ਸਕਦੀ ਹੈ।

ਜਪਾਨ ਨਾਲ ਗੱਲਬਾਤ ਲਈ ਕੈਪਟਨ ਮੋਹਨ ਸਿੰਘ, ਕੈਪਟਨ ਮੁਹੰਮਦ ਅਕਰਮ ਅਤੇ ਪ੍ਰੀਤਮ ਸਿੰਘ, ਮਾਰਚ 1942 ਵਿਚ ਦੋ ਹਵਾਈ ਜਹਾਜ਼ਾਂ ਵਿਚ ਟੋਕੀਓ ਲਈ ਚੱਲ ਪਏ। ਇਕ ਜਹਾਜ਼ ਜਿਸ ਵਿਚ ਪ੍ਰੀਤਮ ਸਿੰਘ, ਕੈਪਟਨ ਮੁਹੰਮਦ ਅਕਰਮ, ਸਵਾਮੀ ਸਤਿਆ ਨੰਦ ਪੁਰੀ, ਆਇਰ ਅਤੇ ਕੁਝ ਜਪਾਨੀ ਅਫਸਰ ਸਨ, ਰਾਹ ਵਿਚ ਡਿੱਗ ਕੇ ਤਬਾਹ ਹੋ ਗਿਆ। ਦੂਜਾ ਜਹਾਜ਼ ਜਿਸ ਵਿਚ ਕੈਪਟਨ ਮੋਹਨ ਸਿੰਘ ਅਤੇ ਸਾਥੀ ਸਨ, ਟੋਕੀਓ ਪੁੱਜ ਗਿਆ।

ਉਥੇ ਇਨਕਲਾਬੀ ਰਾਸ ਬਿਹਾਰੀ ਬੋਸ ਜਿਹੜੇ 1916 ਵਿਚ ਅੰਗਰੇਜ਼ ਵਾਇਸਰਾਏ ਉਤੇ ਬੰਬ ਸੁੱਟਣ ਤੋਂ ਬਾਅਦ ਜਪਾਨ ਚਲੇ ਗਏ ਸਨ, ਨੇ ਇਕ ਜਪਾਨੀ ਔਰਤ ਨਾਲ ਵਿਆਹ ਕਰਵਾ ਲਿਆ ਅਤੇ ਜਪਾਨੀ ਨਾਗਰਿਕ ਬਣ ਗਏ ਸਨ। ਉਨ੍ਹਾਂ ਦੀ ਸਹਾਇਤਾ ਨਾਲ ਜਪਾਨ ਸਰਕਾਰ ਨਾਲ ਗੱਲਬਾਤ ਸਫਲ ਰਹੀ ਜਿਸ ਅਨੁਸਾਰ ਜਪਾਨ ਸਰਕਾਰ ਨੇ ਹਿੰਦੁਸਤਾਨੀ ਦੇਸ਼ ਭਗਤਾਂ ਦੀ ਹਥਿਆਰਾਂ ਅਤੇ ਫੌਜਾਂ ਨਾਲ ਮਦਦ ਕਰਨੀ ਮੰਨ ਲਈ। ਦੱਖਣ ਪੂਰਬੀ ਏਸ਼ੀਆ ਦੇ ਸਾਰੇ ਹਿੰਦੁਸਤਾਨੀਆਂ ਦੇ ਪ੍ਰਤਿਨਿਧਾਂ ਦੀ ਕਾਨਫਰੰਸ ਜੂਨ 1942 ਵਿਚ ਬੈਂਕਾਕ (ਥਾਈਲੈਂਡ) ਵਿਚ ਬੁਲਾਈ ਗਈ। ਇਸ ਕਾਨਫਰੰਸ ਵਿਚ ਜਪਾਨ, ਮਲਾਇਆ, ਥਾਈਲੈਂਡ, ਫਿਲਪਾਈਨ, ਇੰਡੋਨੇਸ਼ੀਆ ਅਤੇ ਬਰਮਾ (ਹੁਣ ਮਿਆਂਮਾਰ) ਦੇ ਹਿੰਦੁਸਤਾਨੀਆਂ ਦੇ ਪ੍ਰਤੀਨਿਧ ਸ਼ਾਮਲ ਹੋਏ। ਇਸ ਕਾਨਫਰੰਸ ਵਿਚ ਆਜ਼ਾਦੀ ਅੰਦੋਲਨ ਨੂੰ ਚਲਾਉਣ ਲਈ 'ਕੌਂਸਲ ਆਫ ਐਕਸ਼ਨ' ਬਣਾਈ ਗਈ ਜਿਸ ਦੇ ਮੈਂਬਰ ਰਾਸ ਬਿਹਾਰੀ ਬੋਸ (ਪ੍ਰਧਾਨ), ਕੈਪਟਨ ਮੋਹਨ ਸਿੰਘ, ਸ੍ਰੀ ਰਾਘਵਨ, ਸ੍ਰੀ ਮੈਨਨ ਅਤੇ ਕਰਨਲ ਗਿਲਾਨੀ ਸਨ। ਕੈਪਟਨ ਮੋਹਨ ਸਿੰਘ ਨੂੰ ਫੌਜ ਦਾ ਕਮਾਂਡਰ-ਇਨ-ਚੀਫ ਥਾਪਿਆ ਗਿਆ।

ਹਿੰਦੁਸਤਾਨੀ ਫੌਜ ਅਤੇ ਸਿਵਲੀਅਨ ਧੜਾ-ਧੜ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋਣ ਲੱਗੇ। 17 ਹਜ਼ਾਰ ਫੌਜੀਆਂ ਨੂੰ ਜਪਾਨੀਆਂ ਨੇ ਅੰਗਰੇਜ਼ਾਂ ਵਾਲੇ ਹਥਿਆਰ ਦੇ ਦਿੱਤੇ। ਜਦੋਂ ਗਿਣਤੀ 50 ਹਜ਼ਾਰ ਹੋਣ ਦਾ ਅਨੁਮਾਨ ਜਨਰਲ ਮੋਹਨ ਸਿੰਘ ਨੇ ਦੱਸਿਆ ਤਾਂ ਜਪਾਨੀ ਐਨੀ ਨਫਰੀ ਨੂੰ ਹਥਿਆਰ ਦੇਣ ਤੋਂ ਟਾਲ-ਮਟੋਲ ਕਰਨ ਲੱਗੇ; ਉਨ੍ਹਾਂ ਨੂੰ ਡਰ ਪੈਦਾ ਹੋ ਗਿਆ ਕਿ ਕਿਤੇ ਐਡੀ ਵੱਡੀ ਫੌਜ ਉਨ੍ਹਾਂ ਦੇ ਹੀ ਖਿਲਾਫ਼ ਨਾ ਹੋ ਜਾਵੇ। ਉਹ ਚਾਹੁੰਦੇ ਸਨ ਕਿ ਹਿੰਦੁਸਤਾਨੀ ਫੌਜ ਜਪਾਨੀ ਅਫਸਰਾਂ ਅਧੀਨ ਕੰਮ ਕਰੇ ਅਤੇ ਹਿੰਦੁਸਤਾਨ ਉਤੇ ਹਮਲਾ ਵੀ ਉਨ੍ਹਾਂ ਦੀ ਮਰਜ਼ੀ ਨਾਲ ਹੋਵੇ। ਜਨਰਲ ਮੋਹਨ ਸਿੰਘ ਨੇ ਇਹ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ। ਜਪਾਨੀਆਂ ਨੇ ਜਨਰਲ ਮੋਹਨ ਸਿੰਘ ਨੂੰ ਵੀ ਦਸੰਬਰ 1942 ਵਿਚ ਨਜ਼ਰਬੰਦ ਕਰ ਲਿਆ।

ਸਿੰਗਾਪੁਰ ਵਿਖੇ ਸੁਭਾਸ਼ ਚੰਦਰ ਨੇ ਆਪਣੀ ਪਹਿਲੀ ਤਕਰੀਰ ਕੀਤੀ। ਉਨ੍ਹਾਂ ਲੋਕਾਂ ਨੂੰ ਮਾਇਕ ਸਹਾਇਤਾ ਦੀ ਅਪੀਲ ਕੀਤੀ ਤਾਂ ਔਰਤਾਂ ਨੇ ਗਹਿਣੇ ਲਾਹ ਕੇ ਕਦਮਾਂ 'ਤੇ ਰੱਖ ਦਿੱਤੇ। ਧਨਾਢਾਂ ਨੇ ਰੁਪਏ ਦੇਣ ਲਈ ਨਾਮ ਲਿਖਵਾਉਣੇ ਸ਼ੁਰੂ ਕਰ ਦਿੱਤੇ। ਨੇਤਾ ਜੀ ਦੇ ਗਲ ਵਿਚ ਪਾਏ ਫੁੱਲਾਂ ਦੇ ਹਾਰਾਂ ਦੀ ਨਿਲਾਮੀ ਸ਼ੁਰੂ ਕੀਤੀ ਤਾਂ ਪਹਿਲੇ ਹਾਰ ਦੀ ਬੋਲੀ ਇਕ ਲੱਖ ਡਾਲਰ ਤੱਕ ਪੁੱਜ ਗਈ। ਖਰੀਦਣ ਵਾਲਿਆਂ ਦੇ ਗਲਾਂ ਵਿਚ ਹਾਰ ਸੁਭਾਸ਼ ਚੰਦਰ ਬੋਸ ਨੇ ਆਪਣੇ ਹੱਥਾਂ ਨਾਲ ਪਾਏ। ਜਲਸੇ ਤੋਂ ਬਾਅਦ ਰਾਸ ਬਿਹਾਰੀ ਬੋਸ ਨੇ ਲੀਗ ਦੀ ਪ੍ਰਧਾਨਗੀ ਸੁਭਾਸ਼ ਚੰਦਰ ਬੋਸ ਹਵਾਲੇ ਕਰ ਦਿੱਤੀ ਅਤੇ ਖੁਦ ਉਨ੍ਹਾਂ ਦੇ ਸਲਾਹਕਾਰ ਬਣ ਗਏ।

25 ਅਕਤੂਬਰ 1943 ਦਾ ਦਿਨ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਣ ਵਾਲਾ ਹੈ। ਇਸ ਦਿਨ ਸਿੰਗਾਪੁਰ ਦੇ ਟਾਊਨ ਹਾਲ ਦੇ ਸਾਹਮਣੇ ਆਜ਼ਾਦ ਹਿੰਦ ਫੌਜ ਅਤੇ ਸ਼ਹਿਰੀਆਂ ਦੀ ਵੱਡੀ ਰੈਲੀ ਕੀਤੀ ਗਈ ਜਿਸ ਵਿਚ ਨੇਤਾ ਜੀ ਨੇ ਆਜ਼ਾਦ ਹਿੰਦ ਦੀ ਆਰਜ਼ੀ ਹਕੂਮਤ ਵੱਲੋਂ ਬਰਤਾਨੀਆ ਅਤੇ ਅਮਰੀਕਾ ਵਿਰੁੱਧ ਜੰਗ ਦਾ ਐਲਾਨ ਕੀਤਾ। ਹਾਜ਼ਰ ਲੋਕਾਂ ਨੇ 'ਆਜ਼ਾਦ ਹਿੰਦ ਜ਼ਿੰਦਾਬਾਦ' ਅਤੇ 'ਜੈ ਹਿੰਦ' ਦੇ ਨਾਅਰਿਆਂ ਨਾਲ ਆਸਮਾਨ ਗੁੰਜਾ ਦਿੱਤਾ। ਕਾਂਗਰਸ ਦਾ ਝੰਡਾ ਹੀ ਆਰਜ਼ੀ ਹਕੂਮਤ ਦਾ ਸਰਕਾਰੀ ਝੰਡਾ, 'ਜੈ ਹਿੰਦ' ਸਰਕਾਰੀ ਸਲਾਮ ਅਤੇ 'ਦਿੱਲੀ ਚਲੋ' ਸਰਕਾਰੀ ਨਾਅਰਾ ਸੀ। 'ਸਭ ਸੁਖ ਚੈਨ ਕੀ ਬਰਖਾ ਬਰਸੇ' ਕੌਮੀ ਤਰਾਨਾ ਮੰਨਿਆ ਗਿਆ। ਥੋੜ੍ਹੇ ਸਮੇਂ ਵਿਚ ਹੀ ਆਜ਼ਾਦ ਹਿੰਦ ਸਰਕਾਰ ਨੂੰ ਕਈ ਦੇਸ਼ਾਂ ਵੱਲੋਂ ਮਾਨਤਾ ਮਿਲ ਗਈ। ਇਨ੍ਹਾਂ ਦੇਸ਼ਾਂ ਵਿਚ ਜਪਾਨ, ਜਰਮਨੀ, ਇਟਲੀ, ਥਾਈਲੈਂਡ, ਬਰਮਾ, ਕਰੋਸ਼ੀਆ ਅਤੇ ਫਿਲਪਾਈਨ ਆਦਿ ਸ਼ਾਮਲ ਸਨ।

***ਬੋਸ ਨੇ ਜਪਾਨੀ ਜਰਨੈਲ ਨਾਲ ਇਹ ਗੱਲ ਕਰ ਲਈ ਕਿ ਜੋ ਵੀ ਇਲਾਕਾ ਅੰਗਰੇਜ਼ੀ ਫੌਜਾਂ ਤੋਂ ਜਿੱਤਿਆ ਜਾਵੇ, ਉਹ ਆਜ਼ਾਦ ਹਿੰਦ ਫੌਜ ਹਵਾਲੇ ਕੀਤਾ ਜਾਵੇ; ਜਿੱਤੇ ਹੋਏ ਇਲਾਕੇ ਵਿਚ ਜਪਾਨੀ ਲੁੱਟ-ਮਾਰ ਨਾ ਕਰ ਸਕਣ, ਇਸ ਮੰਤਵ ਲਈ ਆਜ਼ਾਦ ਹਿੰਦ ਫੌਜ ਦੀਆਂ ਛੋਟੀਆਂ ਛੋਟੀਆਂ ਟੁਕੜੀਆਂ ਜਪਾਨੀ ਫੌਜਾਂ ਨਾਲ ਲਾਈਆਂ ਗਈਆਂ। ਬਰਮਾ ਤੋਂ ਹੁੰਦੀਆਂ ਹੋਈਆਂ ਦੋਵੇਂ ਫੌਜਾਂ ਹਿੰਦੁਸਤਾਨ ਦੀ ਧਰਤੀ ਉਤੇ ਪੁੱਜੀਆਂ। ਆਜ਼ਾਦ ਹਿੰਦ ਫੌਜ ਦੇ ਜਵਾਨਾਂ ਨੇ ਧਰਤੀ ਚੁੰਮੀ ਅਤੇ ਲੰਮੇ ਪੈ-ਪੈ ਕੇ ਸਿਜਦੇ ਕੀਤੇ। 18 ਮਾਰਚ 1944 ਦਾ ਇਹ ਦਿਨ ਸੀ। ਨੇਤਾ ਜੀ ਨੇ ਇਹ ਸ਼ੁਭ ਸੂਚਨਾ ਵਿਸ਼ੇਸ਼ ਐਲਾਨ ਰਾਹੀਂ ਰੇਡੀਓ ਉਤੇ ਸਾਰੀ ਦੁਨੀਆ ਨੂੰ ਦਿੱਤੀ।***

ਜਪਾਨੀ ਸੈਨਾਪਤੀ ਨੇ ਨੇਤਾ ਜੀ ਨੂੰ ਮਸ਼ਵਰਾ ਦਿੱਤਾ ਕਿ ਬਹੁਤੀ ਆਜ਼ਾਦ ਹਿੰਦ ਫੌਜ ਨੂੰ ਸਿੰਗਾਪੁਰ ਹੀ ਰੱਖਿਆ ਜਾਵੇ ਅਤੇ ਕੁਝ ਕੁ ਅਫਸਰਾਂ ਨੂੰ ਜਾਸੂਸੀ ਕਰਨ ਲਈ ਜਾਂ ਅੰਗਰੇਜ਼ੀ ਫੌਜ ਦੇ ਜਵਾਨਾਂ ਨੂੰ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਣ ਲਈ ਪ੍ਰੇਰਨ ਦਾ ਕੰਮ ਸੌਂਪਿਆ ਜਾਵੇ, ਫਰੰਟ ਉਤੇ ਜਪਾਨੀ ਫੌਜਾਂ ਲੜ ਕੇ ਹਿੰਦੁਸਤਾਨ ਉਤੇ ਕਬਜ਼ਾ ਕਰਨਗੀਆਂ। ਨੇਤਾ ਜੀ ਨੇ ਕਿਹਾ, "ਜਪਾਨੀ ਕੁਰਬਾਨੀ ਨਾਲ ਪ੍ਰਾਪਤ ਕੀਤੀ ਹਿੰਦੁਸਤਾਨ ਦੀ ਆਜ਼ਾਦੀ ਮੇਰੇ ਲਈ ਗੁਲਾਮੀ ਤੋਂ ਵੀ ਭੈੜੀ ਹੋਵੇਗੀ। ਇਹ ਗੱਲ ਸਾਡੀ ਅਣਖ ਨੂੰ ਵੰਗਾਰ ਹੋਵੇਗੀ ਕਿ ਜਪਾਨੀ ਫੌਜ ਹਿੰਦੁਸਤਾਨ ਵੱਲ ਵਧੇ ਅਤੇ ਆਜ਼ਾਦ ਹਿੰਦ ਫੌਜ ਪਿੱਛੇ ਰਹੇ।" ਜਪਾਨੀ ਸੈਨਾਪਤੀ ਆਜ਼ਾਦ ਹਿੰਦ ਫੌਜ ਨੂੰ ਫਰੰਟ 'ਤੇ ਭੇਜਣਾ ਮੰਨ ਗਿਆ।

### ਜਨਰਲ ਮੋਹਨ ਸਿੰਘ ਨਾਲ ਜੋ ਬੀਤੀ

ਜਪਾਨੀਆਂ ਨੇ ਜਨਰਲ ਮੋਹਨ ਸਿੰਘ ਨੂੰ ਨਜ਼ਰਬੰਦ ਕਰ ਕੇ ਪਹਿਲਾਂ ਪੁੰਗਲ ਪੁਆਇੰਟ ਵਿਚ ਰੱਖਿਆ, ਪਰ ਸਮੁੰਦਰੀ ਤੂਫਾਨ ਉਨ੍ਹਾਂ ਦੀ ਝੌਂਪੜੀ ਉਡਾ ਕੇ ਲੈ ਗਿਆ। ਫਿਰ ਬੇਆਬਾਦ ਟਾਪੂ ਪਲਾਓ ਉਬਾਨੋ ਵਿਚ ਇਕ ਝੌਂਪੜੀ ਵਿਚ ਸੁੱਟ ਦਿੱਤਾ ਗਿਆ। ਉਨ੍ਹਾਂ ਉਪਰ ਲਈ ਗਾਰਦ ਵਿਚ ਇਕ ਮਲਾਈ ਅਫਸਰ ਅਤੇ ਪੁਲਿਸ ਦੇ ਕੁਝ ਸਿਪਾਹੀ ਸਨ। ਰਹਿਮਾਨ ਨਾਂ ਦਾ ਇਹ ਅਫਸਰ, ਜਨਰਲ ਨਾਲ ਦਿਲੋਂ ਹਮਦਰਦੀ ਰੱਖਦਾ ਸੀ। ਜਨਰਲ ਸਤੰਬਰ ਵਿਚ 10 ਦਿਨ ਮਲੇਰੀਏ ਨਾਲ ਨਿਢਾਲ ਪਏ ਰਹੇ। ਨਾ ਕੋਈ ਦਵਾਈ, ਨਾ ਡਾਕਟਰ। ਤਿੰਨ ਮਹੀਨੇ ਤੱਕ ਉਹ ਬੁਖਾਰ ਨਾਲ ਲੜਦੇ ਐਨੇ ਕਮਜ਼ੋਰ ਹੋ ਗਏ ਕਿ ਬਚਣ ਦੀ ਕੋਈ ਆਸ ਨਾ ਰਹੀ। ਉਨ੍ਹਾਂ ਦੀ ਹਾਲਤ ਵੇਖ ਕੇ ਰਹਿਮਾਨ ਨੇ ਸਿੰਗਾਪੁਰ ਜਾਣ ਦਾ ਹੌਸਲਾ ਕੀਤਾ, ਹਾਲਾਂਕਿ ਉਸ ਨੂੰ ਟਾਪੂ ਛੱਡਣ ਦੀ ਆਗਿਆ ਨਹੀਂ ਸੀ। ਉਹ ਨੇਤਾ ਜੀ ਦੇ ਨਿੱਜੀ ਡਾਕਟਰ ਰਾਜੂ ਨੂੰ ਮਿਲਿਆ। ਡਾ. ਰਾਜੂ ਸ਼ਾਮ ਨੂੰ ਮੋਟਰ ਬੋਟ ਰਾਹੀਂ ਜਨਰਲ ਪਾਸ ਪੁੱਜ ਗਿਆ। ਦੋ ਕੁ ਵਾਰ ਫਿਰ ਗੇੜਾ ਮਾਰਿਆ। ਜਦੋਂ ਜਨਰਲ ਕੁਝ ਠੀਕ ਹੋ ਗਏ ਤਾਂ ਦੱਸਿਆ ਕਿ ਨੇਤਾ ਜੀ ਮਿਲਣਾ ਚਾਹੁੰਦੇ ਹਨ। ਕੁਝ ਦਿਨਾਂ ਬਾਅਦ ਜਪਾਨੀ ਅਫਸਰ ਆਇਆ ਅਤੇ ਜਨਰਲ ਨੂੰ ਚਾਂਗੀ ਦੇ ਬੰਗਲੇ ਵਿਚ ਨੇਤਾ ਜੀ ਨਾਲ ਮੁਲਾਕਾਤ ਲਈ ਲੈ ਗਿਆ। ਦੋਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਦੀ ਰੂਪ ਰੇਖਾ 'ਤੇ ਵਿਚਾਰ ਕੀਤੀ। ਕੁਝ ਦਿਨਾਂ ਪਿੱਛੋਂ ਜਨਰਲ ਨੂੰ ਮਾਤੋਏਅਰ (ਸੁਮਾਟਰਾ) ਲਿਆਂਦਾ ਗਿਆ। ਜਦੋਂ ਅੰਗਰੇਜ਼ੀ ਫੌਜਾਂ ਨੇ ਸੁਮਾਟਰਾ ਉਤੇ ਕਬਜ਼ਾ ਕਰ ਲਿਆ ਤਾਂ ਜਨਰਲ ਮੋਹਨ ਸਿੰਘ ਨੇ ਆਪ ਜਾ ਕੇ ਉਨ੍ਹਾਂ ਕੋਲ ਰਿਪੋਰਟ ਕੀਤੀ ਅਤੇ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਦਿੱਲੀ ਲਾਲ ਕਿਲ੍ਹੇ ਭੇਜ ਦਿੱਤਾ।



*ਜਨਰਲ ਮੋਹਨ ਸਿੰਘ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਆਜ਼ਾਦ ਹਿੰਦ ਫੌਜ ਦੀ ਟੁਕੜੀ ਦਾ ਮੁਆਇਨਾ ਕਰਦੇ ਹੋਏ।*

ਸੁਭਾਸ਼ ਚੰਦਰ ਬੋਸ ਨੇ ਜਪਾਨੀ ਜਰਨੈਲ ਨਾਲ ਇਹ ਗੱਲ ਕਰ ਲਈ ਕਿ ਜੋ ਵੀ ਇਲਾਕਾ ਅੰਗਰੇਜ਼ੀ ਫੌਜਾਂ ਤੋਂ ਜਿੱਤਿਆ ਜਾਵੇ, ਉਹ ਆਜ਼ਾਦ ਹਿੰਦ ਫੌਜ ਹਵਾਲੇ ਕੀਤਾ ਜਾਵੇ; ਜਿੱਤੇ ਹੋਏ ਇਲਾਕੇ ਵਿਚ ਜਪਾਨੀ ਲੁੱਟ-ਮਾਰ ਨਾ ਕਰ ਸਕਣ, ਇਸ ਮੰਤਵ ਲਈ ਆਜ਼ਾਦ ਹਿੰਦ ਫੌਜ ਦੀਆਂ ਛੋਟੀਆਂ ਛੋਟੀਆਂ ਟੁਕੜੀਆਂ ਜਪਾਨੀ ਫੌਜਾਂ ਨਾਲ ਲਾਈਆਂ ਗਈਆਂ। ਬਰਮਾ ਤੋਂ ਹੁੰਦੀਆਂ ਹੋਈਆਂ ਦੋਵੇਂ ਫੌਜਾਂ ਹਿੰਦੁਸਤਾਨ ਦੀ ਧਰਤੀ ਉਤੇ ਪੁੱਜੀਆਂ। ਆਜ਼ਾਦ ਹਿੰਦ ਫੌਜ ਦੇ ਜਵਾਨਾਂ ਨੇ ਧਰਤੀ ਚੁੰਮੀ ਅਤੇ ਲੰਮੇ ਪੈ-ਪੈ ਕੇ ਸਿਜਦੇ ਕੀਤੇ। 18 ਮਾਰਚ 1944 ਦਾ ਇਹ ਦਿਨ ਸੀ। ਨੇਤਾ ਜੀ ਨੇ ਇਹ ਸ਼ੁਭ ਸੂਚਨਾ ਵਿਸ਼ੇਸ਼ ਐਲਾਨ ਰਾਹੀਂ ਰੇਡੀਓ ਉਤੇ ਸਾਰੀ ਦੁਨੀਆ ਨੂੰ ਦਿੱਤੀ। ਜਿੱਤੇ ਹੋਏ ਇਲਾਕੇ ਆਜ਼ਾਦ ਹਿੰਦ ਫੌਜ ਤੋਂ ਵਾਪਸ ਲੈਣ ਲਈ ਅੰਗਰੇਜ਼ ਹਾਕਮ ਹਵਾਈ ਜਹਾਜ਼ਾਂ ਰਾਹੀਂ ਬੰਬਾਰੀ ਕਰ ਰਹੇ ਸਨ। ਉਪਰੋਂ ਬਰਸਾਤ ਸ਼ੁਰੂ ਹੋ ਗਈ। ਰਾਸ਼ਨ ਖਤਮ ਹੋ ਗਿਆ। ਨੇਤਾ ਜੀ ਨੇ ਸਤੰਬਰ 1944 ਵਿਚ ਸਾਰੀਆਂ ਫੌਜਾਂ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ।

### ਇੰਫਾਲ ਦਾ ਮੋਰਚਾ

ਮੇਜਰ ਪ੍ਰੀਤਮ ਸਿੰਘ ਦੀ ਕਮਾਨ ਹੇਠ 300 ਸਿਪਾਹੀਆਂ ਨੇ ਰਾਤੀਂ ਹਮਲਾ ਕਰ ਕੇ ਪਲੇਲ ਹਵਾਈ ਅੱਡੇ 'ਤੇ ਕਬਜ਼ਾ ਕਰ ਲਿਆ। ਅੰਗਰੇਜ਼ਾਂ ਵੱਲੋਂ ਬੰਬਾਰੀ ਦੇ ਬਾਵਜੂਦ ਲਗਭਗ ਦੋ ਸੌ ਮੀਲ ਦਾ ਇਲਾਕਾ ਆਜ਼ਾਦ ਹਿੰਦ ਫੌਜ ਦੇ ਕਬਜ਼ੇ ਹੇਠ ਸੀ। ਮੀਂਹ ਸ਼ੁਰੂ ਹੋਣ 'ਤੇ ਨਾਗਾ ਲੀਡਰਾਂ ਨੇ ਰਾਸ਼ਨ ਦੇ ਪ੍ਰਬੰਧ ਵਿਚ ਆਜ਼ਾਦ ਹਿੰਦ ਫੌਜ ਦੀ ਬਹੁਤ ਮਦਦ ਕੀਤੀ। ਇੰਫਾਲ ਵਿਚ ਤਕਰੀਬਨ ਡੇਢ ਲੱਖ ਹਿੰਦੁਸਤਾਨੀ ਸਿਪਾਹੀ ਸਨ ਜਿਨ੍ਹਾਂ ਨੂੰ ਪ੍ਰੇਰ ਕੇ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਕਰਨ ਦਾ ਨੇਤਾ ਜੀ ਦਾ ਵਿਚਾਰ ਸੀ। ਇਸੇ ਲਈ ਇੰਫਾਲ ਤੋਂ ਕੋਹੀਮਾ ਉਤੇ ਆਜ਼ਾਦ ਹਿੰਦ ਫੌਜ ਨੇ ਸੜਕ ਰੋਕੀ ਰੱਖੀ ਤਾਂ ਕਿ ਅੰਗਰੇਜ਼ੀ ਫੌਜਾਂ ਇੰਫਾਲ ਤੋਂ ਨਿਕਲ ਨਾ ਸਕਣ, ਪਰ ਜਪਾਨੀ ਫੌਜਾਂ ਨੇ ਇਸ ਇਲਾਕੇ ਵਿਚ ਆਜ਼ਾਦ ਹਿੰਦ ਫੌਜ ਦਾ ਸਾਥ ਨਾ ਦਿੱਤਾ। ਇਸ ਲਈ ਫੈਸਲਾ ਹੋਇਆ ਕਿ ਨੇਤਾ ਜੀ ਜਪਾਨ ਸਰਕਾਰ ਨਾਲ ਦੋ ਟੁੱਕ ਗੱਲ ਕਰਨ। ਇੰਫਾਲ ਦੇ ਮੋਰਚੇ ਵਿਚ ਅਸਫਲ ਰਹਿਣ ਤੋਂ ਬਾਅਦ ਨੇਤਾ ਜੀ ਨੇ ਆਜ਼ਾਦ ਹਿੰਦ ਫੌਜ ਦਾ ਨਾਅਰਾ 'ਖੂਨ, ਖੂਨ ਔਰ ਖੂਨ' ਤਜਵੀਜ਼ ਕੀਤਾ। ਆਜ਼ਾਦ ਹਿੰਦ ਫੌਜ ਨੇ ਆਪਣਾ ਆਰਮੀ ਐਕਟ ਵੀ ਬਣਾਇਆ।

### ਆਜ਼ਾਦ ਹਿੰਦ ਬੈਂਕ

ਰੰਗੂਨ (ਹੁਣ ਯੰਗੌਨ) ਵਿਚ ਮੁਸਲਮਾਨ ਕਰੋੜਪਤੀ ਨੇਤਾ ਜੀ ਨੂੰ ਮਿਲਣ ਆਇਆ ਅਤੇ ਆਜ਼ਾਦ ਹਿੰਦ ਬੈਂਕ ਖੋਲ੍ਹਣ ਬਾਰੇ ਗੱਲ ਕੀਤੀ। ਉਸ ਨੇ ਆਪਣੇ ਕੋਲੋਂ 30 ਲੱਖ ਅਤੇ ਆਪਣੇ ਸਾਥੀਆਂ ਕੋਲੋਂ 20 ਲੱਖ ਇਕੱਠੇ ਕੀਤੇ। ਇਸ ਸਰਮਾਏ ਨਾਲ ਬਰਮਾ (ਮਿਆਂਮਾਰ) ਦੇ ਕਾਨੂੰਨ ਅਨੁਸਾਰ 'ਨੈਸ਼ਨਲ ਬੈਂਕ ਆਫ ਆਜ਼ਾਦ ਹਿੰਦ ਲਿਮਟਿਡ' ਰਜਿਸਟਰਡ ਕਰਵਾਇਆ। ਬੈਂਕ ਵਿਚ 12.5 ਕਰੋੜ ਰੁਪਏ ਜਮ੍ਹਾਂ ਹੋ ਗਏ। ਇਕੱਲੇ ਬਰਮਾ ਦੇ ਹਿੰਦੁਸਤਾਨੀਆਂ ਨੇ ਆਜ਼ਾਦ ਹਿੰਦ ਸਰਕਾਰ ਨੂੰ 8 ਕਰੋੜ ਰੁਪਏ ਦਿੱਤੇ। ਰੰਗੂਨ ਵਿਚ ਜਲਸੇ ਦੌਰਾਨ ਨੇਤਾ ਜੀ ਦੇ ਗਲ ਪਾਏ ਫੁੱਲਾਂ ਦੇ ਹਾਰਾਂ ਦੀ ਨਿਲਾਮੀ ਕੀਤੀ ਗਈ। ਬੋਲੀ ਛੇ ਲੱਖ ਤੱਕ ਪੁੱਜ ਗਈ। ਸੋਨੇ ਦੇ ਇਕ ਵਪਾਰੀ ਨੇ ਆਪਣਾ ਸਭ ਕੁਝ ਵੇਚ ਕੇ 12 ਲੱਖ ਰੁਪਏ ਨੇਤਾ ਜੀ ਨੂੰ ਦੇ ਦਿੱਤੇ ਅਤੇ ਆਜ਼ਾਦ ਹਿੰਦ ਫੌਜ ਵਿਚ ਭਾਰਤੀ ਹੋ ਗਿਆ। ਸਿੰਗਾਪੁਰ ਵਿਚ ਨੇਤਾ ਜੀ ਦੇ ਜਨਮ ਦਿਨ 'ਤੇ ਉਨ੍ਹਾਂ ਨੂੰ ਸੋਨੇ ਨਾਲ ਤੋਲਿਆ ਗਿਆ। ਇਸਤਰੀਆਂ ਨੇ ਆਪਣੇ ਗਹਿਣੇ ਲਾਹ ਕੇ ਪਲੜੇ ਵਿਚ ਪਾ ਦਿੱਤੇ। ਰੰਗੂਨ ਦੇ ਸੇਠ ਹਬੀਬ ਨੇ ਇਕ ਕਰੋੜ ਰੁਪਏ ਭੇਟ ਕੀਤੇ। ਉਸ ਨੂੰ ਸਭ ਤੋਂ ਵੱਡਾ ਖਿਤਾਬ 'ਸੇਵਕ-ਏ-ਹਿੰਦ' ਦਿੱਤਾ ਗਿਆ।

### ਨੇਤਾ ਜੀ ਦਾ ਹਵਾਈ ਹਾਦਸਾ

11 ਅਗਸਤ 1945 ਨੂੰ ਜਪਾਨ ਨੇ ਹਥਿਆਰ ਸੁੱਟਣ ਦਾ ਫੈਸਲਾ ਕਰ ਲਿਆ। ਨੇਤਾ ਜੀ ਨੇ ਜਪਾਨੀ ਕਮਾਂਡਰ ਨੂੰ ਕਿਹਾ ਕਿ ਆਜ਼ਾਦ ਹਿੰਦ ਫੌਜ ਖੁਦਮੁਖਤਾਰ ਹੈ, ਇਸ ਬਾਰੇ ਅੰਗਰੇਜ਼ਾਂ ਨਾਲ ਕੋਈ ਗੱਲ ਨਾ ਕਰੋ। ਮਾਰਸ਼ਲ ਤੇਰਾਚੀ ਨੇ ਨੇਤਾ ਜੀ ਨੂੰ ਕਿਹਾ ਕਿ ਜਿਸ ਤਰ੍ਹਾਂ ਉਨ੍ਹਾਂ ਨੂੰ ਟੋਕੀਓ ਤੋਂ ਹੁਕਮ ਮਿਲੇਗਾ, ਉਸੇ ਤਰ੍ਹਾਂ ਕਰਨਗੇ। 14 ਅਗਸਤ 1945 ਨੂੰ ਨੇਤਾ ਜੀ ਕਰਨਲ ਹਬੀਬ ਉਲ ਰਹਿਮਾਨ ਨੂੰ ਨਾਲ ਲੈ ਕੇ ਸੈਗਾਉਂ ਤੋਂ ਟੋਕੀਓ ਲਈ ਚੱਲ ਪਏ। ਕਰਨਲ ਹਬੀਬ ਅਨੁਸਾਰ- ਉਨ੍ਹਾਂ ਦਾ ਜਹਾਜ਼ ਫਾਰਮੂਲਾ ਤੋਂ ਉਡਿਆ ਤਾਂ ਕੋਈ ਚੀਜ਼ ਜਹਾਜ਼ ਨਾਲ ਟਕਰਾਈ ਜਿਸ ਨਾਲ ਜ਼ੋਰਦਾਰ ਧਮਾਕਾ ਹੋਇਆ। ਜਹਾਜ਼ ਹਵਾਈ ਅੱਡੇ ਦੇ ਨਾਲ ਲੱਗਦੇ ਪਹਾੜ ਨਾਲ ਟਕਰਾ ਗਿਆ ਜਿਸ ਨਾਲ ਜਹਾਜ਼ ਨੂੰ ਅੱਗ ਲੱਗ ਗਈ। ਜਨਰਲ ਹਬੀਬ ਸੜਦੇ ਜਹਾਜ਼ ਵਿਚੋਂ ਕੁੱਦ ਪਏ। ਉਨ੍ਹਾਂ ਨੇਤਾ ਜੀ ਨੂੰ ਬਾਹਰ ਖਿੱਚਿਆ ਤਾਂ ਉਨ੍ਹਾਂ ਦੇ ਮੱਥੇ ਉਤੇ ਦੋ ਜ਼ਖ਼ਮ ਸਨ। ਉਨ੍ਹਾਂ ਨੂੰ ਭਾਰੀ ਸੱਟ ਵੱਜੀ ਸੀ। ਅੱਧੇ ਕੁ ਘੰਟੇ ਬਾਅਦ ਉਹ ਬੇਹੋਸ਼ ਹੋ ਗਏ। ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ। ਛੇ ਕੁ ਘੰਟੇ ਬਾਅਦ ਹਸਪਤਾਲ ਵਿਚ ਹੀ ਉਨ੍ਹਾਂ ਦੀ ਮੌਤ ਹੋ ਗਈ। ਕਰਨਲ ਹਬੀਬ ਮੁਤਾਬਕ, ਨੇਤਾ ਜੀ ਦਾ ਸਸਕਾਰ ਉਨ੍ਹਾਂ ਦੇ ਸਾਹਮਣੇ ਕੀਤਾ ਗਿਆ ਅਤੇ ਉਹ ਆਪ ਉਨ੍ਹਾਂ ਦੀਆਂ ਅਸਥੀਆਂ ਲੈ ਕੇ ਟੋਕੀਓ ਦੇ ਇਕ ਮੰਦਰ ਵਿਚ ਗਏ।

ਜਦੋਂ ਅੰਗਰੇਜ਼ੀ ਫੌਜਾਂ ਸਿੰਗਾਪੁਰ ਤੋਂ ਬੈਂਕਾਕ ਪੁੱਜੀਆਂ ਤਾਂ ਜਨਰਲ ਕਿਆਨੀ ਅਤੇ ਜਨਰਲ ਭੌਂਸਲੇ ਦੀ ਕਮਾਨ ਹੇਠ ਖੁਦਮੁਖਤਾਰ ਫੌਜ ਦੇ ਤੌਰ 'ਤੇ ਅੰਗਰੇਜ਼ੀ ਫੌਜ ਅੱਗੇ ਹਥਿਆਰ ਸੁੱਟੇ।

### ਲਾਲ ਕਿਲ੍ਹੇ ਵਿਚ ਮੁਕੱਦਮਾ

ਆਜ਼ਾਦ ਹਿੰਦ ਫੌਜ (ਆਈ.ਐਨ.ਏ.) ਦੇ ਅਫਸਰਾਂ ਵਿਰੁੱਧ ਲਾਲ ਕਿਲ੍ਹੇ ਵਿਚ ਮੁਕੱਦਮੇ ਦੀਆਂ ਖਬਰਾਂ ਸੁਣ ਕੇ ਸਾਰੇ ਦੇਸ਼ ਵਿਚ ਅੰਗਰੇਜ਼ ਸਰਕਾਰ ਵਿਰੁੱਧ ਗੁੱਸੇ ਦੀ ਲਹਿਰ ਦੌੜ ਗਈ। ਸਰ ਤੇਜ ਬਹਾਦਰ ਸਪਰੂ ਬਿਮਾਰ ਹੋਣ ਦੇ ਬਾਵਜੂਦ ਅੱਗੇ ਆਏ। ਮੁੰਬਈ ਤੋਂ ਭੋਲਾ ਭਾਈ ਡਿਸਾਈ ਵੀ ਆ ਮਿਲੇ। ਪੰਡਤ ਨਹਿਰੂ ਵੀ 1920 ਤੋਂ ਬਾਅਦ, ਕਾਲਾ ਕੋਟ ਪਾ ਕੇ ਆ ਗਏ। ਆਈ.ਐਨ.ਏ. ਦੇ ਅਫਸਰਾਂ ਦੀ ਪਹਿਲੀ ਟੋਲੀ ਜਿਸ ਵਿਚ ਜਨਰਲ ਸ਼ਾਹ ਨਵਾਜ਼, ਕਰਨਲ ਸਹਿਗਲ ਅਤੇ ਕਰਨਲ ਢਿੱਲੋਂ ਸ਼ਾਮਲ ਸਨ, ਖਿਲਾਫ ਬਾਦਸ਼ਾਹ ਖਿਲਾਫ ਜੰਗ ਲੜਨ ਦਾ ਮੁਕੱਦਮਾ 5 ਨਵੰਬਰ 1945 ਨੂੰ ਸ਼ੁਰੂ ਹੋਇਆ। ਡਿਸਾਈ ਨੇ ਸਾਬਤ ਕਰ ਦਿੱਤਾ ਕਿ ਬਾਦਸ਼ਾਹ ਵਿਰੁੱਧ ਜੰਗ ਛੇੜਨ ਦੀ ਬਜਾਏ ਇਹ ਕੇਸ ਖੁਦਮੁਖਤਾਰ ਦੇਸ਼ ਦੀ ਫੌਜ ਅਤੇ ਦੂਜੇ ਦੇਸ਼ ਦੀ ਫੌਜ ਵਿਚਕਾਰ ਹੈ। ਇਸ ਲਈ ਇਹ ਫਰਕ ਕੌਮੀ ਕਾਨੂੰਨ ਅਧੀਨ ਆਉਂਦਾ ਹੈ। ਉਨ੍ਹਾਂ ਅਮਰੀਕਾ ਦੀ ਸਿਵਲ ਵਾਰ ਦਾ ਹਵਾਲਾ ਦਿੱਤਾ ਜਿਸ ਬਾਰੇ ਇਬਰਾਹਮ ਲਿੰਕਨ ਨੇ ਕਿਹਾ ਸੀ- "ਇਹ ਯੋਗ ਯੁੱਧ ਸੀ ਅਤੇ ਜਦੋਂ ਲੜਾਈ ਮੁੱਕ ਗਈ ਤਾਂ ਇਸ ਬਾਰੇ ਕੋਈ ਗੱਲ ਕਰਨ ਦੀ ਲੋੜ ਨਹੀਂ।" ਡਿਸਾਈ ਨੇ ਚੀਫ ਜੱਜ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ, "ਇਸ ਲੜਾਈ ਵਿਚ ਕਿਸੇ ਕਾਰਵਾਈ ਦੇ ਨਤੀਜਿਆਂ ਲਈ ਕਿਸੇ ਇਕੱਲੇ ਬੰਦੇ ਨੂੰ ਕਸੂਰਵਾਰ ਨਹੀਂ ਠਹਿਰਾਇਆ ਜਾ ਸਕਦਾ। ਜੇ ਬਗ਼ਾਵਤ ਸਫਲ ਹੋ ਜਾਵੇ ਤੇ ਨਵੀਂ ਹਕੂਮਤ ਬਣ ਜਾਵੇ ਤਾਂ ਸਾਰੀ ਗੱਲ ਖਤਮ ਹੋ ਜਾਂਦੀ ਹੈ, ਪਰ ਜੇ ਬਗਾਵਤ ਅਸਫਲ ਹੋ ਜਾਵੇ ਤਾਂ ਕੌਮਾਂਤਰੀ ਕਾਨੂੰਨ ਮੇਰੇ ਮੁਵੱਕਲਾਂ ਦੇ ਹੱਕ ਵਿਚ ਹੈ।"

31 ਦਸੰਬਰ 1945 ਨੂੰ ਕੋਰਟ ਮਾਰਸ਼ਲ ਨੇ ਫੈਸਲਾ ਸੁਣਾ ਦਿੱਤਾ ਜਿਸ ਵਿਚ ਤਿੰਨਾਂ ਜਣਿਆਂ ਨੂੰ ਬਾਦਸ਼ਾਹ ਵਿਰੁੱਧ ਲੜਨ ਦਾ ਕਸੂਰਵਾਰ ਠਹਿਰਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਦਿੱਤੀ। ਸਾਰੇ ਦੇਸ਼ ਵਿਚ ਰੌਲਾ ਪੈ ਗਿਆ। ਸ਼ਹਿਰਾਂ ਵਿਚ ਹੜਤਾਲ ਹੋ ਗਈ। ਸਕੂਲਾਂ ਕਾਲਜਾਂ ਵਿਚੋਂ ਵਿਦਿਆਰਥੀ ਗੈਰ ਹਜ਼ਾਰ ਰਹੇ। ਇਹ ਰੋਹ ਐਵੇਂ ਨਾ ਗਿਆ ਅਤੇ ਹਿੰਦੁਸਤਾਨ ਦੇ ਕਮਾਂਡਰ-ਇਨ-ਚੀਫ ਕਲੌਡ ਔਕਿਨਲੈਕ ਨੇ 3 ਜਨਵਰੀ 1946 ਨੂੰ ਤਿੰਨਾਂ ਦੀ ਸਜ਼ਾ ਮੁਆਫ ਕਰ ਦਿੱਤੀ ਅਤੇ ਉਨ੍ਹਾਂ ਨੂੰ ਉਸੇ ਦਿਨ ਰਿਹਾਅ ਕਰ ਦਿੱਤਾ ਗਿਆ। ਇਸ ਫੈਸਲੇ ਤਹਿਤ ਬਾਕੀ ਸਾਰੇ ਆਜ਼ਾਦ ਹਿੰਦ ਫੌਜੀਆਂ ਨੂੰ ਵੀ ਛੱਡ ਦਿੱਤਾ ਗਿਆ।

## ਜ਼ਿੰਦਗੀ ਦਾ ਨਾਦ

# ਬੋਟ ਉਡਾਰੂ ਹੋਣ ਜਦੋਂ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਛਪਦੀਆਂ ਆਪਣੀਆਂ ਲਿਖਤਾਂ ਵਿਚ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ। ਕਮਰੇ ਬਾਰੇ ਉਨ੍ਹਾਂ ਲਿਖਿਆ ਸੀ ਕਿ ਕੋਈ ਕਮਰਾ, ਕਿਸੇ ਨੂੰ ਨੈਲਸਨ ਮੰਡੇਲਾ, ਭਗਤ ਸਿੰਘ, ਜੈ ਪ੍ਰਕਾਸ਼ ਨਰਾਇਣ ਜਾਂ ਸੂ ਕੂਈ ਬਣਾ ਕੇ ਲੋਕਾਂ ਦੇ ਸਨਮੁਖ ਕਰਦਾ ਏ ਜੋ ਸਮੇਂ ਦੀਆਂ ਮੁਹਾਰਾਂ ਮੋੜਨ ਦੇ ਸਮਰੱਥ ਹੁੰਦੇ ਨੇ। ਉਨ੍ਹਾਂ ਨਸੀਹਤ ਕੀਤੀ ਸੀ ਕਿ ਦਸਤਕ ਦੀ ਦਾਸਤਾਨ ਜ਼ਰੂਰ ਸੁਣਿਓ ਤਾਂ ਕਿ ਤੁਸੀਂ ਕਦੇ ਤਾਂ ਦਸਤਕ ਦੇ ਰੂ-ਬ-ਰੂ ਹੋ, ਆਪਣੇ ਸਾਹਾਂ ਉਤੇ ਨਰੋਏ ਨਕਸ਼ਾਂ ਦੀ ਇਬਾਦਤ ਲਿਖ ਸਕੋ। ਉਨ੍ਹਾਂ ਦੱਸਿਆ ਸੀ ਕਿ ਮਾਂ, ਸਿਰਫ ਮਾਂ ਹੁੰਦੀ ਏ ਜੋ ਸਭ ਤੋਂ ਵੱਡੀ ਦਾਤੀ ਹੁੰਦਿਆਂ ਵੀ ਨਿਮਾਣੀ ਬਣੀ ਰਹਿੰਦੀ ਏ। ਪਿਛਲੇ ਲੇਖ ਵਿਚ ਬਜ਼ੁਰਗਾਂ ਦਾ ਸਤਿਕਾਰ ਕਰਨ ਦੀ ਨਸੀਹਤ ਕਰਦਿਆਂ ਕਿਹਾ ਸੀ ਕਿ ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਹਥਲੇ ਲੇਖ ਵਿਚ ਦੱਸਿਆ ਹੈ ਕਿ ਜਦੋਂ ਬੱਚੇ ਵੱਡੇ ਹੋ ਕੇ ਪੰਛੀਆਂ ਵਾਂਗ ਉਡਾਰੀ ਮਾਰ ਜਾਂਦੇ ਹਨ ਤਾਂ ਮਾਪੇ ਖੁਸ਼ ਹੁੰਦੇ ਹਨ ਪਰ ਅੰਦਰੋਂ ਬੱਚਿਆਂ ਦਾ ਹੇਰਵਾ ਸਦਾ ਬਣਿਆ ਰਹਿੰਦਾ ਹੈ। -ਸੰਪਾਦਕ*

ਜੀਵਨ ਦੀ ਢਲਦੀ ਦੁਪਹਿਰ। ਵੱਡੇ ਸਾਰੇ ਘਰ 'ਚ ਇਕੱਲੇ ਬੈਠੇ ਮੀਆਂ-ਬੀਵੀ। ਬੱਚਿਆਂ ਨਾਲ ਕਦੇ ਧੜਕਦੇ ਘਰ 'ਚ ਪਸਰੀ ਸ਼ਾਂਤੀ। ਪਰਿਵਾਰ ਦੀ ਸ਼ੁਰੂਆਤ ਤੋਂ ਆਪੋ ਆਪਣੀਆਂ ਮੰਜ਼ਿਲਾਂ 'ਤੇ ਪਹੁੰਚਣ ਦੀ ਲੰਮੀ ਤਫਸੀਲ। ਪਤੀ-ਪਤਨੀ ਤੋਂ ਸ਼ੁਰੂ ਹੋ ਕੇ ਫਿਰ ਪਤੀ-ਪਤਨੀ ਤੀਕ, ਸੰਪੂਰਨ ਹੋ ਚੁੱਕਾ ਜੀਵਨ ਦਾ ਇਕ ਗੇੜ। ਬੋਟਾਂ ਦੇ ਪਨਪਣ, ਪਲਰਣ, ਵਿਗਸਣ ਅਤੇ ਉਡਾਰ ਹੋ ਜਾਣ ਤੀਕ ਦੇ ਸਮੇਂ ਦੀ ਗਾਥਾ। ਵਿਹਲਾਪਣ ਅਤੇ ਇਕੱਲ ਨੂੰ ਨਵੇਂ ਅਰਥ ਦੇਣ ਦੀਆਂ ਸਲਾਹਾਂ ਅਤੇ ਉਨ੍ਹਾਂ 'ਚੋਂ ਉਪਜਦੀਆਂ, ਨਵੇਂ ਦਿਸਹੱਦਿਆਂ ਤੀਕ ਲੈ ਕੇ ਜਾਂਦੀਆਂ ਰਾਹਾਂ।

ਜਦ ਬੱਚੇ ਜਨਮਦੇ ਨੇ ਤਾਂ ਰੁਝੇਵੇਂ ਪੈਦਾ ਹੁੰਦੇ ਨੇ। ਖਿਡੌਣਿਆਂ ਦੀ ਰੁੱਤ ਦਸਤਕ ਦਿੰਦੀ ਏ। ਘਰ ਲੋਰੀਆਂ, ਤੋਤਲੇ ਬੋਲਾਂ, ਮਾਸੂਮ ਹਰਕਤਾਂ ਅਤੇ ਅਣਭੋਲ ਕ੍ਰਿਆਵਾਂ 'ਚ ਭਾਈਵਾਲ ਬਣਦਾ ਏ। ਮਾਪਿਆਂ ਲਈ ਕਰਮਸ਼ੀਲਤਾ ਨਵੇਂ ਮਾਪਦੰਡ ਪੈਦਾ ਕਰਦੀ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਏ। ਤਰਜੀਹਾਂ ਬਦਲ ਜਾਂਦੀਆਂ ਨੇ। ਬੱਚਿਆਂ ਦੀਆਂ ਲੋੜਾਂ, ਥੋੜਾਂ ਤੇ ਲਾਡ, ਮਨ-ਮਸਤਕ ਦੀ ਦਾਅਵਤ ਬਣਦੇ ਨੇ। ਘਰ ਦੇ ਵਧਦੇ ਰੁਝੇਵੇਂ, ਬਾਹਰ ਦੇ ਘੱਟਦੇ ਰੁਝੇਵਿਆਂ ਦਾ ਕਾਰਨ ਬਣਦੇ ਨੇ।

ਲਾਇਕ ਬੱਚੇ ਆਪਣਾ ਨਿਵੇਕਲਾ ਸੰਸਾਰ ਖੁਦ ਸਿਰਜਣ ਲਈ, ਆਪਣੀ ਪਛਾਣ ਕਾਇਮ ਕਰਨ ਲਈ, ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਲਈ, ਭਵਿੱਖ ਦੇ ਸੰਦਲੀ ਸੁਪਨਿਆਂ ਦੀ ਪ੍ਰਾਪਤੀ ਲਈ, ਵਿਸ਼ਵ ਨੂੰ ਆਪਣਾ ਕਰਮ ਖੇਤਰ ਮਿੱਥ ਕੇ, ਸ਼ਗਨਾਂ ਨਾਲ ਘਰ ਦੀ ਦਹਿਲੀਜ਼ ਤੋਂ ਬਾਹਰ ਪੈਰ ਧਰਦੇ ਨੇ ਅਤੇ ਫਿਰ ਨਰੋਈ ਪਛਾਣ ਦਾ ਚਿਰਾਗ ਬਣ, ਦਰ 'ਤੇ ਸ਼ੁਭ ਦਸਤਕ ਬਣਦੇ ਨੇ। ਦਰਅਸਲ ਨਵੀਆਂ ਮੰਜ਼ਿਲਾਂ ਨੂੰ ਨਿੱਗਰ ਕਦਮਾਂ ਦੀ ਹਮੇਸ਼ਾ ਉਡੀਕ ਰਹਿੰਦੀ ਹੈ, ਜਿਸ ਦੀ ਪੂਰਤੀ ਨੌਜਵਾਨਾਂ ਨੇ ਕਰਨੀ ਹੁੰਦੀ ਏ।

ਬੱਚਿਆਂ ਤੋਂ ਉਪਰਾਮ ਹੋਇਆ ਚੌਂਕਾ, ਖਾਣ-ਪੀਣ ਦੀ ਪਸੰਦਗੀ ਤੋਂ ਵਿਰਵਾ ਹੋ ਜਾਂਦਾ ਏ। ਬੱਚਿਆਂ ਦੀ ਪਸੰਦ 'ਚੋਂ ਸਵਾਦ ਮਾਣਨ ਵਾਲੇ ਮਾਪਿਆਂ ਦੀ ਭੁੱਖ ਘੱਟ ਜਾਂਦੀ ਹੈ। ਬੱਚਿਆਂ ਲਈ, ਉਨ੍ਹਾਂ ਦਾ ਮਨ-ਪਸੰਦ ਬਣਾਉਣ ਵਾਲੀ, ਖਵਾਉਣ ਅਤੇ ਕਈ ਵਾਰ ਧੱਕੇ ਨਾਲ ਉਨ੍ਹਾਂ ਦੇ ਮੂੰਹ 'ਚ ਬੁਰਕੀਆਂ ਪਾਉਣ ਵਾਲੀ ਮਾਂ ਜਦੋਂ ਕਦੇ ਬੀਤੇ ਪਲਾਂ ਨੂੰ ਚਿਤਵਦੀ ਏ ਤਾਂ ਉਸ ਦਾ ਹਿਰਦਾ ਮੂੰਹ ਨੂੰ ਆਉਂਦਾ ਏ।

ਜਦੋਂ ਬੱਚੇ ਉਡਾਰੀ ਭਰਦੇ ਨੇ ਤਾਂ ਉਨ੍ਹਾਂ ਦੇ ਖਿਡੌਣੇ, ਖੇਡਣੋਂ ਹੱਟ ਜਾਂਦੇ ਨੇ, ਉਨ੍ਹਾਂ ਦੀਆਂ ਗੇਮਾਂ, ਨਿੱਕੇ-ਨਿੱਕੇ ਹੱਥਾਂ ਨੂੰ ਤਰਸ ਜਾਂਦੀਆਂ ਨੇ। ਉਨ੍ਹਾਂ ਦੀਆਂ ਨਰਸਰੀ ਆਦਿ ਦੀਆਂ ਕਾਪੀਆਂ ਵਿਚਲੇ ਅੱਖਰਾਂ ਵਿਚੋਂ ਖਾਮੋਸ਼ ਅਰਦਾਸਾਂ, ਉਨ੍ਹਾਂ ਦੀ ਪ੍ਰਾਪਤੀ ਲਈ ਅਰਦਾਸ ਬਣਦੀਆਂ ਨੇ। ਉਨ੍ਹਾਂ ਦਾ ਕਮਰਾ, ਮਾਸੂਮੀਅਤ ਦੀ ਘਾਟ ਮਹਿਸੂਸਦਾ, ਉਸ ਲਈ ਦੁਆ ਬਣ ਜਾਂਦਾ ਏ। ਕੰਧਾਂ 'ਤੇ ਮਾਰੀਆਂ ਲੀਕਾਂ ਬਣ ਜਾਂਦੀਆਂ ਨੇ ਉਡੀਕ। ਉਨ੍ਹਾਂ ਦੇ ਬਚਪਨੇ ਨਾਲ ਜੁੜੀ ਹਰ ਵਸਤ ਬਣ ਜਾਂਦੀ ਏ ਤਵਾਰੀਖ।

ਘੜੀ-ਮੁੜੀ ਨਵੀਂ ਮੰਗ ਲੈ ਕੇ ਹਾਜ਼ਰ ਹੋਣ ਵਾਲੇ ਬੱਚਿਆਂ ਦਾ ਚੇਤਾ, ਮਾਪਿਆਂ ਨੂੰ ਕਰਦਾ ਏ ਉਪਰਾਮ। ਵੇਲੇ-ਕੁਵੇਲੇ ਮੰਗਾਂ ਮੰਨਵਾਉਣ ਵਾਲੇ ਬੱਚਿਆਂ ਸੰਗ ਲੰਘਾਇਆ ਵਕਤ ਮਨ ਦੀ ਨਿਸ਼ਾਨਦੇਹੀ ਕਰਦਿਆਂ ਉਦਾਸ ਕਰ ਜਾਂਦਾ ਏ।

ਬੱਚੇ ਇਕੱਲੇ ਹੀ ਮਾਪਿਆਂ ਤੋਂ ਦੂਰ ਨਹੀਂ ਜਾਂਦੇ, ਉਨ੍ਹਾਂ ਨਾਲ ਹੀ ਦੂਰ ਹੋ ਜਾਂਦਾ ਏ, ਉਨ੍ਹਾਂ ਦਾ ਆਪੂੰ ਸਿਰਜਿਆ ਸੰਸਾਰ, ਦੋਸਤਾਂ-ਮਿੱਤਰਾਂ ਦਾ ਵਸੀਹ ਦਾਇਰਾ, ਉਨ੍ਹਾਂ ਦੀਆਂ ਸਾਂਝਾਂ ਤੇ ਮੁਹੱਬਤਾਂ ਦਾ ਫੇਰਾ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਦਾ ਘੇਰਾ। ਜਦ ਕਦੇ ਬੱਚੇ ਘਰੇ ਗੇੜਾ ਮਾਰਦੇ ਨੇ ਤਾਂ ਉਨ੍ਹਾਂ ਸੰਗ, ਉਨ੍ਹਾਂ ਦੀ ਮਿੱਤਰ-ਮੰਡਲੀ ਦਾ ਆਉਣਾ, ਘਰ ਜਿਉਣ ਦਾ ਅਦਬ ਮਨ 'ਚ ਪਾਲਦਾ ਏ।

ਜਦ ਬੱਚੇ ਦੂਰ ਤੁਰ ਜਾਂਦੇ ਨੇ ਤਾਂ ਮਾਪਿਆਂ ਦੀ ਸੋਚ 'ਚ ਆਇਆ ਬਦਲਾਅ, ਬੱਚਿਆਂ ਦੁਆਲੇ ਘੁੰਮਦੀ ਜ਼ਿੰਦਗੀ ਤੋਂ ਸਭ ਲਈ ਸੁਨਹਿਰੇ ਭਵਿੱਖ ਦੀ ਕਾਮਨਾ ਬਣ ਜਾਂਦਾ ਏ।

ਬੱਚੇ ਕੰਮ ਵਧਾਉਂਦੇ ਨੇ, ਹਰ ਵੇਲੇ ਬਦਲਾਅ ਉਪਜਾਉਂਦੇ ਨੇ, ਹਰ ਨੁੱਕਰੇ ਕਿਤਾਬਾਂ, ਕੱਪੜੇ ਤੇ ਖਿਡੌਣੇ ਖਿਲਾਰਦੇ ਨੇ। ਘਰ ਦੀ ਹਰ ਵਸਤ 'ਤੇ ਬਾਲਪਨੇ ਦੀ ਮੋਹਰ ਲਾਉਂਦੇ ਨੇ। ਘਰ 'ਚ ਕਾਰਜਸ਼ੀਲਤਾ ਲਿਆਉਂਦੇ ਨੇ। ਬੱਚਿਆਂ ਦੇ ਘਰੋਂ ਜਾਣ 'ਤੇ ਹਰ ਵਸਤ ਸਥਿਰਤਾ ਦੀ ਅਉਧ ਹੰਢਾਉਂਦੀ ਏ ਅਤੇ ਉਥਲ-ਪੁਥਲ ਕਰਨ ਵਾਲਿਆਂ ਦੀ ਅਣਹੋਂਦ, ਪਿੰਡੇ 'ਤੇ ਉਕਰਾਉਂਦੀ ਏ।

ਬੱਚਿਆਂ ਦੀ ਹੋਂਦ 'ਚ ਘਰ ਨੂੰ ਸੰਪੂਰਨ ਘਰ ਦਾ ਵਰ ਮਿਲਦਾ ਏ, ਫਿਜ਼ਾ 'ਚ ਇੱਲਤਾਂ ਤੇ ਸ਼ਰਾਰਤਾਂ ਦਾ ਸ਼ੋਰ ਤਰਦਾ ਏ ਜੋ ਚੁੱਪ ਦੀ ਝੋਲੀ ਨੂੰ ਭਰਦਾ ਏ।

ਘਰ ਦੀ ਚਾਰ-ਦੀਵਾਰੀ ਤੋਂ ਬਾਹਰ, ਨਵੀਂ ਦੁਨੀਆਂ ਦੀਆਂ ਨਵੀਨਤਮ ਚੁਣੌਤੀਆਂ ਦੀ ਕਬੂਲੀ 'ਚੋਂ, ਨਵੀਆਂ ਸੰਭਾਵਨਾਵਾਂ ਨਾ ਪੈਦਾ ਕਰ ਸਕਣਾ ਸਿਰਫ ਮਾਨਸਿਕ ਤੌਰ 'ਤੇ ਅਪਾਹਜ ਬੱਚਿਆਂ ਦੀ ਮਜਬੂਰੀ ਹੋ ਸਕਦੀ ਏ।

ਬੱਚੇ ਦੂਰ ਹੋ ਜਾਂਦੇ ਨੇ ਤਾਂ ਟੈਲੀਫੂਨ/ਈ-ਮੇਲ/ਚਿੱਠੀਆਂ/ਸੁਨੇਹੇ ਨੇੜੇ ਹੋ ਜਾਂਦੇ ਨੇ। ਮਨ ਦੀ ਤਾਰ ਹਮੇਸ਼ਾ ਬੱਚਿਆਂ ਨਾਲ ਜੁੜੀ ਉਨ੍ਹਾਂ ਦੀ ਤੰਦਰੁਸਤੀ ਤੇ ਕਾਮਯਾਬੀ ਦਾ ਧਿਆਨ ਧਰਦੀ ਏ। ਬੱਚੇ ਘਰ ਹੋਣ ਤਾਂ ਵਿਆਹ ਗੁਜ਼ਰਦਾ ਏ, ਲੰਘਦੇ ਸਮੇਂ ਦਾ ਚੇਤਾ ਵਿਸਰ ਜਾਂਦਾ ਏ। ਮਾਪੇ ਰੁਝੇ ਰਹਿੰਦੇ ਨੇ। ਉਨ੍ਹਾਂ ਦੀ ਮਸ਼ਰੂਫੀਅਤ ਅਕਾਰਥ ਨਹੀਂ ਜਾਂਦੀ। ਉਨ੍ਹਾਂ ਦੇ ਸਾਹਵੇਂ, ਉਨ੍ਹਾਂ ਦੇ ਸੁਪਨੇ ਤਾਮੀਰ ਹੁੰਦੇ ਨੇ।

ਬੱਚੇ ਜਦੋਂ ਆਪਣੇ ਟੀਚਿਆਂ ਦੀ ਪ੍ਰਾਪਤੀ ਦਾ ਐਲਾਨ ਕਰਦੇ ਨੇ ਤਾਂ ਇਕ ਸਮੂਹਿਕ ਸੰਤੁਸ਼ਟੀ ਮਾਪਿਆਂ ਦਾ ਨਸੀਬ ਬਣਦੀ ਏ। ਉਨ੍ਹਾਂ ਦੀ ਢਲਦੀ ਰੁੱਤ ਨੂੰ ਮਿਲਿਆ ਹੁਲਾਸ ਅਤੇ ਜਿਉਣ ਦੀ ਨਵਜਨਮੀ ਆਸ।



ਫੁੱਲਾਂ ਦੀ ਘਾਟ ਚਮਨ ਨੂੰ ਰੜਕਦੀ ਏ ਅਤੇ ਉਦਾਸੀ ਦੀ ਪਤਲੀ ਪਰਤ, ਚਮਨ ਦਾ ਨਸੀਬ ਬਣਦੀ ਏ। ਪਰ ਹਰ ਪੱਤਝੜ ਤੋਂ ਬਾਅਦ ਦਸਤਕ ਦਿੰਦੀ ਬਹਾਰ ਦੀ ਆਸ, ਚਮਨ ਦੀ ਉਦਾਸੀ ਨੂੰ ਚਿਰੰਜੀਵੀ ਨਹੀਂ ਰਹਿਣ ਦਿੰਦੀ। ਚਮਨ ਖੇੜਿਆਂ ਤੇ ਮਹਿਕਾਂ ਦਾ ਵਣਜਾਰਾ ਅਤੇ ਵਕਤ ਦੀ ਵਹੀ 'ਤੇ ਚਮਕਦਾ ਏ ਨਿਰਸੁਆਰਥ ਚਮਨ ਦਾ ਕਰਮ ਖੇਤਰ।

ਜਦੋਂ ਬੱਚੇ ਦੂਰ ਜਾ ਕੇ ਆਪਣੀ ਨਵੀਂ ਦੁਨੀਆਂ ਵਸਾਉਂਦੇ, ਨਵੇਂ ਹਾਲਾਤ ਦਾ ਸਾਹਮਣਾ ਕਰਦੇ ਨੇ, ਨਵੇਂ ਰਿਸ਼ਤੇ ਸਿਰਜਦੇ ਨੇ, ਨਵੀਆਂ ਸਾਂਝਾਂ ਕਾਇਮ ਕਰਦੇ ਨੇ, ਆਪਣੀ ਪਛਾਣ ਖੁਦ ਸਿਰਜਣ ਦੇ ਆਹਰ 'ਚ ਰੁਝਦੇ ਨੇ ਤਾਂ ਦੁਨੀਆਂ ਉਨ੍ਹਾਂ 'ਚੋਂ ਤੁਹਾਨੂੰ ਨਿਹਾਰਦੀ ਹੈ ਕਿਉਂਕਿ ਬੱਚੇ ਮਾਪਿਆਂ ਦਾ ਬਿੰਬ ਹੁੰਦੇ ਨੇ। ਘਰ, ਪਰਿਵਾਰ ਤੇ ਮਾਪਿਆਂ ਦੀਆਂ ਸਦਾਚਾਰਕ ਕੀਮਤਾਂ ਦੇ ਪਹਿਰੇਦਾਰ ਅਤੇ ਉਨ੍ਹਾਂ ਦੇ ਦੂਤ। ਕਿਹੜਾ ਬਿੰਬ, ਕਿੰਨੀ ਤੀਬਰਤਾ ਨਾਲ ਫੈਲਦਾ ਏ, ਇਹ ਬੱਚੇ ਨੂੰ ਮਿਲੀ ਸੇਧ, ਸਿੱਖਿਆ, ਸਰੋਕਾਰ ਅਤੇ ਵਿਚਾਰਾਂ ਦੀ ਸੁੱਚਮ 'ਤੇ ਨਿਰਭਰ ਕਰਦਾ ਏ।

ਬੱਚਿਆਂ ਤੋਂ ਦੂਰ ਇਕੱਲ ਭੋਗਦੇ ਮਾਪੇ, ਪੁਰਾਣੀ ਐਲਬਮ ਦੇ ਵਰਕਿਆਂ ਨੂੰ ਵਾਚਣ ਅਤੇ ਪਰਤਣ 'ਚ ਮਸ਼ਰੂਫ। ਦੀਦਿਆਂ ਦੇ ਗਿੱਲੇ ਕੋਏ। ਤਸਵੀਰਾਂ, ਬੱਚਿਆਂ ਦੇ ਵਿਕਾਸ ਦਾ ਚਿੱਤਰਪਟ। ਉਤਪਤੀ ਦਾ ਗਰਾਫ, ਤੋਤਲੇ ਬੋਲਾਂ ਤੋਂ ਬੁਲਾਰੇ ਬਣਨ ਤੀਕ ਦੀ ਗਾਥਾ। ਰਿੜ੍ਹਨ ਤੋਂ ਦੌੜਨ ਤੀਕ ਦਾ ਸਫਰ। ਰੋਣ ਤੋਂ ਰਿਆਜ਼ ਤੱਕ ਦੀ ਝਲਕ। ਪੈਂਤੀ ਅੱਖਰੀ ਤੋਂ ਸਫਲਤਾ ਦੇ ਨਵੇਂ ਕਾਇਮ ਕੀਤੇ ਮਾਪਦੰਡ। ਹਰ ਇਕ ਲਡਾਇਆ ਲਾਡ, ਬੱਚਿਆਂ ਦੇ ਮੁਖੜੇ 'ਤੇ ਵਸਦਾ ਖੇੜਾ ਅਤੇ ਰੌਣਕਾਂ ਵਾਲਾ ਵਿਹੜਾ।

ਬੱਚਿਆਂ ਨੂੰ ਆਪੋ-ਆਪਣੇ ਟਿਕਾਣੇ ਵੰਨੀਂ ਤੋਰ, ਮਾਪੇ ਬਹਿ ਜਾਂਦੇ ਨੇ ਬੀਤੀ ਜ਼ਿੰਦਗੀ ਦਾ ਹਿਸਾਬ ਕਿਤਾਬ ਕਰਨ ਕਿ ਕੀ ਖੱਟਿਆ ਤੇ ਕੀ ਗਵਾਇਆ? ਕਿਸ ਨੂੰ ਰੁਆਇਆ ਅਤੇ ਕਿੰਨੇ ਰੋਂਦਿਆਂ ਨੂੰ ਚੁੱਪ ਕਰਾਇਆ? ਕਿੰਨੇ ਹਿਰਦਿਆਂ ਨੂੰ ਠੇਸ ਪਹੁੰਚਾਈ ਤੇ ਕਿੰਨਿਆਂ ਦੇ ਰਿਸਦੇ ਜ਼ਖਮਾਂ 'ਤੇ ਮਰਹਮ ਲਾਈ? ਕਿਹੜੇ ਵਕਤ 'ਚ ਕਿਸ ਨਾਲ ਵਫਾ ਨਿਭਾਈ? ਕਿਸ ਦੇ ਵਾਅਦਿਆਂ ਦੀ ਸਰਜ਼ਮੀਂ ਨੂੰ ਪਾਣੀ ਲਾਇਆ? ਕਿਸ ਦੇ ਦੀਦਿਆਂ 'ਚ ਸੂਹਾ ਸੁਪਨਾ ਟਿਕਾਇਆ? ਰੋਟੀਓਂ ਆਤੁਰ ਪਲਾਂ 'ਚ ਕਿਨ੍ਹਾਂ ਨੇ ਹਰ ਮੋੜ 'ਤੇ ਸਾਥ ਨਿਭਾਇਆ? ਕਿਹੜੇ ਕੁਲਹਿਣੇ ਸਮੇਂ ਨੇ ਸਾਡਾ ਸੂਰਜ ਗਹਿਣੇ ਪਾਇਆ ਅਤੇ ਕਿਸ ਰਹਿਬਰ ਨੇ ਸੱਗਵਾਂ ਸੂਰਜ ਝੋਲੀ ਪਾਇਆ? ਕਿਸ ਤਰ੍ਹਾਂ ਦੇ ਪਲਾਂ 'ਚ ਸ਼ਬਦਾਂ ਨਾਲ ਸਾਂਝ ਪਾਈ ਅਤੇ ਕਿੰਨੀ ਕੁ ਵਾਟ ਤੀਕ ਇਹ ਸਾਂਝ ਨਿਭਾਈ?

ਜਦੋਂ ਚਮਨ ਦੇ ਵਿਹੜੇ 'ਚ ਬੱਚਿਆਂ ਦੀ ਪੈੜ-ਚਾਲ ਦੂਰ ਤੁਰ ਜਾਂਦੀ ਹੈ ਤਾਂ ਤਿੱਤਲੀਆਂ ਪਕੜਨ ਦੀ ਰੁੱਤ ਉਦਾਸ ਹੋ ਜਾਂਦੀ ਏ। ਫੁੱਲਾਂ ਨਾਲ ਗੱਲਾਂ ਕਰਨ ਵਾਲਾ ਵਕਤ ਮਸੋਸ ਕੇ ਰਹਿ ਜਾਂਦਾ ਏ। ਬੂਟਿਆਂ ਨੂੰ ਪਾਣੀ ਪਾਉਣ ਵਾਲਾ ਸ਼ਰਾਰਤੀ ਸਕੂਨ ਬੇਚੈਨ ਹੋ ਜਾਂਦਾ ਏ।

ਬੱਚਿਆਂ ਦੇ ਦੂਰ ਤੁਰ ਜਾਣ 'ਤੇ ਵਿਹਲੇ ਮਾਪੇ, ਵਿਹਲੇ ਸਮਿਆਂ 'ਚ ਬੱਚਿਆਂ ਦੇ ਨਿੱਕੇ ਨਿੱਕੇ ਝਗੜਿਆਂ, ਉਨ੍ਹਾਂ ਦੀ ਸਿਮਰਤੀ ਨਾਲ ਜੁੜੀਆਂ ਵਸਤਾਂ, ਉਨ੍ਹਾਂ ਦੀਆਂ ਪੁਰਾਣੀਆਂ ਕਿਤਾਬਾਂ, ਕਾਪੀਆਂ ਜਾਂ ਬਚਪਨੇ ਦਾ ਵਹੀ ਖਾਤਾ ਖੋਲ੍ਹ ਵਕਤ ਦੀ ਦਹਿਲੀਜ਼ 'ਤੇ ਸਰੋਂ ਦਾ ਤੇਲ ਚੋਂਦੇ ਨੇ। ਫਿਰ ਯਾਦਾਂ 'ਚ ਗੁੰਮਿਆਂ ਲਈ ਬੀਤਦੇ ਵਕਤ ਦਾ ਅਹਿਸਾਸ ਨਹੀਂ ਰਹਿੰਦਾ।

ਬੱਚੇ ਮਾਂ-ਪਿਉ ਦੀ ਪਰਵਾਜ਼ ਅਤੇ ਮਾਂ-ਪਿਉ ਬੱਚਿਆਂ ਦੇ ਸੁਪਨ-ਸਾਜ਼। ਮਾਪੇ ਬੱਚਿਆਂ ਦੇ ਮਸਤਕ ਦੀਆਂ ਰੇਖਾਵਾਂ ਅਤੇ ਬੱਚੇ, ਮਾਪਿਆਂ ਦੀਆਂ ਚੁਫੇਰੇ ਫੈਲੀਆਂ ਭੁਜਾਵਾਂ। ਮਾਪੇ, ਨੌਜਵਾਨਾਂ ਦੀ ਪ੍ਰੇਰਨਾ ਸਰੋਤ ਅਤੇ ਨੌਜਵਾਨ, ਬਜ਼ੁਰਗੀ ਦੀ ਟੁੱਟਦੀ ਖੜੋਤ।

ਦੂਰ ਉਡਾਰੀ ਮਾਰ ਗਏ ਪਰਿੰਦੇ, ਜਦੋਂ ਆਲ੍ਹਣੇ ਨੂੰ ਵਿਸਾਰ ਦਿੰਦੇ ਨੇ ਤਾਂ ਬਾਬਿਆਂ ਵਰਗੇ ਬਿਰਖ ਉਦਾਸੀਨਤਾ ਦਾ ਪਹਿਰਾਵਾ ਪਹਿਨਦੇ ਨੇ। ਕਦੇ ਕਦੇ ਉਡੀਕ ਇੰਨੀ ਲੰਬੀ ਹੋ ਜਾਂਦੀ ਹੈ ਕਿ ਬੱਚਿਆਂ ਨੂੰ ਆਪਣੇ ਬਜ਼ੁਰਗਾਂ ਦੀਆਂ ਆਖਰੀ ਰਸਮਾਂ ਪੂਰੀਆਂ ਕਰਨਾ ਵੀ ਭੁੱਲ ਜਾਂਦਾ ਏ। ਨੌਕਰਾਂ ਹੱਥੀਂ ਬਜ਼ੁਰਗਾਂ ਦੀ ਸੇਵਾ-ਸੰਭਾਲ ਅਤੇ ਸਸਕਾਰ, ਹੁਣ ਸਾਡੀ ਮਾਨਸਿਕਤਾ ਲਈ ਓਪਰੇ ਨਹੀਂ ਰਹੇ।

ਜਦ ਬੁੱਢੇ ਮਾਪੇ ਤੁਰ ਜਾਣ ਤਾਂ ਘਰਾਂ ਦੀਆਂ ਖੋਖਲੀਆਂ ਕੰਧਾਂ, ਸਿਉਂਕੇ ਦਰਵਾਜੇ ਸੰਦੂਕ 'ਚ ਸਲ੍ਹਾਬੇ ਦਰੀਆਂ, ਖੇਸ ਤੇ ਫੁਲਕਾਰੀਆਂ ਅਤੇ ਪੋਟਲੀ 'ਚ ਸਾਂਭੀਆਂ ਨਿਸ਼ਾਨੀਆਂ ਹੀ ਘਰਾਂ ਨੂੰ ਪਰਤਦੇ ਪੈਰਾਂ ਦਾ ਸਵਾਗਤ ਕਰਦੀਆਂ ਨੇ।

ਆਪਣਾ ਸੁਭਾਅ, ਵਰਤਾਰਾ, ਵਿਚਾਰਾਂ ਅਤੇ ਸਰੋਕਾਰਾਂ ਨੂੰ ਸਮੇਂ ਦੇ ਹਾਣ ਦਾ ਕਰਨ ਵਾਲੇ ਮਾਪੇ ਬੱਚਿਆਂ ਦੇ ਮਨਾਂ ਦਾ ਇੱਜ਼ਤਦਾਰ ਜਗ੍ਹਾ ਬਣਾਉਂਦੇ ਨੇ। ਸਮਾਜਕ ਮਾਰਗ ਦੇ ਮੀਲ-ਪੱਥਰ ਬਣਦੇ ਨੇ। ਉਨ੍ਹਾਂ ਦੀ ਸੋਚ ਦੇ ਬਨੇਰਿਆਂ 'ਤੇ ਜਗਦੇ ਦੀਵਿਆਂ ਦਾ ਚਾਨਣ, ਅਜੋਕੀ ਮਨੁੱਖੀ ਭਟਕਣਾ ਦਾ ਸਾਰਥਕ ਮਾਰਗ ਬਣਦਾ ਏ।

ਬੱਚਿਆਂ ਦੇ ਉਡਾਰੀ ਭਰਨ ਦਾ ਜਸ਼ਨ ਮਨਾਈਏ। ਚੜ੍ਹਦੇ ਸੂਰਜ ਦੇ ਵਿਹੜੇ ਝੂਮਰ ਪਾਈਏ। ਚਾਨਣਾਂ ਦਾ ਹੋਕਾ ਲਾਈਏ। ਹਉਕਾ ਬਣੇ ਸਾਹਾਂ 'ਚ ਮਹਿਕਾਂ ਰਚਾਈਏ। ਉਦਾਸੀ ਦੇ ਆਲਮ ਤੋਂ ਨਿਜਾਤ ਪਾਈਏ। ਬੱਚਿਆਂ ਦੀ ਪ੍ਰਾਪਤੀ ਦਾ ਸ਼ੁਕਰ ਮਨਾਈਏ ਅਤੇ ਜ਼ਿੰਦਗੀ ਨੂੰ ਆਦਰਸ਼ਕ ਮਾਰਗ-ਦਰਸ਼ਕ ਬਣਾਈਏ।

## ਲਿਬਰਟੀ

ਔਰਤ!
ਦੀ ਕੁੱਖੋਂ ਜਨਮਿਆਂ,
ਔਰਤ ਲਈ ਸਤਿਕਾਰ ਹੈ।

ਚਿੰਤਤ ਹਾਂ,
ਉਹ ਵੀ ਮਾਂ ਵਾਂਗੂੰ,
ਪਰਵਾਸਣ, ਔਰਤ ਹੈ।

ਮਾਂ ਵਾਂਗੂੰ
ਪਿੱਤਰੀ ਦੇਸ਼ ਉਸ ਦਾ ਵੀ
ਅਤਿਵਾਦ ਤੋਂ ਪੀੜਤ ਹੈ।

ਫਿਕਰ ਹੈ,
ਉਸ ਦੇ ਦੇਸ਼ ਨਿਕਾਲੇ ਦਾ!
ਸ਼ਾਇਦ, ਉਹ ਵੀ
'ਅਨਡਾਕੂਮੈਂਟਿਡ' ਹੋਵੇ।

ਮਾਂ ਵਾਂਗੂੰ ਸਮਝ ਨਹੀਂ,
ਭੋਲੀ ਪਰਵਾਸਣ ਨੂੰ,
'ਅਨਡਾਕੂਮੈਂਟਿਡ' ਲਫਜ਼
ਦੇ ਸੱਜਰੇ ਅਰਥ।

ਖਾਮੋਸ਼ ਜਿਹੀ,
ਅਮਰੀਕਾ ਵਸਦੀ,
ਨਾ ਕੋਈ ਕਾਗਜ਼-ਪੱਤਰ
ਨਾ ਕੋਈ ਰਿਸ਼ਤੇਦਾਰ।
ਅਜਬ ਲਿਬਾਸ 'ਚ ਲਿਪਟੀ
ਵਾਸਾ ਉਸ ਦਾ ਨਿਊ ਯਾਰਕ ਵਿਚ
ਜਿੱਥੇ ਗੈਰ-ਕਾਨੂੰਨੀ
ਫੜੋ-ਫੜੀ ਦਾ ਰੌਲਾ ਬਾਹਲਾ।

ਸ਼ਾਇਦ! ਜ਼ੁਰਮ ਤਾਂ ਉਸ ਨੇ
ਕੀਤਾ ਨਹੀਂ ਕੋਈ,
ਖੜੀ ਏ ਇੱਕ ਥਾਂ,
ਫਿਰ ਵੀ ਪੈ ਸਕਦਾ ਏ
ਕੇਸ ਅਵਾਰਾਗਰਦੀ ਜਾਂ
ਜਨਤਾ ਭੜਕਾਉਣੇ ਦਾ।

ਨਿਊ ਯਾਰਕ ਦੇ ਤੱਟ 'ਤੇ
ਖੜ੍ਹੀ ਕਿਨਾਰੇ ਨੀਲੇ ਪਾਣੀ
ਇੱਕ ਹੱਥ ਮੱਚਦੀ ਮਿਸ਼ਾਲ
ਹੱਕਾਂ ਦੀ, ਦੂਜੇ ਹੱਥ ਤਖਤੀ
ਆਜ਼ਾਦੀ ਤਵਾਰੀਖ ਦੀ।

ਨਾਂ ਹੈ, ਉਸ ਦਾ 'ਲਿਬਰਟੀ'
ਹਾਕਮ-ਗੋਲੇ ਚਾਹੁਣ
ਤਾਂ ਹੁਣ ਬਣ ਸਕਦੀ ਏ 'ਬੰਦੀ',
ਜਲਾਵਤਨ ਵੀ ਹੋ ਸਕਦੀ ਏ
ਕੇਸ ਕੋਈ ਪੈ ਸਕਦੈ
ਬਦ ਅਮਨੀ, ਬਗਾਵਤ, ਭੜਕਾਹਟ
ਤੇ ਦੇਸ਼ ਧ੍ਰੋਹ ਦਾ!

*-ਹਰਜਿੰਦਰ ਦੋਸਾਂਝ*
*ਯੂਬਾ ਸਿਟੀ।*

## ਬਸੰਤ ਰੁੱਤ

ਕੁਦਰਤ ਰਾਣੀ, ਲੈ ਫੁਲਕਾਰੀ,
ਸੂਰਜ ਦੇ ਸੰਗ ਅੱਖ ਮਿਲਾਈ।
ਸੂਰਜ ਨੇ ਜਦ ਧਰਤ ਨੂੰ ਤੱਕਿਆ,
ਮਸਤੀ ਵਿਚ ਸੀ ਅੱਖ ਨਸ਼ਿਆਈ।

ਸੂਰਜ ਉਸ ਦਾ ਅੰਗ ਅੰਗ ਚੁੰਮਿਆ,
ਕਿਰਨਾਂ ਐਸੀ ਛਹਿਬਰ ਲਾਈ।
ਮਾਂ ਧਰਤੀ ਦੀ ਗੋਦ 'ਚ ਉਪਜੀ,
ਲੋਕਾਂ ਕਿਹਾ, 'ਬਸੰਤ ਹੈ ਆਈ।'

ਲੋਹੜੇ ਦਾ ਤੱਕ ਰੂਪ ਉਸ ਦਾ,
ਸੀ ਹੈਰਾਨ ਭਈ ਲੋਕਾਈ।
ਹਰ ਪ੍ਰਾਣੀ ਨੇ ਰੱਜ ਰੱਜ ਮਾਣੀ,
ਰੂਪ-ਮਤੀ ਦੀ ਹਰ ਅੰਗੜਾਈ।
ਕੁਦਰਤ ਰਾਣੀ ਸਜ ਧਜ ਬਹਿ ਗਈ
ਦੁਲਹਨ ਜਿਵੇਂ ਸਜ-ਵਿਆਹੀ।
ਮਸਤ ਅਵੱਲੜੀ ਲੋਰ 'ਚ ਆ ਕੇ,
ਲੋਕਾਂ ਕਿਹਾ, 'ਬਸੰਤ ਹੈ ਆਈ।'

ਰੰਗ ਰੰਗ ਵਿਚੋਂ ਹੁਸਨ ਛਲਕਦਾ,
ਕੁਦਰਤ ਸੁਰ ਤੇ ਤਾਲ 'ਚ ਆਈ।
ਆਲਮ ਖੀਵਾ-ਖੀਵਾ, ਵਣ ਤ੍ਰਿਣ,
ਸੰਦਲੀ ਪੌਣਾਂ ਮਹਿਕ ਫੈਲਾਈ।
ਜਿਵੇਂ ਨੱਢੀ ਨੇ ਨਾਲ ਰੀਝ ਦੇ,
ਫੁੱਲਾਂ ਭਰੀ ਚੰਗੇਰ ਸਜਾਈ।
ਰੁੱਤ ਜੋਬਨ ਦੇ ਆਸ਼ਕ ਸਾਰੇ,
ਲੋਕਾਂ ਕਿਹਾ, 'ਬਸੰਤ ਹੈ ਆਈ।'

ਸਾਵੀ ਪੀਲੀ ਚਾਦਰ ਤਾਣੀ,
ਧਰਤੀ ਅੱਗੇ ਭਰੀ ਭਰਾਈ।
ਹੀਰੇ ਰਤਨ, ਜਵਾਹਰ ਮੋਤੀ,
ਬੈਠੀ ਗੋਦੀ ਵਿਚ ਲੁਕਾਈ।
ਝਰਨਿਆਂ ਦੇ ਗੀਤ ਅਦੁੱਤੀ,
ਪਾ ਦਿੱਤੀ ਸੀ ਅਜਬ ਦੁਹਾਈ।
ਭੰਗੜੇ-ਗਿੱਧੇ ਹਰ ਥਾਂ ਸਜ ਗਏ,
ਲੋਕਾਂ ਕਿਹਾ, 'ਬਸੰਤ ਹੈ ਆਈ।'

*-ਮਨਜੀਤ ਸਿੰਘ ਗਿੱਲ*
*ਡਿਟਰਾਇਟ, ਮਿਸ਼ੀਗਨ।*
*ਫੋਨ: 248-885-6680*

# ਪੰਜਾਬ ਤੋਂ ਹਾਲੀਵੁੱਡ



ਫਿਲਮ 'ਦਿ ਬਲੈਕ ਪ੍ਰਿੰਸ' ਵਿਚ ਸਤਿੰਦਰ ਸਰਤਾਜ

'ਦਿ ਬਲੈਕ ਪ੍ਰਿੰਸ' ਫਿਲਮਸਾਜ਼ ਕਵੀ ਰਾਜ਼ ਵੱਲੋਂ ਤਿਆਰ ਕੀਤੀ ਫਿਲਮ ਹੈ ਜਿਸ ਵਿਚ ਪੰਜਾਬ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਅਤੇ ਬਰਤਾਨੀਆ ਦੀ ਮਹਾਰਾਣੀ ਵਿਕਟੋਰੀਆ ਦੀ ਕਹਾਣੀ ਸੁਣਾਈ ਗਈ ਹੈ। ਫਿਲਮ ਦੀ ਕਹਾਣੀ ਸਿਆਸਤ ਅਤੇ ਦੋ ਸਭਿਆਚਾਰਾਂ ਦੇ ਭੇੜ ਨੂੰ ਦਰਸਾਉਂਦੀ ਹੈ। ਇਸ ਫਿਲਮ ਵਿਚ ਮਹਾਰਾਜਾ ਦਲੀਪ ਸਿੰਘ ਵਾਲਾ ਕਿਰਦਾਰ ਮਸ਼ਹੂਰ ਗਾਇਕ ਸਤਿੰਦਰ ਸਰਤਾਜ ਅਤੇ ਉਸ ਦੀ ਮਾਂ ਦਾ ਕਿਰਦਾਰ ਮਸ਼ਹੂਰ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਨਿਭਾਇਆ ਹੈ। ਫਿਲਮਸਾਜ਼ ਕਵੀਰਾਜ਼ ਭਾਰਤੀ ਮੂਲ ਦਾ ਅਦਾਕਾਰ ਬ੍ਰਿਟਿਸ਼ ਲੇਖਕ ਅਤੇ ਨਿਰਮਾਤਾ ਹੈ। ਪਹਿਲਾਂ ਪਹਿਲ ਉਸ ਨੇ 'ਵਾਂਡਰਿੰਗ ਪਲੇਅਰਜ਼' ਨਾਂ ਦੀ ਥੀਏਟਰ ਕੰਪਨੀ ਬਣਾਈ ਸੀ। ਇਸ ਕੰਪਨੀ ਦਾ ਕਰਤਾ-ਧਰਤਾ ਉਹ ਖੁਦ ਸੀ। ਇਸ ਥੀਏਟਰ ਕੰਪਨੀ ਨੇ ਸੰਸਾਰ ਭਰ ਵਿਚ ਕਈ ਥਾਂ ਨਾਟਕ ਖੇਡੇ। 1978 ਵਿਚ ਰਾਜ਼ ਨੇ ਅਪਣੀ ਨਿਰਮਾਣ ਕੰਪਨੀ ਕੇ.ਆਰ. ਫਿ.ਲਮਜ਼ ਹਾਲੀਵੁੱਡ ਬਣਾ ਲਈ ਸੀ।

ਫਿਲਮ 'ਦਿ ਬਲੈਕ ਪ੍ਰਿੰਸ' ਇਸੇ ਸਾਲ 19 ਮਈ ਨੂੰ ਸੰਸਾਰ ਭਰ ਵਿਚ ਰਿਲੀਜ਼ ਕੀਤੀ ਜਾ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜ ਵਰ੍ਹਿਆਂ ਦੀ ਉਮਰ ਵਿਚ ਦਲੀਪ ਸਿੰਘ ਨੂੰ ਗੱਦੀ ਉਤੇ ਬਠਾਇਆ ਗਿਆ ਸੀ, ਪਰ ਅੰਗਰੇਜ਼ਾਂ ਨੇ 1849 ਵਿਚ ਪੰਜਾਬ ਉਤੇ ਕਬਜ਼ਾ ਕਰ ਲਿਆ ਅਤੇ ਮਹਾਰਾਜਾ ਦਲੀਪ ਸਿੰਘ ਗੱਦੀ ਤੋਂ ਲਾਹ ਕੇ ਨਾਲ ਹੀ ਇੰਗਲੈਂਡ ਭੇਜ ਦਿੱਤਾ ਗਿਆ। ਉਹਨੇ ਭਾਰਤ ਪਰਤ ਕੇ ਆਪਣਾ ਰਾਜ ਹਾਸਲ ਕਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਅੰਗੇਰਜ਼ਾਂ ਨੇ ਉਸ ਦੀ ਇਕ ਨਾ ਚੱਲਣ ਦਿੱਤੀ ਅਤੇ ਆਖਰਕਾਰ 1893 ਵਿਚ ਉਹ ਪੈਰਿਸ ਦੇ ਇਕ ਹੋਟਲ ਵਿਚ ਇਕਾਂਤਵਾਸ, ਫੌਤ ਹੋ ਗਿਆ। ਆਸ ਕੀਤੀ ਜਾ ਰਹੀ ਹੈ ਕਿ ਮਹਾਰਾਜਾ ਦਲੀਪ ਸਿੰਘ ਬਾਰੇ ਬਣਾਈ ਫਿਲਮ 'ਦਿ ਬਲੈਕ ਪ੍ਰਿੰਸ' ਇਤਿਹਾਸ ਦੀ ਕਥਾ ਸੁਣਾ ਕੇ ਖੂਬ ਧੁੰਮਾਂ ਪਾਵੇਗੀ। *-ਆਮਨਾ ਸਿੰਘ*



'ਦਿ ਬਲੈਕ ਪ੍ਰਿੰਸ' ਵਿਚ ਸ਼ਬਾਨਾ ਆਜ਼ਮੀ

# 'ਫਿਲੌਰੀ' ਦੀ ਫੌਜ



**ਗੁਰਜੰਟ ਸਿੰਘ**

ਬਤੌਰ ਨਿਰਮਾਤਾ 'ਫਿਲੌਰੀ' ਅਦਾਕਾਰਾ ਅਨੁਸ਼ਕਾ ਸ਼ਰਮਾ ਦੀ ਦੂਜੀ ਫਿਲਮ ਹੈ। ਇਸ ਤੋਂ ਪਹਿਲਾਂ ਉਹ 'ਐਨ.ਐਚ.-10' ਫਿਲਮ ਬਣਾ ਕੇ ਕਮਾਈਆਂ ਕਰ ਚੁੱਕੀ ਹੈ। ਉਸ ਫਿਲਮ ਵਿਚ ਅਨੁਸ਼ਕਾ ਦਾ ਨਾਇਕ ਰਣਦੀਪ ਹੁੱਡਾ ਸੀ ਅਤੇ ਐਤਕੀਂ ਦਲਜੀਤ ਦੁਸਾਂਝ ਫਿਲਮ 'ਫਿਲੌਰੀ' ਦਾ ਨਾਇਕ ਬਣਿਆ ਹੈ। ਇਹ ਫਿਲਮ 24 ਮਾਰਚ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਫਿਲਮਸਾਜ਼ ਅਨਸ਼ਾਈ ਲਾਲ ਦੀ ਇਹ ਪਲੇਠੀ ਫਿਲਮ ਹੈ। ਉਹ 2006 ਤੋਂ ਫਿਲਮਸਾਜ਼ੀ ਨਾਲ ਜੁੜਿਆ ਹੋਇਆ ਹੈ ਅਤੇ 'ਪਿਆਰ ਕੇ ਸਾਈਡਇਫੈਕਟ', 'ਚੱਕ ਦੇ! ਇੰਡੀਆ', 'ਹਾਊਸਫੁਲ', 'ਹਿੰਮਤਵਾਲਾ' ਅਤੇ 'ਦੋਸਤਾਨਾ' ਵਰਗੀਆਂ ਸਫਲ ਫਿਲਮਾਂ ਨਾਲ ਸਹਾਇਕ ਨਿਰਦੇਸ਼ਕ ਵਜੋਂ ਕੰਮ ਕਰ ਚੁੱਕਾ ਹੈ।



ਫਿਲਮ ਵਿਚ ਅਨੁਸ਼ਕਾ ਸ਼ਰਮਾ ਅਤੇ ਦਲਜੀਤ ਦੁਸਾਂਝ ਤੋਂ ਇਲਾਵਾ ਸੂਰਜ ਸ਼ਰਮਾ ਅਤੇ ਮਹਿਰੀਨ ਕੌਰ ਪੀਰਜ਼ਾਦਾ ਨੇ ਵੀ ਅਦਾਕਾਰੀ ਦੇ ਜਲਵੇ ਦਿਖਾਏ ਹਨ। ਬਠਿੰਡਾ ਵਿਚ ਜੰਮੀ ਮਹਿਰੀਨ ਕੌਰ ਦੀ ਇਹ ਪਹਿਲੀ ਹਿੰਦੀ ਫਿਲਮ ਹੈ। ਪਿਛਲੇ ਸਾਲ ਉਸ ਦੀ ਇਕ ਤੇਲਗੂ ਫਿਲਮ ਰਿਲੀਜ਼ ਹੋਈ ਸੀ। ਮਹਿਰੀਨ ਮਸਾਂ 10 ਵਰ੍ਹਿਆਂ ਦੀ ਸੀ ਜਦੋਂ ਉਸ ਨੇ ਕੈਟਵਾਕ ਦੌਰਾਨ ਸਭ ਨੂੰ ਪ੍ਰਭਾਵਿਤ ਕਰ ਲਿਆ ਸੀ। ਫਿਰ ਉਹਨੇ 'ਕਸੌਲੀ ਪ੍ਰਿੰਸਸ' ਦਾ ਖਿਤਾਬ ਜਿਤਿਆ ਅਤੇ ਹੁਣ ਉਸ ਨੂੰ 'ਫਿਲੌਰੀ' ਤੋਂ ਵੱਡੀਆਂ ਆਸਾਂ ਹਨ। ਕਿਹਾ ਜਾ ਰਿਹਾ ਹੈ ਕਿ 'ਫਿਲੌਰੀ' ਹਾਲੀਵੁੱਡ ਦੀ ਫਿਲਮ 'ਕੋਰਪਸ ਬ੍ਰਾਈਡ' (ਮ੍ਰਿਤਕ ਲਾੜੀ) ਤੋਂ ਪ੍ਰਭਾਵਤ ਹੈ। ਇਹ ਐਨੀਮੇਸ਼ਨ ਫਿਲਮ ਹੈ ਅਤੇ ਇਸ ਵਿਚ ਵਿਕਟੋਰੀਆ ਯੁੱਗ (1837-1901) ਦੀ ਪਿਆਰ ਕਹਾਣੀ ਸੁਣਾਈ ਗਈ ਹੈ। ਇਸ ਫਿਲਮ ਵਾਂਗ 'ਫਿਲੌਰੀ' ਵਿਚ ਵੀ ਅਨੁਸ਼ਕਾ ਸ਼ਰਮਾ ਨੇ ਭੂਤਨੀ ਦਾ ਕਿਰਦਾਰ ਨਿਭਾਇਆ ਹੈ ਅਤੇ ਇਹ ਕਹਾਣੀ ਵੀ ਪੁਰਾਣੇ ਯੁੱਗਾਂ ਦੀ ਹੈ। ਕਹਾਣੀ ਇੰਨੀ ਕੁ ਹੈ ਕਿ ਪਰਵਾਸੀ ਨੌਜਵਾਨ ਜਿਸ ਦਾ ਕਿਰਦਾਰ ਸੂਰਜ ਸ਼ਰਮਾ ਨੇ ਨਿਭਾਇਆ ਹੈ, ਮੰਗਲੀਕ ਹੈ; ਉਸ ਨੂੰ ਵਿਆਹ ਤੋਂ ਪਹਿਲਾਂ ਕਿਸੇ ਦਰੱਖਤ ਨਾਲ ਫੇਰੇ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸੇ ਦਰੱਖ਼ਤ ਉਤੇ ਸ਼ਸ਼ੀ (ਅਨੁਸ਼ਕਾ ਸ਼ਰਮਾ) ਨਾਂ ਦੀ ਭੂਤਨੀ ਦਾ ਵਾਸਾ ਹੈ। ਉਹ ਜ਼ੋਰ ਪਾਉਂਦੀ ਹੈ ਕਿ ਸੂਰਜ ਉਸ ਨੂੰ ਆਪਣੀ ਲਾੜੀ ਸਵੀਕਾਰ ਕਰੇ। ਇਸ ਤੋਂ ਬਾਅਦ ਕਹਾਣੀ ਫਲੈਸ਼ਬੈਕ ਵਿਚ ਚਲੀ ਜਾਂਦੀ ਹੈ ਜਿਸ ਵਿਚ ਸ਼ਸ਼ੀ, ਇਕ ਲੋਕ ਗਾਇਕ ਨੂੰ ਮੁਹੱਬਤ ਕਰਦੀ ਹੈ। ਇਸ ਲੋਕ ਗਾਇਕ ਦਾ ਕਿਰਦਾਰ ਦਲਜੀਤ ਦੁਸਾਂਝ ਨੇ ਨਿਭਾਇਆ ਹੈ।

ਇਸੇ ਸਾਲ ਅਨੁਸ਼ਕਾ ਸ਼ਰਮਾ ਦੀਆਂ ਦੋ ਹੋਰ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਪਹਿਲੀ ਫਿਲਮ 'ਦਿ ਰਿੰਗ' ਹੈ ਜੋ ਦੋ ਅਗਸਤ ਨੂੰ ਰਿਲੀਜ਼ ਹੋਣੀ ਹੈ। ਇਮਤਿਆਜ਼ ਅਲੀ ਦੀ ਨਿਰਦੇਸ਼ਨਾ ਵਾਲੀ ਇਸ ਫਿਲਮ ਦਾ ਹੀਰੋ ਸ਼ਾਹਰੁਖ ਖਾਨ ਹੈ। ਦੂਜੀ ਫਿਲਮ 'ਦੱਤ' ਹੈ ਜੋ ਉਘਾ ਫਿਲਮਸਾਜ਼ ਰਾਜ ਕੁਮਾਰ ਇਰਾਨੀ ਬਣਾ ਰਿਹਾ ਹੈ। ਇਹ ਫਿਲਮ ਅਦਾਕਾਰ ਸੰਜੇ ਦੱਤ ਦੀ ਜ਼ਿੰਦਗੀ 'ਤੇ ਆਧਾਰਤ ਹੈ। ਫਿਲਮ ਵਿਚ ਸੰਜੇ ਦੱਤ ਵਾਲਾ ਕਿਰਦਾਰ ਰਣਬੀਰ ਕਪੂਰ ਅਦਾਕਾਰ ਕਰ ਰਿਹਾ ਹੈ।

# ਅਮਿਤਾਬ, ਐਂਗਰੀ ਯੰਗਮੈਨ ਤੇ 'ਲਾਵਾਰਿਸ'




ਫਿਲਮ 'ਜ਼ੰਜੀਰ' ਦੀ ਸਫਲਤਾ ਤੋਂ ਬਾਅਦ ਪ੍ਰਕਾਸ਼ ਮਹਿਰਾ ਅਤੇ ਅਮਿਤਾਬ ਬੱਚਨ ਨੇ ਲਗਾਤਾਰ ਛੇ ਫਿਲਮਾਂ ਬਣਾਈਆਂ- ਲਾਵਾਰਿਸ, ਨਮਕ ਹਲਾਲ, ਸ਼ਰਾਬੀ, ਜਾਦੂਗਰ ਅਤੇ ਮੁਕੱਦਰ ਕਾ ਸਿਕੰਦਰ। ਇਨ੍ਹਾਂ ਵਿਚੋਂ ਸਭ ਤੋਂ ਵੱਧ ਖਰਚੇ ਨਾਲ ਤਿਆਰ ਹੋਈ 'ਜਾਦੂਗਰ' ਫੇਲ੍ਹ ਹੋ ਗਈ। ਇਸ ਫਿਲਮ ਦੀ ਅਸਫਲਤਾ ਦੇ ਨਾਲ ਹੀ ਅਮਿਤਾਬ ਦੇ ਕੈਰੀਅਰ ਦਾ ਗਰਾਫ ਵੀ ਥੱਲੇ ਖਿਸਕਣਾ ਸ਼ੁਰੂ ਹੋ ਗਿਆ। ਪ੍ਰਕਾਸ਼ ਮਹਿਰਾ ਦੀਆਂ ਬਾਕੀ ਫਿਲਮਾਂ ਵਾਂਗ 'ਲਾਵਾਰਿਸ' ਵੀ ਅਜਿਹੇ ਪਲਾਟ 'ਤੇ ਆਧਾਰਤ ਸੀ ਜਿਸ ਦੇ ਨਾਟਕੀ ਅੰਸ਼ਾਂ ਉਤੇ ਵਿਸ਼ਵਾਸ ਨਹੀਂ ਆਉਂਦਾ। ਇਹ ਪ੍ਰਕਾਸ਼ ਮਹਿਰਾ ਦੇ ਨਿਰਦੇਸ਼ਨ ਦਾ ਕਮਾਲ ਕਿਹਾ ਜਾ ਸਕਦਾ ਹੈ ਕਿ ਦਰਸ਼ਕ ਫਿਲਮਾਂ ਨੂੰ ਫਿਲਮਾਂ ਦੀ ਕਹਾਣੀ ਅਤੇ ਸੁਨੇਹੇ ਨਾਲੋਂ ਫਿਲਮ ਦੇ ਗਾਣਿਆਂ ਤੇ ਡਾਇਲਾਗਾਂ ਦੀ ਲੋਕਪ੍ਰਿਯਤਾ ਰਾਹੀਂ ਜ਼ਿਆਦਾ ਜਾਣਨ ਲੱਗ ਪਏ। ਮਸਲਨ 'ਲਾਵਾਰਿਸ' ਦੇ ਗਾਣੇ 'ਮੇਰੇ ਅੰਗਣੇ ਮੇਂ ਤੁਮਹਾਰਾ ਕਿਆ ਕਾਮ ਹੈ' ਨੇ ਲਕੋਕਤੀ ਦਾ ਰੂਪ ਧਾਰ ਲਿਆ। ਇਸ ਫਿਲਮ ਦੇ ਬਾਕੀ ਗਾਣੇ ਜਿਵੇਂ 'ਕਾਹੇ ਪੈਸੇ ਪੇ ਇਤਨਾ ਗੁਮਾਨ ਕਰੇ ਹੈ' ਅਤੇ 'ਅਪਨੀ ਤੋਂ ਜੈਸੇ-ਤੈਸੇ' ਨੇ ਇਸ ਫਿਲਮ ਦੀ ਸੰਗੀਤਕਾਰ ਜੋੜੀ ਕਲਿਆਣ ਜੀ-ਆਨੰਦ ਜੀ ਨੂੰ ਰਾਤੋ-ਰਾਤ ਸ਼ੁਹਰਤ ਦੀ ਬੁਲੰਦੀ 'ਤੇ ਪਹੁੰਚਾ ਦਿੱਤਾ। ਫਿਲਮ ਦਾ ਸਭ ਤੋਂ ਜ਼ਿਆਦਾ ਫਾਇਦਾ ਹੋਇਆ ਨਵੀਂ ਗਾਇਕਾ ਅਲਕਾ ਯਾਗਨਿਕ ਨੂੰ ਜਿਸ ਨੇ ਫਿਰ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਫਿਲਮ ਦੀ ਕਹਾਣੀ ਅਨੁਸਾਰ, ਲੱਖਪਤੀ ਸਨਅਤਕਾਰ (ਅਮਜਦ ਖਾਨ) ਦੇ ਕਲੱਬ ਵਿਚ ਗਾਉਣ ਵਾਲੀ ਲੜਕੀ (ਰਾਖੀ) ਨਾਲ ਪ੍ਰੇਮ ਸਬੰਧਾਂ ਵਿਚੋਂ ਪੈਦਾ ਹੋਏ ਬੱਚੇ ਦਾ ਬਚਪਨ ਸੜਕਾਂ 'ਤੇ ਰੁਲ ਜਾਂਦਾ ਹੈ। ਉਸ ਨੂੰ ਕੋਈ ਸ਼ਰਾਬੀ ਪਾਲਦਾ ਹੈ ਜਿਸ ਲਈ ਸ਼ਰਾਬ ਹੀ ਸਭ ਕੁਝ ਹੈ। ਬੱਚੇ ਆਪਣੇ ਲਾਵਾਰਿਸ ਹੋਣ ਦਾ ਰੰਜ਼ ਅੰਦਰ ਹੀ ਅੰਦਰ ਫੂਕਦਾ ਰਹਿੰਦਾ ਹੈ। ਜਵਾਨ ਹੋਣ ਸਾਰ ਉਹ ਆਪਣੀ ਰੋਜ਼ੀ-ਰੋਟੀ ਲਈ ਮਹਿੰਦਰ ਸਿੰਘ (ਰਣਜੀਤ) ਦਾ ਹੱਥ-ਠੋਕਾ ਬਣ ਜਾਂਦਾ ਹੈ। ਇਸੇ ਦੌਰਾਨ ਉਸ ਦੀ ਮੁਲਾਕਾਤ ਮੋਹਣੀ (ਜ਼ੀਨਤ ਅਮਾਨ) ਨਾਲ ਹੁੰਦੀ ਹੈ ਜੋ ਸ਼ੁਰੂ ਵਿਚ ਉਸ ਨੂੰ ਇਸ ਲਈ ਠੁਕਰਾ ਦਿੰਦੀ ਹੈ ਕਿਉਂਕਿ ਉਸ ਦੇ ਘਰ-ਪਰਿਵਾਰ ਦਾ ਕੋਈ ਅਤਾ-ਪਤਾ ਨਹੀਂ। ਨਿਰਾਸ਼ ਹੋ ਕੇ ਹੀਰਾ ਆਪਣ ਪਰਿਵਾਰ ਦੀ ਤਲਾਸ਼ ਵਿਚ ਨਿਕਲਦਾ ਹੈ। ਫਿਲਮ ਭਾਵੇਂ ਜਾਣੇ-ਪਛਾਣੇ ਢੰਗ ਨਾਲ ਖਤਮ ਹੁੰਦੀ ਹੈ, ਇਸ ਵਿਚ ਘਟਨਾਵਾਂ ਦਿਲਚਸਪ ਢੰਗ ਨਾਲ ਬੁਣੀਆਂ ਹਨ।

ਇਹ ਫਿਲਮ ਬਣਨ ਦਾ ਸਮਾਂ ਵੀ ਘੱਟ ਦਿਲਚਸਪ ਨਹੀਂ। ਇਸ ਦੌਰ ਵਿਚ ਸਿਆਸੀ ਹਿੰਸਾ ਨੂੰ ਦੱਬੇ ਸੁਰ ਵਿਚ ਸੱਤਾ ਦੀ ਪ੍ਰਵਾਨਗੀ ਮਿਲਣ ਲੱਗ ਪਈ ਸੀ। ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸੰਦੇਸ਼ ਦੀ ਧੁਨੀ ਮੱਧਮ ਪੈ ਰਹੀ ਸੀ ਅਤੇ ਇੰਦਰਾ ਗਾਂਧੀ ਦੇ ਲਾਇਸੈਂਸਾਂ/ਪਰਮਿਟਾਂ ਵਾਲੇ ਰਾਜ ਤੋਂ ਲੋਕ ਅੱਕ ਰਹੇ ਸਨ। ਦੂਜੇ ਪਾਸੇ ਅਵਾਮ ਦੇ ਸੁਪਨਿਆਂ ਉਪਰ ਲਾਲ-ਫੀਤਾਸ਼ਾਹੀ ਅਤੇ ਬਾਬੂਗਿਰੀ ਦਾ ਸ਼ਿਕੰਜ਼ਾ ਕਸਦਾ ਜਾ ਰਿਹਾ ਸੀ। ਉਸ ਦੌਰ ਵਿਚ ਰਾਜੇਸ਼ ਖੰਨਾ ਦਾ ਰੁਮਾਂਸਵਾਦ, ਦੇਵ ਆਨੰਦ ਦੀ ਮਸਤਾਨੀ ਅਦਾ ਅਤੇ ਰਾਜ ਕਪੂਰ ਦੀ 'ਫਿਰ ਵੀ ਦਿਲ ਹੈ ਹਿੰਦੋਸਤਾਨੀ' ਵਾਲਾ ਜਾਦੂ ਲੋਕਾਂ ਦੇ ਦਿਲਾਂ ਤੋ ਉਤਰ ਰਿਹਾ ਸੀ। ਸੜਕਾਂ ਦੇ ਚੌਕਾਂ 'ਤੇ ਬੇਰੁਜ਼ਗਾਰਾਂ ਦੀਆਂ ਭੀੜਾਂ ਵਧ ਰਹੀਆਂ ਸਨ। ਗਲੀਆਂ-ਬਾਜ਼ਾਰਾਂ ਵਿਚ ਮੰਗਤਿਆਂ ਦੀ ਨਵੀਂ ਨਸਲ ਪੈਦਾ ਹੋ ਚੁੱਕੀ ਸੀ। ਸਿਆਸੀ ਖੇਮਿਆਂ ਵਿਚ ਵਧੀਆ ਤੇ ਟਿਕਾਊ ਨਾਅਰੇ ਲਿਖਣ ਵਾਲਿਆਂ ਦਾ ਮੂੰਹ ਮੰਗਿਆ ਮੁੱਲ ਤਾਰਿਆ ਜਾ ਰਿਹਾ ਸੀ। ਨਾਅਰੇ ਸਿਆਸੀ ਪਾਰਟੀਆਂ ਦੀ ਪਛਾਣ ਬਣ ਰਹੇ ਸਨ। ਇਹ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਉਸ ਦੌਰ ਦਾ ਦਰਸ਼ਕ ਸਿਨੇਮਾ ਦੀ ਸਕਰੀਨ 'ਤੇ ਲੜੀ ਜਾ ਰਹੀ ਇਨਸਾਫ ਦੀ ਜੰਗ ਦੀ ਕਿੰਨੀ ਯਾਦ ਆਪਣੇ ਨਾਲ ਲੈ ਕੇ ਘਰ ਨੂੰ ਵਾਪਿਸ ਜਾਂਦਾ ਹੋਵੇਗਾ! ਉਸ ਦੇ ਫਿਲਮੀ ਹੀਰੋ ਦੀ ਜਿੱਤ ਉਸ ਦੀ ਨਿਰਾਸ਼ਾ ਨੂੰ ਹੋਰ ਡੂੰਘਿਆਂ ਨਹੀਂ ਕਰਦੀ ਹੋਵੇਗੀ?



ਅਲਕਾ ਯਾਗਨਿਕ



**ਕੁਲਦੀਪ ਕੌਰ**
ਫੋਨ: +91-98554-04330

# ਗੁਜਰਾਤ ਫਾਈਲਾਂ



**ਪਰਦਾਪੋਸ਼ੀ ਦੀ ਚੀਰਫਾੜ**


**ਕਾਂਡ ਗਿਆਰਵਾਂ**

*'ਗੁਜਰਾਤ ਫਾਈਲਾਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



## ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ-ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮੜੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੂਦੀਨ ਦਾ ਜ਼ਿਕਰ ਆਇਆ ਤਾਂ ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਉਹਨੇ ਲੱਕ ਬੰਨ੍ਹ ਲਿਆ, ਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਹਨੇ ਤਤਕਾਲੀ ਮੰਤਰੀ ਮਾਇਆ ਕੋਡਨਾਨੀ, ਅਤਿਵਾਦੀ ਵਿਰੋਧੀ ਦੇ ਮੁਖੀ ਜੀ.ਐਲ. ਸਿੰਘਲ, ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ, ਪੁਲਿਸ ਅਫਸਰ ਊਸ਼ਾ ਰਾਡਾ, ਅਸ਼ੋਕ ਨਰਾਇਣ, ਜੀ.ਸੀ. ਰੈਗਰ, ਪੀ.ਸੀ. ਪਾਂਡੇ ਨਾਲ ਮੁਲਾਕਾਤਾਂ ਕੀਤੀਆਂ ਅਤੇ ਗੁੱਝੇ ਭੇਤ ਕਢਵਾਏ। ਇਸ ਵਾਰ ਪੇਸ਼ ਹੈ, ਕਿਤਾਬ ਦੀ ਆਖਰੀ ਕਿਸ਼ਤ...*







*ਗੁਜਰਾਤ ਬਾਰੇ ਕੱਢੇ ਹਫਤਾਵਾਰੀ 'ਤਹਿਲਕਾ' ਦੇ ਦੋ ਟਾਈਟਲ।*


# ਖਾਮੋਸ਼ੀ ਦਾ ਖੁਲਾਸਾ ਤੇ ਤਹਿਲਕਾ

ਛਾਣਬੀਣ ਤੋਂ ਬਾਅਦ ਮੈਂ ਵਾਪਸ ਮੁੰਬਈ ਆ ਗਈ ਸੀ ਅਤੇ ਫਿਰ ਇਕ ਦਿਨ ਪੀ.ਸੀ. ਪਾਂਡੇ ਦਾ ਫ਼ੋਨ ਆਇਆ- ਕੀ ਮੈਂ ਫਿਲਮ ਬਾਰੇ ਆਪਣਾ ਖੋਜ ਦਾ ਕੰਮ ਸਮੇਟ ਲਿਆ ਸੀ। ਉਸ ਨੇ ਸੁਝਾਅ ਦਿੱਤਾ ਕਿ ਮੈਂ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਮਿਲਾਂ। ਮੈਨੂੰ ਹੋਰ ਕੀ ਚਾਹੀਦਾ ਸੀ। ਮੈਂ ਆਪਣੇ ਸੀਨੀਅਰਾਂ ਨੂੰ ਮੇਲ ਕੀਤੀ ਅਤੇ ਸ਼ੋਮਾ ਚੌਧਰੀ ਤੇ ਤਰੁਣ ਤੇਜਪਾਲ ਨੇ ਮੈਨੂੰ ਤੁਰੰਤ ਹਰੀ ਝੰਡੀ ਦੇ ਦਿੱਤੀ। ਉਨ੍ਹਾਂ ਨੇ ਆਖ਼ਰੀ ਵਾਰ ਮੇਰੀ ਮਦਦ ਕਰਨ ਲਈ ਮਾਈਕ ਨੂੰ ਅਹਿਮਦਾਬਾਦ ਭੇਜਣ ਦਾ ਇੰਤਜ਼ਾਮ ਵੀ ਕਰ ਦਿੱਤਾ। ਮਾਈਕ ਦੇ ਮਾਂ-ਪਿਓ ਉਸ ਨੂੰ ਮਿਲਣ ਲਈ ਦਿੱਲੀ ਆਏ ਹੋਏ ਸਨ, ਪਰ ਕਿਵੇਂ ਨਾ ਕਿਵੇਂ ਉਸ ਨੇ ਇਕ ਦਿਨ ਲਈ ਅਹਿਮਦਾਬਾਦ ਜਾਣ ਦਾ ਬਹਾਨਾ ਬਣਾ ਲਿਆ।

ਮੈਂ ਮਾਈਕ ਨੂੰ ਸਪਸ਼ਟ ਕਰ ਦਿੱਤਾ ਕਿ ਮੁੱਖ ਮੰਤਰੀ ਦੀ ਰਿਹਾਇਸ਼ ਉਪਰ ਕਰੜੀ ਤਲਾਸ਼ੀ ਹੋਵੇਗੀ ਅਤੇ ਸਾਨੂੰ ਉਥੇ ਜਾਣਾ ਹੀ ਪਵੇਗਾ; ਨਹੀਂ ਤਾਂ ਪੀ.ਸੀ. ਪਾਂਡੇ ਨੂੰ ਸ਼ੱਕ ਹੋ ਜਾਵੇਗਾ। ਰਿਕਾਰਡਿੰਗ ਕਰਨ ਲਈ ਮੈਂ ਆਪਣੀ ਉਹ ਘੜੀ ਪਹਿਨ ਲਈ ਜਿਸ ਵਿਚ ਕੈਮਰਾ ਜੜਿਆ ਹੋਇਆ ਸੀ। ਉਸ ਦਿਨ ਅਸੀਂ ਇਕ ਸਥਾਨਕ ਟੂਰਿਸਟ ਟੈਕਸੀ ਕਿਰਾਏ 'ਤੇ ਲੈ ਲਈ ਸੀ। ਮੈਂ ਕਿਉਂਕਿ ਹੁਣ ਫਾਊਂਡੇਸ਼ਨ ਵਿਖੇ ਨਹੀਂ ਰਹਿ ਰਹੀ ਸੀ, ਇਸ ਲਈ ਇਕ ਦਿਨ ਦੀ ਖ਼ਾਤਰ ਮੈਂ ਐਸ.ਜੀ. ਹਾਈਵੇਅ ਉਪਰਲੇ ਉਸੇ ਸੁੰਨ-ਮਸਾਨ ਬੰਗਲੇ ਦੀਆਂ ਚਾਬੀਆਂ ਲੈ ਲਈਆਂ ਸਨ। ਮਾਈਕ ਅਤੇ ਮੈਂ ਮੋਦੀ ਦੀ ਗਾਂਧੀਨਗਰ ਵਾਲੀ ਰਿਹਾਇਸ਼ ਉਪਰ ਇਕ ਘੰਟਾ ਪਹਿਲਾਂ ਹੀ ਜਾ ਪਹੁੰਚੇ। ਅਸੀਂ ਆਪਣੇ ਟੈਕਸੀ ਚਾਲਕ ਨੂੰ ਟੈਕਸੀ ਕਿਤੇ ਲਾਗੇ ਹੀ ਲਗਾਉਣ ਲਈ ਕਿਹਾ ਤੇ ਇੱਧਰ ਅਸੀਂ ਕੰਧ-ਘੜੀ ਦੀ ਟਿੱਕ-ਟਿੱਕ 'ਤੇ ਨਜ਼ਰ ਟਿਕਾਈ ਇੰਤਜ਼ਾਰ ਕਰਨ ਲੱਗੇ। ਮੈਂ ਪ੍ਰੇਸ਼ਾਨ ਸੀ, ਜਦਕਿ ਮਾਈਕ ਮੁਸਕਰਾ ਰਿਹਾ ਸੀ। ਮੇਰੀ ਫ਼ਿਕਰਮੰਦੀ ਇਹ ਸੀ ਕਿ ਜੇ ਤਲਾਸ਼ੀ ਲੈਣ ਵੇਲੇ ਸੁਰੱਖਿਆ ਅਮਲੇ ਅਤੇ ਮੈਟਲ ਡਿਟੈਕਟਰ ਨਾਕੇ ਉਪਰ ਕੈਮਰੇ ਦਾ ਭੇਤ ਖੁੱਲ੍ਹ ਗਿਆ, ਬਸ ਸਾਡੀ ਸ਼ਾਮਤ ਆ ਜਾਣੀ ਸੀ। ਅੱਧੇ ਕੁ ਘੰਟਾ ਬਾਅਦ ਜਦੋਂ ਅਸੀਂ ਮੁੱਖ ਮੰਤਰੀ ਦੇ ਘਰ ਵਿਚ ਦਾਖ਼ਲ ਹੋਏ ਤਾਂ ਮੈਂ ਸੁੱਖ ਦਾ ਸਾਹ ਲਿਆ, ਕਿਉਂਕਿ ਮੈਂ ਸੁਰੱਖਿਆ ਇੰਤਜ਼ਾਮਾਂ ਦੇ ਅੱਖੀਂ ਘੱਟਾ ਪਾ ਕੇ ਸਹੀ-ਸਲਾਮਤ ਲੰਘ ਗਈ ਸੀ।

ਮੋਦੀ ਦਾ ਓ.ਐਸ.ਡੀ. ਸੰਜੇ ਭਾਵਸਰ ਸਾਨੂੰ ਆ ਕੇ ਮਿਲਿਆ। ਆਖ਼ਿਰਕਾਰ ਸਾਨੂੰ ਮੁੱਖ ਮੰਤਰੀ ਦੇ ਕਮਰੇ ਵਿਚ ਲਿਜਾਇਆ ਗਿਆ। ਉਸ ਨੇ ਖੜ੍ਹੇ ਹੋ ਕੇ ਸਾਡੀ ਆਓ-ਭਗਤ ਕੀਤੀ। ਮਾਈਕ ਚਹਿਕ ਕੇ ਬੋਲਿਆ ਕਿ ਉਸ ਨੇ ਅਹਿਮਦਾਬਾਦ ਦੇ ਆਟੋਆਂ ਉਪਰ ਉਸ ਦੇ ਪੋਸਟਰ ਲੱਗੇ ਦੇਖੇ ਸਨ ਅਤੇ ਉਹ ਉਸ ਦੀ ਹਰਮਨਪਿਆਰਤਾ ਤੋਂ ਬਹੁਤ ਪ੍ਰਭਾਵਿਤ ਸੀ। ਮੇਜ਼ ਉਪਰ ਬਰਾਕ ਓਬਾਮਾ ਬਾਰੇ ਦੋ ਕਿਤਾਬਾਂ ਪਈਆਂ ਸਨ। ਮੈਂ ਤੁਰੰਤ ਸਵਾਲ ਕੀਤਾ- 'ਤਾਂ ਫਿਰ ਤੁਸੀਂ ਅਗਲੇ ਪ੍ਰਧਾਨ ਮੰਤਰੀ ਹੋਵੋਗੇ ਸਰ?' ਉਸ ਦੇ ਚਿਹਰੇ ਉਪਰ ਲਾਲੀ ਦੌੜ ਗਈ ਅਤੇ ਉਸ ਨੇ ਬਰਾਕ ਓਬਾਮਾ ਅਤੇ ਸਵਾਮੀ ਵਿਵੇਕਾਨੰਦ ਦੀਆਂ ਖ਼ੂਬੀਆਂ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਜੋ ਉਸ ਦੀ ਪ੍ਰੇਰਨਾ ਸਨ। ਅੱਧੇ ਘੰਟੇ ਦੀ ਗੱਲਬਾਤ ਤੋਂ ਬਾਅਦ, ਮੁੱਖ ਮੰਤਰੀ ਨੇ ਭਾਵਸਰ ਨੂੰ ਅੰਦਰ ਸੱਦਿਆ ਅਤੇ ਉਸ ਨੂੰ ਹਦਾਇਤ ਕੀਤੀ ਕਿ ਉਹ ਸਾਨੂੰ ਸਾਰਾ ਕੁਝ ਦਿਖਾ







*ਮਸ਼ਹੂਰ ਕਿਤਾਬ 'ਗੁਜਰਾਤ ਫਾਈਲਾਂ' ਦੀ ਬਹਾਦਰ ਲਿਖਾਰੀ ਰਾਣਾ ਅਯੂਬ ਅਤੇ (ਸੱਜੇ, ਉਪਰ) ਤਰੁਣ ਤੇਜਪਾਲ ਅਤੇ (ਹੇਠਾਂ) ਸ਼ੋਮਾ ਚੌਧਰੀ।*

ਦੇਵੇ ਜੋ ਉਸ ਬਾਰੇ ਲਿਖਿਆ ਗਿਆ ਸੀ। ਭਾਵਸਰ ਸਾਨੂੰ ਆਪਣੇ ਕੈਬਿਨ ਵਿਚ ਲੈ ਗਿਆ। ਮੇਜ਼ ਉਪਰ 'ਤਹਿਲਕਾ' ਅਤੇ 'ਦਿ ਹਿੰਦੂ' ਵਲੋਂ ਛਾਪੀਆਂ ਕਹਾਣੀਆਂ ਦੇ ਪ੍ਰਿੰਟ-ਆਊਟ ਤਿਆਰ ਪਏ ਸਨ। ਮੈਂ ਉਨ੍ਹਾਂ ਬਾਰੇ ਸਵਾਲ ਕੀਤਾ ਤਾਂ ਭਾਵਸਰ ਨੇ ਜਵਾਬ ਦਿੱਤਾ ਕਿ ਮੁੱਖ ਮੰਤਰੀ ਦੇ ਬਥੇਰੇ ਦੁਸ਼ਮਣ ਹਨ। ਮੈਨੂੰ ਇੰਞ ਮਹਿਸੂਸ ਹੋਇਆ ਜਿਵੇਂ ਇਹ ਸੁਣ ਕੇ ਅੰਦਰੋ-ਅੰਦਰੀ ਮਾਈਕ ਨੂੰ ਖੁਸ਼ੀ ਹੋਈ ਸੀ। ਬਾਅਦ ਵਿਚ ਸਾਨੂੰ ਉਹ ਵੱਖੋ-ਵੱਖਰੀਆਂ ਕਿਤਾਬਾਂ ਦਿਖਾਈਆਂ ਗਈਆਂ ਜੋ ਮੁੱਖ ਮੰਤਰੀ ਨੇ ਲਿਖੀਆਂ ਹੋਈਆਂ ਸਨ ਅਤੇ ਸਾਨੂੰ ਉਸ ਦੀਆਂ ਤਕਰੀਰਾਂ ਵੀ ਸੁਣਾਈਆਂ ਗਈਆਂ ਜੋ ਉਸ ਵਲੋਂ ਹਿੰਦੁਸਤਾਨ ਅਤੇ ਦੁਨੀਆ ਵਿਚ ਹੋਰ ਥਾਈਂ ਕੀਤੀਆਂ ਸਨ।

ਸੰਜੇ ਭਾਵਸਰ ਨੇ ਮੈਨੂੰ ਕਿਹਾ ਕਿ ਮੈਂ ਸਾਰੇ ਕੁਝ ਦੀ ਇਕ ਕਾਪੀ ਲੈ ਲਵਾਂ, ਕਿਉਂਕਿ ਇਹ ਫਿਲਮ ਬਣਾਉਣ ਵਿਚ ਮੇਰੀ ਮਦਦ ਕਰੇਗੀ। ਮੈਂ ਕਿਹਾ ਕਿ ਇਹ ਮੈਂ ਅਗਲੀ ਮਿਲਣੀ 'ਤੇ ਲੈ ਜਾਵਾਂਗੀ। ਅਸੀਂ ਘਰ ਵਾਪਸ ਆ ਗਏ ਅਤੇ ਮਾਈਕ ਨੇ ਆਪਣਾ ਸਮਾਨ ਬੰਨ੍ਹ ਲਿਆ, ਉਸ ਨੇ ਦਿੱਲੀ ਦੀ ਉਡਾਣ ਫੜਨੀ ਸੀ। ਜਦੋਂ ਉਸ ਨੂੰ ਹਵਾਈ ਅੱਡੇ 'ਤੇ ਲਿਜਾਣ ਲਈ ਟੈਕਸੀ ਆ ਗਈ ਤਾਂ ਮੈਂ ਉਸ ਨੂੰ ਗਲਵੱਕੜੀ ਪਾ ਕੇ ਮਿਲੀ। ਥੋੜ੍ਹੇ ਮਿੰਟਾਂ ਬਾਅਦ ਮਾਈਕ ਨੇ ਮੈਨੂੰ ਫ਼ੋਨ ਕਰ ਕੇ ਦੱਸਿਆ ਕਿ ਜਦੋਂ ਉਹ ਹਵਾਈ ਅੱਡੇ ਉਪਰ ਪਹੁੰਚਿਆ ਤਾਂ ਉਸ ਨੂੰ ਆਪਣੀ ਜੇਬ ਵਿਚ ਇਕ ਰੁਪਈਆ ਵੀ ਨਹੀਂ ਮਿਲਿਆ ਅਤੇ ਟੈਕਸੀ ਡਰਾਈਵਰ ਨੇ ਨਾ ਸਿਰਫ਼ ਉਸ ਨੂੰ ਕਿਰਾਇਆ ਮਾਫ਼ ਕਰ ਦਿੱਤਾ, ਸਗੋਂ ਸਫ਼ਰ ਖ਼ਰਚ ਲਈ ਆਪਣੇ ਕੋਲੋਂ ਦੋ ਸੌ ਰੁਪਏ ਵੀ ਦਿੱਤੇ। ਮਾਈਕ ਕਹਿ ਰਿਹਾ ਸੀ ਕਿ ਇਹ ਹੈ ਹਾਸਲ ਜੋ ਉਹ ਆਪਣੇ ਨਾਲ ਲਿਜਾਣਾ ਚਾਹੁੰਦਾ ਸੀ। ਮੈਂ ਤਹਿ ਦਿਲੋਂ ਉਸ ਨਾਲ ਸਹਿਮਤੀ ਪ੍ਰਗਟਾਈ। ਇਹ ਆਖ਼ਰੀ ਵਾਰ ਸੀ ਜਦੋਂ ਮੈਂ ਮਾਈਕ ਨੂੰ ਮਿਲੀ ਅਤੇ ਮੈਨੂੰ ਯਕੀਨ ਹੈ ਕਿ ਉਹ ਜਿਥੇ ਕਿਤੇ ਵੀ ਹੋਵੇਗਾ, ਉਹ ਮੈਥਿਲੀ ਨੂੰ, ਆਪਣੀ ਵੱਡੀ ਭੈਣ ਅਤੇ ਸੰਗੀ-ਸਾਥੀ ਨੂੰ ਚੇਤੇ ਰੱਖੇਗਾ।

ਇਸ ਪਿੱਛੋਂ ਮੈਂ ਸ਼ੋਮਾ ਚੌਧਰੀ ਨੂੰ ਫ਼ੋਨ ਕੀਤਾ ਅਤੇ ਸਾਰੀ ਤਫ਼ਸੀਲ ਦੱਸ ਦਿੱਤੀ। ਉਸ ਨੇ ਪੁੱਛਿਆ ਕਿ ਮੈਂ ਮੁੱਖ ਮੰਤਰੀ ਨੂੰ ਫ਼ਸਾਦਾਂ ਬਾਰੇ ਸਵਾਲ ਕੀਤਾ ਸੀ? ਮੈਂ ਜਵਾਬ ਦਿੱਤਾ- 'ਜਾਣ ਵੀ ਦਿਓ ਸ਼ੋਮਾ, ਇਹ ਅਖ਼ੀਰ ਵਿਚ ਕਰਨ ਵਾਲਾ ਕੰਮ ਹੈ, ਕੀ ਮੈਂ ਇਹ ਆਪਣੀ ਪਹਿਲੀ ਫੇਰੀ ਉਪਰ ਕਰਾਂਗੀ!'

ਬਾਅਦ ਵਿਚ ਸ਼ਾਮ ਨੂੰ ਮੈਨੂੰ ਸ਼ੋਮਾ ਨੇ ਫ਼ੋਨ ਕਰ ਕੇ ਕਿਹਾ- 'ਰਾਣਾ ਦਿੱਲੀ ਵਾਪਸ ਆ ਜਾ।' ਮੈਂ ਅਜੇ ਰੋਸ ਜ਼ਾਹਿਰ ਕਰਨਾ ਸ਼ੁਰੂ ਹੀ ਕੀਤਾ ਸੀ ਜਦੋਂ ਉਸ ਨੇ ਕਹਿ ਦਿੱਤਾ ਕਿ ਇਸ ਦੀ ਵਿਆਖਿਆ ਉਹ ਮੇਰੇ ਵਾਪਸ ਮੁੜਨ 'ਤੇ ਦੇਵੇਗੀ।

ਅਗਲੀ ਸਵੇਰ ਮੈਂ ਦਿੱਲੀ ਪਹੁੰਚ ਗਈ ਅਤੇ ਸਿੱਧੀ 'ਤਹਿਲਕਾ' ਦੇ ਦਫ਼ਤਰ ਚਲੀ ਗਈ। ਮੈਂ ਨਰੇਂਦਰ ਮੋਦੀ ਦੀ ਰਿਕਾਰਡਿੰਗ ਦੀ ਫੁਟੇਜ ਆਪਣੇ ਲੈਪਟਾਪ ਵਿਚ ਉਤਾਰ ਲਈ ਸੀ। ਤਰੁਣ ਤੇਜਪਾਲ ਆਪਣੇ ਕੈਬਿਨ ਵਿਚ ਸੀ। ਸ਼ੋਮਾ ਚੌਧ੍ਰੀ ਵੀ ਉਥੇ ਆ ਗਈ। ਮੈਂ ਉਨ੍ਹਾਂ ਨੂੰ ਫੁਟੇਜ ਦਿਖਾਈ। ਬਰਾਕ ਓਬਾਮਾ ਦੀਆਂ ਕਿਤਾਬਾਂ ਦੇਖ ਕੇ ਉਨ੍ਹਾਂ ਨੂੰ ਹਾਸਾ ਆ ਗਿਆ।

'ਫਿਰ ਮੈਨੂੰ ਵਾਪਸ ਕਿਉਂ ਸੱਦਿਆ ਗਿਆ?' ਮੈਂ ਪੁੱਛਿਆ। 'ਉਸ ਦਾ ਦਫ਼ਤਰ ਕੁਝ ਦਿਨਾਂ ਵਿਚ ਮੈਨੂੰ ਫ਼ੋਨ ਕਰੇਗਾ ਅਤੇ ਮੈਂ ਉਸ ਨੂੰ ਦੁਬਾਰਾ ਮਿਲਣਾ ਹੈ।'

ਤਰੁਣ ਤੇਜਪਾਲ ਕਹਿੰਦਾ- 'ਦੇਖੋ ਰਾਣਾ, ਬੰਗਾਰੂ ਲਕਸ਼ਮਣ ਉਪਰ 'ਤਹਿਲਕਾ' ਸਟਿੰਗ ਕਰਨ ਤੋਂ ਬਾਅਦ ਉਨ੍ਹਾਂ ਸਾਡਾ ਦਫ਼ਤਰ ਬੰਦ ਕਰਵਾ ਦਿੱਤਾ। ਮੋਦੀ ਸਭ ਤੋਂ ਤਾਕਤਵਰ ਆਦਮੀ ਬਣਨ ਜਾ ਰਿਹੈ, ਪ੍ਰਧਾਨ ਮੰਤਰੀ। ਜੇ ਅਸੀਂ ਉਸ ਨੂੰ ਹੱਥ ਪਾਉਂਦੇ ਹਾਂ ਤਾਂ ਤਬਾਹ ਹੋ ਜਾਵਾਂਗੇ।'

ਮੈਂ ਸਹਿਮਤ ਨਹੀਂ ਸੀ। ਕੀ ਸਮੁੱਚਾ ਸਟਿੰਗ ਓਪਰੇਸ਼ਨ ਆਪਣੇ ਆਪ ਵਿਚ ਵੱਡਾ ਜ਼ੋਖ਼ਮ ਨਹੀਂ ਸੀ? ਪਰ ਮੈਨੂੰ ਹਰ ਦਲੀਲ ਦਾ ਜਵਾਬ ਨਾਂਹ ਵਿਚ ਮਿਲਿਆ।

ਉਸੇ ਸ਼ਾਮ ਮੈਨੂੰ ਸੰਜੇ ਭਾਵਸਰ ਦਾ ਫ਼ੋਨ ਆ ਗਿਆ। ਫ਼ੋਨ ਦੀ ਘੰਟੀ ਵੱਜਦੀ ਰਹੀ। ਉਸ ਨੇ ਤਿੰਨ ਵਾਰ ਫ਼ੋਨ ਕੀਤਾ ਅਤੇ ਫਿਰ ਟੈਕਸਟ ਮੈਸੇਜ ਭੇਜ ਦਿੱਤਾ ਕਿ ਮੁੱਖ ਮੰਤਰੀ ਅਗਲੇ ਐਤਵਾਰ ਮੈਨੂੰ ਮਿਲਣਾ ਚਾਹੁਣਗੇ। ਮੈਂ ਪੀ.ਸੀ.ਓ ਉਪਰ ਗਈ ਅਤੇ ਭਾਵਸਰ ਨੂੰ ਫ਼ੋਨ ਕਰ ਕੇ ਦੱਸਿਆ ਕਿ ਮੈਂ ਦਿੱਲੀ ਵਿਚ ਸਾਂ, ਕਿ ਮੇਰੇ ਕਿਸੇ ਸਕੇ-ਸਬੰਧੀ ਦਾ ਦੇਹਾਂਤ ਹੋ ਗਿਆ ਸੀ ਤੇ ਇਥੇ ਮੇਰੀ ਜ਼ਰੂਰਤ ਸੀ। ਫਿਰ ਵੀ ਮੈਂ ਉਸ ਨੂੰ ਯਕੀਨ ਦਿਵਾਇਆ ਕਿ ਹਫ਼ਤੇ ਦੇ ਅੰਦਰ ਮੈਂ ਉਸ ਨੂੰ ਖ਼ੁਦ ਫ਼ੋਨ ਕਰਾਂਗੀ। ਦੋ ਦਿਨ ਬਾਅਦ ਮੈਂ ਆਪਣਾ ਯੂਨੀਨਰ ਦਾ ਸਿਮ ਫ਼ੋਨ ਵਿਚੋਂ ਕੱਢਿਆ, ਤੋੜਿਆ ਅਤੇ ਕੂੜਾਦਾਨ ਵਿਚ ਸੁੱਟ ਦਿੱਤਾ। ਇਸੇ ਤਰ੍ਹਾਂ ਮੈਂ ਫ਼ੋਨ ਵੀ ਨਸ਼ਟ ਕਰ ਦਿੱਤਾ। ਉਸ ਦਿਨ ਤੋਂ ਮੈਥਿਲੀ ਹਮੇਸ਼ਾ ਲਈ ਮਰ-ਮੁੱਕ ਗਈ। ਸੰਪਾਦਕਾਂ ਨੇ ਫ਼ੈਸਲਾ ਕਰ ਲਿਆ ਕਿ ਮਿਹਨਤ ਅਤੇ ਜੋਖਮ ਉਠਾ ਕੇ ਕੀਤੀ ਗਈ ਛਾਣਬੀਣ ਛਾਪੀ ਨਹੀਂ ਜਾਵੇਗੀ।

ਉਦੋਂ ਤੋਂ ਮੈਂ ਖ਼ਾਮੋਸ਼ ਹਾਂ।...ਹੁਣ ਤਕ।

***(ਸਮਾਪਤ)***



*ਮੋਦੀ... ਜਿਸ ਉਤੇ ਗੁਜਰਾਤ ਕਤਲੇਆਮ ਦੇ ਦੋਸ਼ ਲਗਾਤਾਰ ਲੱਗਦੇ ਰਹੇ ਹਨ।*

## ਨਿਰਵਿਘਨ ਪ੍ਰਕਾਸ਼ਨ ਦਾ 18ਵਾਂ ਸਾਲ (ਪਹਿਲੀ ਜਨਵਰੀ 2000-2017)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 17ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 25 ਮਾਰਚ 2017 ਸਨਿਚਰਵਾਰ ਸ਼ਾਮੀ 6:30 ਵਜੇ

**The Cotillion**
360 South Creek Side,
Palatine, IL 60074
*(Route 14 & 1/2 Block West of 53)*

**Limited Seats, Reserve Your Seat.**



ਗਾਇਕ ਤਾਰਾ ਮੁਲਤਾਨੀ ਗੀਤਾਂ ਦੀ ਛਹਿਬਰ ਲਾਉਣਗੇ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਮੁੱਖ ਮਹਿਮਾਨ




ਸ. ਰਘਬੀਰ ਸਿੰਘ ਘੁੰਨ (ਟੈਕਸਸ)
ਮੁੱਖ ਸਪਾਂਸਰ




ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ (ਸੈਨ ਹੋਜ਼ੇ)
ਮੁੱਖ ਸਪਾਂਸਰ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿੱਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਜਗਦੀਸ਼ਰ ਸਿੰਘ ਕਲੇਰ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ



ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੁਰਾ


ਅਯੁਧਿਆ ਸਲਵਾਨ

ਪੰਜਾਬ ਟਾਈਮਜ਼
Ph: 847-359-0746
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
*e-mail: punjabtimes1@sbcglobal.net, website: www.punjabtimesusa.com*